Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ- 12, ਅੰਕ-5, ਮਈ 2022
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਨਾਟਕ ਸਮਾਗਮ 19 ਜੂਨ ਨੂੰ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਵਲੋਂ ਸੋਹਨ ਮਾਨ ਯਾਦਗਾਰੀ 11ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ ਨਾਟਕ ਸਮਾਗਮ 19 ਜੂਨ 2022 ਦਿਨ ਐਤਵਾਰ ਨੂੰ ਸ਼ਾਮ 4.00 ਵਜੇ ਤੋਂ 7.00 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਦੇਖੋ : ਸਫ਼ਾ 40 ’ਤੇ

## ਇਸ ਅੰਕ ’ਚ

ਕੀ ਸਾਂਝੇ ਪੰਜਾਬ ਦੀ ਹੋਣੀ ‘ਪ੍ਰਵਾਨੇ’ ਜਾਂ ‘ਸਿੰਗਲੇ’ ਵਰਗਿਆਂ ਦੇ ਹੱਥ ਛੱਡੀ ਜਾ ਸਕਦੀ ਹੈ ?/3
ਭਾਰਤ ਬਚਾਉਣ ਦੀ ਲੜਾਈ ਸਾਨੂੰ ਸਭ ਨੂੰ ਲੜਨੀ ਪਵੇਗੀ - ਅਰੁੰਧਤੀ ਰਾਏ/4
ਭਾਰਤ ਦੀ ਹੋਂਦ ਨੂੰ ਦਰੜ ਰਿਹਾ ਭਗਵਾਂ ਬੁਲਡੋਜ਼ਰ ਰਾਜ/10
ਕੀ ਪੰਜਾਬ ਦਾ ਭਵਿੱਖ ਰੇਗਿਸਤਾਨ ਹੈ ?/14
ਪਹਿਲੀ ਮਈ ਦੇ ਇਤਿਹਾਸਕ ਵਿਰਸੇ ਨੂੰ ਯਾਦ ਰੱਖੀਏ ! /16

# ਮਈ ਦਿਵਸ ਦੀ ਵਿਰਾਸਤ ਅਤੇ ਅੱਜ ਦੀਆਂ ਚੁਣੌਤੀਆਂ

-ਬੂਟਾ ਸਿੰਘ ਮਹਿਮੂਦਪੁਰ-



ਮਈ ਦਿਵਸ ਨੂੰ ਦੁਨੀਆ ਭਰ ਦੇ ਮਜ਼ਦੂਰਾਂ ਦੇ ਸੰਘਰਸ਼ਾਂ ਦੇ ਉਸ ਗੌਰਵਮਈ ਇਤਿਹਾਸ ਵਿਚ ਸਿਰਮੌਰ ਸਥਾਨ ਹਾਸਲ ਹੈ ਜੋ ਉਨ੍ਹਾਂ ਨੇ ਸਰਮਾਏਦਾਰੀ ਪ੍ਰਬੰਧ ਨਾਲ ਜਾਨ ਹੂਲਵੀਂ ਟੱਕਰ ਲੈਂਦਿਆਂ ਕਿਰਤ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਨੂੰ ਤੋੜਣ ਲਈ ਲੜੇ। ਮਜ਼ਦੂਰ ਜਮਾਤ ਨੇ ਲੰਮੀ ਲੜਾਈ ਰਾਹੀਂ ਅੱਠ ਘੰਟੇ ਦੀ ਕੰਮ ਦਿਹਾੜੀ ਦਾ ਕਾਨੂੰਨੀ ਹੱਕ ਜਿੱਤਿਆ ਅਤੇ ਵੀਹ-ਵੀਹ ਘੰਟੇ ਲੰਮੀ ਕੰਮ ਦਿਹਾੜੀ ਨੂੰ ਖ਼ਤਮ ਕਰਾਇਆ ਅਤੇ ਟਰੇਡ ਯੂਨੀਅਨ ਹੱਕ ਹਾਸਲ ਕੀਤੇ। ਮਈ ਦਿਵਸ ਕੁਲ ਦੁਨੀਆ ਦੇ ਮਜ਼ਦੂਰਾਂ ਲਈ ਰਾਹ-ਦਸੇਰਾ ਬਣਿਆ।

ਕਾਰਖ਼ਾਨਿਆਂ, ਫੈਕਟਰੀਆਂ ’ਚ ਮਜ਼ਦੂਰਾਂ ਉੱਪਰ ਥੋਪੀ ਬੇਕਿਰਕ ਸਰਮਾਏਦਾਰਾਨਾ ਲੁੱਟਖਸੁੱਟ ਵਿਰੁੱਧ ਸ਼ੁਰੂ ਤੋਂ ਹੀ ਮਜ਼ਦੂਰ ਆਪ ਮੁਹਾਰੇ ਵਿਦਰੋਹਾਂ ਅਤੇ ਸੰਘਰਸ਼ਾਂ ਰਾਹੀਂ ਕਿਰਤ ਦੀ ਲੁੱਟ ਅਤੇ ਦਾਬੇ ਨੂੰ ਚੁਣੌਤੀ ਦਿੰਦੇ ਆ ਰਹੇ ਸਨ। ਯੂਰਪ ਵਿਚ ਮਜ਼ਦੂਰ ਜਮਾਤ ਲਗਾਤਾਰ ਸੰਘਰਸ਼ ਦੇ ਰਾਹ ’ਤੇ ਸੀ। 1883 ’ਚ ਅਮਰੀਕਨ ਮਾਰਕਸਵਾਦੀ ਪਾਰਸਨਜ਼ ਅਤੇ ਉਸ ਦੇ ਸਾਥੀਆਂ ਨੇ ਕੌਮਾਂਤਰੀਵਾਦੀ ਸੋਚ ਨਾਲ ਮਜ਼ਦੂਰਾਂ ਦੀ ਜਥੇਬੰਦੀ ਬਣਾ ਕੇ ਅੱਠ ਘੰਟੇ ਦੀ ਕੰਮ ਦਿਹਾੜੀ ਲਈ ਸੰਘਰਸ਼ ਵਿੱਢਿਆ। ਜਮਾਤੀ ਚੇਤਨਾ ਨਾਲ ਲੈਸ ਹੋ ਕੇ ਬਣਾਈ ਜਥੇਬੰਦੀ ਨੇ ਉਜ਼ਰਤੀ ਗ਼ੁਲਾਮੀ ’ਚ ਜਕੜੀ ਮਜ਼ਦੂਰ ਜਮਾਤ ਨੂੰ ਸੁਨਹਿਰੇ ਭਵਿੱਖ ਦਾ ਸੁਪਨਾ ਅਤੇ ਇਸ ਲਈ ਜਥੇਬੰਦ ਹੋ ਕੇ ਜੂਝ ਮਰਨ ਦਾ ਰਾਹ ਦਿਖਾਇਆ। ਹੜਤਾਲਾਂ, ਮੁਜ਼ਾਹਰਿਆਂ ਦਾ ਇਕ ਤਰ੍ਹਾਂ ਦਾ ਹੜ੍ਹ ਹੀ ਆ ਗਿਆ। ਮਜ਼ਦੂਰਾਂ ਦੇ ਜੁਝਾਰੂ ਵਿਦਰੋਹ ਨੂੰ ਦਬਾਉਣ ਲਈ ਬੇਕਿਰਕ ਪੁਲਿਸ ਤਾਕਤ ਦੀ ਵਰਤੋਂ ਕੀਤੀ ਗਈ। ਪਰ ਮਜ਼ਦੂਰਾਂ ਦੀ ਜਥੇਬੰਦ ਤਾਕਤ ਨੇ ਸਰਮਾਏਦਾਰੀ ਪ੍ਰਬੰਧ ਦੇ ਹਰ ਜਬਰ ਅਤੇ ਸਾਜ਼ਿਸ਼ ਨੂੰ ਪਛਾੜ ਕੇ ਅੱਗੇ ਵਧਣਾ ਜਾਰੀ ਰੱਖਿਆ। ਪਹਿਲੀ ਮਈ 1886 ਨੂੰ ਕੀਤੀ ਗਈ ਲਾਮਿਸਾਲ ਹੜਤਾਲ ਨਾਲ ਹਕੂਮਤ ਹੋਰ ਜ਼ਿਆਦਾ ਬੌਖਲਾ ਗਈ। ਹੜਤਾਲ ਦੌਰਾਨ ਵਿਸ਼ਾਲ ਮੁਜ਼ਾਹਰਿਆਂ ਨੂੰ ਕੁਚਲਣ ਲਈ ਸਟੇਟ ਦੀਆਂ ਤਾਕਤਾਂ ਨੇ ਤਿੰਨ ਅਤੇ ਚਾਰ ਮਈ ਨੂੰ ਕਾਤਲਾਨਾ ਹਮਲਾ ਕਰਕੇ ਸੱਤ ਮਜ਼ਦੂਰਾਂ ਨੂੰ ਕਤਲ ਕਰ ਦਿੱਤਾ। ਵੱਡੇ ਪੱਧਰ ’ਤੇ ਗ੍ਰਿਫ਼ਤਾਰੀਆਂ ਹੋਈਆਂ। ਫਿਰ ਜ਼ੁਲਮ ਦੀ ਦਹਿਸ਼ਤਵਾਦੀ ਮਿਸਾਲ ਕਾਇਮ ਕਰਨ ਲਈ ਸਰਮਾਏਦਾਰੀ ਪ੍ਰਬੰਧ ਦੀ ਅਦਾਲਤ ਵੱਲੋਂ ਚਾਰ ਆਗੂਆਂ ਨੂੰ ਪੂਰੀ ਤਰ੍ਹਾਂ ਝੂਠੇ ਮੁਕੱਦਮੇ ’ਚ ਝੂਠੀਆਂ ਗਵਾਹੀਆਂ ਦੇ ਆਧਾਰ ’ਤੇ ਫਾਂਸੀ ਦੀ ਸਜ਼ਾ ਦੇ ਕੇ ਸ਼ਹੀਦ ਕੀਤਾ ਗਿਆ। ਹੋਰ ਵੀ ਬਹੁਤ ਸਾਰੇ ਆਗੂਆਂ ਨੂੰ ਲੰਮੀਆਂ ਸਜ਼ਾਵਾਂ ਦੇ ਕੇ ਜੇਲ੍ਹਾਂ ’ਚ ਡੱਕ ਦਿੱਤਾ ਗਿਆ। ਸਰਮਾਏਦਾਰੀ ਪ੍ਰਬੰਧ ਦੀ ਅਦਾਲਤੀ ਪ੍ਰਣਾਲੀ, ਜੋ ਸਭ ਤੋਂ ਬਿਹਤਰੀਨ ਅਤੇ ਲੋਕਤੰਤਰੀ ਪ੍ਰਬੰਧ ਹੋਣ ਦਾ ਦਾਅਵੇਦਾਰ ਹੈ, ਕਿਰਤੀਆਂ ਦੇ ਪੂਰੀ ਤਰ੍ਹਾਂ ਹੱਕੀ ਸੰਘਰਸ਼ਾਂ ਨੂੰ ਕੁਚਲਣ ਲਈ ਕਿਸ ਤਰ੍ਹਾਂ ਨਿਰੋਲ ਝੂਠ ਨੂੰ ਆਧਾਰ ਬਣਾ ਕੇ ਲੋਟੂ ਢਾਂਚੇ ਦੀ ਸਲਾਮਤੀ ਲਈ ਕੰਮ ਕਰਦੀ ਹੈ, ਇਹ ਮੁਕੱਦਮਾ ਉਸ ਕਰੂਰਤਾ ਦੀ ਮੁੱਖ ਮਿਸਾਲ ਹੈ। (ਭਾਰਤ ਵਿਚ ਪਿੱਛੇ ਜਹੇ ਗੁੜਗਾਓਂ ’ਚ ਮਾਰੂਤੀ-ਸੁਜ਼ੂਕੀ ਉਦਯੋਗ ਦੇ ਕਿਰਤੀਆਂ ਵਿਰੁੱਧ ਚਲਾਇਆ ਮੁਕੱਦਮਾ ਇਸੇ ਤਰਜ਼ ਦਾ ਅਦਾਲਤੀ ਅਮਲ ਹੈ।) ਆਖ਼ਿਰਕਾਰ ਸ਼ਿਕਾਗੋ ਦੀਆਂ ਸੜਕਾਂ ਉੱਪਰ ਡੁੱਲ੍ਹੇ ਲਹੂ ਨੇ ਅੱਠ ਘੰਟੇ ਦੀ ਦਿਹਾੜੀ ਦਾ ਹੱਕ ਜਿੱਤ

(ਬਾਕੀ ਸਫ਼ਾ 37 ’ਤੇ)

CONGRATULATIONS
TEAM OVER 775 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS



Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS® MULTIPLE LISTING SERVICE®
urban Real Estate Services Ltd.


ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3




For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating


* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way Burnaby, B.C. V5J 3H4

SUPER VISA INSURANCE
Punjab Insurance Inc PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca

Sherjang Singh Rana
416.910.9000

Sandeep Ahuja
416.660.1010



ਯਸ਼ ਪਾਲ
98145 35005

## ਕੌਮਾਂਤਰੀ ਮਜਦੂਰ ਦਿਹਾੜੇ ਦੀ

# ਫਾਂਸੀ ਦੇ ਤਖਤੇ ’ਤੇ ਗੂੰਜ

*(1ਮਈ,1943 ਦੀ ਇਹ ਝਾਕੀ ਚੈਕੋਸਲੋਵਾਕੀਆ ਦੇ ਮਹਾਨ ਸ਼ਹੀਦ, ਕਮਿਊਨਿਸਟ ਆਗੂ ਤੇ ਪਾਰਟੀ ਪਰਚੇ ਦੇ ਸੰਪਾਦਕ ਜੂਲੀਅਸ ਫਿਊਚਕ ਦੀ ਉਸ ਡਾਇਰੀ (ਫਾਂਸੀ ਦੇ ਤਖਤੇ ਤੋਂ) ’ਚੋਂ ਲਈ ਗਈ ਹੈ ਜਿਹੜੀ ਉਸ ਨੇ ਫਾਸ਼ਿਸ਼ਟ ਹਿਟਲਰ ਦੀ ਜੇਲ੍ਹ ’ਚ ਉਸ ਸਮੇਂ ਲਿਖੀ ਜਦੋਂ ਉਸਨੂੰ ਗੋਲੀ ਮਾਰਨ ਤੋਂ ਪਹਿਲਾਂ ਅਕਹਿ ਤਸ਼ੱਦਦ ਦਾ ਸ਼ਿਕਾਰ ਬਣਾ ਕੇ ਕੋਹਿਆ ਜਾ ਰਿਹਾ ਸੀ।)*

ਅੱਜ 1 ਮਈ, 1943 ਹੈ। ਇਸ ਦੌਰਾਨ ਮੈਨੂੰ ਲਿਖਣ ਦਾ ਮੌਕਾ ਮਿਲ ਗਿਆ ਹੈ। ਫਿਰ ਇੱਕ ਵਾਰ ਪਲ ਭਰ ਲਈ ਕਮਿਊਨਿਸਟ ਸੰਪਾਦਕ ਬਣ ਕੇ ਨਵੀਂ ਦੁਨੀਆਂ ਦੀ ਯੁੱਧ ਸ਼ਕਤੀ ਦੀ, ਮਈ ਦਿਨ ਦੀ ਪਰੇਡ ਦੀ ਕਹਾਣੀ ਲਿਖ ਸਕਣਾ-ਕਿੰਨੇ ਭਾਗਾਂ ਵਾਲੀ ਗੱਲ ਹੈ।

• ਝੂਲਦੇ ਝੰਡਿਆਂ ਦੀ ਗੱਲ ਸੁਣਨ ਦੀ ਆਸ ਨਾ ਕਰਨਾ। ਅਜਿਹਾ ਕੁੱਝ ਵੀ ਨਹੀਂ ਹੈ। ਨਾ ਮੈਂ ਤੁਹਾਨੂੰ ਕਿਸੇ ਰੋਮਾਂਚਕ ਸੰਘਰਸ਼ ਦਾ ਹਾਲ ਸੁਣਾ ਸਕਦਾ ਹਾਂ ਜਿਹੜਾ ਲੋਕਾਂ ਨੂੰ ਬਹੁਤ ਭਾਉਂਦਾ ਹੈ। ਅੱਜ ਉਸ ਤੋਂ ਬਹੁਤ ਹੀ ਸਾਧਾਰਨ ਚੀਜ਼ਾਂ ਹਨ। ਪਿਛਲੇ ਵਰ੍ਹਿਆਂ ’ਚ ਪਰਾਗ ਦੀਆਂ ਸੜਕਾਂ ’ਤੇ ਪਹਿਲੀ ਮਈ ਨੂੰ ਮੁਜਾਹਰੇ ’ਚ ਮਾਰਚ ਕਰਨ ਵਾਲਿਆਂ ਦੀਆਂ ਗਰਜਦੀਆਂ ਲਹਿਰਾਂ ਉਮੜਿਆ ਕਰਦੀਆਂ ਸਨ, ਅੱਜ ਉਹ ਨਹੀਂ ਹਨ। ਨਾ ਅੱਜ ਲੱਖਾਂ ਲੋਕਾਂ ਦਾ ਉਹ ਲਹਿ-ਲਹਾਉਂਦਾ ਹੋਇਆ ਸਾਗਰ ਹੀ ਹੈ ਜਿਹੜਾ ਮਾਸਕੋ ਦੇ ਲਾਲ ਚੌਕ ਵਿੱਚ ਉਮੜਦਾ ਦੇਖਿਆ ਹੈ। ਇੱਥੇ ਨਾ ਲੱਖਾਂ ਹਨ ਨਾ ਸੈਂਕੜੇ, ਸਿਰਫ ਮੁੱਠੀ ਭਰ ਸਾਥੀ ਹਨ। ਪਰ ਤਾਂ ਵੀ ਇਉਂ ਲਗਦਾ ਹੈ ਕਿ ਇਹ ਘੱਟ ਅਹਿਮ ਨਹੀਂ ਹੈ ਕਿਉਂਕਿ ਇੱਥੇ ਉਸ ਨਵੀਂ ਸ਼ਕਤੀ ਦਾ ਦੀਦਾਰ ਹੋ ਰਿਹਾ ਹੈ ਜਿਹੜੀ ਦਹਿਕਦੀ ਹੋਈ ਭੱਠੀ ਵਿਚੋਂ ਦੀ ਲੰਘ ਰਹੀ ਹੈ ਪਰ ਜਿਹੜੀ ਸੁਆਹ ਹੋ ਕੇ ਨਹੀ ਸਗੋਂ ਫੌਲਾਦ ਬਣ ਕੇ ਨਿਕਲਦੀ ਹੈ। ਇਹ ਮੈਦਾਨ-ਏ-ਜੰਗ ਦੇ ਮੋਰਚਿਆਂ ਵਿੱਚ ਹੋਣ ਵਾਲਾ ਦਰਸ਼ਨ- ਦੀਦਾਰ ਹੈ, ਅਜਿਹੇ ਮੋਰਚੇ ਜਿੱਥੇ ਅਸੀਂ ਭੂਰੇ ਰੰਗ ਦੀਆਂ ਵਧਦੀਆਂ ਪਾਉਂਦੇ ਹਾਂ।

ਇਹ ਇਮਤਿਹਾਨ ਅਜਿਹੀਆਂ ਛੋਟੀਆਂ-ਛੋਟੀਆਂ ਚੀਜਾਂ ਵਿੱਚ ਹੁੰਦਾ ਹੈ ਕਿ ਤੁਸੀਂ ਲੋਕ ਜਿਹੜੇ ਜੰਗ ਦੀ ਭੱਠੀ ਵਿੱਚੋਂ ਦੀ ਨਹੀਂ ਲੰਘੇ, ਸਿਰਫ਼ ਪੜ੍ਹ ਕੇ ਹੀ ਇਸ ਨੂੰ ਸ਼ਾਇਦ ਨਾ ਸਮਝ ਸਕੋਂ ਜਾਂ ਸ਼ਾਇਦ ਤੁਸੀਂ ਸਮਝ ਜਾਉਂ। ਮੇਰੀ ਮੰਨੋ, ਸ਼ਕਤੀ ਇੱਥੋਂ ਹੀ ਪੈਦਾ ਹੁੰਦੀ ਹੈ।

• ਸਵੇਰੇ-ਸਵੇਰੇ ਨਾਲ ਦੀ ਕੋਠੜੀ ਵਾਲੇ ਸਾਥੀ ਨੇ ‘ਬੈਥੋਪਿਨ’ ਸੰਗੀਤ ਦੀਆਂ ਧੁਨਾਂ ‘ਜੀ ਆਇਆਂ’ ਦੇ ਚਿੰਨ੍ਹ ਵੱਜੋਂ ਕੰਧ ਉਪਰ ਥਪ-ਥਪਾਈਆਂ ਅੱਜ ਉਸ ਵਿੱਚ ਵਧੇਰੇ ਜੋਸ਼ ਹੈ, ਵਧੇਰੇ ਉਤਸ਼ਾਹ ਹੈ। ਅੱਜ ਕੰਧ ਵੀ ਉੱਚੀ ਸੁਰ ’ਚ ਬੋਲਦੀ ਹੈ। ਅਸੀਂ ਆਪਣੇ ਵਧੀਆ ਤੋਂ ਵਧੀਆ ਕਪੜੇ ਪਾ ਲੈਂਦੇ ਹਾਂ। ਦੂਜੀਆਂ ਸਾਰੀਆਂ ਕੋਠੜੀਆਂ ਵਿੱਚ ਵੀ ਅਜਿਹਾ ਹੁੰਦਾ ਹੈ।

• ਕੋਠੜੀਆਂ ਦੇ ਖੁੱਲ੍ਹੇ ਦਰਵਾਜ਼ੇ ਦੇ ਸਾਹਮਣੇ, ਨੰਬਰਦਾਰ ਕਾਲੀ ਕੌਫੀ, ਰੋਟੀ ਤੇ ਪਾਣੀ ਲਈ ਪਰੇਡ ਕਰ ਰਹੇ ਹਨ। ਕਾਮਰੇਡ ਸਕੋਰੇਪਾ ਆਪਣੇ ਮਈ ਦਿਨ ਦੇ ਸਵਾਗਤ ਵੱਜੋਂ ਦੋ ਦੀ ਬਜਾਏ ਤਿੰਨ ਮਿੱਠੀਆਂ ਟਿੱਕੀਆਂ ਦੇ ਜਾਂਦਾ ਹੈ। ਇਸ ਤਰ੍ਹਾਂ ਸਵਾਗਤ ਕਰਨਾ ਇੱਕ ਚੌਕਸ ਆਦਮੀ ਦਾ ਕੰਮ ਹੈ ਜਿਹੜਾ ਬਹੁਤ ਹੀ ਸਾਧਾਰਨ ਢੰਗਾਂ ਰਾਹੀਂ ਆਪਣੀਆਂ ਭਾਵਨਾਵਾਂ ਜਾਹਰ ਕਰਨ ਜਾਣਦਾ ਹੈ। ਟਿੱਕੀਆਂ ਦੇ ਹੇਠਾਂ ਦੀ ਇੱਕ ਦੂਜੇ ਦੀਆਂ ਉਂਗਲੀਆਂ ਆਪਸ ’ਚ ਛੂਹ ਜਾਂਦੀਆਂ ਹਨ। ਤੇ ਇੱਕ ਹਲਕੀ ਜਿਹੀ ਘੁੱਟਣੀ ਅਸੀਂ ਦੋਨੋਂ ਮਹਿਸੂਸ ਕਰਦੇ ਹਾਂ, ਬੋਲਣ ਦਾ ਹੌਸਲਾ ਨਹੀਂ ਪੈਂਦਾ, ਉਹ (ਸੂਹੀਏ) ਸਾਡੀਆਂ ਅੱਖਾਂ ’ਚ ਉਮੜਣ ਵਾਲੇ ਭਾਵ ਤੱਕ ਨੂੰ ਤਾੜਦੇ ਰਹਿੰਦੇ ਹਨ। ਪਰ ਗੂੰਗੇ ਆਪਣੀਆਂ ਉਂਗਲੀਆਂ ਨਾਲ ਹੀ ਬਹੁਤ ਚੰਗੀ ਤਰ੍ਹਾਂ ਗੱਲਾਂ ਕਰ ਸਕਦੇ ਹਨ।




• ਸਾਡੀ ਖਿੜਕੀ ਦੇ ਥੱਲੇ ਕੈਦੀ ਔਰਤਾਂ ਕਸਰਤ ਲਈ ਭੱਜੀਆਂ ਜਾ ਰਹੀਆਂ ਹਨ। ਮੈਂ ਮੇਜ ਉੱਪਰ ਖੜ੍ਹਾ ਹੋ ਕੇ ਸੀਖਾਂ ਵਿਚਦੀ ਥੱਲੇ ਦੇਖਣ ਲਗਦਾ ਹਾਂ, ਸ਼ਾਇਦ ਉਹ ਉੱਪਰ ਨੂੰ ਦੇਖਣ। ਉਹ ਮੈਨੂੰ ਦੇਖ ਲੈਂਦੀਆਂ ਹਨ ਅਤੇ ਬੰਨ੍ਹੇ ਹੋਏ ਮੁੱਕੇ ਤਾਣ ਕੇ ਸਲਾਮ ਕਰਦੀਆਂ ਹਨ। ਇੱਕ ਵਾਰ ਹੋਰ। ਥੱਲੇ ਵਿਹੜੇ ’ਚ ਬਹੁਤ ਹਲਚਲ ਹੈ। ਦੂਜੇ ਦਿਨਾਂ ਦੇ ਮੁਕਾਬਲੇ ਅੱਜ ਉੱਥੇ ਸੱਚਮੁੱਚ ਹੀ ਵਧੇਰੇ ਖੁਸ਼ੀ ਜਾਪਦੀ ਹੈ। ਸੰਤਰੀ ਦੇਖ ਨਹੀਂ ਰਿਹਾ ਜਾਂ ਸ਼ਾਇਦ ਦੇਖਣਾ ਚਾਹੁੰਦਾ ਨਹੀਂ। ਇਹ ਵੀ ਮਈ ਦਿਨ ਦੀ ਪਰੇਡ ਦਾ ਇੱਕ ਹਿੱਸਾ ਹੈ।

• ਫੇਰ ਸਾਡਾ ਕਸਰਤ ਦਾ ਵੇਲਾ ਆਉਂਦਾ ਹੈ, ਅੱਜ ਮੈਂ ਹੀ ਕਸਰਤ ਕਰਾਉਣੀ ਹੈ। ਸਾਥੀਓ! ਅੱਜ ਪਹਿਲੀ ਮਈ ਹੈ, ਅੱਜ ਕਿਸੇ ਨਵੀਂ ਚੀਜ਼ ਨਾਲ ਸ਼ੁਰੂਆਤ ਹੋਣੀ ਚਾਹੀਦੀ ਹੈ, ਸੰਤਰੀ ਦੇਖਦਾ ਹੋਵੇ ਜਾਂ ਨਾ। ਪਹਿਲੀ ਕਸਰਤ ਹੈ ਲੁਹਾਰ ਦੇ ਭਾਰੀ ਹਥੌੜੇ ਦਾ ਘੁਮਾਇਆ ਜਾਣਾ-ਇੱਕ, ਦੋ, ਇੱਕ, ਦੋ। ਦੂਜੀ ਹੈ ਫਸਲ ਵੱਢਣਾ। ਹਥੌੜਾ ਤੇ ਦਾਤੀ, ਸਾਰੇ ਸਮਝਣ ਲੱਗ ਜਾਂਦੇ ਹਨ। ਸਭਨਾਂ ਦੇ ਚਿਹਰਿਆਂ ’ਤੇ ਇੱਕ ਮੁਸਕਰਾਹਟ ਫੈਲ ਜਾਂਦੀ ਹੈ ਅਤੇ ਉਹ ਹੋਰ ਵੀ ਜੋਸ਼ ਨਾਲ ਕਸਰਤ ਕਰਨ ਲਗਦੇ ਹਨ। ਸਾਥੀਓ! ਇਹ ਸਾਡਾ ਮਈ ਦਿਨ ਦਾ ਮੁਜਾਹਰਾ ਹੈ, ਇਹ ਚੁੱਪ ਪੇਸ਼ਕਾਰੀ ਸਾਡਾ ਮਈ ਦਿਨ ਦਾ ਪ੍ਰਣ ਹੈ ਕਿ ਅਸੀਂ ਦ੍ਰਿੜ ਰਹਾਂਗੇ-ਅਸੀਂ ਜਿਹੜੇ ਮੌਤ ਵੱਲ ਨੂੰ ਵਧ ਰਹੇ ਹਾਂ।

• ਸਾਰੇ ਕੋਠੜੀਆਂ ਵੱਲ ਮੁੜ ਆਏ ਹਨ। 9 ਵੱਜ ਗਏ, ਕਰੈਮਲਿਨ ਦੇ ਘੰਟਾ-ਘਰ ’ਚ ਦਸ ਘੰਟੀਆਂ ਵੱਜੀਆਂ ਹਨ ਤੇ ਲਾਲ ਚੌਕ ’ਚ ਪਰੇਡ ਸ਼ੁਰੂ ਹੋ ਜਾਂਦੀ ਹੈ। ਆਓ ਪਾਪਾ! ਆਓ, ਉਹ ਲੋਕ ‘ਇੰਟਰਨੈਸ਼ਨਲ’ ਗਾ ਰਹੇ ਹਨ। ਅਸੀਂ ਵੀ ਇੰਟਰਨੈਸ਼ਨਲ ਗਾਉਣ ਲੱਗ ਜਾਂਦੇ ਹਾਂ। ਫਿਰ ਇੱਕ ਤੋਂ ਬਾਅਦ ਇੱਕ, ਇਨਕਲਾਬੀ ਗੀਤਾਂ ਦਾ ਮੀਂਹ ਵਰ੍ਹ ਪੈਂਦਾ ਹੈ। ਅਸੀਂ ਇਕੱਲਤਾ ਨਹੀ ਮਹਿਸੂਸ ਕਰਨਾ ਚਾਹੁੰਦੇ, ’ਕੱਲੇ ਅਸੀਂ ਹੈ ਵੀ ਨਹੀਂ। ਅਸੀਂ ਉਨ੍ਹਾਂ ਲੋਕਾਂ ’ਚੋਂ ਹਾਂ ਜਿਹੜੇ ਬਾਹਰ ਦੁਨੀਆਂ ’ਚ ਆਜਾਦੀ ਨਾਲ ਗਾਉਣ ਦੀ ਹਿੰਮਤ ਰਖਦੇ ਹਨ, ਲੜਾਈ ਵਿੱਚ ਜੁੱਟੇ ਹੋਏ ਹਨ, ਠੀਕ ਉਸੇ ਤਰ੍ਹਾਂ ਜਿਵੇਂ ਅਸੀਂ.....।

**ਉਨ੍ਹਾਂ ਘ੍ਰਿਣਤ ਦੀਵਾਰਾਂ ਪਿੱਛੇ**
**ਜੇਲ੍ਹ ਬੰਦ ਸਾਥੀਓ,**
**ਤੁਸੀਂ ਅਸਾਡੇ ਹੀ ਸੰਗ ਹੋ**
**ਤੁਸੀਂ ਅਸਾਡੇ ਹੀ ਸੰਗ ਹੋ**
**ਚਾਹੇ ਅੱਜ ਤੁਸੀ ਅਸਾਡੇ ਸੰਗ**
**ਕਦਮ ਮਿਲਾ ਕੇ ਨਹੀਂ ਚੱਲ ਸਕਦੇ**
**ਹਾਂ, ਅਸੀਂ ਤੁਹਾਡੇ ਹੀ ਨਾਲ ਹਾਂ।**

• ਕੋਠੜੀ ਨੰ: 267 ਵਿੱਚ ਅਸੀਂ ਸੋਚ ਰਹੇ ਸਾਂ ਕਿ ਸਾਡੇ 1943 ਦੇ ਮਈ ਦਿਨ ਦੇ ਸਮਾਗਮ ਦਾ ਇਹੀ ਅੰਤ ਢੁਕਵਾਂ ਹੈ। ਪਰ ਸਮਾਗਮ ਇੱਥੇ ਹੀ ਖਤਮ ਨਹੀਂ ਹੋਇਆ। ਔਰਤਾਂ ਦੇ ਵਰਾਂਡੇ ਦੀ ਨੰਬਰਦਾਰਨੀ ਬਾਹਰ ਵਿਹੜੇ ’ਚ ‘ਲਾਲ ਸੈਨਾ ਦਾ ਮਾਰਚ’ ਨਾਉਂ ਦੇ ਗੀਤ ਦੀ ਧੁਨ ’ਤੇ ਸੀਟੀ ਵਜਾਉਂਦੀ ਟਹਿਲ ਰਹੀ ਹੈ। ਫਿਰ ਉਹ ਛਾਪਾਮਾਰਾਂ ਦਾ ਗੀਤ ਅਤੇ ਦੂਜੇ ਸੋਵੀਅਤ ਗੀਤਾਂ ਦੀ ਧੁਨ ਸੀਟੀ ਨਾਲ ਵਜਾਉਂਦੀ ਹੈ। ਇਉਂ ਉਹ ਮਰਦਾਂ ਦੀਆਂ ਕੋਠੜੀਆਂ ’ਚ ਰਹਿਣ ਵਾਲਿਆਂ ਦਾ ਹੌਸਲਾ ਵਧਾ ਰਹੀ ਹੈ। ਅਤੇ ਚੈੱਕ-ਪੁਲਿਸ ਦੀ ਵਰਦੀ ਵਾਲਾ ਜਿਹੜਾ ਆਦਮੀ ਮੇਰੇ ਲਈ ਕਾਗਜ਼ ਤੇ ਪੈਨਸਿਲ ਲਿਆਇਆ ਸੀ ਉਹ ਮੇਰੇ ਦਰਵਾਜੇ ਦੇ ਬਾਹਰ ਖੜ੍ਹਾ ਪਹਿਰਾ ਦੇ ਰਿਹਾ ਹੈ ਤਾਂ ਜੋ ਲਿਖਦੇ ਸਮੇਂ ਕੋਈ ਅਚਾਨਕ ਹੀ ਨਾ ਆ ਜਾਵੇ। ਅਤੇ ਉਹ ਦੂਸਰਾ ਚੈੱਕ-ਸੰਤਰੀ ਵੀ ਹੈ ਜੀਹਨੇ ਮੈਥੋਂ ਇਹ ਲਿਖਣਾ ਸ਼ੁਰੂ ਕਰਵਾਇਆ ਸੀ ਤੇ ਜਿਹੜਾ ਲਿਖੇ ਹੋਏ ਕਾਗਜਾਂ ਨੂੰ ਲਿਜਾਇਆ ਕਰਦਾ ਹੈ। ਇਹ ਕਾਗਜ਼ ਉਦੋਂ ਤੱਕ ਗੁਪਤ ਰਹਿਣਗੇ ਜਦੋਂ ਤੱਕ ਉਨ੍ਹਾਂ ਨੂੰ ਛਾਪਣ ਦਾ ਸਹੀ ਮੌਕਾ ਨਾ ਆ ਜਾਵੇ। ਏਸ ਕਾਗਜ਼ ਦੇ ਟੁਕੜੇ ਦੀ ਕੀਮਤ ਉਸ ਨੂੰ ਆਪਣੇ ਸਿਰ ਨਾਲ ਚੁਕਾਉਣੀ ਪੈ ਸਕਦੀ ਹੈ। ਉਹ ਸੀਖਾਂ ’ਚ ਬੰਦ ‘ਅੱਜ’ ਤੇ ਆਜਾਦ ‘ਕੱਲ੍ਹ’ ਦੇ ਵਿਚਕਾਰ ਕਾਗਜ਼ਾਂ ਦਾ ਪੁਲ ਬਣਾਉਣ ਲਈ ਆਪਣੀ ਜਾਨ ਜੋਖਮ ’ਚ ਪਾਉਣ ਲਈ ਤਿਆਰ ਹੈ। ਇਹ ਸਾਰੇ ਇੱਕੋ ਹੀ ਲੜਾਈ ਲੜ ਰਹੇ ਹਨ,ਚਾਹੇ ਕਿਤੇ ਵੀ ਹੋਣ, ਹੱਥ ਵਿੱਚ ਚਾਹੇ ਕੋਈ ਵੀ ਹਥਿਆਰ ਹੋਵੇ। ਪਰ ਉਹ ਸਾਰੇ ਹਿੰਮਤ ਨਾਲ ਲੜਦੇ ਜਾ ਰਹੇ ਹਨ। ਉਹ ਇੰਨੀ ਸਹਿਜਤਾ ਨਾਲ ਲੜ ਰਹੇ ਹਨ, ਉਨ੍ਹਾਂ ’ਚ ਦਿਖਾਵੇ ਤੇ ਗਮ-ਉਦਾਸੀ ਇੰਨੀ ਘੱਟ ਹੈ ਕਿ ਤੁਹਾਨੂੰ ਇਉਂ ਕਦੇ ਨਹੀਂ ਲੱਗੇਗਾ ਕਿ ਇਹ ਜੰਗ ਮੌਤ ਤੋਂ ਪਹਿਲਾਂ ਨਹੀਂ ਖਤਮ ਹੋ ਸਕਦੀ ਅਤੇ ਇਸ ਵਿੱਚ ਉਨ੍ਹਾਂ ਦੇ ਪ੍ਰਾਣ ਇੱਕ ਕੱਚੇ ਧਾਗੇ ਨਾਲ ਲਟਕੇ ਹੋਏ ਹਨ।

• ਮਈ ਦਿਨ ’ਤੇ ਇਨਕਲਾਬ ਦੇ ਸਿਪਾਹੀਆਂ ਨੂੰ ਪਰੇਡ ਕਰਦੇ ਹੋਏ ਤੁਸੀਂ ਦਰਜਨਾਂ ਵਾਰ ਦੇਖਿਆ ਹੋਵੇਗਾ, ਉਹ ਕਿੰਨੀ ਸ਼ਾਨਦਾਰ ਹੁੰਦੀ ਸੀ। ਪਰ ਫੌਜ ਦੀ ਅਸਲੀ ਤਾਕਤ ਨੂੰ ਸਿਰਫ਼ ਜੰਗ ਵਿੱਚ ਹੀ ਦੇਖ ਸਕਦੇ ਹੋ, ਅਤੇ ਓਦੋਂ ਹੀ ਤੁਸੀਂ ਇਹ ਮਹਿਸੂਸ ਕਰੋਗੇ ਕਿ ਇਹ ਫੌਜ ਅਜਿੱਤ ਹੈ। ਓਦੋਂ ਹੀ ਤੁਹਾਨੂੰ ਇਹ ਇਲਮ ਹੋਵੇਗਾ ਕਿ ਤੁਸੀਂ ਜਿੰਨਾ ਸੋਚਦੇ ਸੀ, ਮੌਤ ਉਸ ਤੋਂ ਵੀ ਕਿਤੇ ਵੱਧ ਸਹਿਜ ਹੈ,ਅਤੇ ਬਹਾਦਰ ਮਨੁੱਖ ਦੇ ਸਿਰ ਦੁਆਲੇ ਕੋਈ ਦੈਵੀ ਨੂਰ ਦਾ ਚੱਕਰ ਨਹੀਂ ਹੁੰਦਾ। ਪਰ ਇਹ ਜੰਗ ਉਸਤੋਂ ਕਿਤੇ ਜਿਆਦਾ ਨਿਰਦਈ ਹੈ ਜਿੰਨੀ ਤੁਸੀਂ ਸਮਝਦੇ ਸੀ। ਅਤੇ ਇਸ ਵਿੱਚ ਅੰਤ ਤੱਕ ਨਿਭਣ ਤੇ ਜਿੱਤ ਹਾਸਲ ਕਰਣ ਲਈ ਅਥਾਹ ਸ਼ਕਤੀ ਦੀ ਲੋੜ ਹੁੰਦੀ ਹੈ। ਤੁਸੀਂ ਇਸ ਫੌਜ ਨੂੰ ਅੱਗੇ ਵਧਦੇ ਤਾਂ ਦੇਖਦੇ ਹੋ ਪਰ ਹਮੇਸ਼ਾਂ ਇਹ ਨਹੀਂ ਸਮਝਦੇ ਕਿ ਉਸਦੀ ਤਾਕਤ ਕਿੰਨੀ ਹੈ, ਇਸ ਦੇ ਹਮਲੇ ਇੰਨੇ ਸਹਿਜ ਤੇ ਤਰਕ ਸੰਗਤ ਹੁੰਦੇ ਹਨ।

ਪਰ ਅੱਜ ਇਹ ਗੱਲ ਤੁਹਾਡੀ ਸਮਝ ’ਚ ਆ ਜਾਂਦੀ ਹੈ।

1943 ਦੇ ਮਈ ਦਿਨ ਦੀ ਪਰੇਡ ਦੇ ਮੌਕੇ ’ਤੇ।






**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਕੀ ਸਾਂਝੇ ਪੰਜਾਬ ਦੀ ਹੋਣੀ 'ਪੂਵਾਨੇ' ਜਾਂ 'ਸਿੰਗਲੇ' ਵਰਗਿਆਂ ਦੇ ਹੱਥ ਛੱਡੀ ਜਾ ਸਕਦੀ ਹੈ ?







ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਪੰਜਾਬ ਅੰਦਰ ਹਿੰਦੂ-ਸਿੱਖ ਤਨਾਅ ਦਾ ਇਤਿਹਾਸ ਕੋਈ ਨਵਾਂ ਨਹੀਂ ਹੈ, ਇਹ 1947 ਵਿੱਚ ਇੰਡੀਆ ਅਜ਼ਾਦ ਹੋਣ ਦੇ ਸਮੇਂ ਤੋਂ ਹੀ ਵੱਖ-ਵੱਖ ਢੰਗਾਂ ਨਾਲ਼ ਚੱਲਿਆ ਆ ਰਿਹਾ ਹੈ। ਇਹ ਵੱਖ-ਵੱਖ ਪੜਾਵਾਂ 'ਚੋਂ ਲੰਘਦਾ ਹੀ ਇਥੇ ਪਹੁੰਚਾ ਹੈ, ਇਹ ਵੱਖਰੀ ਗੱਲ ਹੈ ਕਿ ਇਹ ਤਨਾਅ ਕਦੇ ਹੋਰ ਸਟੇਟਾਂ ਵਿੱਚ ਹਿੰਦੂ-ਮੁਸਲਿਮ ਦੰਗਿਆਂ ਵਾਂਗ ਵੱਡੇ ਕਤਲੇਆਮ ਤੱਕ ਨਹੀਂ ਪਹੁੰਚਾ। ਪਰ ਇਹ ਤਨਾਅ ਅਜ਼ਾਦੀ ਤੋਂ ਜਲਦੀ ਬਾਅਦ ਪੰਜਾਬੀ ਸੂਬਾ ਨਾਹਰਾ ਮੋਰਚੇ ਦੇ ਸਮੇਂ ਹੀ ਸ਼ੁਰੂ ਹੋ ਗਿਆ ਸੀ।ਜਦੋਂ ਇੱਕ ਪਾਸੇ ਸਿੱਖ 'ਪੰਜਾਬੀ ਸੂਬੇ' ਦਾ ਨਾਹਰਾ ਮਾਰਦੇ ਸਨ ਤਾਂ ਹਿੰਦੂ ਵਿਰੋਧ ਵਿੱਚ 'ਮਹਾਂ ਪੰਜਾਬ' ਦਾ ਨਾਹਰਾ ਮਾਰਦੇ ਸਨ। ਪਿਛਲੇ 60-70 ਸਾਲਾਂ ਵਿੱਚ ਕਿਸੇ ਵੀ ਧਿਰ ਵਲੋਂ ਇਸ ਤਨਾਅ ਦੀਆਂ ਜੜ੍ਹਾਂ ਵਿੱਚ ਜਾ ਕੇ ਮਸਲਾ ਸਮਝਣ ਤੇ ਹੱਲ ਕਰਨ ਦੀ ਕਦੇ ਸੁਹਿਰਦ ਕੋਸ਼ਿਸ਼ ਨਹੀਂ ਕੀਤੀ। ਜਦੋਂ ਕੁਝ ਘਟਨਾਵਾਂ ਵਾਪਰਦੀਆਂ ਹਨ ਤਾਂ ਹਿੰਦੂ-ਸਿੱਖ ਭਾਈ-ਭਾਈ ਜਾਂ ਹਿੰਦੂਆਂ-ਸਿੱਖਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ ਆਦਿ ਦੇ ਵਕਤੀ ਜਜ਼ਬਾਤੀ ਨਾਹਰਿਆਂ ਹੇਠ ਮਸਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਨਤੀਜਾ ਇਹ ਹੈ ਕਿ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ ਅਨੇਕਾਂ ਵੱਡੀਆਂ ਤ੍ਰਾਸਦੀਆਂ ਵਾਪਰਨ ਤੋਂ ਬਾਅਦ ਵੀ ਲਗਦਾ ਹੈ ਕਿ ਮਸਲਾ ਜਿਉਂ ਦਾ ਤਿਉਂ ਖੜਾ ਹੈ ? ਕਿਸੇ ਧਿਰ ਨੇ ਕੋਈ ਸਬਕ ਨਹੀਂ ਸਿੱਖਿਆ ? ਸਭ ਧਿਰਾਂ ਸਾਰਾ ਦੋਸ਼ ਦੂਜਿਆਂ ਤੇ ਥੋਪ ਕੇ ਆਪਣੇ ਆਪ ਨੂੰ ਦੁੱਧ ਧੋਤੇ ਸਾਬਿਤ ਕਰਦੇ ਹਨ। ਕੁਝ ਸਮੇਂ ਦੇ ਰੌਲ਼ੇ-ਰੱਪੇ ਤੋਂ ਬਾਅਦ ਸ਼ਾਂਤੀ ਹੋਣ ਨਾਲ਼ ਸਮਝ ਲਿਆ ਜਾਂਦਾ ਹੈ ਕਿ ਸਭ ਕੁਝ ਠੀਕ ਹੋ ਗਿਆ ਹੈ ।ਪਰ ਕੁਝ ਜਜ਼ਬਾਤੀ ਜਾਂ ਸ਼ਰਾਰਤੀ ਅਨਸਰਾਂ ਵਲੋਂ ਕੀਤੀ ਜਰਾ ਕੁ ਜਿੰਨੀ ਇੱਲਤ ਨਾਲ਼ ਸਥਿਤੀ ਵਿਸਫੋਟਕ ਹੋ ਜਾਂਦੀ ਹੈ। ਰਾਜਸੀ ਤੇ ਧਾਰਮਿਕ ਲੋਕ ਆਪਣੇ ਸੌੜੇ ਹਿੱਤਾਂ ਲਈ ਇਸ ਮਸਲੇ ਨੂੰ ਜਿਉਂ ਦਾ ਤਿਉਂ ਰੱਖਣਾ ਚਾਹੁੰਦੇ ਹਨ ਤਾਂ ਕਿ ਲੋੜ ਅਨੁਸਾਰ ਇਸਨੂੰ ਆਪਣੇ ਹਿੱਤਾਂ ਲਈ ਵਰਤਿਆ ਜਾ ਸਕੇ ? ਆਮ ਹਾਲਾਤਾਂ ਵਿੱਚ ਲੋਕਾਂ ਦਾ ਆਪਸੀ ਭਾਈਚਾਰਾ ਬੜਾ ਮਜਬੂਤ ਲਗਦਾ ਹੈ, ਪਰ ਜਦੋਂ ਹੀ ਕੋਈ ਸ਼ਰਾਰਤੀ ਧਿਰ ਕੋਈ ਇੱਲਤ ਕਰਦੀ ਹੈ ਤਾਂ ਲੋਕ ਝੱਟ ਇੱਕ ਦੂਜੇ ਦੇ ਵਿਰੋਧ ਵਿੱਚ ਆ ਖੜਦੇ ਹਨ ?

ਹਾਲੀਆ 29 ਅਪਰੈਲ, 2022 ਨੂੰ ਕਥਿਤ 'ਖਾਲਿਸਤਾਨ ਦਿਵਸ' ਦੇ ਮੌਕੇ ਇੱਕ ਪਾਸੇ ਅਮਰੀਕਾ ਸਥਿਤ ਭਾਰਤ ਵਿੱਚ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਜਥੇਬੰਦੀ ਦੇ ਆਗੂ ਗੁਰਪਤਵੰਤ ਸਿੰਘ ਪੰਨੂੰ ਵਲੋਂ ਐਲਾਨ ਕੀਤਾ ਗਿਆ ਸੀ ਕਿ ਡੀ. ਸੀ. ਦਫਤਰਾਂ ਤੇ ਖਾਲਿਸਤਾਨੀ ਝੰਡੇ ਲਹਿਰਾਉਣ ਵਾਲ਼ਿਆਂ ਨੂੰ 12 ਘੰਟਿਆਂ ਵਿੱਚ ਅਮਰੀਕਨ ਸਵਾ ਲੱਖ ਡਾਲਰ ਦਿੱਤਾ ਜਾਵੇਗਾ ਅਤੇ ਦੂਸਰੇ ਪਾਸੇ ਸ਼ਿਵ ਸੈਨਾ (ਬਾਲੇ ਠਾਕਰੇ) ਆਗੂ ਹਰੀਸ਼ ਸਿੰਗਲੇ ਤੇ ਕੁਝ ਹੋਰ ਹਿੰਦੂ ਜਥੇਬੰਦੀਆਂ ਵਲੋਂ ਇਸੇ ਦਿਨ ਪੰਨੂੰ ਦੀ ਕਾਲ ਦੇ ਵਿਰੋਧ ਵਿੱਚ ਖਾਲਿਸਤਾਨ ਵਿਰੋਧੀ ਰੋਸ ਮਾਰਚ ਕਰਨ ਦੇ ਸੱਦੇ ਨੂੰ ਲੈ ਕੇ ਪਟਿਆਲ਼ੇ ਵਿੱਚ ਜਿਸ ਕਿਸਮ ਦੀਆਂ ਹਿੰਸਕ ਘਟਨਾਵਾਂ ਵਾਪਰੀਆਂ, ਉਸਨੇ ਇੱਕ ਵਾਰ ਫਿਰ ਦੁਨੀਆਂ ਭਰ ਵਿੱਚ ਵਸਦੇ ਅਮਨ ਪਸੰਦ ਪੰਜਾਬ ਹਿਤੈਸ਼ੀਆਂ ਦੇ ਮਨਾਂ ਵਿਚ ਧੁੜਕੂ ਛੇੜ ਦਿੱਤਾ ਹੈ। ਜਿਸ ਤਰ੍ਹਾਂ ਕੁਝ ਸ਼ਰਾਰਤੀ ਲੋਕਾਂ ਨੇ ਗੁਰਦੁਆਰਾ ਦੂਖ ਨਿਵਾਰਨ ਬੈਠੇ ਸਿੱਖ ਨੌਜਵਾਨਾਂ ਨੂੰ ਇਹ ਅਫਵਾਹ ਫੈਲਾ ਕੇ ਉਕਸਾਇਆ ਕਿ ਕਾਲ਼ੀ ਮਾਤਾ ਮੰਦਰ ਕੋਲ਼ ਸ਼ਿਵ ਸੈਨਿਕਾਂ ਨੇ ਸਿੱਖ ਨੌਜਵਾਨਾਂ ਤੇ ਹਮਲਾ ਕਰ ਦਿੱਤਾ ਹੈ ਤਾਂ ਉਥੇ ਬੈਠੇ ਕੁਝ ਨੌਜਵਾਨ ਭੜਕ ਕੇ ਜਿਵੇਂ ਕਾਲ਼ੀ ਮਾਤਾ ਮੰਦਰ ਵੱਲ ਗਏ, ਉਥੇ ਦੋਨਾਂ ਗਰੁੱਪਾਂ ਵਿੱਚ ਤਲਵਾਰਾਂ, ਡੰਡਿਆਂ ਨਾਲ਼ ਝੜਪਾਂ ਹੋਈਆਂ, ਪੱਥਰਬਾਜੀ ਹੋਈ, ਦੁਕਾਨਾਂ ਦੀ ਤੋੜ-ਭੰਨ ਹੋਈ, ਇਹ ਸਭ ਬੜੀ ਚਿੰਤਾ ਦਾ ਵਿਸ਼ਾ ਹੈ। ਹਾਲ ਦੀ ਘੜੀ ਪ੍ਰਸ਼ਾਸਨ ਨੇ ਫੌਰੀ ਕਾਰਵਾਈ ਕਰਦਿਆਂ, ਸ਼ਰਾਰਤੀ ਅਨਸਰਾਂ ਤੇ ਕਾਬੂ ਪਾ ਤਾਂ ਲਿਆ ਹੈ, ਪਰ ਇਨ੍ਹਾਂ ਘਟਨਾਵਾਂ ਨੂੰ ਵੇਖਦਿਆਂ ਮਨ ਵਿੱਚ ਸੱਠਵਿਆਂ ਦੇ ਦਹਾਕੇ ਵਿੱਚ 'ਪੰਜਾਬੀ ਸੂਬਾ ਮੋਰਚੇ' ਤੋਂ ਸ਼ੁਰੂ ਹੋਈਆਂ ਅਜਿਹੀਆਂ ਅਨੇਕਾਂ ਯਾਦਾਂ ਤਾਜ਼ਾ ਹੋ ਰਹੀਆਂ ਹਨ।

ਜੇ ਪੁਰਾਣੀਆਂ ਯਾਦਾਂ ਨੂੰ ਭੁੱਲ ਕੇ ਇੱਥੇ ਅਸੀਂ ਗੱਲ ਸਾਲ 1981 ਦੇ ਸ਼ੁਰੂ ਵਿੱਚ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਲਈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੇ ਦਮਦਮੀ ਟਕਸਾਲ (ਚੌਕ ਮਹਿਤਾ) ਵਲੋਂ ਸ਼ੁਰੂ ਕੀਤੀ ਮੁਹਿੰਮ ਤੋਂ ਕਰਨੀ ਚਾਹਾਂਗੇ।ਜਦੋਂ 'ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ' ਦੇਣ ਦੀ ਮੰਗ ਕਾਰਨ ਅੰਮ੍ਰਿਤਸਰ ਵਿੱਚ ਹਿੰਦੂ-ਸਿੱਖ ਦੰਗਿਆਂ ਦੇ ਹਾਲਾਤ ਬਣ ਗਏ ਸਨ। ਇਸ ਸਬੰਧੀ ਸਾਬਕਾ ਆਈ ਪੀ ਐਸ ਅਫਸਰ, ਬੀ ਐਸ ਐਫ ਦੇ ਸਾਬਕਾ ਆਈ ਜੀ ਤੇ ਮਨੀਪੁਰ ਦੇ ਗਵਰਨਰ ਗੁਰਬਚਨ ਜਗਤ, (ਜੋ ਉਸ ਸਮੇਂ ਅੰਮ੍ਰਿਤਸਰ ਪੁਲਿਸ ਦੇ ਐਸ ਐਸ ਪੀ ਸਨ) ਦੀ 'ਇੰਗਲਿਸ਼ ਟ੍ਰਿਬਿਊਨ' ਵਿੱਚ 8 ਨਵੰਬਰ, 2020 ਨੂੰ ਛਪੀ ਇੱਕ ਲਿਖਤ 'ਲੈਸਨਜ਼ ਫਰੌਮ ਅੰਮ੍ਰਿਤਸਰ-1981' (Lessons From Amritsar-1981) ਅਨੁਸਾਰ ਦਮਦਮੀ ਟਕਸਾਲ ਦੇ ਮੁੱਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲ਼ਿਆਂ ਦੀ 13 ਅਪਰੈਲ, 1978 ਦੇ ਸਿੱਖ-ਨਿਰੰਕਾਰੀ ਕਾਂਡ ਤੋਂ ਬਾਅਦ ਚੜ੍ਹਤ ਹੋਣੀ ਸ਼ੁਰੂ ਹੋ ਗਈ ਸੀ। ਉਨ੍ਹਾਂ ਅਨੁਸਾਰ 1981 ਆਉਂਦਿਆਂ ਉਸਦੇ ਪੈਰੋਕਾਰਾਂ ਦੀ ਵੱਡੀ ਗਿਣਤੀ ਹੋ ਚੁੱਕੀ ਸੀ। ਉਸਨੂੰ (ਸੰਤ) ਤੇ ਉਸਦੇ ਸਾਥੀਆਂ ਨੂੰ ਤਕੜੇ ਕਰਨ, ਹਥਿਆਰਬੰਦ ਕਰਨ ਵਿੱਚ ਕਈ ਰਾਜਨੀਤਕ ਤਾਕਤਾਂ ਆਪਣੇ ਰਾਜਸੀ ਮੰਤਵਾਂ ਲਈ ਯੋਗਦਾਨ ਪਾ ਰਹੀਆਂ ਸਨ। ਉਸ ਸਮੇਂ ਦੌਰਾਨ ਸੰਤ ਨੇ ਐਲਾਨ ਕਰ ਦਿੱਤਾ ਕਿ ਉਹ ਅੰਮ੍ਰਿਤਸਰ ਵਿੱਚ 29 ਮਈ, 1981 ਨੂੰ ਆਪਣੇ ਹਥਿਆਰਬੰਦ ਸਾਥੀਆਂ ਤੇ ਫੈਡਰੇਸ਼ਨ ਦੇ ਸਹਿਯੋਗ ਨਾਲ਼ ਦਰਬਾਰ ਸਾਹਿਬ ਤੋਂ ਬਾਰਾਂਦਰੀ ਅੰਮ੍ਰਿਤਸਰ ਤੱਕ ਆਪਣੀ ਅਗਵਾਈ ਵਿੱਚ ਇੱਕ ਜਲੂਸ ਕੱਢੇਗਾ ਅਤੇ ਮੰਗ ਕਰੇਗਾ ਕਿ ਅੰਮ੍ਰਿਸਰ ਸ਼ਹਿਰ ਨੂੰ ਪਵਿਤਰ ਸ਼ਹਿਰ ਦਾ ਦਰਜਾ ਦਿੱਤਾ ਜਾਵੇ, ਜਿਸਦਾ ਭਾਵ ਸੀ ਕਿ ਅੰਮ੍ਰਿਤਸਰ ਸ਼ਹਿਰ ਵਿੱਚੋਂ ਸ਼ਰਾਬ, ਸਿਗਰਟਾਂ (ਜਾਂ ਤਮਾਖੂ), ਮੀਟ ਨਾਲ਼ ਸਬੰਧਤ ਸਭ ਦੁਕਾਨਾਂ ਤੋਂ ਇਸਦੀ ਵਿਕਰੀ ਬੰਦ ਕਰਾ ਦਿੱਤੀ ਜਾਵੇ। ਸੰਤ ਦੇ ਇਸ ਐਲਾਨ ਨਾਲ਼ ਸ਼ਹਿਰ ਵਿੱਚ ਤਨਾਅ ਦੀ ਸਥਿਤੀ ਬਣ ਗਈ। ਹਿੰਦੂ ਜਥੇਬੰਦੀਆਂ ਇਸਦਾ ਵਿਰੋਧ ਕਰਨ ਲੱਗੀਆਂ।ਕਾਂਗਰਸ ਦੀ ਦਰਬਾਰਾ ਸਿੰਘ ਸਰਕਾਰ ਇਸ ਜਲੂਸ ਨੂੰ ਕਿਸੇ ਵੀ ਹਾਲਤ ਵਿੱਚ ਰੋਕਣਾ ਚਾਹੁੰਦੀ ਸੀ, ਇਸ ਲਈ ਗੁਰਬਚਨ ਜਗਤ ਦੀ ਡਿਊਟੀ ਸੰਤ ਭਿੰਡਰਾਂਵਾਲ਼ੇ ਨੂੰ ਮਨਾਉਣ ਲਈ ਲਗਾਈ ਗਈ ਕਿ ਉਹ ਇਸ ਜਲੂਸ ਨੂੰ ਰੱਦ ਕਰ ਦੇਵੇ। ਮਿ. ਬਚਨ ਅਨੁਸਾਰ ਉਹ ਸੰਤ ਭਿੰਡਰਾਂਵਾਲ਼ੇ ਨੂੰ ਬੜੀ ਡਿਪਲੋਮੇਸੀ ਨਾਲ਼ ਇਹ ਗੱਲ ਮਨਾਉਣ ਵਿੱਚ ਸਫਲ ਹੋ ਗਿਆ ਕਿ ਜਲੂਸ ਸਿਰਫ ਕੋਤਵਾਲ਼ੀ ਤੱਕ ਕੱਢਿਆ ਜਾਵੇਗਾ ਤੇ ਇਹ ਜਲੂਸ ਬਿਨਾਂ ਹਥਿਆਰਾਂ ਤੋਂ ਸ਼ਾਂਤਮਈ ਢੰਗ ਨਾਲ਼ ਸੰਤ ਦੀ ਅਗਵਾਈ ਤੋਂ ਬਿਨਾਂ ਕੋਤਵਾਲ਼ੀ ਮੈਮੋਰੈਂਡਮ ਦੇ ਕੇ ਵਾਪਿਸ ਆ ਜਾਵੇਗਾ ਅਤੇ ਇਸਦੇ ਬਦਲੇ ਸਰਕਾਰ ਦਰਬਾਰ ਸਾਹਿਬ ਦੁਆਲ਼ੇ ਤਮਾਖੂ ਤੇ ਪਾਬੰਦੀ ਲਗਾਉਣ ਲਈ ਗੰਭੀਰਤਾ ਨਾਲ਼ ਵਿਚਾਰ ਕਰੇਗੀ। ਜਿਹੜੀ ਤਕਨੀਕ ਨਾਲ਼ ਐਸ ਐਸ ਪੀ ਗੁਰਬਚਨ ਜਗਤ ਸੰਤ ਭਿੰਡਰਾਂਵਾਲ਼ੇ ਨੂੰ ਮਨਾਉਣ ਵਿੱਚ ਸਫਲ ਹੋਇਆ ਸੀ, ਜੇ ਅਜਿਹੀ ਤਕਨੀਕ ਦੂਸਰੀ ਧਿਰ ਦੇ ਗੁਸੈਲ਼ ਭਾਜਪਾ ਆਗੂ ਹਰਬੰਸ ਲਾਲ ਖੰਨਾ ਦੀ ਰਿਹਾਇਸ਼ ਤੇ ਜਾ ਕੇ ਵੀ ਵਰਤਦਾ ਤਾਂ ਸ਼ਾਇਦ ਹਾਲਾਤ ਹੋਰ ਹੁੰਦੇ। ਮਿ. ਜਗਤ ਅਨੁਸਾਰ ਇਸ ਜਲੂਸ ਤੋਂ ਇੱਕ ਦਿਨ ਪਹਿਲਾਂ 28 ਮਈ ਨੂੰ ਸਥਿਤੀ ਉਸ ਵਕਤ ਇਕਦਮ ਬਦਲ ਗਈ, ਜਦੋਂ ਕੁਝ ਹਿੰਦੂ ਨੌਜਵਾਨ ਭਾਜਪਾ ਐਮ ਐਲ ਏ ਹਰਬੰਸ ਲਾਲ ਖੰਨਾ ਦੀ ਅਗਵਾਈ ਵਿੱਚ ਬਜ਼ਾਰਾਂ ਵਿੱਚ ਸਿਗਰਟਾਂ ਪੀਂਦੇ ਤੇ ਡੰਡਿਆਂ ਤੇ ਸਿਗਰਟਾਂ ਲਹਿਰਾਉਂਦੇ ਭੜਕਾਊ ਨਾਹਰਿਆਂ ਨਾਲ਼ ਜਲੂਸ ਕੱਢਣ ਲੱਗੇ। ਜਿਸ ਨਾਲ਼ ਸੰਤ ਨੇ ਹੋਏ ਫੈਸਲੇ ਨੂੰ ਤੋੜ ਕੇ 29 ਮਈ ਨੂੰ ਆਪਣਾ ਜਲੂਸ ਪਹਿਲਾਂ ਉਲੀਕੇ ਪ੍ਰੋਗਰਾਮ ਅਨੁਸਾਰ ਆਪਣੀ ਅਗਵਾਈ ਵਿੱਚ ਆਪਣੇ ਹਥਿਆਰਬੰਦ ਸਾਥੀਆਂ ਨਾਲ਼ ਕੱਢਿਆ। ਜਿਸ ਨਾਲ਼ ਸ਼ਹਿਰ ਵਿੱਚ

(ਬਾਕੀ ਸਫ਼ਾ 36 'ਤੇ)


**Reliance /Legal Group LLP**
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਭਾਰਤ ਬਚਾਉਣ ਦੀ ਲੜਾਈ ਸਾਨੂੰ ਸਭ ਨੂੰ ਲੜਨੀ ਪਵੇਗੀ - ਅਰੁੰਧਤੀ ਰਾਏ

*[ਇਹ ਲਿਡਨਨ ਬੀ ਜੌਹਸੌਨਨ ਆਡੀਟੋਰੀਅਮ, ਸੰਯੁਕਤ ਰਾਜ ਅਮਰੀਕਾ ਵਿਚ ਮਸ਼ਹੂਰ ਲੇਖਿਕਾ-ਕਾਰਕੁੰਨ ਅਰੁੰਧਤੀ ਰਾਏ ਵੱਲੋਂ 19 ਅਪ੍ਰੈਲ ਨੂੰ ਦਿੱਤੇ ਗਏ ''ਸਿਸੀ'' ਫੇਰੈਂਟਹੋਲਡ (ਫਰਾਂਸਿਸ ਟਾਰਲਟਨ ''ਸਿਸੀ'' ਫੇਰੈਂਟਹੋਲਡ) ਯਾਦਗਾਰੀ ਲੈਕਚਰ ਦਾ ਉਤਾਰਾ ਹੈ। ''ਸਿਸੀ'' ਉੱਘੀ ਅਮਰੀਕਨ ਲਿਬਰਲ ਸਿਆਸਤਦਾਨ ਅਤੇ ਬਰਾਬਰੀ ਤੇ ਹੱਕਾਂ ਦੀ ਝੰਡਾਬਰਦਾਰ ਸੀ ਜੋ ਸਤੰਬਰ 2021 'ਚ ਸਦੀਵੀ ਵਿਛੋੜਾ ਦੇ ਗਈ। ਇਸ ਸਮਾਗਮ ਦਾ ਆਯੋਜਨ ਰੈਪੋਪੋਰਟ ਸੈਂਟਰ ਫਾਰ ਹਿਊਮਨ ਰਾਈਟਸ ਐਂਡ ਜਸਟਿਸ ਵੱਲੋਂ ਕੀਤਾ ਗਿਆ ਸੀ।] -ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ*





ਸ਼ੁਭ ਦੁਪਹਿਰ, ਅਤੇ ਮੈਨੂੰ ਸਿਸੀ ਫੇਰੈਂਟਹੋਲਡ ਲੈਕਚਰ ਦੇਣ ਵਾਸਤੇ ਸੱਦਾ ਦੇਣ ਲਈ ਤੁਹਾਡਾ ਧੰਨਵਾਦ। ਸ਼ੁਰੂ ਕਰਨ ਤੋਂ ਪਹਿਲਾਂ, ਮੈਂ ਯੂਕਰੇਨ ਵਿਚ ਜੰਗ ਬਾਰੇ ਕੁਝ ਸ਼ਬਦ ਕਹਿਣਾ ਚਾਹਾਂਗੀ। ਮੈਂ ਸਪੱਸ਼ਟ ਤੌਰ 'ਤੇ ਯੂਕਰੇਨ ਉੱਪਰ ਰੂਸ ਦੇ ਹਮਲੇ ਦੀ ਨਿੰਦਾ ਕਰਦੀ ਹਾਂ ਅਤੇ ਯੂਕਰੇਨ ਦੇ ਲੋਕਾਂ ਦੇ ਬਹਾਦਰੀ ਭਰੇ ਟਕਰੇ ਦੀ ਸ਼ਲਾਘਾ ਕਰਦੀ ਹਾਂ। ਮੈਂ ਹਕੂਮਤ ਨਾਲ ਅਸਹਿਮਤ ਲੋਕਾਂ ਵੱਲੋਂ ਭਾਰੀ ਮੁੱਲ ਚੁਕਾ ਕੇ ਦਿਖਾਈ ਗਈ ਹਿੰਮਤ ਦੀ ਤਾਰੀਫ਼ ਕਰਦੀ ਹਾਂ। ਇੰਞ ਕਰਦੇ ਹੋਏ ਮੈਨੂੰ ਸੰਯੁਕਤ ਰਾਜ ਅਤੇ ਯੂਰਪ ਦੇ ਦੋਗਲੇਪਣ ਦਾ ਡੂੰਘਾ ਦਰਦ ਭਰਿਆ ਅਹਿਸਾਸ ਹੈ, ਜਿਨ੍ਹਾਂ ਨੇ ਮਿਲ ਕੇ ਦੁਨੀਆ ਦੇ ਹੋਰ ਮੁਲਕਾਂ ਉੱਪਰ ਇਸੇ ਤਰ੍ਹਾਂ ਦੇ ਯੁੱਧ ਛੇੜੇ ਹਨ।

ਉਨ੍ਹਾਂ ਨੇ ਮਿਲ ਕੇ ਪ੍ਰਮਾਣੂ ਦੌੜ ਦੀ ਅਗਵਾਈ ਕੀਤੀ ਹੈ ਅਤੇ ਐਨੇ ਹਥਿਆਰ ਜਮ੍ਹਾਂ ਕਰ ਲਏ ਹਨ ਜੋ ਇਸ ਧਰਤੀ ਨੂੰ ਕਈ ਵਾਰ ਤਬਾਹ ਕਰ ਸਕਦੇ ਹਨ। ਕਿੰਨੀ ਵਿਡੰਬਨਾ ਹੈ ਇਹ ਅਸਲੀਅਤ ਕਿ ਉਨ੍ਹਾਂ ਕੋਲ ਇਹ ਹਥਿਆਰ ਹੁੰਦਿਆਂ ਵੀ ਹੁਣ ਉਹ ਉਸ ਮੁਲਕ ਨੂੰ ਤਬਾਹ ਹੁੰਦਾ ਦੇਖਦੇ ਰਹਿਣ ਮਜਬੂਰ ਹਨ ਜਿਸ ਨੂੰ ਉਹ ਆਪਣਾ ਸੰਗੀ ਮੰਨਦੇ ਹਨ - ਇਕ ਅਜਿਹਾ ਮੁਲਕ ਜਿਸ ਦੇ ਲੋਕਾਂ ਅਤੇ ਜਿਸ ਦੇ ਖੇਤਰ, ਜਿਸ ਦੀ ਹੋਂਦ ਹੀ ਸਾਮਰਾਜੀ ਸ਼ਕਤੀਆਂ ਨੇ ਆਪਣੀ ਯੁੱਧ ਖੇਡ ਅਤੇ ਦਬਦਬੇ ਦੀ ਅਨੰਤ ਲਾਲਸਾ ਕਾਰਨ ਖ਼ਤਰੇ 'ਚ ਪਾ ਦਿੱਤੀ ਹੈ।

ਅਤੇ ਹੁਣ ਮੈਂ ਭਾਰਤ ਵੱਲ ਆਉਂਦੀ ਹਾਂ। ਇਹ ਗੱਲਬਾਤ ਮੈਂ ਭਾਰਤ ਵਿਚ ਜ਼ਮੀਰ ਦੇ ਕੈਦੀਆਂ ਦੀ ਵੱਧ ਰਹੀ ਗਿਣਤੀ ਨੂੰ ਸਮਰਪਿਤ ਕਰਦੀ ਹਾਂ। ਮੇਰੀ ਗੁਜ਼ਾਰਿਸ਼ ਹੈ ਕਿ ਆਪਾਂ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਨੂੰ, ਵਿਦਵਾਨਾਂ, ਕਾਰਕੁੰਨਾਂ, ਗਾਇਕਾਂ ਅਤੇ ਵਕੀਲਾਂ ਨੂੰ ਚੇਤੇ ਕਰੀਏ, ਜੋ ਭੀਮਾ ਕੋਰੇਗਾਓਂ-16 ਵਜੋਂ ਜਾਣੇ ਜਾਂਦੇ ਹਨ, ਸੀਏਏ (ਨਾਗਰਿਕਤਾ ਸੋਧ ਕਾਨੂੰਨ) ਦਾ ਵਿਰੋਧ ਕਰਨ ਕਰਕੇ ਜੇਲ੍ਹਾਂ ਵਿਚ ਬੰਦ ਕਾਰਕੁੰਨ ਅਤੇ ਪੰਜ ਮਹੀਨੇ ਪਹਿਲਾਂ ਕਸ਼ਮੀਰ ਵਿਚ ਗ੍ਰਿਫ਼ਤਾਰ ਕੀਤੇ ਗਏ ਖ਼ੁਰਮ ਪਰਵੇਜ਼ ਨੂੰ ਚੇਤੇ ਕਰੀਏ। ਖ਼ੁਰਮ ਉਨ੍ਹਾਂ ਅਸਾਧਾਰਨ ਲੋਕਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਮੈਂ ਜਾਣਦੀ ਹਾਂ। ਉਹ ਜਿਸ ਜਥੇਬੰਦੀ, ਜੰਮੂ-ਕਸ਼ਮੀਰ ਕੁਲੀਸ਼ਨ ਆਫ ਸਿਵਲ ਸੋਸਾਇਟੀ (ਜੇ.ਕੇ.ਸੀ.ਸੀ.ਐੱਸ.) ਲਈ ਕੰਮ ਕਰਦਾ ਹੈ, ਉਹ ਸਾਲਾਂ ਤੋਂ ਕਸ਼ਮੀਰ ਦੇ ਲੋਕਾਂ ਨੂੰ ਦਿੱਤੇ ਜਾ ਰਹੇ ਤਸੀਹਿਆਂ, ਲਾਪਤਾ ਕਰ ਦਿੱਤੇ ਜਾਣ ਅਤੇ ਮਾਰ ਦੇਣ ਦੀ ਦਾਸਤਾਂ ਨੂੰ ਬਾਰੀਕੀ ਨਾਲ ਦਸਤਾਵੇਜ਼ੀ ਰੂਪ ਦਿੰਦੇ ਆ ਰਹੇ ਹਨ। ਮੇਰੀ ਅੱਜ ਦੀ ਗੱਲ ਇਨ੍ਹਾਂ ਸਾਰਿਆਂ ਨੂੰ ਸਮਰਪਿਤ ਹੈ।

ਭਾਰਤ ਵਿਚ ਹਰ ਤਰ੍ਹਾਂ ਦੀ ਅਸਹਿਮਤੀ ਨੂੰ ਜੁਰਮ ਬਣਾ ਦਿੱਤਾ ਗਿਆ ਹੈ। ਕੁਝ ਸਮਾਂ ਪਹਿਲਾਂ ਤੱਕ, ਹਕੂਮਤ ਨਾਲ ਅਸਹਿਮਤੀ ਰੱਖਣ ਵਾਲਿਆਂ ਨੂੰ ਰਾਸ਼ਟਰ-ਵਿਰੋਧੀ ਕਿਹਾ ਜਾਂਦਾ ਸੀ। ਹੁਣ ਸਾਨੂੰ ਖ਼ੁੱਲ੍ਹੇਆਮ ਬੁੱਧੀਜੀਵੀ ਦਹਿਸ਼ਤਗਰਦ ਕਿਹਾ ਜਾਂਦਾ ਹੈ। ਭਿਆਨਕ ਗ਼ੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਵਿਚ ਇਸ ਹਕੂਮਤ ਵੱਲੋਂ ਇਸ ਤਰੀਕੇ ਨਾਲ ਸੋਧ ਕਰ ਲਈ ਗਈ ਹੈ ਤਾਂ ਜੁ ਬੌਧਿਕ ਦਹਿਸ਼ਤਵਾਦ ਦੇ ਬਾਰੇ ਆਪਣੇ ਫ਼ਤੂਰ ਨੂੰ ਇਸ ਵਿਚ ਸ਼ਾਮਿਲ ਕੀਤਾ ਜਾ ਸਕੇ। ਇਸ ਕਾਨੂੰਨ ਦੇ ਤਹਿਤ ਲੋਕਾਂ ਨੂੰ ਸਾਲਾਂ ਤੱਕ ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ 'ਚ ਰੱਖਿਆ ਜਾ ਰਿਹਾ ਹੈ, ਸਾਨੂੰ ਸਭ ਨੂੰ ਮਾਓਵਾਦੀ ਕਰਾਰ ਦਿੱਤਾ ਗਿਆ ਹੈ - ਰੋਜ਼ਮਰਾ ਦੀ ਸ਼ਬਦਾਵਲੀ 'ਚ ਸ਼ਹਿਰੀ-ਨਕਸਲੀ ਜਾਂ ਜੇਹਾਦੀ, ਅਤੇ ਅਸੀਂ ਸਾਰੇ ਉਨ੍ਹਾਂ ਦੇ ਨਿਸ਼ਾਨੇ 'ਤੇ ਹਾਂ। ਕੋਈ ਹਜੂਮ ਜਾਂ ਪ੍ਰੇਸ਼ਾਨ ਕਰਨ ਵਾਲਾ ਕੋਈ ਵੀ ਕਾਨੂੰਨੀ ਫੰਦਾ ਸਾਨੂੰ ਕਦੇ ਵੀ ਸਬਕ ਸਿਖਾਉਣ ਲਈ ਪਹੁੰਚ ਸਕਦਾ ਹੈ।

ਮੈਂ ਨਵੀਂ ਦਿੱਲੀ ਤੋਂ ਅਜੇ ਥੋੜ੍ਹੇ ਦਿਨ ਪਹਿਲਾਂ ਹੀ ਆਈ ਹਾਂ। ਇਨ੍ਹਾਂ ਥੋੜ੍ਹੇ ਦਿਨਾਂ 'ਚ ਹੀ, ਉੱਥੇ ਵਾਪਰ ਰਹੀਆਂ ਘਟਨਾਵਾਂ ਦੀ ਰਫ਼ਤਾਰ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਸੀਂ ਇਕ ਤਰ੍ਹਾਂ ਦੀ ਹੱਦ ਪਾਰ ਕਰ ਲਈ ਹੈ। ਅਸੀਂ ਉਨ੍ਹਾਂ ਥਾਵਾਂ 'ਤੇ ਵਾਪਸ ਨਹੀਂ ਜਾ ਸਕਦੇ ਜਿਨ੍ਹਾਂ ਨੂੰ ਅਸੀਂ ਕਦੇ ਆਪਣਾ ਸਮਝਦੇ ਸੀ।

ਮਾਰਚ 2022 ਵਿਚ, ਭਾਰਤੀ ਜਨਤਾ ਪਾਰਟੀ (ਬੀਜੇਪੀ) ਨੇ ਭਾਰਤ ਦੇ ਸਭ ਤੋਂ ਵੱਡੇ ਰਾਜ ਉੱਤਰ ਪ੍ਰਦੇਸ਼ ਵਿਚ ਰਾਜ ਕਰਨ ਲਈ ਦੂਜੀ ਵਾਰ ਬੇਮਿਸਾਲ ਜਿੱਤ ਹਾਸਲ ਕਰ ਲਈ। ਯੂਪੀ ਚੋਣਾਂ ਨੂੰ ਆਮ ਤੌਰ 'ਤੇ ਆਮ ਚੋਣਾਂ ਦਾ "ਸੈਮੀ-ਫਾਈਨਲ" ਮੰਨਿਆ ਜਾਂਦਾ ਹੈ ਜੋ ਮਈ 2024 ਵਿਚ ਹੋਣੀਆਂ ਹਨ। ਚੋਣਾਂ 'ਚ ਭਗਵੇਂ ਲਿਬਾਸ ਵਾਲੇ ਯੋਗੀਆਂ ਵੱਲੋਂ ਮੁਸਲਮਾਨ ਭਾਈਚਾਰੇ ਦੇ ਜਨਤਕ ਕਤਲੇਆਮ ਅਤੇ ਸਮਾਜੀ ਤੇ ਆਰਥਕ ਬਾਈਕਾਟ ਦੇ ਸਰੇਆਮ ਸੱਦੇ ਦਿੱਤੇ ਗਏ ਜੋ ਇਸ ਚੋਣ ਮੁਹਿੰਮ ਦੀ ਉੱਘੜਵੀਂ ਪਛਾਣ ਬਣੇ।

ਚੋਣਾਂ ਵਿਚ ਭਾਜਪਾ ਦੀ ਜਿੱਤ ਜਿੱਥੇ ਜਬਰਦਸਤ ਜਾਪਦੀ ਹੈ, ਉੱਥੇ ਜ਼ਮੀਨੀ ਪੱਧਰ 'ਤੇ ਮੁਕਾਬਲਾ ਉਨ੍ਹਾਂ ਵੱਲੋਂ ਜਿੱਤੀਆਂ ਗਈਆਂ ਸੀਟਾਂ ਦੀ ਗਿਣਤੀ ਦੇ ਹਿਸਾਬ ਨਾਲ ਵਧੇਰੇ ਸਖ਼ਤ ਸੀ। ਇੰਞ ਜਾਪਦਾ ਹੈ ਕਿ ਇਨ੍ਹਾਂ ਨਤੀਜਿਆਂ ਨੇ ਭਾਜਪਾ ਦੇ ਵਰਕਰਾਂ ਅਤੇ ਆਗੂਆਂ ਦੇ ਅੰਦਰ ਚਿੰਤਾ ਅਤੇ ਲੋੜ ਤੋਂ ਜ਼ਿਆਦਾ ਆਤਮ-ਵਿਸ਼ਵਾਸ ਦਾ ਇਕ ਅਜੀਬ ਬੇਚੈਨੀ ਭਰਿਆ ਮਿਸ਼ਰਣ ਬਣਾ ਦਿੱਤਾ ਹੈ। ਚੋਣ ਨਤੀਜਿਆਂ ਦਾ ਐਲਾਨ ਹੋਏ ਨੂੰ ਅਜੇ ਜ਼ਿਆਦਾ ਸਮਾਂ ਨਹੀਂ ਹੋਇਆ ਸੀ ਕਿ ਹਿੰਦੂਆਂ ਨੇ ਰਾਮ ਨੌਮੀ ਦਾ ਤਿਉਹਾਰ ਮਨਾਇਆ, ਜੋ ਇਸ ਸਾਲ ਰਮਜਾਨ ਦੇ ਨਾਲ-ਨਾਲ ਆਇਆ ਸੀ। ਰਾਮ ਨੌਮੀ ਮਨਾਉਣ ਲਈ, ਤਲਵਾਰਾਂ ਅਤੇ ਲਾਠੀਆਂ ਨਾਲ ਲੈਸ ਹਿੰਸਕ ਹਿੰਦੂ ਹਜੂਮ ਨੇ ਗਿਆਰਾਂ ਸ਼ਹਿਰਾਂ ਵਿਚ ਭੰਨਤੋੜ ਕੀਤੀ। ਆਪੇ ਬਣੇ ਸੰਤਾਂ ਅਤੇ ਭਾਜਪਾ ਦੇ ਕਾਰਕੁਨਾਂ ਦੀ ਅਗਵਾਈ 'ਚ ਉਹ ਮੁਸਲਿਮ ਬਸਤੀਆਂ ਵਿਚ ਜਾ ਵੜੇ, ਮਸਜਿਦਾਂ ਦੇ ਬਾਹਰ ਭੜਕਾਊ ਨਾਅਰੇ ਲਗਾ ਕੇ ਹੜਦੁੰਗ ਮਚਾਇਆ ਗਿਆ, ਅਸ਼ਲੀਲ ਗਾਲੀ ਗਲੋਚ ਕੀਤਾ ਗਿਆ, ਮੁਸਲਿਮ ਔਰਤਾਂ ਦੇ ਬਲਾਤਕਾਰ ਅਤੇ ਉਨ੍ਹਾਂ ਨੂੰ ਗਰਭ ਠਹਿਰਾਉਣ ਅਤੇ ਮੁਸਲਮਾਨ ਮਰਦਾਂ ਦੇ ਨਰਸਿੰਘਾਰ ਦੇ ਸਰੇਆਮ ਸੱਦੇ ਦਿੱਤੇ ਗਏ।

ਮੁਸਲਮਾਨਾਂ ਨੇ ਕਿਸੇ ਵੀ ਤਰ੍ਹਾਂ ਦਾ ਪ੍ਰਤੀਕਰਮ ਦਿਖਾਇਆ ਤਾਂ ਉਨ੍ਹਾਂ ਦੀਆਂ ਜਾਇਦਾਦਾਂ ਬੁਲਡੋਜਰਾਂ ਨਾਲ ਢਾਹ-ਢੇਰੀ ਕਰ ਦਿੱਤੀਆਂ ਗਈਆਂ ਜਾਂ ਹਜੂਮਾਂ ਵੱਲੋਂ ਸਾੜ ਦਿੱਤੀਆਂ ਗਈਆਂ। ਗ੍ਰਿਫ਼ਤਾਰ ਕੀਤੇ ਗਏ ਲੱਗਭੱਗ ਸਾਰੇ ਵਿਅਕਤੀ ਮੁਸਲਮਾਨ ਹਨ ਅਤੇ ਉਨ੍ਹਾਂ ਉੱਪਰ ਸਾਜ਼ਿਸ਼ ਅਤੇ ਦੰਗਿਆਂ ਦੇ ਦੋਸ਼ ਲਗਾਏ ਗਏ ਹਨ, ਲੱਗਦਾ ਹੈ ਉਨ੍ਹਾਂ ਨੂੰ ਕਈ ਕਈ ਸਾਲ ਜੇਲ੍ਹ ਵਿਚ ਰਹਿਣਾ ਪਵੇਗਾ। ਜਿਨ੍ਹਾਂ ਉੱਪਰ ਦੋਸ਼ ਲਗਾਏ ਗਏ ਹਨ ਉਨ੍ਹਾਂ ਵਿੱਚੋਂ ਇਕ ਰਾਮ ਨੌਮੀ ਤੋਂ ਬਹੁਤ ਪਹਿਲਾਂ ਜੇਲ੍ਹ ਵਿਚ ਸੀ। ਇਕ ਹੋਰ ਕਥਿਤ ਦੋਸ਼ੀ ਵਸੀਮ ਸ਼ੇਖ, ਜਿਸ 'ਤੇ ਹਿੰਦੂ ਜਲੂਸ ਉੱਪਰ ਪਥਰਾਅ ਕਰਨ ਦਾ ਦੋਸ਼ ਹੈ, ਦੋਵੇਂ ਬਾਂਹਵਾਂ ਤੋਂ ਅਪਾਹਜ ਅਤੇ ਦੋਵੇਂ ਬਾਹਵਾਂ ਕੱਟੀਆਂ ਹੋਈਆਂ ਹਨ। ਉਨ੍ਹਾਂ ਦੇ ਘਰ ਅਤੇ ਦੁਕਾਨਾਂ ਸਰਕਾਰ ਨੇ ਬੁਲਡੋਜਰ ਨਾਲ ਢਾਹ ਦਿੱਤੇ। ਕੁਝ ਸ਼ਹਿਰਾਂ ਵਿਚ ਟੀ.ਵੀ. ਐਂਕਰ ਜੋਸ਼ 'ਚ ਐਨੇ ਪਾਗਲ ਹੋ ਗਏ ਕਿ ਬੁਲਡੋਜਰਾਂ ਉੱਪਰ ਚੜ੍ਹ ਗਏ।

ਇਸ ਦੌਰਾਨ, ਭਾਜਪਾ ਆਗੂਆਂ ਨੇ 2020 ਦੇ ਦਿੱਲੀ ਕਤਲੇਆਮ ਤੋਂ ਪਹਿਲਾਂ ਹਿੰਦੂ ਦੰਗਾਕਾਰੀਆਂ ਨੂੰ ਖੁੱਲ੍ਹੇਆਮ ਭੜਕਾਇਆ ਸੀ ਉਨ੍ਹਾਂ ਨੂੰ ਹਾਲ ਹੀ ਵਿਚ ਦਿੱਲੀ ਹਾਈ ਕੋਰਟ ਵੱਲੋਂ ਬਰੀ ਕਰ ਦਿੱਤਾ ਗਿਆ। ਅਦਾਲਤ ਨੇ ਕਿਹਾ ਕਿ ਜਦੋਂ ਭੜਕਾਊ ਗੱਲਾਂ ਮੁਸਕਰਾ ਕੇ ਕਹੀਆਂ ਜਾਣ ਤਾਂ ਉਹ ਜੁਰਮ ਨਹੀਂ ਹੁੰਦਾ। ਉਨ੍ਹਾਂ ਵਿੱਚੋਂ ਕੁਝ ਹੁਣ ਹੋਰ ਸ਼ਹਿਰਾਂ ਦੀਆਂ ਸੜਕਾਂ 'ਤੇ ਵਾਪਸ ਆ ਕੇ ਇਸੇ ਤਰ੍ਹਾਂ ਦੀ ਹਿੰਸਾ ਭੜਕਾਉਣ 'ਚ ਜੁੱਟ ਗਏ ਹਨ। ਜਦਕਿ ਨੌਜਵਾਨ ਮੁਸਲਿਮ ਵਿਦਵਾਨ ਉਮਰ ਖ਼ਾਲਿਦ ਜੇਲ੍ਹ ਵਿਚ ਹੈ। ਪੁਲਿਸ ਦੀ ਚਾਰਜਸ਼ੀਟ ਅਨੁਸਾਰ ਉਸ ਨੇ ਭਾਰਤੀ ਸੰਵਿਧਾਨ ਨੂੰ ਬੁਲੰਦ ਕਰਦਿਆਂ ਭਾਈਚਾਰੇ, ਪਿਆਰ ਅਤੇ ਅਹਿੰਸਾ ਬਾਰੇ ਸੀਏਏ ਵਿਰੁੱਧ ਪ੍ਰਦਰਸ਼ਨਾਂ ਦੌਰਾਨ ਜੋ ਭਾਸ਼ਣ ਦਿੱਤਾ ਸੀ, ਉਹ 2020 'ਚ ਦਿੱਲੀ ਵਿਚ ਕੀਤੇ ਗਏ ਕਤਲੇਆਮ ਦੀ ਸਾਜ਼ਿਸ਼ ਤੋਂ ਧਿਆਨ ਹਟਾਉਣ ਦੀ ਚਾਲ ਸੀ। ਇਸ ਦਾ ਮਤਲਬ ਹੈ ਕਿ ਜਦੋਂ ਡੋਨਾਲਡ ਟਰੰਪ ਭਾਰਤ ਦੇ ਦੌਰੇ 'ਤੇ ਸੀ ਉਦੋਂ ਭਾਰਤ ਦਾ ਚੰਗਾ ਅਕਸ ਖ਼ਰਾਬ ਕਰਨ ਲਈ ਮੁਸਲਮਾਨਾਂ ਨੇ ਦੰਗੇ ਕਰਨ ਅਤੇ ਆਪਣਾ ਕਤਲੇਆਮ ਖ਼ੁਦ ਹੀ ਕਰਨ ਦੀ ਸਾਜਿਸ਼ ਰਚੀ ਸੀ!

ਇਸ ਸਭ ਦਰਮਿਆਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਕਸ ਪ੍ਰੇਰਣਾਦਾਇਕ ਬਣਿਆ ਹੋਇਆ ਹੈ, ਜਿਸ ਨੇ ਆਪਣਾ ਰਾਜਨੀਤਿਕ ਕਰੀਅਰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਉੱਥੇ ਸੰਨ 2002 'ਚ ਮੁਸਲਿਮ ਵਿਰੋਧੀ ਕਤਲੇਆਮ ਨਾਲ ਸ਼ੁਰੂ ਕੀਤਾ ਸੀ। ਅਕਸਰ ਹੀ ਚੁੱਪ ਰਹਿਣ ਵਾਲਾ, ਪਰ ਇਸ਼ਾਰਿਆਂ ਰਾਹੀਂ ਆਪਣੀ ਗੱਲ ਕਹਿ ਦੇਣ ਵਾਲਾ ਪ੍ਰਧਾਨ ਮੰਤਰੀ ਇਨ੍ਹਾਂ ਹਜੂਮਾਂ ਅਤੇ ਉਨ੍ਹਾਂ ਸਵਾਮੀਆਂ ਦਾ ਮਸੀਹਾ ਹੈ, ਜਿਨ੍ਹਾਂ ਦੀ ਪਰਵਰਿਸ਼ ਵਟਸਐਪ ਦੁਆਰਾ ਮੁਹੱਈਆ ਕਰਾਏ ਜਾ ਰਹੇ ਜਾਅਲੀ ਇਤਿਹਾਸ ਦੀ ਨਿਰੰਤਰ ਖ਼ੁਰਾਕ ਨਾਲ ਹੋ ਰਹੀ ਹੈ, ਅਤੇ ਜੋ ਆਪਣੇ ਆਪ ਨੂੰ ਮੁਸਲਮਾਨਾਂ ਦੁਆਰਾ ਕੀਤੇ ਗਏ ਇਤਿਹਾਸਕ ਜ਼ੁਲਮਾਂ ਅਤੇ ਨਸਲਕੁਸ਼ੀ ਦੇ ਪੀੜਤ ਦੱਸਦੇ ਹਨ, ਜਿਸ ਦਾ ਹੁਣ ਬਦਲਾ ਲੈਣਾ ਉਨ੍ਹਾਂ ਲਈ ਜ਼ਰੂਰੀ ਹੋ ਗਿਆ ਹੈ।

ਹੁਣ ਅਸੀਂ ਐਸੀ ਖ਼ਤਰਨਾਕ ਜਗ੍ਹਾ 'ਤੇ ਪਹੁੰਚ ਗਏ ਹਾਂ ਜਿੱਥੇ ਅਸੀਂ ਕਿਸੇ ਤਰ੍ਹਾਂ ਦੇ ਤੱਥਾਂ ਜਾਂ ਇਤਿਹਾਸ ਨਾਲ ਸਹਿਮਤ ਨਹੀਂ ਹੋ ਸਕਦੇ, ਜਾਂ ਜਿਸ ਨੂੰ ਲੈ ਕੇ ਅਸੀਂ ਬਹਿਸ ਵੀ ਨਹੀਂ ਕਰ ਸਕਦੇ। ਅਸੀਂ ਜਿਨ੍ਹਾਂ ਬਿਰਤਾਂਤਾਂ ਦੀ ਗੱਲ ਕਰਦੇ ਹਾਂ ਉਹ ਇਕ ਦੂਜੇ ਨਾਲ ਕਿਤੇ ਵੀ ਨਹੀਂ ਮਿਲਦੇ, ਉਹ ਇਕ ਦੂਜੇ ਨੂੰ ਕੱਟਦੇ ਵੀ ਨਹੀਂ ਹਨ। ਇਹ ਇਤਿਹਾਸ ਅਤੇ ਮਿੱਥ ਦਾ ਟਕਰਾਓ ਹੈ। ਮਿੱਥ ਨੂੰ ਸਰਕਾਰੀ ਮਸ਼ੀਨਰੀ, ਕਾਰਪੋਰੇਟ ਧਨ, ਅਤੇ ਚੌਵੀ ਘੰਟੇ ਚੱਲਣ ਵਾਲੇ ਬੇਸ਼ੁਮਾਰ ਟੀ.ਵੀ. ਨਿਊਜ਼ ਚੈਨਲਾਂ ਦੀ ਹਮਾਇਤ ਹਾਸਲ ਹੈ। ਇਸ ਦੀ ਪਹੁੰਚ ਅਤੇ ਤਾਕਤ ਬੇਮੇਚੀ ਹੈ। ਦੁਨੀਆ 'ਚ ਇਹ ਪਹਿਲੀ ਵਾਰ ਨਹੀਂ ਹੋ ਰਿਹਾ, ਅਸੀਂ ਇਹ ਪਹਿਲਾਂ ਵੀ ਦੇਖ ਚੁੱਕੇ ਹਾਂ। ਅਸੀਂ ਜਾਣਦੇ ਹਾਂ ਕਿ ਜਦੋਂ ਬਹਿਸ ਅਤੇ ਦਲੀਲ ਮੁੱਕ ਜਾਂਦੀ ਹੈ, ਤਾਂ ਤਬਾਹੀ ਮਚਾਉਣ ਵਾਲਾ ਇਕ ਯੁੱਧ ਸ਼ੁਰੂ ਹੋ ਜਾਂਦਾ ਹੈ।

ਹੁਣ ਕਲਪਨਾ ਕਰੋ ਕਿ ਮੌਤ ਜਾਂ ਕੈਦ ਲਈ ਚਿੰਨਤ ਕਰ ਦਿੱਤਾ ਜਾਣਾ ਕਿਹੋ ਜਿਹਾ ਹੁੰਦਾ ਹੋਵੇਗਾ। ਇਕ ਭਾਈਚਾਰੇ ਦੇ ਰੂਪ ਵਿਚ, ਮੁਸਲਮਾਨਾਂ ਨੂੰ ਪਹਿਲਾਂ ਹੀ ਘੇਰਾਬੰਦ ਬਸਤੀਆਂ 'ਚ ਬੰਦ ਕੀਤਾ ਜਾ ਰਿਹਾ ਹੈ, ਉਨ੍ਹਾਂ ਦਾ ਹੁੱਕਾ-ਪਾਣੀ ਛੇਕਿਆ ਜਾ ਰਿਹਾ ਹੈ, ਅਤੇ ਸਮਾਜੀ ਅਤੇ ਆਰਥਕ ਤੌਰ 'ਤੇ ਉਨ੍ਹਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ। ਮੁਸਲਮਾਨਾਂ ਉੱਪਰ ਤਰ੍ਹਾਂ ਤਰ੍ਹਾਂ ਦੀਆਂ ਸਾਜ਼ਿਸ਼ਾਂ ਦੇ ਦੋਸ਼ ਲਗਾਏ ਜਾਂਦੇ ਹਨ: 'ਲਵ ਜੇਹਾਦ' (ਕਿ ਉਹ ਮੁਸਲਿਮ ਆਬਾਦੀ ਨੂੰ ਵਧਾਉਣ ਲਈ ਹਿੰਦੂ ਔਰਤਾਂ ਨੂੰ ਪ੍ਰੇਮ ਦੇ ਜਾਲ 'ਚ ਫਸਾਉਂਦੇ ਹਨ), 'ਕੋਰੋਨਾ ਜੇਹਾਦ' (ਕਿ ਉਹ ਕੋਵਿਡ ਮਹਾਮਾਰੀ ਜਾਣਬੁੱਝ ਕੇ ਫੈਲਾਉਣ ਦੀ ਸਾਜਿਸ਼ ਕਰਦੇ ਹਨ, ਅਸੀਂ ਨਾਜ਼ੀਆਂ ਵੱਲੋਂ ਯਹੂਦੀਆਂ 'ਤੇ ਜਾਣਬੁੱਝ ਕੇ ਟਾਈਫਸ ਫੈਲਾਉਣ ਦੇ ਦੋਸ਼ ਨੂੰ ਦੁਹਰਾਉਂਦੇ ਦੇਖ ਰਹੇ ਹਾਂ), 'ਨੌਕਰੀ ਜੇਹਾਦ' (ਸਿਵਲ ਸੇਵਾਵਾਂ ਵਿਚ ਨੌਕਰੀਆਂ ਹਾਸਲ ਕਰਕੇ ਉਨ੍ਹਾਂ ਦੀ ਸਾਜ਼ਿਸ਼ ਹਿੰਦੂ ਆਬਾਦੀ ਉੱਪਰ ਰਾਜ ਕਰਨ ਦੀ ਹੈ) - ਇਸ ਦੇ ਨਾਲ ਹੀ 'ਫੂਡ ਜੇਹਾਦ', 'ਪਹਿਰਾਵਾ ਜਿਹਾਦ', 'ਸੋਚ ਜਿਹਾਦ', 'ਚੁਟਕਲਾ ਜਿਹਾਦ' ਦੀ ਤਾਂ ਗੱਲ ਹੀ ਕੀ ਕਰਨੀ ਹੈ (ਨੌਜਵਾਨ ਮੁਸਲਿਮ ਕਾਮੇਡੀਅਨ ਮੁਨੱਵਰ ਫਾਰੂਕੀ ਨੂੰ ਇਕ ਚੁਟਕਲੇ ਲਈ ਕਈ ਮਹੀਨੇ ਜੇਲ੍ਹ ਵਿਚ ਰਹਿਣਾ ਪਿਆ ਜੋ ਉਸ ਨੇ ਕਦੇ ਸੁਣਾਇਆ ਹੀ ਨਹੀਂ ਸੀ ਪਰ ਉਸ ਉੱਪਰ ਦੋਸ਼ ਇਹ ਲਗਾਇਆ ਗਿਆ ਕਿ ਉਹ ਇਸ ਦੀ ਯੋਜਨਾ ਬਣਾ ਰਿਹਾ ਸੀ।) ਕੋਈ ਵੀ ਤਕਰਾਰ, ਕੋਈ ਵੀ ਛੋਟਾ ਜਿਹਾ ਗ਼ਲਤ ਕਦਮ ਕਿਸੇ ਮੁਸਲਮਾਨ ਨੂੰ ਹਜੂਮ ਵੱਲੋਂ ਕੁੱਟ ਕੁੱਟ ਕੇ ਮਾਰ ਦੇਣ ਦਾ ਕਾਰਨ ਬਣ ਸਕਦਾ ਹੈ ਅਤੇ ਹਜੂਮੀ ਹਿੰਸਾ ਕਰਨ ਵਾਲਿਆਂ ਨੂੰ ਹਾਰ ਪਾ ਕੇ ਅਤੇ ਇਨਾਮ ਦੇ ਕੇ ਨਿਵਾਜਿਆ ਜਾ ਸਕਦਾ ਹੈ। ਨਾਲ ਹੀ ਇਹ ਉਨ੍ਹਾਂ ਦੇ ਸੁਨਹਿਰੇ ਸਿਆਸੀ ਭਵਿੱਖ ਨੂੰ ਪਾਏਦਾਰ ਬਣਾ ਸਕਦਾ ਹੈ। ਫਿਰ ਵੀ ਸਾਡੇ ਵਿੱਚੋਂ ਸਭ ਤੋਂ ਤਜ਼ਰਬੇਕਾਰ ਅਤੇ ਸਨਕੀ ਹੱਦ ਤੱਕ ਬੇਵਿਸ਼ਵਾਸੀ ਲੋਕ ਵੀ ਇਕ ਦੂਜੇ ਨਾਲ ਘੁਸਰ-ਮੁਸਰ ਕਰਦੇ ਦੇਖੇ ਜਾ ਸਕਦੇ ਹਨ, ਕੀ ਉਹ ਅਜੇ ਦਿਖਾਵਾ ਕਰ ਰਹੇ ਹਨ, ਜਾਂ ਉਨ੍ਹਾਂ ਨੇ ਆਪਣੀ ਖੇਡ ਸ਼ੁਰੂ ਕਰ ਦਿੱਤੀ ਹੈ? ਕੀ ਇਹ ਜਥੇਬੰਦ ਰੂਪ 'ਚ ਹੋ ਰਿਹਾ ਹੈ ਜਾਂ ਇਹ ਆਪਮੁਹਾਰਾ ਹੈ? ਕੀ ਇਹ ਵੱਡੇ ਪੈਮਾਨੇ 'ਤੇ ਹੋਵੇਗਾ?

ਇਕ ਮੁਲਕ ਦੇ ਰੂਪ ਵਿਚ, ਇਕ ਆਧੁਨਿਕ ਰਾਸ਼ਟਰ-ਰਾਜ ਦੇ ਰੂਪ ਵਿਚ ਭਾਰਤ ਦੀ ਹੋਂਦ ਸਿਰਫ਼ ਅਤੇ ਸਿਰਫ਼ ਇਕ ਸਮਾਜਿਕ ਸਮਝੌਤੇ ਦੇ ਰੂਪ 'ਚ ਹੀ ਹੈ। ਇਹ ਸਮਝੌਤਾ ਬਹੁਤ ਸਾਰੇ ਧਰਮਾਂ, ਬੋਲੀਆਂ, ਜਾਤਾਂ, ਨਸਲਾਂ ਅਤੇ ਉੱਪ-ਕੌਮੀਅਤਾਂ ਦਰਮਿਆਨ ਹੈ ਜਿਨ੍ਹਾਂ ਨੂੰ ਸੰਵਿਧਾਨ ਦੁਆਰਾ ਕਾਨੂੰਨੀ ਤੌਰ 'ਤੇ ਇਕ ਡੋਰ 'ਚ ਪਰੋਇਆ ਗਿਆ ਹੈ। ਹਰ ਭਾਰਤੀ ਨਾਗਰਿਕ, ਕਿਸੇ ਨਾ ਕਿਸੇ ਰੂਪ 'ਚ ਇਕ ਘੱਟਗਿਣਤੀ ਸਮੂਹ ਦਾ ਹਿੱਸਾ ਹੈ। ਸਾਡਾ ਮੁਲਕ ਸਾਡੀਆਂ ਘੱਟਗਿਣਤੀਆਂ ਦਰਮਿਆਨ ਇਕ ਸਮਾਜੀ ਸਮਝੌਤਾ ਹੈ। ਇਕ ਰਾਜਨੀਤਿਕ ਬਹੁਮਤ ਬਣਾਉਣ ਦੀ ਪ੍ਰਕਿਰਿਆ 'ਚ ਇਸ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਸ ਨੂੰ ਇਕ ਜਾਅਲੀ ਤੌਰ 'ਤੇ ਉਸਾਰੀ ਗਈ "ਪੀੜਤ ਹਿੰਦੂ ਬਹੁਗਿਣਤੀ" ਵੱਲੋਂ ਅਣਡਿੱਠ ਕੀਤਾ ਜਾ ਰਿਹਾ ਹੈ, ਜਿਸ ਨੂੰ ਇਹ ਵਿਸ਼ਵਾਸ ਕਰਨਾ ਸਿਖਾਇਆ ਜਾ ਰਿਹਾ ਹੈ ਕਿ ਸਿਰਫ਼ ਤੇ ਸਿਰਫ਼ ਉਹੀ ਕਾਲਪਨਿਕ ਹਿੰਦੂ ਰਾਸ਼ਟਰ ਦੇ ਹੱਕਦਾਰ ਨਾਗਰਿਕ, ਆਦਿ ਮਨੁੱਖ ਹਨ। ਇਹ ਐਸੀ ਬਹੁਗਿਣਤੀ ਹੈ ਜੋ ਖ਼ੁਦ

ਨੂੰ "ਰਾਸ਼ਟਰ ਵਿਰੋਧੀ ਬੇਗਾਨੇ ਲੋਕਾਂ" ਦੇ ਵਿਰੁੱਧ ਪਰਿਭਾਸ਼ਤ ਕਰਦੀ ਹੈ। ਭਾਰਤ ਨੂੰ ਤਬਾਹ ਕੀਤਾ ਜਾ ਰਿਹਾ ਹੈ।

ਘੱਟਗਿਣਤੀਆਂ ਦੇ ਇਸ ਮੁਲਕ ਨੂੰ ਬਣਾਉਣ ਵਾਲੇ ਲੋਕਾਂ ਵਿੱਚੋਂ ਸ਼ਾਇਦ ਐਸਾ ਕੋਈ ਵੀ ਨਹੀਂ ਹੋਵੇਗਾ ਜੋ ਆਪਣਾ ਇਕ ਸਾਫ਼-ਸੁਥਰਾ, ਬੇਦਾਗ਼ ਇਤਿਹਾਸ ਪੇਸ਼ ਕਰ ਸਕਦਾ ਹੋਵੇ, ਜਿਸ ਵਿਚ ਉਹ ਹਮਲੇ ਦਾ ਇਕ ਬੇਗੁਨਾਹ ਪੀੜਤ ਹੀ ਹੋਵੇ। ਸਾਡੇ ਇਤਿਹਾਸ ਆਪਸ ਵਿਚ ਇਕ ਦੂਜੇ ਨੂੰ ਕੱਟਦੇ ਹਨ, ਇਕ ਦੂਜੇ ਨਾਲ ਉਲਝੇ ਹੋਏ ਹਨ, ਅਤੇ ਇਹ ਇਕ ਦੂਜੇ ਦਾ ਵਿਸਤਾਰ ਕਰਦੇ ਹਨ। ਇਹ ਮਿਲ ਕੇ ਸਾਨੂੰ ਉਹ ਕੁਝ ਬਣਾਉਂਦੇ ਹਨ ਜੋ ਅਸੀਂ ਅੱਜ ਹਾਂ। ਜਾਤ, ਜਮਾਤ, ਧਰਮ, ਲਿੰਗ ਅਤੇ ਨਸਲ ਦੇ ਵਿਆਪਕ ਸਿਲਸਿਲੇ ਦੇ ਨਾਲ ਨਾਲ, ਸਾਡਾ ਸਮਾਜ ਸੂਖ਼ਮ ਪੱਧਰ 'ਤੇ ਵੀ ਉਚ-ਨੀਚ ਦੀ ਦਰਜੇਬੰਦੀ 'ਚ ਵੰਡਿਆ ਹੋਇਆ ਹੈ। ਸਾਡੇ ਇੱਥੇ ਸੂਖ਼ਮ-ਬਸਤੀਵਾਦ, ਸੂਖ਼ਮ-ਸ਼ੋਸ਼ਣ, ਸੂਖ਼ਮ-ਅੰਤਰ-ਨਿਰਭਰਤਾ ਮਿਲਦੀ ਹੈ। ਇਸ ਫੁਲਕਾਰੀ ਦੇ ਹਰ ਧਾਗੇ 'ਚ ਮਹਾਂ ਗਾਥਾਵਾਂ ਪਰੋਈਆਂ ਹੋਈਆਂ ਹਨ ਜੋ ਵਿਦਵਤਾ, ਅਧਿਐਨ, ਦਲੀਲ, ਬਹਿਸ, ਸੋਚ-ਵਿਚਾਰ ਦੀ ਮੰਗ ਕਰਦੀਆਂ ਹਨ। ਪਰ ਇਸ ਬੁਣਤੀ ਵਿੱਚੋਂ ਇਕ ਧਾਗੇ ਨੂੰ ਵੱਖ ਕਰ ਲੈਣਾ ਅਤੇ ਉਸ ਦੀ ਵਰਤੋਂ ਸਮੂਹਿਕ ਬਲਾਤਕਾਰ ਦੇ, ਨਸਲਕੁਸ਼ੀ ਦੇ ਸੱਦੇ ਦੇਣ ਲਈ ਕਰਨਾ? ਕੀ ਇਸ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ?

ਜਦੋਂ ਭਾਰਤੀ ਉਪ-ਮਹਾਂਦੀਪ ਦੀ ਵੰਡ ਹੋਈ ਅਤੇ ਸੈਂਕੜੇ ਸੁਤੰਤਰ ਰਜਵਾੜਾ ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਵਿਚ ਮਿਲਾਇਆ ਗਿਆ, ਉਨ੍ਹਾਂ ਵਿੱਚੋਂ ਕੁਝ ਨਾਲ ਧੱਕੇਸ਼ਾਹੀ ਕੀਤੀ ਗਈ, ਓਦੋਂ ਦਹਿ ਲੱਖਾਂ ਲੋਕ - ਜਿਨ੍ਹਾਂ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਸ਼ਾਮਿਲ ਸਨ - ਇਕ ਦੂਜੇ ਦੇ ਵੈਰੀ ਬਣ ਗਏ ਸਨ। ਦਸ ਲੱਖ ਲੋਕ ਮਾਰੇ ਗਏ। ਕਰੋੜਾਂ ਲੋਕ ਬੇਘਰ ਹੋਏ। ਵਿਅਕਤੀਗਤ ਜਾਂ ਭਾਈਚਾਰਕ ਤਬਾਹੀ ਅਤੇ ਬਦਕਿਸਮਤੀ ਦੀ ਕੋਈ ਵੀ ਇਕੱਲੀ ਕਹਾਣੀ, ਭਾਵੇਂ ਉਹ ਕਿੰਨੀ ਵੀ ਸੱਚੀ ਕਿਉਂ ਨਾ ਹੋਵੇ, ਝੂਠੀ ਹੋ ਜਾਵੇਗੀ ਜਦੋਂ ਉਹ ਇਸ ਤਰ੍ਹਾਂ ਸੁਣਾਈ ਜਾਵੇਗੀ ਜੋ ਦੂਜੀਆਂ ਕਹਾਣੀਆਂ ਨੂੰ ਮਿਟਾਉਣਾ ਸ਼ੁਰੂ ਕਰ ਦੇਵੇ। ਇਹ ਖ਼ਤਰਨਾਕ ਝੂਠ ਹੋਵੇਗਾ। ਇਕ ਉਲਝੇ ਹੋਏ ਇਤਿਹਾਸ ਨੂੰ ਸਪਾਟ ਬਣਾਉਣ ਦੇ, ਉਸ ਤੋਂ ਉਸ ਦੀ ਸੂਖ਼ਮਤਾ ਖੋਹ ਲੈਣ ਦੇ, ਉਸ ਨੂੰ ਹਥਿਆਰ ਬਣਾ ਕੇ ਵਰਤਣ ਦੇ ਨਤੀਜੇ ਗੰਭੀਰ ਹੋਣਗੇ।

ਉੱਪ-ਮਹਾਂਦੀਪ ਵਿਚ ਵਸਦੇ ਸਾਡੇ ਸਾਰਿਆਂ ਕੋਲ ਇਹ ਚੋਣ ਕਰਨ ਦਾ ਰਸਤਾ ਹੈ ਕਿ ਜਾਂ ਤਾਂ ਅਸੀਂ ਨਿਆਂ ਦੀ ਇਕ ਸਾਂਝੀ ਸੋਚ ਦੀ ਦਿਸ਼ਾ 'ਚ ਕੰਮ ਕਰੀਏ, ਉਸ ਪੀੜਾ ਅਤੇ ਨਫ਼ਰਤ ਨੂੰ ਦੂਰ ਕਰਨ ਲਈ ਕੰਮ ਕਰੀਏ, ਜੋ ਸਾਡੀਆਂ ਸਮੂਹਿਕ ਯਾਦਾਂ ਨੂੰ ਖ਼ਤਮ ਕਰ ਰਹੀ ਹੈ, ਜਾਂ ਫਿਰ ਇਨ੍ਹਾਂ ਹਾਲਾਤ ਨੂੰ ਹੋਰ ਵਿਗਾੜ ਦੇਈਏ। ਭਾਰਤੀ ਪ੍ਰਧਾਨ ਮੰਤਰੀ, ਜਿਸ ਸਿਆਸੀ ਪਾਰਟੀ ਦਾ ਉਹ ਮੁਖੀ ਹੈ, ਅਤੇ ਇਸ ਪਾਰਟੀ ਦੀ ਫਾਸ਼ੀਵਾਦੀ ਮਾਂ ਜਥੇਬੰਦੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦਾ ਉਹ ਮੈਂਬਰ ਵੀ ਹੈ, ਨੇ ਇਸ ਪੀੜਾ ਅਤੇ ਨਫ਼ਰਤ ਨੂੰ ਵਧਾਉਣ ਦਾ ਰਸਤਾ ਚੁਣਿਆ ਹੈ। ਉਹ ਸਾਡੀ ਲਹੂ ਭਿੱਜੀ ਧਰਤੀ ਦੀਆਂ ਗਹਿਰਾਈਆਂ 'ਚ ਦੱਬੀਆਂ ਮਨਹੂਸ ਚੀਜ਼ਾਂ ਨੂੰ ਖੋਦ ਕੇ ਲਿਆ ਰਹੇ ਹਨ। ਜੋ ਅੱਗ ਉਨ੍ਹਾਂ ਨੇ ਲਗਾਈ ਹੈ, ਉਹ ਕਿਸੇ ਕਾਬੂ ਹੇਠ ਨਹੀਂ ਬਲੇਗੀ। ਇਹ ਸੰਭਵ ਹੈ ਕਿ ਇਹ ਮੁਲਕ ਨੂੰ ਹੀ ਸਾੜ ਕੇ ਸੁਆਹ ਕਰ ਦੇਵੇ। ਇਸ ਦੀਆਂ ਲਾਟਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਭਾਰਤ ਅਤੇ ਕਸ਼ਮੀਰ ਦੇ ਮੁਸਲਮਾਨਾਂ ਦੇ ਨਾਲ-ਨਾਲ ਈਸਾਈ ਵੀ ਉਨ੍ਹਾਂ ਦੇ ਹਮਲੇ ਦੇ ਨਿਸ਼ਾਨੇ 'ਤੇ ਹਨ। ਸਿਰਫ਼ ਪਿਛਲੇ ਸਾਲ ਵਿਚ ਹੀ ਚਰਚਾਂ ਉੱਪਰ ਸੈਂਕੜੇ ਹਮਲੇ ਹੋਏ ਹਨ, ਈਸਾ ਮਸੀਹ ਦੀਆਂ ਮੂਰਤੀਆਂ ਦੀ ਬੇਅਦਬੀ ਕੀਤੀ ਗਈ ਹੈ, ਪਾਦਰੀਆਂ ਅਤੇ ਈਸਾਈ ਸਾਧਵੀਆਂ ਉੱਪਰ ਹਿੰਸਕ ਹਮਲੇ ਕੀਤੇ ਗਏ ਹਨ।

ਅਸੀਂ ਆਪਣਾ ਬਚਾਓ ਆਪ ਕਰਨਾ ਹੈ। ਕੋਈ ਸਾਨੂੰ ਬਚਾਉਣ ਲਈ ਨਹੀਂ ਆਵੇਗਾ। ਯਮਨ, ਸ੍ਰੀਲੰਕਾ, ਰਵਾਂਡਾ 'ਚ ਕੋਈ ਮੱਦਦ ਲਈ ਨਹੀਂ ਬਹੁੜਿਆ। ਅਸੀਂ ਭਾਰਤ 'ਚ ਵੀ ਇਸ ਤੋਂ ਵੱਖਰੀ ਉਮੀਦ ਕਿਉਂ ਰੱਖੀਏ? ਅੰਤਰਰਾਸ਼ਟਰੀ ਸਿਆਸਤ ਵਿਚ ਸਿਰਫ਼ ਮੁਨਾਫ਼ਾ, ਸੱਤਾ, ਨਸਲ, ਜਮਾਤ ਅਤੇ ਭੂ-ਰਾਜਨੀਤੀ ਹੀ ਤੈਅ ਕਰਦੀ ਹੈ ਕਿ ਨੈਤਿਕਤਾ ਦਾ ਊਠ ਕਿਸ ਕਰਵਟ ਬੈਠੇਗਾ। ਬਾਕੀ ਸਭ ਸਿਰਫ਼ ਇਕ ਢੌਂਗ ਹੈ, ਪੈਂਤੜੇਬਾਜ਼ੀ ਹੈ।

ਭਾਰਤ ਉੱਪਰ ਐਸੇ ਆਦਮੀ ਰਾਜ ਕਰ ਰਹੇ ਹਨ ਜੋ ਹਜ਼ਾਰਾਂ ਮੁਸਲਮਾਨਾਂ ਦੇ ਦਿਨ-ਦਿਹਾੜੇ ਸਮੂਹਿਕ ਕਤਲੇਆਮ, ਆਪਣੀ ਹੱਤਿਆ ਦੀਆਂ ਝੂਠੀਆਂ ਸਾਜ਼ਿਸ਼ਾਂ ਦੁਆਰਾ ਸਿਰਜੇ ਪਾਗਲਪਣ ਦੀ ਮੱਦਦ ਨਾਲ ਸੱਤਾ ਉੱਪਰ ਕਾਬਜ਼ ਹੋਏ ਹਨ। ਯਕੀਨਨ, ਹਰ ਜਾਤ ਅਤੇ ਧਰਮ ਦੇ ਆਮ ਲੋਕ ਇਸ ਦਾ ਵਿਰੋਧ ਕਰਦੇ ਰਹੇ ਹਨ। ਵਿਰੋਧ ਕਰਨ ਵਾਲਿਆ 'ਚ ਮੁਸਲਿਮ ਵਿਰੋਧੀ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਉੱਠ ਖੜ੍ਹੇ ਹੋਣ ਵਾਲੇ, ਪਿਛਲੇ ਸਾਲ ਲੜੇ ਗਏ ਇਤਿਹਾਸਕ ਕਿਸਾਨ ਅੰਦੋਲਨ 'ਚ ਸ਼ਾਮਿਲ ਲੋਕ ਅਤੇ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ ਅਤੇ ਮਹਾਰਾਸ਼ਟਰ ਦੀਆਂ ਖੇਤਰੀ ਰਾਜਨੀਤਿਕ ਪਾਰਟੀਆਂ ਸ਼ਾਮਿਲ ਹਨ ਜਿਨ੍ਹਾਂ ਨੇ ਭਾਜਪਾ ਨਾਲ ਟੱਕਰ ਲੈ ਕੇ ਉਸ ਨੂੰ ਹਰਾਇਆ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜੋ ਕੁਝ ਹੋ ਰਿਹਾ ਹੈ ਉਹ ਬਹੁਗਿਣਤੀ ਭਾਰਤੀਆਂ ਨੂੰ ਮਨਜ਼ੂਰ ਨਹੀਂ ਹੈ। ਪਰ ਉਨ੍ਹਾਂ ਦੀ ਨਾਮਨਜ਼ੂਰੀ ਜਿਨ੍ਹਾਂ ਤਰੀਕਿਆਂ ਨਾਲ ਸਾਹਮਣੇ ਆਉਂਦੀ ਹੈ ਉਹ ਉਸ ਉਬਲਦੇ ਹੋਏ ਵਿਚਾਰਧਾਰਕ ਜਨੂੰਨ ਅੱਗੇ ਪੂਰੀ ਤਰ੍ਹਾਂ ਬੇਅਸਰ ਹੈ ਜੋ ਮੋਟੀਆਂ ਰਕਮਾਂ ਉੱਪਰ ਪਲਣ ਵਾਲੇ ਫਾਸ਼ੀਵਾਦੀ ਕਾਡਰ ਨੇ ਫੈਲਾਇਆ ਹੋਇਆ ਹੈ। ਇਹ ਨਾਮਨਜ਼ੂਰੀ ਰੁਚੀ ਨਾ ਲੈਣ, ਪ੍ਰਵਾਹ ਨਾ ਕਰਨ ਅਤੇ ਹਕੀਕਤ ਤੋਂ ਅੱਖਾਂ ਮੀਟ ਲੈਣ ਦੇ ਰੂਪ 'ਚ ਸਾਹਮਣੇ ਆਉਂਦੀ ਹੈ। ਵਿਰੋਧੀ-ਧਿਰ ਦੀ ਇਕਲੌਤੀ ਰਾਸ਼ਟਰੀ ਪਾਰਟੀ, ਇੰਡੀਅਨ ਨੈਸ਼ਨਲ ਕਾਂਗਰਸ ਸਾਹਮਣੇ ਜਦੋਂ ਕੋਈ ਨੈਤਿਕ ਸਟੈਂਡ ਲੈਣ ਦਾ ਮੌਕਾ ਆਉਂਦਾ ਹੈ ਤਾਂ ਉਸ ਦੇ ਕੋਲ ਦਿਖਾਉਣ ਲਈ ਸਿਰਫ਼ ਕਮਜ਼ੋਰੀ ਅਤੇ ਨਾਕਾਬਲੀਅਤ ਹੀ ਹੁੰਦੀ ਹੈ। ਉਸ ਵਿਚ ਤਾਂ ਆਪਣੇ ਜਨਤਕ ਭਾਸ਼ਣਾਂ 'ਚ ਮੁਸਲਿਮ ਸ਼ਬਦ ਬੋਲਣ ਦੀ ਵੀ ਹਿੰਮਤ ਨਹੀਂ ਹੈ। ਮੋਦੀ ਦਾ "ਕਾਂਗਰਸ ਮੁਕਤ ਭਾਰਤ" ਦਾ ਨਾਅਰਾ ਦਰਅਸਲ ਵਿਰੋਧੀ ਧਿਰ ਤੋਂ ਬਿਨਾਂ ਸਰਕਾਰ ਦਾ ਨਾਅਰਾ ਹੈ। ਇਸ ਨੂੰ ਹੋਰ ਜੋ ਮਰਜ਼ੀ ਕਹਿ ਲਓ, ਪਰ ਇਸ ਨੂੰ ਲੋਕਤੰਤਰ ਨਹੀਂ ਕਿਹਾ ਜਾ ਸਕਦਾ।




ਭਾਵੇਂ ਭਾਰਤ ਵਿਚ ਚੁਣਾਵੀ ਲੋਕਤੰਤਰ ਵਾਲਾ ਹਰ ਤਰ੍ਹਾਂ ਦਾ ਦਿਖਾਵਾ ਜਾਰੀ ਹੈ - ਜਿੱਥੇ ਇਕ ਸੰਵਿਧਾਨ ਹੈ ਜੋ ਸਾਨੂੰ ਧਰਮਨਿਰਪੱਖ, ਸਮਾਜਵਾਦੀ ਗਣਰਾਜ ਦੱਸਦਾ ਹੈ, ਜਿੱਥੇ ਸੁਤੰਤਰ ਅਤੇ ਨਿਰਪੱਖ ਚੋਣਾਂ ਹੁੰਦੀਆਂ ਹਨ, ਜਿੱਥੇ ਇਕ ਲੋਕਤੰਤਰੀ ਤੌਰ 'ਤੇ ਚੁਣੀ ਗਈ ਸੰਸਦ ਹੈ ਜਿਸ ਨੂੰ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਚਲਾਉਂਦੀ ਹੈ, ਜਿੱਥੇ ਇਕ ਸੁਤੰਤਰ ਨਿਆਂਪਾਲਿਕਾ ਅਤੇ ਇਕ ਸੁਤੰਤਰ ਮੀਡੀਆ ਹੈ - ਪਰ ਅਸਲੀਅਤ ਇਹ ਹੈ ਕਿ ਰਾਜ ਮਸ਼ੀਨਰੀ ਉੱਪਰ (ਜਿਸ ਵਿਚ ਕਾਫ਼ੀ ਹੱਦ ਤੱਕ ਨਿਆਂਪਾਲਿਕਾ, ਸਿਵਲ ਸੇਵਾਵਾਂ, ਸੁਰੱਖਿਆ ਬਲਾਂ, ਖ਼ੁਫ਼ੀਆ ਸੇਵਾਵਾਂ, ਪੁਲਿਸ ਅਤੇ ਚੋਣ ਢਾਂਚਾ ਸ਼ਾਮਿਲ ਹੈ) ਭਾਵੇਂ ਅਜੇ ਆਰ.ਐੱਸ.ਐੱਸ. ਦਾ ਪੂਰੀ ਤਰ੍ਹਾਂ ਕਬਜ਼ਾ ਨਾ ਹੋਵੇ ਜੋ ਭਾਰਤ ਦੀ ਸਭ ਤੋਂ ਤਾਕਤਵਰ ਫਾਸ਼ੀਵਾਦੀ ਹਿੰਦੂ ਰਾਸ਼ਟਰਵਾਦੀ ਜਥੇਬੰਦੀ ਹੈ, ਫਿਰ ਵੀ ਇਸ ਦਾ ਸਪਸ਼ਟ ਤੌਰ 'ਤੇ ਡੂੰਘਾ ਪ੍ਰਭਾਵ ਅਤੇ ਦਬਦਬਾ ਜ਼ਰੂਰ ਹੈ। ਆਰ.ਐੱਸ.ਐੱਸ., ਜਿਸ ਦੀ ਸਥਾਪਨਾ 1925 ਵਿਚ ਕੀਤੀ ਗਈ ਸੀ, ਲੰਮੇ ਸਮੇਂ ਤੋਂ ਸੰਵਿਧਾਨ ਨੂੰ ਹਟਾਉਣ ਅਤੇ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦੀ ਮੁਹਿੰਮ ਚਲਾ ਰਹੀ ਹੈ। ਆਰ.ਐੱਸ.ਐੱਸ. ਦੇ ਸਿਧਾਂਤ ਘਾੜੇ ਹਿਟਲਰ ਦੀਆਂ ਖੁੱਲ੍ਹ ਕੇ ਤਾਰੀਫ਼ਾਂ ਕਰਦੇ ਰਹੇ ਹਨ ਅਤੇ ਭਾਰਤ ਦੇ ਮੁਸਲਮਾਨਾਂ ਦੀ ਤੁਲਨਾ ਜਰਮਨੀ ਦੇ ਯਹੂਦੀਆਂ ਨਾਲ ਕਰਦੇ ਰਹੇ ਹਨ।

ਆਖ਼ਿਰਕਾ ਆਰੀਅਨ ਸ੍ਰੇਸ਼ਟਤਾ ਦੀ ਸੋਚ ਉਸ ਹਿੰਦੂ ਜਾਤੀ ਪ੍ਰਣਾਲੀ ਬ੍ਰਾਹਮਣਵਾਦ ਦੀ ਬੁਨਿਆਦ ਹੈ ਜਿਸ ਦੇ ਤਹਿਤ ਕੁਝ ਮਨੁੱਖ ਦੈਵੀ ਅਤੇ ਦੇਵਤਿਆਂ ਸਮਾਨ ਹਨ ਜਦੋਂ ਕਿ ਬਾਕੀ ਮਨੁੱਖੀ ਦਰਜੇ ਤੋਂ ਨੀਵੇਂ, ਦੂਸ਼ਿਤ ਅਤੇ ਅਛੂਤ ਹਨ। ਇਹ ਅੱਜ ਵੀ ਹਿੰਦੂ ਸਮਾਜ ਨੂੰ ਚਲਾਉਣ ਵਾਲਾ ਸਿਧਾਂਤ ਹੈ। ਤ੍ਰਾਸਦੀ ਇਹ ਹੈ ਕਿ ਸਭ ਤੋਂ ਦੱਬੇ-ਕੁਚਲਿਆਂ ਵਿੱਚੋਂ ਵੀ ਬਹੁਤ ਸਾਰੇ ਲੋਕ ਆਰ.ਐੱਸ.ਐੱਸ. ਦੇ ਕਾਜ ਨਾਲ ਜੁੜ ਗਏ ਹਨ ਜੋ ਉਨ੍ਹਾਂ ਦੇ ਪ੍ਰਚਾਰ ਦੀ ਸੁਨਾਮੀ ਦੇ ਪ੍ਰਭਾਵ ਹੇਠ ਆਪਣੀ ਗ਼ੁਲਾਮੀ ਨੂੰ ਆਪ ਹੀ ਵੋਟ ਦੇ ਰਹੇ ਹਨ।

2025 'ਚ, ਆਰ.ਐੱਸ.ਐੱਸ. ਆਪਣੀ ਸੌਵੀਂ ਸਥਾਪਨਾ ਵਰ੍ਹੇਗੰਢ ਮਨਾਏਗਾ। 100 ਸਾਲਾਂ ਦੀ ਇਸ ਦੀ ਕੱਟੜ ਸਮਰਪਣ ਭਾਵਨਾ ਨੇ ਇਸਨੂੰ ਰਾਸ਼ਟਰ ਦੇ ਅੰਦਰ ਰਾਸ਼ਟਰ ਬਣਾ ਦਿੱਤਾ ਹੈ। ਇਤਿਹਾਸਕ ਤੌਰ 'ਤੇ ਆਰ.ਐੱਸ.ਐੱਸ. ਉੱਪਰ ਪੱਛਮੀ ਤੱਟਵਰਤੀ ਖੇਤਰ ਦੇ ਬ੍ਰਾਹਮਣਾਂ ਦੀ ਇਕ ਛੋਟੀ ਜਿਹੀ ਮੰਡਲੀ ਦਾ ਮਜ਼ਬੂਤ ਕੰਟਰੋਲ ਰਿਹਾ ਹੈ। ਅੱਜ ਇਸ ਦੇ ਡੇਢ ਕਰੋੜ ਮੈਂਬਰ ਹਨ, ਜਿਨ੍ਹਾਂ ਵਿਚ ਮੋਦੀ, ਉਸ ਦੀ ਵਜ਼ਾਰਤ ਦੇ ਕਈ ਵਜ਼ੀਰ, ਮੁੱਖ ਮੰਤਰੀ ਅਤੇ ਰਾਜਪਾਲ ਸ਼ਾਮਲ ਹਨ। ਹੁਣ ਇਹ ਇਕ ਸਮਾਨਾਂਤਰ ਦੁਨੀਆ ਹੈ, ਜਿਸ ਕੋਲ ਆਪਣੇ ਦਹਿ-ਹਜ਼ਾਰਾਂ ਪ੍ਰਾਇਮਰੀ ਸਕੂਲ ਹਨ, ਇਸ ਦੀਆਂ ਆਪਣੀਆਂ ਕਿਸਾਨ, ਮੁਲਾਜ਼ਮ ਅਤੇ ਵਿਦਿਆਰਥੀ ਜਥੇਬੰਦੀਆਂ ਹਨ, ਇਸ ਦਾ ਆਪਣਾ ਪ੍ਰਕਾਸ਼ਨ ਵਿੰਗ ਹੈ, ਆਪਣਾ ਧਾਰਮਿਕ ਵਿੰਗ ਹੈ ਜੋ ਜੰਗਲਾਂ ਵਿਚ ਰਹਿਣ ਵਾਲੇ ਕਬੀਲਿਆਂ ਦਾ "ਸ਼ੁੱਧੀਕਰਨ" ਕਰਕੇ ਉਨ੍ਹਾਂ ਨੂੰ ਹਿੰਦੂ ਧਰਮ ਵਿਚ "ਘਰ ਵਾਪਸ ਲਿਆਉਣ" ਲਈ ਕੰਮ ਕਰਦਾ ਹੈ। ਇਸ ਦੀਆਂ ਬਹੁਤ ਸਾਰੀਆਂ ਔਰਤ ਜਥੇਬੰਦੀਆਂ ਹਨ, ਅਤੇ ਇਸ ਕੋਲ ਦਹਿ-ਲੱਖਾਂ ਆਦਮੀਆਂ ਦੀ ਮਜ਼ਬੂਤ ਹਥਿਆਰਬੰਦ ਮਿਲੀਸ਼ੀਆ ਹੈ ਜੋ ਮੁਸੋਲਿਨੀ ਦੇ ਕਾਲੀਆਂ ਕਮੀਜ਼ਾਂ ਵਾਲੇ ਲਸ਼ਕਰਾਂ ਤੋਂ ਪ੍ਰੇਰਿਤ ਹੈ। ਇਸ ਕੋਲ ਐਸੀਆਂ ਹਿੰਦੂ ਰਾਸ਼ਟਰਵਾਦੀ ਜਥੇਬੰਦੀਆਂ ਦੀ ਭਰਮਾਰ ਹੈ ਜਿਨ੍ਹਾਂ ਦੀ ਹਿੰਸਾ ਕਲਪਨਾ ਤੋਂ ਪਰੇ ਹੈ ਅਤੇ ਜੋ ਸਲੀਪਰ ਸੈੱਲ ਦੀ ਭੂਮਿਕਾ ਨਿਭਾਉਂਦੀਆਂ ਹਨ ਅਤੇ ਜੋ ਉੱਪਰ ਬੈਠੇ ਲੋਕਾਂ ਲਈ ਇਹ ਸੰਭਵ ਬਣਾਉਂਦੀਆਂ ਹਨ ਕਿ ਉਹ ਜ਼ਮੀਨੀ ਪੱਧਰ 'ਤੇ ਹੋਣ ਵਾਲੀ ਕਿਸੇ ਵੀ ਹਿੰਸਾ ਤੋਂ ਮੁੱਕਰ ਸਕਣ। ਅੰਗਰੇਜ਼ੀ ਵਿਚ ਇਸ ਨੂੰ ਪਲਾਜ਼ੀਬਲ ਡਿਨਾਈਏਬਲਿਟੀ (plausible deniability) ਕਿਹਾ ਜਾਂਦਾ ਹੈ।

ਜਦੋਂ ਭਾਰਤ ਵਿਚ ਰੋਜ਼ਗਾਰ ਖ਼ਤਮ ਹੋ ਰਿਹਾ ਹੈ ਅਤੇ ਇਹ ਆਰਥਕ ਗੜਬੜਚੌਥ ਵੱਲ ਵੱਧ ਰਿਹਾ ਹੈ, ਬੀਜੇਪੀ ਲਗਾਤਾਰ ਅਮੀਰ ਹੁੰਦੀ ਜਾ ਰਹੀ ਹੈ ਅਤੇ ਇਹ ਹੁਣ ਦੁਨੀਆ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ ਹੈ, ਜਿਸ ਵਿਚ ਇਸ ਦੀ ਮੱਦਦ ਪਿੱਛੇ ਜਹੇ ਇਸ ਵੱਲੋਂ ਲਿਆਂਦੀ ਬੇਨਾਮ ਚੋਣ ਬੌਂਡ ਪ੍ਰਣਾਲੀ ਨੇ ਕੀਤੀ ਹੈ ਜੋ ਗੁਪਤ ਕਾਰਪੋਰੇਟ ਫੰਡਿੰਗ ਦੀ ਵਿਵਸਥਾ ਹੈ। ਭਾਜਪਾ ਨੂੰ ਕਾਰਪੋਰੇਟ ਧਨ ਨਾਲ ਚੱਲਣ ਵਾਲੇ ਕਈ ਸੈਂਕੜੇ ਟੀਵੀ ਨਿਊਜ਼ ਚੈਨਲਾਂ ਦੀ ਹਮਾਇਤ ਹਾਸਲ ਹੈ ਜੋ ਤਕਰੀਬਨ ਹਰ ਭਾਰਤੀ ਭਾਸ਼ਾ 'ਚ ਚੱਲਦੇ ਹਨ। ਜਿਨ੍ਹਾਂ ਨੂੰ ਸੋਸ਼ਲ ਮੀਡੀਆ ਟਰੋਲਾਂ ਦੀ ਫ਼ੌਜ ਘਰ ਘਰ ਪਹੁੰਚਾਉਂਦੀ ਹੈ ਜਿਸ ਨੂੰ ਝੂਠ ਫੈਲਾਉਣ 'ਚ ਮੁਹਾਰਤ ਹਾਸਲ ਹੈ।

ਇਸ ਸਭ ਦੇ ਬਾਵਜੂਦ ਭਾਜਪਾ ਅਜੇ ਵੀ ਆਰ.ਐੱਸ.ਐੱਸ. ਦਾ ਸਿਰਫ਼ ਮਖੌਟਾ ਹੀ ਬਣੀ ਹੋਈ ਹੈ। ਪਰ ਹੁਣ ਰਾਸ਼ਟਰ ਅੰਦਰਲਾ ਰਾਸ਼ਟਰ ਓਹਲੇ ਤੋਂ ਬਾਹਰ ਨਿਕਲ ਕੇ ਆਲਮੀ ਮੰਚ ਉੱਪਰ ਆਪਣੀ ਜਗ੍ਹਾ ਬਣਾਉਣ ਦੀ ਤਿਆਰੀ 'ਚ ਹੈ। ਪਹਿਲਾਂ ਹੀ ਬਦੇਸ਼ੀ ਸਫ਼ੀਰਾਂ ਨੇ ਆਪਣੇ ਪ੍ਰਮਾਣ ਪੱਤਰ ਪੇਸ਼ ਕਰਨ ਅਤੇ ਸਤਿਕਾਰ ਭੇਂਟ ਕਰਨ ਲਈ ਆਰ.ਐੱਸ.ਐੱਸ. ਦੇ ਸਦਰ ਮੁਕਾਮ 'ਚ ਹਾਜ਼ਰੀ ਭਰਨੀ ਸ਼ੁਰੂ ਕਰ ਦਿੱਤੀ ਹੈ। ਅਮਰੀਕਾ ਦੇ ਯੂਨੀਵਰਸਿਟੀ ਕੈਂਪਸ ਪ੍ਰਮਾਣਿਕਤਾ ਹਾਸਲ ਕਰਨ ਦੀ ਬੇਤਹਾਸ਼ਾ ਕੋਸ਼ਿਸ਼ 'ਚ ਲੜਾਈ ਦਾ ਨਵਾਂ ਮੈਦਾਨ ਬਣ ਗਏ ਹਨ। ਖ਼ਤਰਾ ਇਹ ਹੈ ਕਿ ਅਹੁਦਿਆਂ 'ਤੇ ਬੈਠ ਕੇ ਹਮਲੇ ਦੀ ਅਗਵਾਈ ਕਰਨ ਵਾਲੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਜਿਸ ਨੂੰ ਈਮਾਨਦਾਰ ਤਰੀਕੇ ਨਾਲ ਹਾਸਲ ਨਹੀਂ ਕੀਤਾ ਜਾ ਸਕਦਾ ਉਸ ਨੂੰ ਬੇਲਗਾਮ ਪੂੰਜੀਵਾਦੀ ਆਰਥਿਕਤਾ 'ਚ ਖ਼ਰੀਦਿਆ ਜਾ ਸਕਦਾ ਹੈ।

ਆਰ.ਐੱਸ.ਐੱਸ. ਦਾ 2025 ਦਾ ਸ਼ਤਾਬਦੀ ਜਸ਼ਨ ਭਾਰਤ ਦੇ ਇਤਿਹਾਸ ਵਿਚ ਇਕ ਮਹੱਤਵਪੂਰਨ ਪੜਾਅ ਹੋਵੇਗਾ। ਉਸ ਤੋਂ ਇਕ ਸਾਲ ਪਹਿਲਾਂ 2024 'ਚ ਆਮ ਚੋਣਾਂ ਹੋਣਗੀਆਂ। ਇਸ ਨੂੰ ਧਿਆਨ 'ਚ ਰੱਖੀਏ ਤਾਂ ਸ਼ਾਇਦ ਅਸੀਂ ਹਿੰਸਕ ਸਰਗਰਮੀਆਂ 'ਚ ਆਈ ਅਚਾਨਕ ਤੇਜ਼ੀ ਦੀ ਵਜ੍ਹਾ ਨੂੰ ਸਮਝ ਸਕਦੇ ਹਾਂ।

ਇਸ ਸਭ ਕਾਸੇ ਦੇ ਦੌਰਾਨ ਮੋਦੀ ਮਸੀਹਾ ਹਰ ਥਾਂ ਮੌਜੂਦ ਹੈ। ਉਸ ਦੀ ਮੂਰਤ ਸਾਡੇ ਕੋਵਿਡ ਵੈਕਸੀਨ ਸਰਟੀਫਿਕੇਟਾਂ ਉੱਪਰ ਹੈ। ਉਹ ਲੱਖਾਂ ਨਵੇਂ ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਦੀ ਬਜਾਏ ਸਾਨੂੰ ਵੰਡੀਆਂ ਜਾ ਰਹੀਆਂ ਆਟੇ ਅਤੇ ਨਮਕ ਦੀਆਂ ਥੈਲੀਆਂ ਉੱਪਰ ਹੈ। ਲੋਕ ਸ਼ੁਕਰਗੁਜ਼ਾਰ ਕਿਵੇਂ ਨਹੀਂ ਹੋਣਗੇ?

ਜੋ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਸਮੂਹਿਕ ਦਾਹ-ਸੰਸਕਾਰ ਅਤੇ ਖੁੱਲ੍ਹੀਆਂ ਕਬਰਾਂ ਦੇ ਗਵਾਹ ਹਨ ਅਤੇ ਜਿਨ੍ਹਾਂ ਨੇ ਪਵਿੱਤਰ ਗੰਗਾ 'ਚ ਤੈਰਦੀਆਂ ਲਾਸ਼ਾਂ ਅਤੇ ਇਸ ਦੇ ਕੰਢਿਆਂ 'ਤੇ ਬਣੀਆਂ ਖੁੱਲ੍ਹੀਆਂ ਕਬਰਾਂ ਦੀਆਂ ਕਤਾਰਾਂ ਦੇਖੀਆਂ ਹੋਈਆਂ ਹਨ, ਉਹ ਇਹ ਯਕੀਨ ਕਿਵੇਂ ਕਰਨ ਜੋ ਉਨ੍ਹਾਂ ਨੂੰ ਕਰਨ ਲਈ ਕਿਹਾ ਜਾਂਦਾ ਹੈ - ਕਿ, ਜੇ ਮੋਦੀ ਨਾ ਹੁੰਦਾ ਤਾਂ ਹਾਲਾਤ ਹੋਰ ਵੀ ਖ਼ਰਾਬ ਹੁੰਦੇ?

ਸਾਡੀਆਂ ਉਮੀਦਾਂ ਜਲ ਚੁੱਕੀਆਂ ਹਨ, ਸਾਡੀਆਂ ਕਲਪਨਾਵਾਂ ਖ਼ਤਰਨਾਕ ਲਾਗ ਦੀ ਲਪੇਟ 'ਚ ਆ ਚੁੱਕੀਆਂ ਹਨ।

ਜੇਕਰ ਸੰਘ ਇਹ ਲੜਾਈ ਜਿੱਤ ਜਾਂਦਾ ਹੈ, ਤਾਂ ਉਸ ਨੂੰ ਇਹ ਜਿੱਤ ਭਾਰੀ ਮੁੱਲ ਤਾਰ ਕੇ ਹਾਸਲ ਹੋਵੇਗੀ। ਕਿਉਂਕਿ ਉਦੋਂ ਭਾਰਤ ਦੀ ਹੋਂਦ ਖ਼ਤਮ ਹੋ ਜਾਵੇਗੀ। ਅਸੀਂ ਜਿਸ ਦਿਸ਼ਾ 'ਚ ਜਾ ਰਹੇ ਹਨ, ਚੋਣਾਂ ਉਸ ਜ਼ਬਰਦਸਤ ਮੁਹਾਣ ਨੂੰ ਪੁੱਠਾ ਗੇੜਾ ਨਹੀਂ ਦੇ ਸਕਣਗੀਆਂ। ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਇਹ ਲੜਾਈ ਸਾਨੂੰ ਸਾਰਿਆਂ ਨੂੰ ਲੜਨੀ ਪਵੇਗੀ। ਅੱਗ ਦੀਆਂ ਲਾਟਾਂ ਸਾਡੀ ਦਹਿਲੀਜ਼ 'ਤੇ ਪਹੁੰਚ ਚੁੱਕੀਆਂ ਹਨ। ਧੰਨਵਾਦ।



### ਮਾਮਲਾ ਪੱਤਰਕਾਰਾਂ ਨੂੰ ਨਿਰਵਸਤਰ ਕਰਨ ਦਾ

# ਵਿਚਾਰਾਂ ਦੀ ਅਜ਼ਾਦੀ ਲਈ ਚੁਣੌਤੀਆਂ ਵਾਲਾ ਦੌਰ

ਨਰਭਿੰਦਰ ਸਿੰਘ
93544-30211

ਇਸ ਦੇਸ਼ 'ਚ ਪ੍ਰੈਸ ਦੀ ਜ਼ੁਬਾਨਬੰਦੀ ਦਾ ਇਕ ਹੋਰ ਸਰਮਨਾਕ ਕਾਂਡ ਲਿਖਿਆ ਗਿਆ ਹੈ। ਘਟਨਾ ਮੱਧ ਪ੍ਰਦੇਸ਼ ਦੇ ਜ਼ਿਲ੍ਹੇ ਸਾਂਧੀ ਵਿਚ ਵਾਪਰੀ ਜਿਥੇ ਕੁਝ ਪੱਤਰਕਾਰਾਂ ਨੂੰ ਥਾਣੇ ਸੱਦਿਆ ਗਿਆ, ਉਨ੍ਹਾਂ ਦੇ ਕੱਪੜੇ ਲੁਹਾਏ ਗਏ। ਅਲਫ ਨੰਗਾ (ਕੱਛੇ ਤੋਂ ਬਿਨਾਂ) ਕਰਕੇ ਉਨ੍ਹਾਂ ਨੂੰ ਜ਼ਲੀਲ ਕੀਤਾ ਗਿਆ ਅਤੇ ਅਜਿਹੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਤੇ ਚਲਾਈ ਗਈ। ਐਫ.ਆਈ.ਆਰ. ਦਰਜ ਕਰਕੇ ਇਸ ਨੰਗੇਜ਼ ਵਾਲੀ ਹਾਲਤ ਵਿਚ ਹਵਾਲਾਤ ਵਿਚ ਬੰਦ ਕਰ ਦਿੱਤਾ। ਉਨ੍ਹਾਂ ਦਾ ਕਸੂਰ ਜੋ ਪੁਲਿਸ ਅਧਿਕਾਰੀ ਮੁਤਾਬਕ ਹੈ ਇਹ ਸੀ ਕਿ ਉਨ੍ਹਾਂ ਇਕ ਬੀਜੇਪੀ ਵਿਧਾਇਕ ਕੇਦਾਰ ਨਾਥ ਸ਼ੁਕਲਾ ਵਿਰੁੱਧ ਇਕ ਖ਼ਬਰ ਚਲਾਈ ਸੀ। ਪੁਲਿਸ ਅਧਿਕਾਰੀ ਦਾ ਕਹਿਣਾ ਸੀ ਕਿ ਉਹ ਫਰਜ਼ੀ ਮੀਡੀਆ ਦੇ ਪੱਤਰਕਾਰ ਹਨ ਜੋ ਸ਼ੋਸ਼ਲ ਮੀਡੀਆ ਉਤੇ ਬੀਜੇਪੀ ਵਿਰੁੱਧ ਝੂਠੀਆਂ ਖ਼ਬਰਾਂ ਫੈਲਾਉਂਦੇ ਹਨ। ਇਹ ਥਾਣਾ ਮੁਖੀ ਮਨੋਜ ਸੈਨੀ ਨੇ ਖ਼ੁਲ ਮੀਡੀਆ ਸਾਹਮਣੇ ਵੀ ਕਬੂਲੀ। ਪੱਤਰਕਾਰ ਅਤੇ ਉਸ ਦੇ ਕੈਮਰਾਮੈਨ ਦਾ ਕਹਿਣਾ ਸੀ ਕਿ 'ਉਨ੍ਹਾਂ ਬੀਜੇਪੀ ਵਿਧਾਇਕ ਦੇ ਕੰਮਾਂ ਤੇ ਵਿਉਪਾਰ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਉਨ੍ਹਾਂ ਪੁਲਿਸ ਦੀ ਨਸ਼ਿਆਂ ਵਿਰੁੱਧ ਕਾਰਜਸ਼ੈਲੀ ਦੀ ਵੀ ਆਲੋਚਨਾ ਕੀਤੀ ਹੈ।

ਸਰਕਾਰ, ਨਿਜ਼ਾਮ ਦੀ ਆਲੋਚਨਾ ਕਰਨਾ ਇਕ ਨਾਗਰਿਕ ਦਾ ਬੁਨਿਆਦੀ ਅਧਿਕਾਰ ਹੈ ਜੋ ਸੰਵਿਧਾਨ ਦੀ ਧਾਰਾ 19 (1) ਏ 'ਚ ਸੁਨਿਸ਼ਚਤ ਕੀਤਾ ਗਿਆ ਹੈ। ਪੱਤਰਕਾਰ ਦੀ ਇਹ ਡਿਊਟੀ ਅਤੇ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਹਕੀਕੀ ਤੱਥਾਂ ਨੂੰ ਉਜਾਗਰ ਕਰੇ। ਮੀਡੀਆ ਵਿਵਸਥਾ ਉਤੇ ਚੌਕਸੀ ਰੱਖਣ ਦੀ ਜੋ ਭੂਮਿਕਾ ਨਿਭਾਅ ਰਿਹਾ ਹੈ ਤਾਂ ਉਹ ਸ਼੍ਰੇਸ਼ਟ ਜ਼ਿੰਮੇਵਾਰੀ 'ਚ ਆਉਂਦਾ ਹੈ।

ਬੇਸ਼ੱਕ ਜ਼ਿਲ੍ਹੇ ਦੇ ਐਸ.ਐਸ.ਪੀ. ਨੇ ਸਥਾਨਕ ਥਾਣਾ ਮੁਖੀ ਮਨੋਜ ਸੈਨੀ ਨੂੰ ਸਸਪੈਂਡ ਕਰ ਦਿੱਤਾ ਹੈ ਪਰ ਸਵਾਲ ਇਹ ਉਠਦਾ ਹੈ ਕਿ ਆਖਿਰ ਦੇਸ਼ ਵਿਚ ਇਕ ਤੋਂ ਪਿਛੋਂ ਦੂਸਰੀਆਂ ਅਜਿਹੀਆਂ ਸ਼ਰਮਨਾਕ ਘਟਨਾਵਾਂ ਕਿਉਂ ਵਾਪਰ ਰਹੀਆਂ ਹਨ? ਅਤੇ ਦੂਸਰਾ ਇਕ ਜ਼ਿੰਮੇਵਾਰ ਅਹੁਦੇ ਉਤੇ ਬੈਠੇ ਅਧਿਕਾਰੀ ਜਿਹਨੇ ਅਮਨ ਕਾਨੂੰਨ ਦੀ ਵਿਵਸਥਾ ਦੀ ਗਰੰਟੀ ਦੇਣੀ ਹੁੰਦੀ ਹੈ, ਦਾ ਅਜਿਹਾ ਗੈਰ ਮਨੁੱਖੀ ਵਿਉਹਾਰ ਕਿਸੇ ਕਾਨੂੰਨ ਦੇ ਘੇਰੇ ਵਿਚ ਨਹੀਂ ਆਉਂਦਾ? ਅਤੇ ਕੀ ਪੁਲਿਸ ਨੇ ਕਦੇ ਆਰ.ਐਸ.ਐਸ. ਤੇ ਬੀ.ਜੇ.ਪੀ. ਦੇ ਆਈ.ਟੀ. ਸੈਲ ਦਾ ਵੀ ਨੋਟਿਸ ਲਿਆ ਹੈ ਜੋ ਝੂਠੀਆਂ ਖ਼ਬਰਾਂ ਤੇ ਅਫਵਾਹਾਂ ਫੈਲਾਉਣ ਵਿਚ ਬਦਨਾਮ ਹੈ।

ਜੋ ਕੁਝ ਮੱਧ ਪ੍ਰਦੇਸ਼ ਦੇ ਸਾਂਧੀ ਜ਼ਿਲ੍ਹੇ 'ਚ ਪੱਤਰਕਾਰਾਂ ਨਾਲ ਵਾਪਰਿਆ, ਕੋਈ ਨਵਾਂ ਨਹੀਂ ਬਹੁਤ ਲੰਬੀ ਲਿਸਟ ਹੈ। ਅਸੀਂ ਕੁਝ ਕੁ ਮਿਸਾਲਾਂ ਦਿਆਂਗੇ। ਯਾਦ ਹੋਵੇਗਾ ਕੁਝ ਦਿਨ ਪਹਿਲਾਂ ਦਿੱਲੀ ਵਿਚ ਹੀ ਹਿੰਦੂਤਵੀ ਜਥੇਬੰਦੀਆਂ ਦੇ ਇਕ ਇਕੱਠ ਦੀ ਰਿਪੋਰਟਿੰਗ ਕਰਨ ਗਏ 7 ਪੱਤਰਕਾਰ ਜੋ ਵੱਖ-ਵੱਖ ਮੀਡੀਆ ਨਾਲ ਸਬੰਧਤ ਸਨ, ਉਤੇ ਹਮਲਾ ਕੀਤਾ ਗਿਆ ਸੀ। ਐਨਾ ਹੀ ਨਹੀਂ ਸਟੇਜ ਉਤੋਂ ਇਕ ਔਰਤ ਪੱਤਰਕਾਰ ਦਾ ਨਾਂ ਲੈ ਕੇ ਭਾਜਪਾ ਆਗੂ ਭੀੜ ਨੂੰ ਉਸ ਵਿਰੁੱਧ ਉਕਸਾ ਰਹੇ ਸਨਨ। ਉਸ ਪੱਤਰਕਾਰ ਨੇ ਹਿੰਦੂਤਵੀ ਜ਼ਹਿਰੀ ਨਫ਼ਰਤ ਦੇ ਸੌਦਾਗਰ ਯਤੀ ਨਰ ਸਿੰਘ ਨੰਦ ਤੇ ਹੋਰ ਆਗੂਆਂ ਦੇ ਜ਼ਹਿਰੀ ਦੇ ਗੰਦੇ ਭਾਸ਼ਣਾਂ ਦੀ ਰਿਕਾਰਡਿੰਗ ਵੀ ਜਾਰੀ ਕੀਤੀ। ਹਜ਼ੂਮ ਵਲੋਂ ਪੱਤਰਕਾਰਾਂ ਉਤੇ ਹਮਲਾ ਕੀਤਾ ਗਿਆ ਅਤੇ ਇਕ ਮੁਸਲਿਮ ਪੱਤਰਕਾਰ ਦੀ ਕੁੱਟ ਮਾਰ ਵੀ ਕੀਤੀ ਗਈ। ਪੱਤਰਕਾਰਾਂ ਦੇ ਕੈਮਰੇ ਅਤੇ ਮੋਬਾਇਲ ਲੋਹ ਕੇ ਰਿਕਾਰਡਿੰਗ ਡਿਲੀਟ ਕਰ ਦਿੱਤੀ ਗਈ। ਉਨ੍ਹਾਂ ਨੂੰ ਥਾਣੇ ਲਿਜਾ ਕੇ ਬਿਠਾ ਲਿਆ। ਐਫ.ਆਈ.ਆਰ., ਕੁੱਟਣ ਦੀਆਂ ਧਮਕੀਆਂ ਦਿੱਤੀਆਂ ਅਤੇ 12 ਘੰਟਿਆਂ ਦੀ ਖੱਜਲ ਖੁਆਰੀ ਪਿਛੋਂ ਛੱਡ ਦਿੱਤਾ ਗਿਆ।

ਅਜੇ ਚਾਰ ਦਿਨ ਪਹਿਲਾਂ ਦੀ ਘਟਨਾ ਹੈ ਜਦੋਂ ਇਕ ਅਜ਼ਾਦ ਪੱਤਰਕਾਰ ਰਾਣਾ ਅਯੂਬ ਜਿਸ ਦੀ ਚਰਚਿਤ ਕਿਤਾਬ – 



ਗੁਜਰਾਤ ਫਾਈਲਾਂ-ਦੇਸ਼ ਭਰ ਵਿਚ ਵੱਖ-ਵੱਖ ਬੋਲੀਆਂ 'ਚ ਅਨੁਵਾਦੀ ਗਈ ਹੈ- ਨੂੰ ਈ.ਡੀ. ਨੇ ਉਸ ਸਮੇਂ ਏਅਰਪੋਰਟ ਤੋਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਹ ਡੁਬਈ 'ਚ ਕਿਸੇ ਸਮਾਰੋਹ 'ਚ ਸ਼ਾਮਲਹੋਣ ਲਈ ਜਾ ਰਹੀ ਸੀ। ਐਨਾ ਹੀ ਨਹੀਂ ਉਘੇ ਲੇਖਕ ਅਤੇ ਪੱਤਰਕਾਰ ਅਕਾਰ ਪਟੇਲ ਜੋ ਐਮੋਨਸਿਟੀ ਇੰਟਰਨੈਸ਼ਨਲ ਦੇ ਸਾਬਕਾ ਮੁਖੀ ਵੀ ਰਹੇ ਹਨ, ਨੂੰ ਸੀ.ਬੀ.ਆਈ. ਨੇ ਏਅਰਪੋਰਟ ਤੋਂ ਗ੍ਰਿਫ਼ਤਾਰ ਕਰ ਲਿਆ ਸੀ। ਉਹ ਅਮਰੀਕਾ ਵਿਚ ਕਈ ਸਮਾਗਮਾਂ 'ਚ ਮੁੱਖ ਭਾਸ਼ਣਕਰਤਾ ਦੇ ਰੂਪ ਵਿਚ ਜਾ ਰਹੇ ਸਨ।

ਨੇਹਾ ਦੀਖਸ਼ਤ ਦਿੱਲੀ ਦੀ ਇਕ ਅਜ਼ਾਦ ਪੱਤਰਕਾਰ ਹੈ ਜਿਸ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ। ਉਹਦਾ ਲਗਾਤਾਰ ਪਿਛਾ ਕੀਤਾ ਜਾ ਰਿਹਾ ਹੈ। ਖੁੱਲ੍ਹੇਆਮ ਬਲਾਤਕਾਰ ਕਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਹਦੇ ਅਪਾਰਟਮੈਂਟ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਗਈ। ਇਕ ਹੋਰ ਅਜ਼ਾਦ ਪੱਤਰਕਾਰ ਰੋਹਿਣੀ ਸਿੰਘ ਨੂੰ ਤਾਂ ਕਥਿਤ ਤੌਰ 'ਤੇ ਮੌਤ ਦੇ ਘਾਟ ਉਤਾਰ ਦੇਣ ਅਤੇ ਬਲਾਤਕਾਰ ਕਰਨ ਦੀਆਂ ਧਮਕੀਆਂ ਦੇਣ ਵਾਲੇ ਇਕ ਵਿਦਿਆਰਥੀ ਜੋ ਹਿੰਦੂਤਵੀ ਜਥੇਬੰਦੀਆਂ ਦਾ ਹਿੱਸਾ ਸੀ, ਗ੍ਰਿਫ਼ਤਾਰ ਵੀ ਕਰ ਲਿਆ ਗਿਆ।

ਯਾਦ ਹੋਵੇਗਾ ਦਿੱਲੀ ਦੇ ਇਕ ਮਲਿਆਲਮ ਪੱਤਰਕਾਰ ਸਿਦੀਕ ਕੇਪਨ ਨੂੰ ਦੋ ਸਾਲ ਤੋਂ ਇਸ ਲਈ ਜੇਲ੍ਹ 'ਚ ਸੁੱਟਿਆ ਹੋਇਆ ਹੈ ਕਿ ਉਹਨੇ ਯੂ.ਪੀ. ਦੇ ਕਸਬੇ ਹਾਥਰਸ ਵਿਚ ਇਕ ਦਲਿਤ ਨਾਬਾਲਕ ਲੜਕੀ ਨਾਲ ਸਮੂਹਿਕ ਬਲਾਤਕਾਰ ਅਤੇ ਕਤਲ ਕਾਂਡ ਦੀ ਰਿਪੋਰਟ ਕਰਨ ਦੀ ਕੋਸ਼ਿਸ਼ ਕੀਤੀ ਸੀ।

ਕਸ਼ਮੀਰ 'ਚ ਪੱਤਕਰਾਰ ਫਰਦ ਸ਼ਾਹ, ਆਫਿਸ ਸੁਲਤਾਨ ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਹਨ। ਕਈ ਕਸ਼ਮੀਰੀ ਪੱਤਰਕਾਰਾਂ ਵਿਰੁੱਧ ਸੰਗੀਨ ਧਰਾਵਾਂ ਹੇਠ ਪਰਚੇ ਦਰਜ ਕੀਤੇ ਗਏ ਹਨ। ਬਹੁਤ ਸਾਰੇ ਕਸ਼ਮੀਰੀ ਪੱਤਰਕਾਰਾਂ ਨੂੰ ਸੁਰੱਖਿਆ ਬਲਾਂ ਦੇ ਕੈਂਪਾਂ ਅਤੇ ਥਾਣਿਆਂ 'ਚ ਬੁਲਾਕੇ ਪ੍ਰੇਸ਼ਾਨ ਕਰਨਾ ਆਮ ਜਿਹੇ ਗੱਲ ਹੈ। ਯਾਦ ਹੋਵੇਗਾ ਕਿ 2019 ਵਿਚ ਕਸ਼ਮੀਰ ਦੇ ਇਤਿਹਾਸ ਵਿਚ ਇਲੈਕਟ੍ਰੋਨਿਕ ਮੀਡੀਆ (ਸਮੇਤ ਪ੍ਰਿੰਟ ਮੀਡੀਆ) ਉਤੇ ਲੰਬਾ ਕਰਫਿਊ ਥੋਪਿਆ ਗਿਆ। ਜੰਮੂ ਕਸ਼ਮੀਰ 'ਚ ਪੁਲਿਸ ਅਤੇ ਅੱਤਵਾਦ ਵਿਰੋਧੀ ਏਜੰਸੀਆਂ ਅਕਸਰ ਹੀ ਪੱਤਰਕਾਰਾਂ ਨੂੰ ਪੁੱਛਗਿੱਲ ਦੇ ਬਹਾਨੇ ਗ੍ਰਿਫ਼ਤਾਰ ਕਰਦੀਆਂ ਹਨ, ਡਰਾਉਂਦੀਆਂ ਹਨ ਧਮਕਾਉਂਦੀਆ ਹਨ ਤੇ ਫਰਜ਼ੀ ਕੇਸ ਦਰਜ ਕਰਦੀਆਂ ਹਨ। ਜੰਮੂ ਕਸ਼ਮੀਰ ਵਿਚ ਤਾਂ 2019 ਤੋਂ ਪਿਛੋਂ ਰਾਜ ਪ੍ਰਸ਼ਾਸਨ ਨੇ ਸਥਾਨਕ ਸਮਾਚਾਰ ਪੱਤਰਾਂ ਨੂੰ ਸਰਕਾਰੀ ਇਸ਼ਤਿਹਾਰ ਦੇਣੇ ਅਣਮਿਥੇ ਸਮੇਂ ਲਈ ਬੰਦ ਕੀਤੇ ਹੋਏ ਹਨ। ਇਸ 'ਚ ਚਰਚਿਤ ਅਖ਼ਬਾਰ -ਗਰੇਟਰ ਕਸ਼ਮੀਰ ਅਤੇ ਕਸ਼ਮੀਰ ਰੀਡਰ ਵੀ ਸ਼ਾਮਲ ਹਨ।

2020 ਵਿਚ ਜਦੋਂ ਦਿੱਲੀ 'ਚ ਮੁਸਲਮਾਨਾਂ ਉਤੇ ਹਮਲੇ ਹੋ ਰਹੇ ਸਨ ਤਾਂ ਮੀਡੀਆ ਵਨ ਟੀ.ਵੀ. ਵਲੋਂ ਕਵਰੇਜ਼ ਤੇ ਲਾਈਵ ਸੂਚਨਾ ਜਾਰੀ ਕਰਨ ਉਤੇ ਰੋਕ ਲਾ ਦਿੱਤੀ ਗਈ ਸੀ। ਪੰਜਾਬ ਹਰਿਆਣਾ ਵਿਚ ਵੀ ਸਥਾਨਕ ਪੱਤਰਕਾਰਾਂ ਪ੍ਰਤੀ ਪੁਲਿਸ ਤੇ ਲੱਠਮਾਰ ਗਰੋਹਾਂ ਦਾ ਵਿਉਹਾਰ ਬੇਹੱਦ ਸ਼ਰਮਨਾਕ ਰਿਹਾ ਹੈ। ਕਿਸਾਨ ਸੰਘਰਸ਼ ਦੌਰਾਨ ਹੀ ਲਗਭਗ 8 ਪੱਤਰਕਾਰਾਂ ਉਤੇ ਕੇਸ ਦਰਜ ਕੀਤੇ ਗਏ। ਕਈਆਂ ਨੂੰ ਹਰਿਆਣਾ ਤੇ ਯੂ.ਪੀ. ਪੁਲਿਸ ਨੇ ਪ੍ਰੇਸ਼ਾਨ ਕੀਤਾ।

ਦਰਅਸਲ 2014 ਤੋਂ ਪਿਛੋਂ ਜੋ ਦੋ ਪ੍ਰਮੁੱਖ ਸੰਸਥਾਵਾਂ ਸੱਤਾ 'ਤੇ ਬਿਰਾਜਮਾਨ ਰਾਜਸੀ ਧਿਰਾਂ ਦੇ ਨਿਸ਼ਾਨੇ ਉਤੇ ਹਨ, ਉਨ੍ਹਾਂ 'ਚੋਂ ਇਕ ਯੂਨੀਵਰਸਿਟੀਆਂ ਹਨ ਅਤੇ ਦੂਸਰਾ ਮੀਡੀਆ ਹੈ। ਦੋਵੇਂ ਸੰਸਥਾਵਾਂ ਸਰਕਾਰ ਦੀ ਆਲੋਚਨਾ ਕਰਨ ਤੇ ਲੋਕਾਈ ਨੂੰ ਜਾਗਰੂਕ ਕਰਨ ਦੀ ਅਹਿਮ ਭੂਮਿਕਾ ਨਿਭਾਉਂਦੀਆਂ ਆ ਰਹੀਆਂ ਹਨ। ਆਰ.ਐਸ.ਐਸ. ਤੇ ਬੀ.ਜੇ.ਪੀ. ਨੇ ਕਾਰਪੋਰੇਟੀ ਪੂੰਜੀ ਨਾਲ ਮਿਲਕੇ ਇਕ ਪਾਸੇ ਉਹ ਮੀਡੀਆ ਖੜ੍ਹਾ ਕਰ ਲਿਆ ਹੈ ਜਿਹੜਾ ਸੱਤਾ 'ਤੇ ਸੱਤਾ ਧਾਰੀ ਰਾਜਸੀ ਪਾਰਟੀਆਂ ਦੇ ਗੁਣਗਾਨ ਕਰਦਾ ਹੈ ਅਤੇ ਸਰਕਾਰ ਵਿਰੋਧੀ ਹਰ ਵਿਚਾਰ ਹਰ ਸੰਘਰਸ਼ ਨੂੰ ਬਦਨਾਮ ਕਰਨ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਦੂਸਰੇ ਪਾਸੇ ਪ੍ਰਿੰਟ ਮੀਡੀਆ ਦੇ ਸਥਾਨਕ ਪੱਤਰਕਾਰਾਂ ਨੂੰ ਵੀ ਲੋਭ ਲਾਲਚ 'ਚ ਫਸਾਉਣ ਦੀਆਂ ਕੋਸ਼ਿਸ਼ਾਂ ਰਹਿੰਦੀਆਂ ਹਨ ਪਰ ਜਿਹੜੇ ਹਕੂਮਤ ਤੇ ਹਕੂਮਤ ਤੇ ਬਿਰਾਜਮਾਨ ਕੱਟੜਵਾਦੀ ਹਿੰਦੂਤਵੀ ਵਿਚਾਰਧਾਰਾ ਦੇ ਵਿਰੋਧੀ ਹਨ, ਨਾਲ ਦੂਸਰੀ ਤਰ੍ਹਾਂ ਨਿਪਟਿਆ ਜਾਂਦਾ ਹੈ। ਸਾਲ 2014 ਤੋਂ 2019 ਦਰਮਿਆਨ 40 ਜਰਨਾਲਿਸਟਾਂ ਨੂੰ ਮਾਰ ਦਿੱਤਾ ਗਿਆ ਅਤੇ 198 ਉਤੇ ਹਮਲੇ ਹੋਏ। ਯਾਦ ਹੋਵੇਗਾ 2017 ਵਿਚ ਤਿੰਨ ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਸੀ, ਜਿਨ੍ਹਾਂ 'ਚ ਇਕ ਗੌਰੀ ਲੰਕੇਸ਼ ਵੀ ਸੀ। ਜਿਸ ਦੇ ਕਤਲ ਦੇ ਦੋਸ਼ 'ਚ ਗ੍ਰਿਫ਼ਤਾਰ ਦੋਸ਼ੀ ਇਕ ਕੱਟੜਵਾਦੀ ਹਿੰਦੂ ਰਾਸ਼ਟਰਵਾਦੀ ਜਮਾਤ ਨਾਲ ਜੁੜਿਆ ਹੋਇਆ ਹੈ। ਪੱਤਰਕਾਰ ਪੁਲਿਸ, ਰਾਜਨੀਤਕ ਕਾਰਕੁੰਨਾਂ ਅਤੇ ਅਪਰਾਧਿਕ ਸਮੂਹਾਂ ਦੇ ਜਬਰ ਦਾ ਸ਼ਿਕਾਰ ਹੋ ਰਹੇ ਹਨ।

ਪ੍ਰੈਸ ਦੀ ਅਜ਼ਾਦੀ ਸਬੰਧੀ 2020 ਦੀ ਇਕ ਰਿਪੋਰਟ ਜਾਰੀ ਹੋਈ ਹੈ ਜਿਸ ਨੂੰ ਰਿਪੋਰਟਸ ਵਿਦਆਊਟ ਬਾਰਡਰਜ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 180 ਦੇਸ਼ਾਂ ਦੇ ਸਰਵੇ ਦੇ ਆਧਾਰਤ ਵਿਸ਼ਵ ਪ੍ਰੈਸ ਦੀ ਅਜ਼ਾਦੀ ਦਾ ਸੂਚਕ ਅੰਕ ਤਹਿ ਕਰਨ ਵਾਲੀ ਇਸ ਰਿਪੋਰਟ ਮੁਤਾਬਕ ਪ੍ਰੈਸ ਦੀ ਆਜ਼ਾਦੀ ਦੇ ਮਾਮਲੇ 'ਚ ਭਾਰਤ 142ਵੇਂ ਸਥਾਨ ਉਤੇ ਹੈ। 2016 ਵਿਚ ਭਾਰਤ ਦਾ ਸਥਾਨ 133ਵਾਂ ਸੀ। 2017 ਵਿਚ 136ਵਾਂ, 2018 ਵਿਚ 138ਵਾਂ, 2019 ਵਿਚ 140ਵਾਂ ਅਤੇ 2020 ਵਿਚ 142ਵਾਂ। ਭਾਰਤ ਵਿਚ ਪ੍ਰੈਸ ਦੀ ਅਜ਼ਾਦੀ ਵਿਚਾਰ ਰੱਖਣ ਤੇ ਪ੍ਰਗਟ ਕਰਨ ਦੀ ਅਜ਼ਾਦੀ ਸਭ ਤੋਂ ਵੱਧ ਖਤਰੇ ਵਿਚ ਹੈ। 180 ਦੇਸ਼ਾਂ ਵਿਚੋਂ ਸਿਰਫ਼ 24 ਫੀਸਦੀ ਦੇਸ਼ ਹੀ ਹਨ ਜਿਥੇ ਪ੍ਰੈਸ ਦੀ ਅਜ਼ਾਦੀ ਲਈ ਕੁਝ ਹੱਦ ਤੱਕ ਸੁਖਾਵਾਂ ਮਾਹੌਲ ਹੈ। 29 ਫੀਸਦੀ ਦੇਸ਼ਾਂ ਜਿਨ੍ਹਾਂ 'ਚ ਭਾਰਤ ਵੀ ਹੈ। ਪੱਤਰਕਾਰਾਂ ਲਈ ਚੁਣੌਤੀ ਵਾਲੀਆਂ ਹਾਲਤਾਂ ਹਨ। ਕਾਰਵਾਂ ਦੇ ਸੰਪਾਦਕ ਵਿਨੋਦ ਜੋਸ਼ ਦਾ ਕਹਿਣਾ ਹੈ ਕਿ "ਇਥੇ ਇਕ ਕਹਾਣੀ ਹੈ ਜੋ ਬਹੁਤ ਖਤਰਨਾਕ ਹੈ। ਅਸੀਂ ਧਰੁਵੀਕ੍ਰਿਤ ਸਮੇਂ ਵਿਚ ਰਹਿ ਰਹੇ ਹਾਂ। ਜਿਥੇ ਸਰਕਾਰ ਦੇ ਆਲੋਚਕਾਂ ਨੂੰ ਦੇਸ਼ ਧ੍ਰੋਹੀ ਕਰਾਰ ਦਿੱਤਾ ਜਾਂਦਾ ਹੈ। ਪੱਤਰਕਾਰ ਦਾ ਕੰਮ ਸਰਕਾਰ ਤੋਂ ਸਵਾਲ ਪੁੱਛਣਾ ਹੈ ਜਿਸ ਦੀ ਮਨਾਹੀ ਹੈ।

ਫਰੀਡਮ ਹਾਊਸ ਦੀ ਇਕ ਰਿਪੋਰਟ 'ਚ ਇਹ ਕਿਹਾ ਗਿਆ ਹੈ ਕਿ "ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਲੋਕਤੰਤਰ ਭਾਰਤ ਵਿਚ ਸੰਦੇਸ਼ ਦੇ ਰਿਹਾ ਹੈ ਕਿ ਸਰਕਾਰ ਨੂੰ ਜਵਾਬਦੇਹ ਠਹਿਰਾਉਣਾ ਪ੍ਰੈਸ ਦੀ ਜ਼ਿੰਮੇਵਾਰੀ ਦਾ ਹਿੱਸਾ ਨਹੀਂ ਹੈ।

ਫਰੀ ਸਪੀਚ ਕਲੈਕਟਿਵ ਦੀ ਗੀਤਾ ਸੇਸੂ ਨੇ ਸਾਲ 2020 ਦੀ ਇਕ ਜਾਂਚ ਰਿਪੋਰਟ ਜਾਰੀ ਕੀਤੀ ਹੈ ਜਿਸ ਮੁਤਾਬਕ ਇਸ ਸਾਲ 60-70 ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ 200 ਤੋਂ ਵੱਧ ਪੱਤਰਕਾਰਾਂ ਉਤੇ ਹਮਲੇ ਹੋਏ।

ਐਡੀਟਰ ਗਿਲਡ ਆਫ਼ ਇੰਡੀਆ ਦਾ ਵੀ ਮੱਤ ਹੈ ਕਿ "ਇਥੋਂ ਦੀ ਪੁਲਿਸ ਮੀਡੀਆ ਨੂੰ ਡਰਾਉਣ ਧਮਕਾਉਣ ਪ੍ਰੇਸ਼ਾਨ ਕਰਨ ਅਤੇ ਦਬਾਉਣ ਦੀਆਂ ਕੋਸ਼ਿਸ਼ਾਂ ਕਰਦੀ ਹੈ।

ਲਿਖਣ ਤੇ ਵਿਚਾਰ ਪ੍ਰਗਟ ਕਰਨ ਵਿਰੁੱਧ ਜਿਸ ਕਾਨੂੰਨ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਬਰਤਾਨਵੀ ਹਾਕਮਾਂ ਦੀ ਦੇਣ ਹੈ। ਰਾਜ ਧ੍ਰੋਹ ਦਾ ਕਾਨੂੰਨ ਜਾਂ ਧਾਰਾ 124 (ਏ) ਜਿਸ ਦੀ ਨਿਸ਼ੰਗ ਵਰਤੋਂ ਵਿਸ਼ੇਸ਼ ਕਰਕੇ 2014 ਤੋਂ ਪਿਛੋਂ ਹੋਈ ਅਤੇ ਕੀਤੀ ਜਾ ਰਹੀ ਹੈ। 405 ਲੋਕਾਂ ਉਤੇ ਇਹ ਕਾਨੂੰਨ ਲਾ ਕੇ ਮੁਕੱਦਮੇ ਦਰਜ ਕੀਤੇ ਅਤੇ ਜੇਲ੍ਹਾਂ 'ਚ ਸੁਟਿਆ ਗਿਆ ਜਿਨ੍ਹਾਂ 'ਚ ਸਰਕਾਰ ਦੀ ਆਲੋਚਨਾ ਕਰਨ ਵਾਲੇ ਵਿਦਿਆਰਥੀ ਪੱਤਰਕਾਰ ਅਤੇ ਬੁੱਧੀਜੀਵੀ (ਕਾਲਮ ਨਵੀਸ) ਆਦਿ ਹਨ।

ਹਿੰਦੂਤਵ ਦੀ ਆਲੋਚਨਾ ਕਰਨ ਵਾਲਿਆਂ ਜਾਂ ਸਰਕਾਰ ਦੀ ਆਲੋਚਨਾ ਕਰਨ ਵਾਲਿਆਂ ਜਾਂ ਪ੍ਰਧਾਨ ਮੰਤਰੀ ਦੀ ਆਲੋਚਨਾ ਕਰਨ ਵਾਲੇ ਪੱਤਰਕਾਰਾਂ ਨੂੰ ਜਿਨ੍ਹਾਂ ਅਪਰਾਧਿਕ ਕੇਸਾਂ ਵਿਚ ਫਸਾਇਆ ਜਾਂਦਾ ਹੈ, ਉਸ 'ਚ ਦੇਸ਼ ਧ੍ਰੋਹ ਦਾ ਕਾਨੂੰਨ ਧਾਰਾ 124 ਏ ਪ੍ਰਮੁੱਖ ਹੈ। ਹਾਲਾਂਕਿ ਇਹ ਕਾਨੂੰਨ, ਉਨ੍ਹਾਂ ਉਤੇ ਲਾਗੂ ਕੀਤਾ ਜਾ ਸਕਦਾ ਜਿਨ੍ਹਾਂ ਤੋਂ ਰਾਜ ਦੀ ਪ੍ਰਭੁਸੱਤਾ ਜਾਂ ਅਖੰਡਤਾ ਨੂੰ ਖਤਰਾ ਹੋਵੇ ਜਾਂ ਜਿਨ੍ਹਾਂ ਅਦਾਲਤ ਦੀ ਮਾਨਹਾਨੀ ਕੀਤੀ ਹੋਵੇ ਜਾਂ ਫਿਰ ਸਮੂਹਿਕ ਅਪਰਾਧ ਲਈ ਉਕਸਾਇਆ ਹੋਵੇ। ਪਰ ਰਾਜ ਜਾਂ ਰਾਜ ਦੇ ਮੁਖੀ ਦੀ ਆਲੋਚਨਾ ਕਰਨਾ ਸੰਵਿਧਾਨ ਦੀ ਧਾਰਾ 19 (1) ਏ ਤਹਿਤ ਵਿਚਾਰਾਂ ਦੇ ਪ੍ਰਗਟਾਅ ਦੀ ਆਜ਼ਾਦੀ ਦੇ ਘੇਰੇ ਵਿਚ ਆਉਂਦਾ ਹੈ। ਇਕ ਲੇਖਕ, ਪੱਤਰਕਾਰ ਜਾਂ ਬੁੱਧੀਜੀਵੀ ਜਦੋਂ ਅਜਿਹੀ ਆਲੋਚਨਾ ਕਰਦਾ ਹੈ ਤਾਂ ਉਹ ਦੇਸ਼ ਦੇ ਆਵਾਮ ਪ੍ਰਤੀ ਆਪਣੀ ਇਕ ਜ਼ਿੰਮੇਵਾਰੀ ਨਿਭਾਅ ਰਿਹਾ ਹੁੰਦਾ ਹੈ। ਇਕ ਅਪਰਾਧ ਦੇ ਵੀ ਘੇਰੇ ਵਿਚ ਨਹੀਂ ਆਉਂਦਾ। ਦੇਸ਼ ਧ੍ਰੋਹ ਦੀ ਤਾਂ ਗੱਲ ਹੀ ਦੂਰ ਦੀ ਹੈ।

ਮੈਨੂੰ ਅੱਜ ਹੀ 8-4-22 ਨੂੰ ਇਕ ਵਟਸਅਪ ਮੈਜਿਸ ਆਇਆ ਕਿ ਬੰਗਲੌਰ ਵਿਚ ਚਾਰ ਪ੍ਰਮੁੱਖ ਸ਼ਖਸੀਅਤਾਂ ਸੰਜੈ ਨਗਰ ਪੁਲਿਸ ਸਟੇਸ਼ਨ ਵਿਚ ਪਿਛਲੇਰੇ 48 ਘੰਟਿਆਂ ਤੋਂ ਬੈਠੀਆਂ ਹਨ ਅਤੇ ਮੰਗ ਕਰ ਰਹੀਆਂ ਹਨ ਕਿ ਉਸ ਧਾਰਮਿਕ ਕੱਟੜਵਾਦੀ ਆਗੂ ਵਿਰੁੱਧ ਪਰਚਾ ਦਰਜ ਕੀਤਾ ਜਾਵੇ। ਜਿਹਨੇ ਆਪਣੇ ਫਿਰਕੇ ਦੇ ਲੋਕਾਂ ਨੂੰ ਦੂਸਰੇ ਫਿਰਕੇ ਦੇ ਲੋਕਾਂ ਦੀਆਂ ਦੁਕਾਨਾਂ ਤੋਂ ਫਲ ਸਬਜ਼ੀਆਂ ਜਾਂ ਹੋਰ ਸਮਾਨ ਨਾ ਖ੍ਰੀਦਣ ਦਾ ਸੱਦਾ ਦਿੱਤਾ ਹੈ ਅਤੇ ਉਸ ਦੀ ਭਾਸ਼ਾ ਵਿਚ ਘੱਟ ਗਿਣਤੀ ਫਿਰਕੇ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਜੇਹਾਦ ਵਿੱਢ ਦੇਵੇ।" ਇਹ ਇਕ ਅਪਰਾਧਿਕ ਮਾਮਲਾ ਹੈ। ਸੰਵਿਧਾਨਕ ਇਸ ਦੀ ਇਜਾਜ਼ਤ ਨਹੀਂ ਦਿੰਦਾ। ਇਸੇ ਆਧਾਰਤ ਉਹ ਬੁੱਧੀਜੀਵੀ ਜਿਨ੍ਹਾਂ 'ਚ ਵਕੀਲ ਤੇ ਇੰਜੀਨੀਅਰ ਵੀ ਹਨ। ਹਿੰਦੂਤਵੀ ਵਿਚਾਰਾਂ ਵਾਲੇ ਅਜਿਹੇ ਭੜਕਾਊ ਲੋਕਾਂ ਵਿਰੁੱਧ ਫਿਰਕਿਆਂ 'ਚ ਨਫਰਤ ਭੜਕਾਉਣ ਦਾ ਕੇਸ ਦਰਜ ਕਰਨ। ਪਰ ਸੰਜੈ ਨਗਰ ਪੁਲਿਸ ਸਟੇਸ਼ਨ ਦੇ ਇੰਸਪੈਕਟਰ ਦੀ ਇਹ ਦਲੀਲ ਹੈ ਕਿ "ਇਹ ਵਿਚਾਰਾਂ ਦੀ ਅਜ਼ਾਦੀ ਦਾ ਮਾਮਲਾ ਹੈ।" ਕੈਸੀ ਵਿੰਡਬਨਾ ਹੈ। ਦੇਸ਼ ਕਿਥੇ ਆ ਕੇ ਖਲੋ ਗਿਆ ਹੈ। ਇਕ ਘੱਟ ਗਿਣਤੀ ਫਿਰਕੇ ਨੂੰ ਧਮਕੀਆਂ ਦੇਣੀਆਂ, ਵਿਚਾਰਾਂ ਦੀ ਅਜ਼ਾਦੀ ਦੇ ਘੇਰੇ 'ਚ ਆਉਂਦਾ ਹੈ। ਪਰ ਜੇ ਕੋਈ ਪੱਤਰਕਾਰ ਕਿਸੇ ਵਿਧਾਇਕ ਦੀ ਆਲੋਚਨਾ ਕਰਦਾ ਹੈ ਸਵਾਲ ਪੁੱਛਦਾ ਹੈ ਤਾਂ ਉਹ ਅਪਰਾਧ ਹੋ ਜਾਂਦਾ ਹੈ। ਜਦੋਂ ਥਾਣੇਦਾਰ ਇਹ ਤਹਿ ਕਰਨ ਲੱਗ ਜਾਵੇ ਕਿ ਇਕ ਪੱਤਕਕਾਰ ਨੇ ਕੀ ਲਿਖਣਾ ਹੈ, ਕੀ ਦਿਖਾਉਣਾ ਹੈ ਤਾਂ ਸੱਚੀਓਂ ਹੀ ਇਕ ਖਤਰਨਾਕ ਸਮੇਂ ਦਾ ਸੰਕੇਤ ਹੈ।

ਯਾਦ ਹੋਵੇਗਾ 1975 'ਚ ਜਦੋਂ 21 ਮਹੀਨੇ ਮੀਡੀਆ ਬੰਦ ਰਿਹਾ ਸੀ ਉਹ ਐਲਾਨੀ ਐਮਰਜੈਂਸੀ ਦਾ ਦੌਰ ਸੀ। ਪਰ 2014 ਤੋਂ ਪਿਛੋਂ ਜਿਵੇਂ ਪੜਾਅ ਦਰ ਪੜਾਅ ਅਸੀਂ ਅਣਐਲਾਨੀਆਂ ਐਮਰਜੈਂਸੀ ਦੇ ਦੌਰ 'ਚ ਪ੍ਰਵੇਸ਼ ਕਰ ਰਹੇ ਹਾਂ ਅਤੇ ਸੱਤਾ 'ਤੇ ਸੱਤਾ ਦਾ ਪੁਲਸੀਆ ਡੰਡਾ, ਕਾਨੂੰਨ ਅਤੇ ਸੱਤਾ ਦੀ ਹਮਾਇਤੀ ਲੱਠਮਾਰ ਜਨੂੰਨੀ ਫੋਰਸ, ਸਾਨੂੰ ਵਿਚਾਰਾਂ ਦੀ ਅਜ਼ਾਦੀ ਦੇ ਪਾਠ ਪੜ੍ਹਾਉਣ ਤੇ ਸਿਖਾਉਣ ਦੀ ਭੂਮਿਕਾ ਅਦਾ ਕਰ ਰਹੀ ਹੈ। ਵਿਚਾਰਾਂ ਦੇ ਪ੍ਰਗਟਾਅ ਦੀ ਅਜ਼ਾਦੀ ਉਤੇ ਸਭ ਤੋਂ ਖਤਰਨਾਕ ਹਮਲਿਆਂ ਦਾ ਦੌਰ। ਰਵੀਸ਼ ਕੁਮਾਰ ਜੋ ਮੋਦੀ ਹਕੂਮਤ ਦਾ ਮੁੱਖ ਆਲੋਚਕ ਹੈ, ਨੂੰ ਮਾਰਨ ਦੀਆਂ ਧਮਕੀਆਂ ਸਾਗਰਿਕਾ ਘੋਸ਼ ਨਾਮੀ ਜਰਨਲਿਸਟ ਨੂੰ ਬਲਾਤਕਾਰ ਕਰਨ ਤੇ ਮਰਨ ਦੀਆਂ ਧਰਮਕੀਆਂ ਤੋਂ ਕੀ ਸੱਤਾ ਦੀ ਉਚ ਕੁਰਸੀ 'ਤੇ ਬੈਠੇ ਅਣਜਾਣ ਹਨ ਜਾਂ ਘੋਗਲ ਕੰਨੇ। ਟਾਈਮਜ਼ ਆਫ਼ ਇੰਡੀਆ ਦੀ ਧਾਬੀ ਘੋਸ਼। ਕੀ ਜਿਨ੍ਹਾਂ ਨੂੰ ਖ੍ਰੀਦਿਆ ਨਹੀਂ ਜਾ ਸਕਦਾ ਉਹ ਬਰਦਾਸ਼ਤ ਕਰਨਯੋਗ ਵੀ ਨਹੀਂ। ਮੱਧ ਪ੍ਰਦੇਸ਼ ਪੁਲਿਸ ਨੇ ਪੱਤਰਕਾਰਾਂ ਨੂੰ ਨਿਰਵਸਤਰ ਕਰਕੇ ਜੋ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਸੱਤਾ ਨੂੰ ਆਲੋਚਨਾ ਕਦਾਚਿਤ ਬਰਦਾਸ਼ਤ ਨਹੀਂ ਤਾਂ ਇਹ ਵੀ ਸਾਫ਼ ਹੈ ਕਿ ਇਹ ਕਾਰਵਾਈ ਨੇ ਸੱਤਾ ਨੂੰ ਤੇ ਸੱਤਾ ਦੀ ਤਾਨਾਸ਼ਾਹੀ ਨੂੰ ਨੰਗਾ ਕਰ ਦਿੱਤਾ ਹੈ।

ਕਲਮ ਨਵੀਸਾਂ ਪੱਤਰਕਾਰਾਂ ਲਈ ਇਹ ਬੇਹੱਦ ਵੱਡੀਆਂ ਚੁਣੌਤੀਆਂ ਦਾ ਦੌਰ ਹੈ। ਪ੍ਰੈਸ ਦੀ ਅਜ਼ਾਦੀ, ਵਿਚਾਰ ਪ੍ਰਗਟ ਕਰਨ ਦੀ ਅਜ਼ਾਦੀ, ਸੈਂਕੜੇ ਸਾਲ ਲੰਮੇ ਸੰਘਰਸ਼ਾਂ ਪਿਛੋਂ ਹਾਸਲ ਕੀਤੇ ਅਧਿਕਾਰਾਂ 'ਚੋਂ ਹਨ। ਇਨ੍ਹਾਂ ਦੀ ਰਾਖੀ ਅਤੇ ਪ੍ਰਾਪਤੀ ਲਈ ਆਵਾਜ਼ ਬੁਲੰਦ ਕਰਨ ਦਾ ਸਮਾਂ ਆ ਗਿਆ ਹੈ। ਜੋ ਮੱਧ ਪ੍ਰਦੇਸ਼ ਦੇ ਸਾਂਧੀ ਜ਼ਿਲ੍ਹੇ 'ਚ ਵਾਪਰਿਆ ਮੰਦਭਾਗਾ ਹੈ। ਇਸ ਵਿਰੁੱਧ ਜ਼ੋਰਦਾਰ ਅਵਾਜ਼ ਉਠਣੀ ਚਾਹੀਦਾ ਹੈ।


# ਇੱਕ ਰੋਜ਼ਾ ਪੁਸਤਕ ਮੇਲੇ ਤੇ ਕੈਲਗਰੀ ਦੇ ਪਾਠਕਾਂ ਵਲੋਂ ਭਾਰੀ ਉਤਸ਼ਾਹ ਦਿਖਾਇਆ!







ਕੈਲਗਰੀ, (ਹਰਚਰਨ ਪਰਹਾਰ): ਲੰਘੇ ਵੀਕਐਂਡ ਤੇ 17 ਅਪਰੈਲ, 2022 ਦਿਨ ਐਤਵਾਰ ਨੂੰ ਮਾਸਟਰ ਭਜਨ ਸਿੰਘ ਤੇ ਸਾਥੀਆਂ ਵਲੋਂ 'ਸ਼ਹੀਦ ਭਗਤ ਸਿੰਘ ਬੁੱਕ ਸੈਂਟਰ' ਦੇ ਬੈਨਰ ਹੇਠ ਇਸ ਸਾਲ ਦਾ ਪਹਿਲਾ ਇੱਕ ਰੋਜ਼ਾ ਪੁਸਤਕ ਮੇਲਾ ਡਾ. ਭੁੱਲਰ ਵਾਲ਼ੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। ਇਸ ਮੌਕੇ 'ਤੇ ਸੈਂਟਰ ਦੇ ਸੰਚਾਲਕ ਮਾਸਟਰ ਭਜਨ ਸਿੰਘ ਨੇ ਪਾਠਕਾਂ ਨੂੰ ਅਪੀਲ ਕੀਤੀ ਕਿ ਸਾਨੂੰ ਕਿਤਾਬਾਂ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਉਣ ਦੇ ਨਾਲ-ਨਾਲ ਆਪਣੇ ਘਰਾਂ ਵਿੱਚ ਮਿੰਨੀ ਲਾਇਬ੍ਰੇਰੀਆਂ ਵੀ ਬਣਾਉਣ ਦੀ ਲੋੜ ਹੈ। ਉਨ੍ਹਾਂ ਪਾਠਕਾਂ ਨੂੰ ਸੁਝਾਅ ਦਿੱਤਾ ਕਿ ਸਾਨੂੰ ਆਪਣੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦਾ ਉਤਸ਼ਾਹ ਪੈਦਾ ਕਰਨਾ ਚਾਹੀਦਾ ਹੈ। ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਇਸ ਮੇਲੇ ਵਿੱਚ ਬੱਚਿਆਂ ਲਈ ਅੰਗਰੇਜੀ ਵਿੱਚ ਛੋਟੇ-ਛੋਟੇ ਪੈਂਫਲਿਟ ਵੀ ਰੱਖੇ ਗਏ ਤਾਂ ਕਿ ਉਹ ਇਤਿਹਾਸ ਤੇ ਵਿਰਸੇ ਤੋਂ ਜਾਣੂ ਹੋ ਸਕਣ। ਇਸ ਮੇਲੇ ਵਿੱਚ ਹਰ ਵਰਗ ਦੇ ਪਾਠਕਾਂ ਨੇ ਬੜੇ ਉਤਸ਼ਾਹ ਨਾਲ ਕਿਤਾਬਾਂ ਖਰੀਦੀਆਂ। ਹਰ ਵਾਰ ਦੀ ਤਰ੍ਹਾਂ ਇਸ ਪੁਸਤਕ ਮੇਲੇ ਵਿੱਚ ਵੀ ਪੰਜਾਬੀ, ਹਿੰਦੀ, ਅੰਗਰੇਜੀ ਦੀਆਂ ਸਾਹਿਤਕ, ਰਾਜਨੀਤਕ, ਸਮਾਜਿਕ, ਸਿਹਤ ਸਬੰਧੀ ਕਿਤਾਬਾਂ ਦੇ ਨਾਲ਼-ਨਾਲ਼ ਹੋਰ ਭਾਸ਼ਾਵਾਂ ਵਿਚੋਂ ਪੰਜਾਬੀ ਵਿੱਚ ਅਨੁਵਾਦਕ ਵਿਸ਼ਵ ਪ੍ਰਸਿੱਧ ਪੁਸਤਕਾਂ ਵੀ ਰੱਖੀਆਂ ਗਈਆਂ ਸਨ। ਪਾਠਕਾਂ ਵਲੋਂ ਦਿਖਾਏ ਉਤਸ਼ਾਹ ਨਾਲ ਪ੍ਰਬੰਧਕਾਂ ਦੇ ਹੌਸਲੇ ਵੀ ਬੁਲੰਦ ਹੋਏ ਹਨ ਤੇ ਉਨ੍ਹਾਂ ਵਲੋਂ ਵਾਅਦਾ ਕੀਤਾ ਗਿਆ ਕਿ ਹਰ ਸੰਭਵ ਯਤਨ ਕਰਕੇ ਅੱਗੇ ਤੋਂ ਸਮਾਜਿਕ ਸਰੋਕਾਰਾਂ ਨੂੰ ਸਮਰਪਿਤ ਵਿਗਿਆਨਕ ਤੇ ਅਗਾਂਹਵਧੂ ਸੋਚ ਵਾਲੀਆਂ ਹੋਰ ਕਿਤਾਬਾਂ ਵੀ ਰੱਖੀਆਂ ਜਾਣਗੀਆਂ। ਮੇਲੇ ਦੌਰਾਨ ਟੈਲੱਸ-ਕੂਡੋ ਸਟੋਰ ਦੇ ਸੰਚਾਲਕਾਂ ਨੂੰ ਮਾਸਟਰ ਭਜਨ ਸਿੰਘ ਵਲੋਂ ਕਿਤਾਬਾਂ ਦਾ ਸੈੱਟ ਭੇਟ ਕੀਤਾ, ਉਨ੍ਹਾਂ ਵਲੋਂ ਮੇਲੇ ਦੌਰਾਨ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਬੇਸ਼ਕ ਇੱਕ ਰੋਜ਼ਾ ਇਹ ਪੁਸਤਕ ਮੇਲਾ ਵੀਕੈਂਡ ਤੇ ਸਮਾਪਤ ਹੋ ਗਿਆ ਸੀ, ਪਰ ਮਾਸਟਰ ਜੀ ਕੋਲ਼ ਕਿਤਾਬਾਂ ਦਾ ਸਟਾਕ ਖਤਮ ਨਹੀਂ ਹੋਇਆ। ਤੁਸੀਂ ਮਾਸਟਰ ਭਜਨ ਸਿੰਘ ਜੀ ਨਾਲ 403-455-4220 ਤੇ ਸੰਪਰਕ ਕਰਕੇ ਉਨ੍ਹਾਂ ਤੋਂ ਆਪਣੇ ਮਨਪਸੰਦ ਦੀਆਂ ਕਿਤਾਬਾਂ ਜਦੋਂ ਮਰਜੀ ਉਨ੍ਹਾਂ ਦੇ ਘਰੋਂ ਜਾ ਕੇ ਖਰੀਦ ਸਕਦੇ ਹੋ ਅਤੇ ਜੇ ਕੋਈ ਕਿਤਾਬ ਸਟਾਕ ਵਿੱਚ ਨਾ ਹੋਵੇ ਤਾਂ ਆਰਡਰ ਵੀ ਕਰ ਸਕਦੇ ਹੋ?



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com



Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom



Harmanjot Dhudike
403-975-0006

ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com



Dalveer Purba
587-435-5600



# ਅਰਬਾਂ ਡਾਲਰਾਂ ਦੀ ਮਲਕੀਅਤ ਵਾਲੀ ਐਮਾਜ਼ੋਨ ਕੰਪਨੀ ਵਿਰੁੱਧ ਲੜਨ ਵਾਲੇ ਕਾਮਿਆਂ ਦੇ ਆਗੂ ਕ੍ਰਿਸ ਸਮਾਲਜ ਕੀ ਕਹਾਣੀ

**ਲੇਖਕ: ਐਂਡਰੀਆ ਸੂ ਅਤੇ ਅਲੀਨਾ ਸੇਲੂਖ**
**ਅੰਗਰੇਜੀ ਤੋਂ ਅਨੁਵਾਦ: ਸੁਖਵੰਤ ਹੁੰਦਲ**





"ਉਹ ਬਹੁਤਾ ਹੁਸਿ਼ਆਰ ਜਾਂ ਚੰਗਾ ਬੁਲਾਰਾ ਨਹੀਂ ਹੈ"

ਐਮਾਜ਼ੋਨ ਕੰਪਨੀ ਦੇ ਇਕ ਚੋਟੀ ਦੇ ਵਕੀਲ ਨੇ ਉਪ੍ਰੋਕਤ ਸਬਦ ਐਮਾਜ਼ੌਨ ਕੰਪਨੀ ਨਾਲ ਇਕ ਵੇਅਰਹਾਊਸ ਵਰਕਰ ਦੇ ਤੌਰ 'ਤੇ ਕੰਮ ਕਰਦੇ ਰਹੇ ਕ੍ਰਿਸ ਸਮਾਲਜ ਬਾਰੇ ਕਹੇ ਸਨ।

2020 ਵਿੱਚ ਮਹਾਂਮਾਰੀ ਦੇ ਸੁਰੂ ਵਿੱਚ ਕ੍ਰਿਸ ਸਮਾਲਜ ਨਿਊ ਯੌਰਕ ਦੇ ਸਟੇਟਨ ਆਈਲੈਂਡ ਵਿਖੇ ਐਮਾਜ਼ੌਨ ਕੰਪਨੀ ਦੇ ਵੇਅਰਹਾਊਸ ਵਿੱਚ ਕੰਮ ਕਰਦਾ ਸੀ। ਉਸ ਸਮੇਂ ਉਸ ਨੇ ਵੇਅਰਹਾਊਸ ਵਿੱਚ ਕੰਮ ਦੀਆਂ ਮਾੜੀਆਂ ਹਾਲਤਾਂ ਦਾ ਵਿਰੋਧ ਕਰਨ ਲਈ ਕੰਮ ਛੱਡ ਕੇ ਇਕ ਪ੍ਰਦਰਸਨ ਨੂੰ ਜਥੇਬੰਦ ਕੀਤਾ ਸੀ। ਨਤੀਜੇ ਵਜੋਂ ਉਸ ਨੂੰ ਉਸ ਹੀ ਦਿਨ ਕੰਮ ਤੋਂ ਕੱਢ ਦਿੱਤਾ ਗਿਆ ਸੀ।

ਜਿਸ ਮੀਮੋ ਵਿੱਚ ਉਪ੍ਰੋਕਤ ਸਬਦ ਲਿਖੇ ਹੋਏ ਸਨ, ਉਹ ਕੁੱਝ ਦਿਨਾਂ ਬਾਅਦ ਲੀਕ ਹੋ ਗਿਆ। ਇਹ ਸਬਦ ਕ੍ਰਿਸ ਸਮਾਲਜ ਦੇ ਮਨ 'ਤੇ ਉੱਕਰੇ ਗਏ ਅਤੇ ਉਸ ਵੱਲੋਂ ਇਕ ਗਰਾਸ ਰੂਟ ਪੱਧਰ 'ਤੇ ਯੂਨੀਅਨ ਬਣਾਉਣ ਲਈ ਚਲਾਈ ਗਈ ਇਕ ਕਾਮਯਾਬ ਮੁਹਿੰਮ ਦੀ ਅਗਵਾਈ ਕਰਨ ਦਾ ਪ੍ਰੇਰਨਾ ਸ੍ਰੋਤ ਬਣ ਗਏ।

1 ਅਪ੍ਰੈਲ 2022 ਨੂੰ ਸੁੱਕਰਵਾਰ ਵਾਲੇ ਦਿਨ ਐਮਾਜ਼ੌਨ ਲੇਬਰ ਯੂਨੀਅਨ ਵੱਲੋਂ ਉਸ ਵੇਅਰਹਾਊਸ ਵਿੱਚ ਯੂਨੀਅਨ ਬਣਨ ਦੀ ਇਤਿਹਾਸਕ ਜਿੱਤ ਦਾ ਜਸਨ ਮਨਾਉਂਦਿਆਂ ਕ੍ਰਿਸ ਸਮਾਲਜ ਨੇ ਦੱਸਿਆ, "ਜਦੋਂ ਮੈਂ ਉਹ ਮੀਮੋ ਪੜ੍ਹਿਆ, ਤਾਂ ਉਸ ਨੇ ਮੈਨੂੰ ਯੂਨੀਅਨ ਜਥੇਬੰਦ ਕਰਨ ਲਈ ਮੁਹਿੰਮ ਚਲਾਉਣ ਲਈ ਉਤਸਾਹਿਤ ਕੀਤਾ।" ਇਸ ਵੇਅਰਹਾਊਸ ਵਿੱਚ ਯੂਨੀਅਨ ਬਣਨ ਨਾਲ ਇਹ ਵੇਅਰਹਾਊਸ ਅਮਰੀਕਾ ਵਿੱਚ ਐਮਾਜ਼ੌਨ ਦੀ ਯੂਨੀਅਨ ਵਾਲੀ ਪਹਿਲੀ ਥਾਂ ਬਣ ਗਿਆ ਹੈ।

ਸੁੱਕਰਵਾਰ ਦੀ ਜਿੱਤ ਉਸ ਨੂੰ ਕੰਮ ਤੋਂ ਕੱਢੇ ਜਾਣ ਦੇ ਤਕਰੀਬਨ ਦੋ ਸਾਲਾਂ ਬਾਅਦ ਵਾਪਰੀ ਹੈ।

ਉਸ ਸਮੇਂ ਐਮਜ਼ੌਨ ਨੇ ਕਿਹਾ ਸੀ ਕਿ ਸਮਾਲਜ ਨੇ ਕੁਰਾਟੀਨ ਅਤੇ ਸੁਰੱਖਿਆ ਦੇ ਉਪਾਵਾਂ ਦੀ ਉਲੰਘਣਾ ਕੀਤੀ ਹੈ। ਪਰ ਸਮਾਲਜ ਦਾ ਕਹਿਣਾ ਸੀ ਕਿ ਉਸ ਨੂੰ ਉਸ ਵੱਲੋਂ ਆਪਣੇ ਹੱਕਾਂ ਲਈ ਜਥੇਬੰਦ ਹੋਣ ਦੇ ਯਤਨਾ ਕਰਕੇ ਕੰਮ ਤੋਂ ਕੱਢਿਆ ਗਿਆ ਸੀ। ਨਿਊਯੌਰਕ ਦੇ ਅਟਾਰਨੀ ਜਨਰਲ ਨੇ ਇਸ ਘਟਨਾ ਦੀ ਜਾਂਚ ਕੀਤੀ ਅਤੇ ਐਮਾਜ਼ੌਨ 'ਤੇ ਮੁਕੱਦਮਾ ਚਲਾਇਆ ਅਤੇ ਸਮਾਲਜ ਨੂੰ ਉਸ ਦਾ ਕੰਮ ਵਾਪਸ ਦਿਵਾਉਣ ਲਈ ਯਤਨ ਕੀਤਾ।

ਕੰਮ ਤੋਂ ਕੱਢੇ ਜਾਣ ਬਾਅਦ ਸਮਾਲਜ ਚੁੱਪਚਾਪ ਨਹੀਂ ਬੈਠਿਆ ਅਤੇ ਕੰਮ ਤੋਂ ਕੱਢੇ ਜਾਣ ਤੋਂ ਛੇਤੀ ਬਾਅਦ ਉਸ ਨੇ ਐਮਾਜ਼ੋਨ ਲੇਬਰ ਯੂਨੀਅਨ ਦਾ ਗਠਨ ਕੀਤਾ।

ਯੂਨੀਅਨ ਬਾਰੇ ਸਮਾਲਜ ਦਾ ਕੋਈ ਤਜਰਬਾ ਨਹੀਂ ਸੀ ਅਤੇ ਨਾ ਹੀ ਉਸ ਨੇ ਯੂਨੀਅਨ ਨੂੰ ਜਥੇਬੰਦ ਕਰਨ ਦੇ ਕੰਮ ਅਤੇ ਮਾਇਕ ਸਹਾਇਤਾ ਲਈ ਸਥਾਪਤ ਮਜਦੂਰ ਯੂਨੀਅਨਾਂ 'ਤੇ ਟੇਕ ਰੱਖੀ।

ਇਸ ਦੇ ਉਲਟ ਉਸ ਨੇ ਇਸ ਮੁਹਿੰਮ ਲਈ ਗੋਫੰਡ ਮੀ ਰਾਹੀਂ ਪੈਸੇ ਇਕੱਤਰ ਕੀਤੇ। ਸਮਾਲਜ ਅਤੇ ਉਸ ਦੇ ਸਹਿ-ਬਾਨੀ ਡੈਰਿਕ ਪਾਲਮਰ - ਜਿਹੜਾ ਅਜੇ ਵੀ ਵੇਅਰਹਾਊਸ ਵਿੱਚ ਕੰਮ ਕਰ ਰਿਹਾ ਹੈ- ਨੇ ਆਪਣੇ ਸਾਥੀ ਕਾਮਿਆਂ ਤੱਕ ਪਹੁੰਚ ਕੀਤੀ।

ਕਾਮਿਆਂ ਵੱਲੋਂ ਵਰਤਿਆ ਜਾਂਦਾ ਬੱਸ-ਸਟਾਪ ਉਹਨਾਂ ਦੇ ਮਿਲਣ ਦਾ ਅੱਡਾ ਬਣ ਗਿਆ। ਕੰਮ ਖਤਮ ਕਰਕੇ ਵਾਪਸ ਘਰ ਜਾਣ ਵਾਲੇ ਕਾਮਿਆਂ ਨਾਲ ਗੱਲ ਕਰਨ ਲਈ ਸਮਾਲਜ ਅਤੇ ਉਸ ਦਾ ਸਾਥੀ ਬੱਸ-ਸਟਾਪ 'ਤੇ ਕਾਮਿਆਂ ਦੀ ਉਡੀਕ ਕਰਦੇ। ਉਹ ਉੱਥੇ ਅੱਗ ਬਾਲ ਰੱਖਦੇ ਅਤੇ ਅੱਗ ਸੇਕਦੇ ਲੋਕਾਂ ਨਾਲ ਗੱਲਾਂ ਕਰਦੇ। ਉਹ ਕਾਮਿਆਂ ਨੂੰ ਉੱਥੇ ਖਾਣਾ ਬਣਾ ਕੇ ਰਲ-ਮਿਲ ਕੇ ਖਾਣ ਦਾ ਸੱਦਾ ਦਿੰਦੇ।

ਸਮਾਲਜ ਦਸਦਾ ਹੈ, "ਸਾਡੇ ਕੋਲ ਉੱਥੇ 20 ਤੋਂ ਜਿ਼ਆਦਾ ਬਾਰਬੀਕਿਊ ਸਨ। ਅਸੀਂ ਹਰ ਹਫਤੇ, ਹਰ ਦਿਨ ਉਨ੍ਹਾਂ ਨੂੰ ਖਾਣਾ ਦਿੰਦੇ ਜਿਸ ਵਿੱਚ ਪੀਜਾ, ਚਿਕਨ, ਪੈਸਤਾ ਆਦਿ ਸਾਮਲ ਹੁੰਦਾ।" ਇੱਥੋਂ ਤੱਕ ਇਹਨਾਂ ਵਿੱਚੋਂ ਕੁੱਝ ਇਕੱਠਾਂ ਸਮੇਂ ਉਹ ਆਪਣੀ ਅੰਟੀ ਵੱਲੋਂ ਘਰ ਦਾ ਬਣਾਇਆ ਖਾਣਾ ਵੀ ਲੈ ਕੇ ਆਇਆ ਸੀ।

ਉਹ ਕਾਮਿਆਂ ਨਾਲ ਆਪਣੇ ਹੱਕਾਂ ਬਾਰੇ ਲੜਨ ਦੀ, ਕੰਮ 'ਤੇ ਸਖਤ ਮੁਸੱਕਤ ਦੀਆਂ ਗੱਲ ਕਰਦੇ। ਉਹ ਗੱਲਾਂ ਕਰਦੇ ਸਾਰਾ ਦਿਨ ਖੜ੍ਹੇ ਹੋਣ ਕਾਰਨ ਪੈਰਾਂ ਦੀ ਹੋਣ ਵਾਲੀ ਬਦਤਰ ਹਾਲਤ ਦੀ, ਘੰਟਿਆਂ ਬੱਧੀ ਵਾਰ ਵਾਰ ਇਕ ਹੀ ਤਰ੍ਹਾਂ ਦੇ ਸਰੀਰਕ ਤੌਰ 'ਤੇ ਸਖਤ ਕੰਮ ਕਰਨ ਨਾਲ ਹੁੰਦੇ ਬੁਰੇ ਹਾਲ ਦੀ। ਉਹ ਉਹਨਾਂ ਨੂੰ ਮਿਲਣ ਵਾਲੀਆਂ ਬਹੁਤ ਹੀ ਥੋੜ੍ਹੀਆਂ ਛੋਟੀਆਂ ਬ੍ਰੇਕਾਂ ਦੀ ਬਾਤ ਪਾਉਂਦੇ।

ਕਿਸੇ ਨੂੰ ਵੀ ਉਮੀਦ ਨਹੀਂ ਸੀ ਕਿ ਇਹ ਉਘੜ-ਦੁਗੜੀ ਛੋਟੀ ਜਿਹੀ ਗ੍ਰਾਸ-ਰੂਟ ਪੱਧਰ ਦੀ ਮੁਹਿੰਮ ਏਡੀ ਵੱਡੀ ਕੰਪਨੀ ਵਿਰੁੱਧ ਜਿੱਤ ਪ੍ਰਾਪਤ ਕਰ ਸਕੇਗੀ। ਪਰ ਸਮਾਲਜ ਡਟਿਆ ਰਿਹਾ ਅਤੇ ਅਖੀਰ ਵਿੱਚ ਯੂਨੀਅਨ ਬਾਰੇ ਵੋਟਾਂ ਪਵਾਉਣ ਲਈ ਲੋੜੀਂਦੀ 30% ਕਾਮਿਆਂ ਵੱਲੋਂ ਦਸਖਤ ਕਰਨ ਦੀ ਸਰਤ ਪੂਰੀ ਕਰਨ ਵਿੱਚ ਕਾਮਯਾਬ ਹੋ ਗਿਆ।

ਇਸ ਦੌਰਾਨ ਐਮਾਜ਼ੌਨ ਨੇ ਕਾਮਿਆਂ ਵੱਲੋਂ ਯੂਨੀਅਨ ਬਣਾਉਣ ਦੀ ਮੁਹਿੰਮ ਵਿਰੁੱਧ ਲੜਨ ਲਈ ਲੇਬਰ ਕਨਸਲਟੈਂਟਾਂ 'ਤੇ ਲੱਖਾਂ ਡਾਲਰ ਖਰਚ ਕੀਤੇ। ਕੰਪਨੀ ਨੇ ਵੇਅਰਹਾਊਸ ਵਿੱਚ ਕਾਮਿਆਂ ਨੂੰ ਉਨ੍ਹਾਂ ਮੀਟਿੰਗਾਂ ਵਿੱਚ ਆਉਣ ਲਈ ਮਜਬੂਰ ਕੀਤਾ ਜਿਹਨਾਂ ਵਿੱਚ ਉਹਨਾਂ ਨੂੰ ਯੂਨੀਅਨ ਦੇ ਵਿਰੁੱਧ ਵੋਟ ਪਾਉਣ ਲਈ ਕਿਹਾ ਜਾਂਦਾ ਸੀ।

ਇੱਥੋਂ ਤੱਕ ਕਿ ਇਸ ਸਾਲ ਦੇ ਸੁਰੂ ਵਿੱਚ ਕੰਪਨੀ ਨੇ ਸਮਾਲਜ ਅਤੇ ਉਸ ਦੇ ਸਾਥੀ ਯੂਨੀਅਨ ਆਰਗੇਨਾਈਜਰਾਂ ਨੂੰ ਉਸ ਸਮੇਂ ਗ੍ਰਿਫਤਾਰ ਕਰਵਾ ਦਿੱਤਾ ਜਦੋਂ ਉਹ ਵੇਅਰਹਾਊਸ ਦੀ ਪਾਰਕਿੰਗ ਲਾਟ ਵਿੱਚ ਦੂਜੇ ਕਾਮਿਆਂ ਨੂੰ ਖਾਣਾ ਅਤੇ ਯੂਨੀਅਨ ਦੀ ਸਮੱਗਰੀ ਦੇਣ ਗਏ ਸਨ।

ਐਮਾਜ਼ੌਨ ਵਾਲੇ ਕਾਮਿਆਂ ਨੂੰ ਕਹਿੰਦੇ ਹਨ ਕਿ ਯੂਨੀਅਨ ਤੋਂ ਬਿਨਾਂ ਹੀ ਇਹ ਥਾਂ ਕੰਮ ਕਰਨ ਲਈ ਬਹੁਤ ਵਧੀਆ ਥਾਂ ਹੈ। ਇੱਥੇ ਉਹਨਾਂ ਨੂੰ ਚੰਗੀ ਤਨਖਾਹ ਅਤੇ ਫੁੱਲ ਟਾਇਮ ਕਾਮਿਆਂ ਲਈ ਸਿਹਤ ਸੰਭਾਲ ਦੀ ਕਵਰੇਜ ਵਰਗੇ ਚੰਗੇ ਬੈਨੀਫਿਟ ਮਿਲਦੇ ਹਨ ਅਤੇ ਕਾਲਜ ਵਿੱਚ ਪੜ੍ਹਨ ਲਈ ਕਾਮਿਆਂ ਨੂੰ ਪੂਰੀ ਟਿਊਸਨ ਫੀਸ ਦਿੱਤੀ ਜਾਂਦੀ ਹੈ।

ਪਰ ਸਮਾਲਜ ਦੀਆਂ ਕੋਸਿ਼ਸਾਂ ਕਾਮਯਾਬ ਰਹੀਆਂ। 5000 ਦੇ ਕਰੀਬ ਕਾਮਿਆਂ ਨੇ ਵੋਟਾਂ ਪਾਈਆਂ ਅਤੇ ਯੂਨੀਅਨ ਬਣਾਉਣ ਵਾਲਿਆਂ ਦੀ ਵੋਟਾਂ ਵਿੱਚ ਵੱਡੇ ਫਰਕ ਨਾਲ ਜਿੱਤ ਹੋਈ - ਉਹ 500 ਤੋਂ ਵੱਧ ਵੋਟਾਂ ਦੇ ਫਰਕ ਨਾਲ ਜੇਤੂ ਰਹੇ।

ਦੋ ਸਾਲ ਪਹਿਲਾਂ ਐਮਾਜ਼ੌਨ ਕੰਪਨੀ ਯੂਨੀਅਨ ਬਣਾਉਣ ਦੀ ਇਸ ਮੁਹਿੰਮ ਦਾ ਮਖੌਲ ਉਡਾਉਣਾ ਚਾਹੁੰਦੀ ਸੀ, ਜਦੋਂ ਇਸ ਨੇ ਆਪਣੀ ਪੀ ਆਰ (ਪਬਲਿਕ ਰਿਲੇਸਨ) ਦੀ ਰਣਨੀਤੀ ਵਿੱਚ ਕਿਹਾ ਸੀ ਕਿ ਉਹ ਸਮਾਲਜ ਨੂੰ "ਯੂਨੀਅਨ/ਜਥੇਬੰਦੀ ਦੀ ਲਹਿਰ ਦਾ ਚਿਹਰਾ ਬਣਾ ਦੇਵੇਗੀ"।

ਬਿਲਕੁਲ ਇਸ ਤਰ੍ਹਾਂ ਹੀ ਹੋਇਆ। ਸਮਾਲਜ ਹੁਣ ਦੇ ਸਮਿਆਂ ਵਿੱਚ ਯੂਨੀਅਨ ਬਣਾਉਣ ਦੀ ਸਭ ਤੋਂ ਵੱਧ ਕਾਮਯਾਬ ਮੁਹਿੰਮ ਦਾ ਚਿਹਰਾ ਬਣ ਗਿਆ ਹੈ।

ਐਮਾਜ਼ੌਨ ਨੂੰ ਬਹੁਤ ਹੀ ਜਿੱਚ ਕਰਨ ਵਾਲੀ ਹਾਰ ਦਾ ਮੂੰਹ ਦੇਖਣਾ ਪਿਆ ਹੈ।

ਸਮਾਲਜ ਦਾ ਕਹਿਣਾ ਹੈ, "ਐਮਾਜ਼ੌਨ ਲੋਕਾਂ ਤੋਂ ਬਿਨਾਂ ਐਮਾਜ਼ੌਨ ਨਹੀਂ ਬਣੀ। ਅਤੇ ਜੋ ਐਮਾਜ਼ੌਨ ਅੱਜ ਹੈ, ਉਹ ਅਸੀਂ ਹੀ ਇਸ ਨੂੰ ਬਣਾਇਆ ਹੈ।"


Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2022 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla
BSc.Pharm
Satvachan Lal
B.Sc.Pharm
#1150, 4818 Westwindus Drive NE. Calgary
403-293-9360



Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions



Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

# Homelife Silvercity Awards Night was very successful

Homelife Silvercity Awards Night was very successful, motivational and energetic event. We are proud of big brother our president Ajit Garcha Baljit Garcha and our whole team. We have grown over 800 brokers and sales representatives in few years. We thanks everyone who supported our team in any way. Special Thanks to all media, staff and our team. With Surjit Mangat Nirmal Randhawa Sukhdarshan Mangat Ruhi Sood Kulwinder Singh Chhina Ravi Mangat Baljinder Sandhu Sukhminder Aulakh Siloani Surjit Grewal Kamal Grewal Premjit Grewal Threeke Jagraj Sidhu Rajwinder Singh Gill Raman Angroya Darshan Singh Randhawa Mindri Sandhu Kuldip Grewal Jasbir Bajwa Harinder Randhawa Amandeep Kaur Harbans Sidhu Jagroop Mangat Rajvinder S Mangat Karamjeet Brar Harbans Singh Rajiv Bawa Atinder Kaler Sukhdev Dhillon Amarjit Girn Amar Singh Bhullar Gary Grewal Rajvinder Mangat German Sandhu Kanwerjit Gill Charanjit Gill







ਜੌਬ ——ਜੌਬ ——ਜੌਬ
Mantra construction ਕੰਪਨੀ ਨੂੰ ਕੰਮ ਵਾਸਤੇ ਇਕ ਹਿਲਪਰ ਦੀ ਲੋੜ ਹੈ ਜਿਸਦੇ ਕੋਲ ਆਪਣੀ ਗੱਡੀ ਤੇ G ਲੈਸੰਸ ਹੋਣਾ ਜ਼ਰੂਰੀ ਹੈ ਜੌਬ ਲਈ ਹੇਠ ਲਿਖੇ ਫ਼ੋਨ ਤੇ ਸੰਪਰਕ ਕਰ ਸਕਦੇ ਹੋ
Phone :- 416 833 2162

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON Unit 19
Email : bob@dmtransport.ca
Web : www.dmtransport.ca

Hiring AZ drivers and owner operator



Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

HMP ਐਚ ਐਮ ਪੀ ਪ੍ਰੋਫ਼ੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਭਾਰਤ ਦੀ ਹੋਂਦ ਨੂੰ ਦਰੜ ਰਿਹਾ ਭਗਵਾਂ ਬੁਲਡੋਜ਼ਰ ਰਾਜ

ਬੂਟਾ ਸਿੰਘ ਮਹਿਮੂਦਪੁਰ
94634-74342






ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਦ ਆਰ.ਐੱਸ.ਐੱਸ.-ਭਾਜਪਾ ਨੇ ਫਿਰਕੂ ਪਾਲਾਬੰਦੀ ਦੀ ਮੁਹਿੰਮ ਹੋਰ ਤੇਜ਼ ਕਰ ਦਿੱਤੀ ਹੈ। ਪਿਛਲੇ ਦਿਨੀਂ ਹਰਦਵਾਰ 'ਚ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਘ ਦੇ ਮੁਖੀ ਨੇ ਐਲਾਨ ਕੀਤਾ ਕਿ ਉਂਞ ਤਾਂ 'ਅਖੰਡ ਭਾਰਤ' 20-25 ਸਾਲ 'ਚ ਬਣਨਾ ਹੈ ਪਰ ਸਾਰੇ ਥੋੜ੍ਹਾ ਯਤਨ ਕਰਨਗੇ ਤਾਂ ਇਹ 10-15 ਸਾਲ 'ਚ ਹੀ ਬਣ ਜਾਵੇਗਾ। ਉਸ ਨੇ ਇਹ ਵੀ ਕਿਹਾ ਕਿ ਜੋ ਇਸ ਨੂੰ ਰੋਕਣ ਦਾ ਯਤਨ ਕਰਨਗੇ ਉਹ ਮਿਟ ਜਾਣਗੇ। ਆਰ.ਐੱਸ.ਐੱਸ. ਦੇ ਸ਼ਬਦ ਕੋਸ਼ 'ਚ 'ਅਖੰਡ ਭਾਰਤ' ਜਾਂ 'ਸੰਪੂਰਨ ਸਮਾਜ' ਤੋਂ ਭਾਵ ਅਫ਼ਗਾਨਿਸਤਾਨ, ਪਾਕਿਸਤਾਨ, ਬੰਗਲਾ ਦੇਸ਼, ਤਿੱਬਤ, ਭੂਟਾਨ, ਨੇਪਾਲ, ਮਿਆਂਮਾਰ, ਮਾਲਦੀਵ ਅਤੇ ਸ਼੍ਰੀਲੰਕਾ ਨੂੰ ਭਾਰਤ ਵਿਚ ਮਿਲਾ ਕੇ ਹਿੰਦੂ ਰਾਸ਼ਟਰ ਤੋਂ ਬਣਾਉਣ ਤੋਂ ਹੈ।

ਸੰਘ ਮੁਖੀ ਨੇ ਇਹ ਵੀ ਸਪਸ਼ਟ ਕਿਹਾ ਹੈ ਕਿ ਸਨਾਤਨ ਧਰਮ ਹੀ ਹਿੰਦੂ ਰਾਸ਼ਟਰ ਹੈ। ਇਹ ਬਿਆਨ ਉਸ ਵਕਤ ਦਿੱਤਾ ਗਿਆ ਹੈ ਜਦੋਂ ਤਾਜ਼ਾ ਭਗਵੇਂ ਹਮਲਿਆਂ ਕਾਰਨ ਮੁਸਲਿਮ ਭਾਈਚਾਰਾ ਪਹਿਲਾਂ ਹੀ ਭਾਰਤ ਵਿਚ ਆਪਣੇ ਭਵਿੱਖ ਨੂੰ ਲੈ ਕੇ ਸਹਿਮਿਆ ਹੋਇਆ ਹੈ। ਸ਼੍ਰੀ ਭਾਗਵਤ ਦਾ 'ਅਖੰਡ ਭਾਰਤ' ਦਾ ਰਾਗ ਦੰਗਈ ਬਰਗੇਡ ਨੂੰ ਹੱਲਾਸ਼ੇਰੀ ਦੇਣ ਲਈ ਹੈ ਤਾਂ ਜੋ ਫਿਰਕੂ ਪਾਲਾਬੰਦੀ ਰਾਹੀਂ ਸਾਵਰਕਰ ਦੇ ਸੁਪਨਿਆਂ ਦੇ 'ਹਿੰਦੂ ਰਾਸ਼ਟਰ' ਦੀ ਜ਼ਮੀਨ ਤਿਆਰ ਕੀਤੀ ਜਾ ਸਕੇ। ਯਤੀ ਨਰਸਿੰਘਾਨੰਦ ਅਤੇ ਹੋਰ ਭਗਵੇਂ ਭੇਖਧਾਰੀ ਠੱਗਾਂ ਵੱਲੋਂ ਦਿੱਲੀ ਅਤੇ ਹਰਦਵਾਰ ਵਿਚ 'ਧਰਮ ਸੰਸਦਾਂ' ਆਯੋਜਿਤ ਕਰਕੇ ਹਿੰਦੂਆਂ ਨੂੰ ਹਥਿਆਰ ਚੁੱਕਣ, ਮੁਸਲਮਾਨਾਂ ਦਾ ਕਤਲੇਆਮ ਕਰਨ ਦੇ ਸੱਦੇ ਖੁੱਲ੍ਹੇਆਮ ਅਤੇ ਵਾਰ-ਵਾਰ ਦਿੱਤੇ ਗਏ ਜੋ ਬੇਰੋਕ-ਟੋਕ ਜਾਰੀ ਹਨ। ਭੜਕਾਊ ਭਾਸ਼ਣ ਦੇਣ ਵਾਲਿਆਂ ਵਿਚ ਸੁਦਰਸ਼ਨ ਨਿਊਜ਼ ਚੈਨਲ ਦਾ ਮੁਖੀ ਸੁਰੇਸ਼ ਚਵਾਨਕੇ ਵੀ ਸੀ ਅਤੇ ਭਾਜਪਾ ਦੇ ਕਈ ਆਗੂ ਵੀ ਉੱਥੇ ਹਾਜ਼ਰ ਸਨ। ਸਾਧਵੀ ਰਿਤੰਭਰਾ ਨੇ ਹਰ ਹਿੰਦੂ ਜੋੜੇ ਨੂੰ ਚਾਰ ਬੱਚੇ ਜੰਮ ਕੇ ਦੋ ਆਰ.ਐੱਸ.ਐੱਸ. ਅਤੇ ਦੋ ਭਾਜਪਾ ਨੂੰ ਦੇਣ ਦਾ ਸੱਦਾ ਦਿੱਤਾ ਹੈ। ਜੋ ਹਿੰਦੂ ਔਰਤਾਂ ਸਿਰਫ਼ ਇਕ ਬੱਚਾ ਜੰਮਦੀਆਂ ਹਨ, ਯਤੀ ਨਰਸਿੰਘਾਨੰਦ ਅਨੁਸਾਰ ਉਹ ਆਪਣੇ ਹੀ ਬੱਚੇ ਖਾਣ ਵਾਲੀਆਂ ਸੱਪਣੀਆਂ ਹਨ। ਪ੍ਰਧਾਨ ਮੰਤਰੀ ਜ਼ੁਬਾਨ ਨੂੰ ਤਾਲਾ ਲਾ ਕੇ ਇਸ ਜ਼ਹਿਰੀਲੀ ਮੁਹਿੰਮ ਨੂੰ ਖ਼ਾਮੋਸ਼ ਸਹਿਮਤੀ ਅਤੇ ਰਾਜਕੀ ਸਰਪ੍ਰਸਤੀ ਦੇ ਰਿਹਾ ਹੈ। ਦੂਜੇ ਪਾਸੇ ਮਿਸਟਰ ਮੋਦੀ ਠੀਕ ਇਸੇ ਵਕਤ ਗੁਰੂ ਤੇਗ ਬਹਾਦਰ ਸਾਹਿਬ ਦੇ 400 ਸਾਲਾ ਪ੍ਰਕਾਸ਼ ਪੁਰਬ ਮੌਕੇ ਲਾਲ ਕਿਲੇ 'ਚ ਕਰਵਾਏ ਸਮਾਗਮ ਦੇ ਮੰਚ ਨੂੰ ਔਰੰਗਜੇਬ ਦੀ ਕਹਾਣੀ ਸੁਣਾਉਣ ਦੇ ਨਾਂ ਹੇਠ ਮੁਸਲਮਾਨਾਂ ਅਤੇ ਇਸਲਾਮ ਵਿਰੁੱਧ ਨਫ਼ਰਤ ਫੈਲਾਉਣ ਲਈ ਵਰਤਣ ਦੀ ਬੇਸ਼ਰਮੀ ਕਰਦਾ ਹੈ। ਨੌਵੇਂ ਗੁਰੂ ਨੇ ਦੂਜੇ ਧਰਮ ਨੂੰ ਮੰਨਣ ਵਾਲਿਆਂ ਦੀ ਧਰਮ ਆਜ਼ਾਦੀ ਦੀ ਰਾਖੀ ਲਈ ਸ਼ਹਾਦਤ ਦਿੱਤੀ ਅਤੇ ਉਨ੍ਹਾਂ ਦਾ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦਾ ਨਜ਼ਰੀਆ ਫਾਸ਼ੀਵਾਦੀ ਸੰਘੀ ਵਿਚਾਰਧਾਰਾ ਤੋਂ ਪੂਰੀ ਤਰ੍ਹਾਂ ਉਲਟ ਸੀ ਜੋ ਦੂਜੇ ਧਰਮਾਂ ਨੂੰ ਮੰਨਣ ਵਾਲੇ ਆਪਣੇ ਹੀ ਹਮਵਤਨੀਆਂ ਨੂੰ 'ਬੇਗਾਨੇ' ਕਰਾਰ ਦੇ ਕੇ ਉਨ੍ਹਾਂ ਨੂੰ ਦਬਾਉਣ ਅਤੇ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਨੂੰ ਖੋਹਣ 'ਚ ਵਿਸ਼ਵਾਸ ਰੱਖਦੀ ਹੈ।

ਨਵਰਾਤਰੀ ਦੇ ਪੂਰੇ ਨੌਂ ਦਿਨ ਦਿੱਲੀ ਦੇ ਖ਼ਾਸ ਹਿੱਸਿਆਂ 'ਚ ਮੀਟ ਵੇਚਣ ਉੱਪਰ ਭਗਵਾਂ ਬਰਗੇਡ ਵੱਲੋਂ ਪਾਬੰਦੀ ਲਗਾ ਕੇ ਹਿੰਦੂ-ਮੁਸਲਿਮ ਟਕਰਾਓ ਪੈਦਾ ਕੀਤਾ ਗਿਆ। ਕੇਜਰੀਵਾਲ ਹਕੂਮਤ ਨੇ ਇਸ ਵਾਰ ਵੀ ਗ਼ਰੀਬ ਮੁਸਲਮਾਨਾਂ ਦੇ ਕਾਰੋਬਾਰਾਂ ਨੂੰ ਬਚਾਉਣ ਲਈ ਕੋਈ ਕਦਮ ਨਹੀਂ ਚੁੱਕਿਆ। 2020 'ਚ ਮੁਸਲਮਾਨਾਂ ਵਿਰੁੱਧ ਹਿੰਸਾ ਸਮੇਂ ਦਰਸ਼ਕ ਬਣੇ ਰਹਿਣ ਦੀ ਤਰਜ਼ 'ਤੇ ਇਸ ਵਾਰ ਵੀ ਕੇਜਰੀਵਾਲ ਬੈਠਾ ਦੇਖਦਾ ਰਿਹਾ। ਠੀਕ ਹੈ, ਦਿੱਲੀ ਪੁਲਿਸ ਕੇਂਦਰੀ ਗ੍ਰਹਿ ਮੰਤਰਾਲੇ ਦੇ ਕੰਟਰੋਲ ਹੇਠ ਹੈ, ਕੀ ਕੇਜਰੀਵਾਲ ਗੈਂਗ ਦੀ ਜ਼ੁਬਾਨ ਵੀ ਗ੍ਰਹਿ ਮੰਤਰਾਲੇ ਦੇ ਕਬਜ਼ੇ 'ਚ ਹੈ? ਉਹ ਬਜ਼ਾਰਾਂ ਅਤੇ ਮੁਹੱਲਿਆਂ 'ਚ ਜਾ ਕੇ ਮੁਸਲਮਾਨਾਂ ਨਾਲ ਕਿਉਂ ਨਹੀਂ ਖੜ੍ਹੇ?

ਇਸ ਤੋਂ ਪਹਿਲਾਂ ਕਰਨਾਟਕਾ 'ਚ ਸਕੂਲਾਂ-ਕਾਲਜਾਂ ਵਿਚ ਹਿਜਾਬ ਪਹਿਨਣ ਨੂੰ ਮੁੱਦਾ ਬਣਾਇਆ ਗਿਆ ਤਾਂ ਜੋ ਮੁਸਲਿਮ ਲੜਕੀਆਂ ਨੂੰ ਪੜ੍ਹਾਈ ਤੋਂ ਬਾਹਰ ਕੀਤਾ ਜਾ ਸਕੇ। 'ਕਸ਼ਮੀਰ ਫ਼ਾਈਲਜ਼' ਫਿਲਮ ਦੇ ਬਹਾਨੇ ਕਸ਼ਮੀਰੀ ਪੰਡਤਾਂ ਦੇ ਉਜਾੜੇ ਅਤੇ ਹਿਜ਼ਰਤ ਦੇ ਸੰਤਾਪ ਨੂੰ ਫਿਰਕੂ ਪਾਲਾਬੰਦੀ ਲਈ ਵਰਤਿਆ ਗਿਆ। ਫਿਰ ਭਗਵੇਂ ਆਗੂਆਂ ਵੱਲੋਂ ਧਾਰਮਿਕ ਸਮਾਗਮਾਂ ਦੇ ਬਹਾਨੇ ਮੀਟ ਦੀ ਵਿਕਰੀ ਬੰਦ ਕਰਾਈ ਗਈ। ਮਾਸਾਹਾਰੀ ਖਾਣੇ ਨੂੰ ਮੁੱਦਾ ਬਣਾ ਕੇ ਜੇ.ਐੱਨ.ਯੂ. 'ਚ ਮੁੜ ਹਿੰਸਕ ਹਮਲਾ ਕੀਤਾ ਗਿਆ। ਦੁਕਾਨਾਂ ਬੰਦ ਰਹਿਣ ਕਾਰਨ ਮੀਟ ਵਿਕ੍ਰੇਤਾਵਾਂ, ਜੋ ਮੁੱਖ ਤੌਰ 'ਤੇ ਛੋਟੀਆਂ-ਛੋਟੀਆਂ ਦੁਕਾਨਾਂ ਚਲਾਉਣ ਵਾਲੇ ਮੁਸਲਮਾਨ ਹਨ, ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਉਨ੍ਹਾਂ 'ਚ ਡੂੰਘੀ ਬੇਚੈਨੀ ਅਤੇ ਗੁੱਸਾ ਖੌਲ਼ ਰਿਹਾ ਹੈ। ਸੰਘ ਬਰਗੇਡ ਇਸ ਬੇਚੈਨੀ ਅਤੇ ਗੁੱਸੇ ਨੂੰ ਫਿਰਕੂ ਝੜਪਾਂ 'ਚ ਬਦਲਣਾ ਚਾਹੁੰਦਾ ਹੈ। ਮੀਟ ਬੰਦ ਕਰਾਉਣ ਤੋਂ ਬਾਦ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਪੱਛਮੀ ਬੰਗਾਲ ਸਮੇਤ ਘੱਟੋਘੱਟ ਛੇ ਰਾਜਾਂ ਵਿਚ ਮੁਸਲਿਮ ਭਾਈਚਾਰੇ ਦੀਆਂ ਦੁਕਾਨਾਂ ਅਤੇ ਮਸਜਿਦਾਂ ਦੀ ਗਿਣ-ਮਿਥ ਕੇ ਭੰਨਤੋੜ ਕੀਤੀ ਗਈ ਹੈ। ਭਗਵੇਂ ਹਜੂਮ ਵੱਲੋਂ ਰਾਮ ਨੌਮੀ ਅਤੇ ਹਨੂਮਾਨ ਜੈਅੰਤੀ ਦੇ ਜਲੂਸਾਂ ਵਿਚ ਖੁੱਲ੍ਹੇਆਮ ਤਲਵਾਰਾਂ ਲਹਿਰਾ ਕੇ, ਮਸਜਿਦਾਂ ਅੱਗੇ ਕੰਨ ਪਾੜਵੀਂ ਆਵਾਜ਼ 'ਚ ਡੀਜੇ ਵਜਾ ਕੇ ਅਤੇ ਭੜਕਾਊ ਨਾਅਰੇ ਲਗਾ ਕੇ ਧੌਂਸ ਜਮਾਈ ਗਈ। ਗੁੰਬਦਾਂ ਉੱਪਰ ਭਗਵੇਂ ਝੰਡੇ ਟੰਗ ਕੇ ਅਤੇ ਮਸਜਿਦਾਂ ਤੇ ਦੁਕਾਨਾਂ ਦੀ ਭੰਨਤੋੜ ਕਰਕੇ ਮਾਹੌਲ ਭੜਕਾਇਆ ਗਿਆ।

ਰਾਜਸਥਾਨ ਦੇ ਕਰੌਲੀ, ਮੱਧ ਪ੍ਰਦੇਸ਼ ਦੇ ਖਰਗੋਨ ਅਤੇ ਹੋਰ ਥਾਵਾਂ ਉੱਪਰ ਮੁਸਲਿਮ ਭਾਈਚਾਰੇ ਨੂੰ ਚੁਣ-ਚੁਣ ਕੇ ਨਿਸ਼ਾਨਾ ਬਣਾਇਆ ਗਿਆ। ਕਰੌਲੀ 'ਚ ਹਿੰਦੂ ਨਵੇਂ ਵਰ੍ਹੇ ਦੇ ਜਸ਼ਨ ਮਨਾਉਣ ਲਈ 2 ਅਪ੍ਰੈਲ ਨੂੰ ਆਰ.ਐੱਸ.ਐੱਸ. ਦੇ ਸਥਾਨਕ ਆਗੂ ਸਾਹਿਬ ਸਿੰਘ ਗੁਰਜਰ ਦੀ ਅਗਵਾਈ ਹੇਠ ਰੈਲੀ ਕੱਢੀ ਗਈ ਜੋ ਮੁਸਲਿਮ ਵਿਰੋਧੀ ਭੜਕਾਊ ਨਾਅਰਿਆਂ ਤੋਂ ਚੁਣਵੀਂਆਂ ਦੁਕਾਨਾਂ ਦੀ ਸਾੜਫੂਕ ਅਤੇ ਹਮਲਿਆਂ 'ਚ ਬਦਲ ਗਈ। ਕਰੌਲੀ 'ਚ 62 ਦੁਕਾਨਾਂ/ਕਾਰੋਬਾਰਾਂ ਦੀ ਭੰਨਤੋੜ ਹੋਈ ਜਿਨ੍ਹਾਂ ਵਿੱਚੋਂ 59 ਦੁਕਾਨਾਂ ਮੁਸਲਮਾਨਾਂ ਦੀਆਂ ਸਨ। ਇਕ ਅੰਦਾਜ਼ੇ ਅਨੁਸਾਰ 5 ਕਰੋੜ ਤੋਂ ਵਧੇਰੇ ਨੁਕਸਾਨ ਹੋਇਆ ਹੈ। ਪੁਲਿਸ ਨੇ ਇਹ ਦੋਸ਼ ਲਗਾ ਕੇ ਮੁਸਲਮਾਨਾਂ ਵਿਰੁੱਧ ਹੀ ਕੇਸ ਦਰਜ ਕਰ ਲਏ ਕਿ ਉਨ੍ਹਾਂ ਨੇ ਹਿੰਦੂਆਂ ਦੇ ਧਾਰਮਿਕ ਜਲੂਸ ਉੱਪਰ ਪਥਰਾਓ ਕੀਤਾ ਸੀ। ਇਹ ਚੇਤੇ ਰੱਖਣਾ ਹੋਵੇਗਾ ਕਿ ਅਗਲੇ ਸਾਲ ਰਾਜਸਥਾਨ 'ਚ ਵਿਧਾਨ ਸਭਾ ਚੋਣਾਂ ਹੋਣਗੀਆਂ। ਹੁਣ ਕਾਂਗਰਸ ਸੱਤਾ ਵਿਚ ਹੈ ਅਤੇ ਅਗਲੀਆਂ ਚੋਣਾਂ ਦੀ ਤਿਆਰੀ ਲਈ ਆਰ.ਐੱਸ.ਐੱਸ.-ਭਾਜਪਾ ਫਿਰਕੂ ਪਾਲਾਬੰਦੀ ਰਾਹੀਂ ਵੋਟ ਆਧਾਰ ਵਧਾ ਰਹੀ ਹੈ। ਦੰਗੇ ਕਰਵਾ ਕੇ ਹਿੰਦੂ ਫਿਰਕੇ ਨੂੰ ਉਕਸਾਇਆ ਜਾ ਰਿਹਾ ਹੈ ਕਿ ਕਾਂਗਰਸ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦੀ ਨੀਤੀ 'ਤੇ ਚੱਲਦੀ ਹੈ ਅਤੇ 'ਦੰਗਈ ਮੁਸਲਮਾਨਾਂ' ਨਾਲ ਸਖ਼ਤੀ ਨਾਲ ਪੇਸ਼ ਨਹੀਂ ਆਉਂਦੀ, ਦੰਗੇ ਇਸ ਕਰਕੇ ਹੁੰਦੇ ਹਨ। ਇਹ ਵੀ ਕਿ ਜੇ ਭਾਜਪਾ












ਦਾ ਰਾਜ ਹੋਵੇਗਾ ਤਾਂ ਮੁਸਲਮਾਨਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

ਭਾਜਪਾ ਸ਼ਾਸ਼ਿਤ ਮੱਧ ਪ੍ਰਦੇਸ਼ ਵਿਚ ਖਰਗੋਨ 'ਚ ਵੀ ਰਾਮਨੌਮੀ ਦੇ ਨਾਂ ਹੇਠ 'ਕਸ਼ਮੀਰ ਫ਼ਾਈਲਜ਼' ਫਿਲਮ ਦੇ ਵੱਡੇ ਵੱਡੇ ਪੋਸਟਰ ਚੁੱਕ ਕੇ ਭਗਵੇਂ ਜਲੂਸ ਕੱਢੇ ਗਏ ਅਤੇ ਮਸਜਿਦਾਂ ਅੱਗੇ ਭੜਕਾਊ ਹਰਕਤਾਂ ਕਰਕੇ ਹਿੰਸਾ ਭੜਕਾਈ ਗਈ। ਮੁਸਲਮਾਨਾਂ ਵਿਰੁੱਧ ਨਿੱਤ ਨਵਾਂ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਖਰਗੋਨ ਵਿਚ ਹਿੰਸਾ ਸ਼ੁਰੂ ਹੋਣ ਤੋਂ ਪਹਿਲਾਂ ਭਾਜਪਾ ਦੇ ਆਗੂ ਕਪਿਲ ਮਿਸ਼ਰਾ ਦਾ ਸ਼੍ਰੀਰਾਮ ਜਨਉਤਸਵ ਸ਼ੋਭਾ ਯਾਤਰਾ ਵਿਚ ਸ਼ਾਮਿਲ ਹੋਣਾ ਡੂੰਘੀ ਸਾਜ਼ਿਸ਼ ਦਾ ਸਾਫ਼ ਸੰਕੇਤ ਹੈ। (ਇਸੇ ਕਪਿਲ ਮਿਸ਼ਰਾ ਨੇ ਉੱਤਰ-ਪੂਰਬੀ ਦਿੱਲੀ ਵਿਚ ਮੁਸਲਿਮ ਵਿਰੋਧੀ ਹਿੰਸਾ ਦੀ ਅਗਵਾਈ ਕੀਤੀ ਸੀ ਅਤੇ ਹੁਣ ਵੀ ਇਹ ਜਹਾਂਗੀਰਪੁਰੀ ਹਮਲੇ 'ਚ ਮੁਸਲਿਮ ਫਿਰਕੇ ਵਿਰੁੱਧ ਭੜਕਾਊ ਬਿਆਨਬਾਜ਼ੀ ਕਰਨ 'ਚ ਸਭ ਤੋਂ ਅੱਗੇ ਹੈ।) ਮੁਸਲਮਾਨਾਂ ਨੂੰ ਮਾਰਨ ਦੇ ਸੱਦੇ ਦਿੰਦੇ ਭੜਕਾਊ ਗੀਤ ਡੀ.ਜੇ. ਉੱਪਰ ਲਗਾ ਕੇ ਮਸਜਿਦਾਂ ਅੱਗੇ ਡਾਂਸ ਕੀਤੇ ਗਏ। ਜਦੋਂ ਇਸ ਦੇ ਪ੍ਰਤੀਕਰਮ 'ਚ ਖਰਗੋਨ, ਸੇਧਵਾਂ ਆਦਿ ਜ਼ਿਲ੍ਹਿਆਂ 'ਚ ਟਕਰਾਓ ਪੈਦਾ ਹੋ ਗਿਆ ਤਾਂ ਮੁਸਲਮਾਨਾਂ ਉੱਪਰ ਗਿਣਿਆ-ਮਿਥਿਆ ਹਮਲਾ ਸ਼ੁਰੂ ਕਰ ਦਿੱਤਾ ਗਿਆ। ਭਾਜਪਾ ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਮੁਸਲਮਾਨਾਂ ਦੇ ਘਰ ਇਸ ਬਹਾਨੇ ਤੋੜ ਦਿੱਤੇ ਗਏ ਕਿ ਉਨ੍ਹਾਂ ਨੇ ਰਾਮ ਨੌਮੀ ਦੇ ਜਲੂਸ ਉੱਪਰ ਪਥਰਾਓ ਕੀਤਾ ਸੀ। ਖਰਗੋਨ 'ਚ 45 ਮਕਾਨ ਗ਼ੈਰਕਾਨੂੰਨੀ ਉਸਾਰੀਆਂ ਕਰਾਰ ਦੇ ਕੇ ਤੋੜ ਦਿੱਤੇ ਗਏ। ਇਨ੍ਹਾਂ ਵਿਚ ਇਕ ਬਜ਼ੁਰਗ ਔਰਤ ਹਸੀਨਾ ਫ਼ਖ਼ਰੂ ਦਾ ਘਰ ਵੀ ਸੀ ਜੋ ਸਰਕਾਰੀ ਸਕੀਮ ਪ੍ਰਧਾਨ ਮੰਤਰੀ ਅਵਾਸ ਯੋਜਨਾ ਤਹਿਤ ਬਣਾਇਆ ਗਿਆ ਸੀ। ਹਕੂਮਤ ਨੇ ਬਾਕਾਇਦਾ ਹੁਕਮ ਦੇ ਕੇ ਮੁਸਲਿਮ ਜਾਇਦਾਦਾਂ ਨੂੰ ਨਸ਼ਟ ਕਰਾਉਣਾ ਸ਼ੁਰੂ ਕਰ ਦਿੱਤਾ ਹੈ ਅਤੇ ਸੱਤਾਧਾਰੀ ਸਿਆਸਤਦਾਨਾਂ ਅਤੇ ਪ੍ਰਸ਼ਾਸਨ ਨੇ ਇਸ ਨੂੰ ਸਮੂਹਿਕ ਸਜ਼ਾ ਦਾ ਨਾਮ ਦਿੱਤਾ ਹੈ। ਮੁੱਖ ਮੰਤਰੀ ਨੇ ਇਹ ਐਲਾਨ ਵੀ ਕੀਤਾ ਹੈ ਕਿ ਜੋ ਰਾਮ ਨੌਵੀਂ ਦੇ ਜਲੂਸਾਂ ਦੌਰਾਨ ਹਿੰਸਾ ਵਿਚ ਸ਼ਾਮਿਲ ਸਨ ਉਨ੍ਹਾਂ ਤੋਂ ਨੁਕਸਾਨ ਦਾ ਹਰਜ਼ਾਨਾ ਵਸੂਲਿਆ ਜਾਵੇਗਾ। ਯਾਨੀ ਇਸ ਬਹਾਨੇ ਮੁਸਲਮਾਨਾਂ ਨੂੰ ਅਗਲੀ ਆਰਥਕ ਸੱਟ ਮਾਰੀ ਜਾਵੇਗੀ। ਮੱਧ ਪ੍ਰਦੇਸ਼ ਦੇ ਗ੍ਰਹਿ ਮੰਤਰੀ ਨੇ ਬਾਕਾਇਦਾ ਬਿਆਨ ਦੇ ਕੇ ਕਿਹਾ ਕਿ 'ਜਿਸ ਘਰ ਸੇ ਪੱਥਰ ਆਏ ਹੈਂ ਉਸ ਘਰ ਕੋ ਪੱਥਰੋਂ ਕਾ ਹੀ ਢੇਰ ਬਨਾਏਂਗੇ।' ਅਦਾਲਤ ਰਾਹੀਂ ਦੋਸ਼ ਸਾਬਤ ਕਰਨ ਦੀ ਅਦਾਲਤੀ ਪ੍ਰਕਿਰਿਆ ਅਤੇ ਸਬੂਤਾਂ ਦੇ ਆਧਾਰ 'ਤੇ ਸਜ਼ਾ ਦੀ ਨਿਆਂਇਕ ਵਿਵਸਥਾ ਦੀਆਂ ਧੱਜੀਆਂ ਉਡਾ ਕੇ ਗ਼ੈਰਅਦਾਲਤੀ ਸਜ਼ਾਵਾਂ ਦਾ ਮਾਡਲ ਖੁੱਲ੍ਹੇਆਮ ਰਾਜਕੀ ਸਰਪ੍ਰਸਤੀ ਹੇਠ ਸਥਾਪਿਤ ਕੀਤਾ ਜਾ ਰਿਹਾ ਹੈ। ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੇ ਘੱਟਗਿਣਤੀਆਂ ਦੀਆਂ ਜਾਇਦਾਦਾਂ ਨੂੰ ਬੇਕਿਰਕੀ ਨਾਲ ਤਬਾਹ ਕਰ ਦੇਣ ਦੀ ਮੁਹਿੰਮ ਦੀ ਅਗਵਾਈ ਕਰਕੇ 'ਬੁਲਡੋਜ਼ਰ ਬਾਬਾ' ਅਤੇ 'ਬੁਲਡੋਜ਼ਰ ਮਾਮਾ' ਵਜੋਂ ਨਾਮਣਾ ਖੱਟਿਆ ਹੈ ਅਤੇ ਇਹ ਬੇਹੱਦ ਚਿੰਤਾਜਨਕ ਹੈ ਕਿ ਹਿੰਦੂ ਭਾਈਚਾਰੇ ਦਾ ਇਕ ਹਿੱਸਾ 'ਬੁਲਡੋਜ਼ਰ ਨੀਤੀ' ਪਿਛਲੇ ਮਨੋਰਥ ਨੂੰ ਸਮਝਣ ਦੀ ਬਜਾਏ ਤਾਰੀਫ਼ਾਂ ਕਰ ਰਿਹਾ ਹੈ।

ਇਸੇ ਤਰ੍ਹਾਂ ਉੱਤਰ-ਪੱਛਮੀ ਦਿੱਲੀ ਦੇ ਜਹਾਂਗੀਰਪੁਰੀ ਇਲਾਕੇ ਵਿਚ ਹਨੂਮਾਨ ਜੈਅੰਤੀ ਦੀ ਸ਼ੋਭਾ ਯਾਤਰਾ ਦੇ ਨਾਂ 'ਤੇ ਫਿਰਕੂ ਟਕਰਾਓ ਖੜ੍ਹਾ ਕੀਤਾ ਗਿਆ। ਸਥਾਨਕ ਲੋਕਾਂ ਨੂੰ ਇਕ ਦੂਜੇ ਨਾਲ ਕੋਈ ਸਮੱਸਿਆ ਨਹੀਂ ਸੀ। ਭਗਵੇਂ ਝੰਡੇ ਵਾਲੇ ਅਨਸਰਾਂ ਨੇ ਇੱਕੋ ਦਿਨ 'ਚ ਤਿੰਨ ਵਾਰ 'ਸ਼ੋਭਾ ਯਾਤਰਾ' ਉਸ ਇਲਾਕੇ 'ਚ ਲਿਜਾ ਕੇ, ਗਿਣ-ਮਿੱਥ ਕੇ ਮਾਹੌਲ ਵਿਗਾੜਿਆ। ਉਨ੍ਹਾਂ ਨੇ ਮਸਜਿਦ ਉੱਪਰ ਹਮਲਾ ਵੀ ਕੀਤਾ। ਜਿਸ ਦਾ ਨਤੀਜਾ ਆਪਸੀ ਪਥਰਾਓ ਅਤੇ ਭੰਨਤੋੜ 'ਚ ਨਿਕਲਿਆ। ਇਸ ਤੋਂ ਬਾਦ ਭਾਜਪਾ ਦੇ ਅੱਗ ਲਾਊ ਦੂਤ ਕਪਿਲ ਮਿਸ਼ਰਾ ਅਤੇ ਹੋਰ ਆਗੂਆਂ ਨੇ ਇਹ ਬਿਰਤਾਂਤ ਸਿਰਜਣਾ ਸ਼ੁਰੂ ਕਰ ਦਿੱਤਾ ਕਿ ਇਸ ਪਿੱਛੇ 'ਬੰਗਲਾਦੇਸ਼ੀ ਘੁਸਪੈਠੀਆਂ ਦਾ ਹੱਥ' ਹੈ ਅਤੇ ਇਸ ਨੂੰ ਦਹਿਸ਼ਤਵਾਦੀ ਹਮਲੇ ਦੇ ਰੂਪ 'ਚ ਲੈ ਕੇ ਮੁਸਲਮਾਨਾਂ ਦੇ ਘਰਾਂ ਨੂੰ ਬੁਲਡੋਜ਼ਰ ਨਾਲ ਢਾਹ ਦੇਣਾ ਚਾਹੀਦਾ ਹੈ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਅਤੇ ਹੋਰ ਭਗਵੇਂ ਆਗੂਆਂ ਨੂੰ ਇਸ ਪਿੱਛੇ ਮੁਸਲਿਮ 'ਅੱਤਵਾਦੀ' ਜਥੇਬੰਦੀਆਂ ਦੀ ਵੱਡੀ ਸਾਜ਼ਿਸ਼ ਨਜ਼ਰ ਆਉਣੀ ਸ਼ੁਰੂ ਹੋ ਗਈ। ਭਗਵੇਂ ਗਰੋਹਾਂ ਦੇ ਭੜਕਾਊ ਜ਼ਹਿਰੀਲੇ ਹਮਲਿਆਂ ਕਾਰਨ ਜਦੋਂ ਪੁਲਿਸ ਨੇ ਕੁਝ ਹਿੰਦੂਤਵ ਅਨਸਰਾਂ ਵਿਰੁੱਧ ਪਰਚੇ ਦਰਜ ਕਰਨ ਦੀ ਖ਼ਾਨਾਪੂਰਤੀ ਕੀਤੀ ਤਾਂ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਤੁਰੰਤ ਪ੍ਰੈੱਸ ਬਿਆਨ ਜਾਰੀ ਕਰਕੇ ਧਮਕੀ ਦਿੱਤੀ ਕਿ ਜੇ ਹਿੰਦੂ ਯੁਵਾ ਵਾਹਿਨੀ ਦੇ ਕਿਸੇ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਦਿੱਲੀ ਪੁਲਿਸ ਵਿਰੁੱਧ 'ਯੁੱਧ' ਛੇੜ ਦਿੱਤਾ ਜਾਵੇਗਾ। ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਪੁਲਿਸ ਨੇ ਤੁਰੰਤ ਕੇਸਾਂ ਦੀ ਕਾਰਵਾਈ ਰੋਕ ਦਿੱਤੀ ਅਤੇ ਮੁਸਲਮਾਨਾਂ ਨੂੰ ਦੰਗਈ ਕਰਾਰ ਦੇ ਕੇ ਭਾਰੀ ਫੋਰਸ ਦੀ ਮੱਦਦ ਨਾਲ ਜਹਾਂਗੀਰਪੁਰੀ 'ਚ ਉਨ੍ਹਾਂ ਦੇ ਘਰ ਅਤੇ ਦੁਕਾਨਾਂ ਢਾਹੁਣ ਲਈ 'ਬੁਲਡੋਜ਼ਰ' ਚਲਾਉਣਾ ਸ਼ੁਰੂ ਕਰ ਦਿੱਤਾ। ਸੁਪਰੀਮ ਕੋਰਟ ਦੇ ਆਦੇਸ਼ ਦੀਆਂ ਧੱਜੀਆਂ ਉਡਾ ਕੇ ਬੁਲਡੋਲਰ ਚਲਾਉਣਾ ਜਾਰੀ ਰੱਖਿਆ ਗਿਆ ਅਤੇ ਪੁਰਜ਼ੋਰ ਵਿਰੋਧ ਹੋਣ ਤੋਂ ਬਾਦ ਹੀ ਕਾਰਵਾਈ ਰੋਕੀ ਗਈ। ਸਿਰਫ਼ ਸੀ.ਪੀ.ਐੱਮ. ਦੀ ਆਗੂ ਬਰਿੰਦਾ ਕਰਾਤ ਅਤੇ ਕੁਝ ਹੋਰਾਂ ਨੇ ਉੱਥੇ ਜਾ ਕੇ ਬੁਲਡੋਜ਼ਰ ਨੂੰ ਠੱਲਿਆ। ਹੋਰ ਕਿਸੇ ਵੀ ਪਾਰਟੀ ਨੇ ਮੁਸਲਮਾਨਾਂ ਦੀ ਬਾਂਹ ਨਹੀਂ ਫੜੀ ਜੋ ਵੋਟਾਂ ਲੈਣ ਲਈ ਹੀ ਉਨ੍ਹਾਂ ਦੇ ਘਰਾਂ 'ਚ ਜਾਂਦੀਆਂ ਹਨ। ਦਿੱਲੀ ਦੀ 2 ਕਰੋੜ 30 ਲੱਖ ਵਸੋਂ ਵਿੱਚੋਂ ਸਿਰਫ਼ 23.7% ਜਾਂ 54 ਲੱਖ ਵਸੋਂ ਹੀ ਯੋਜਨਾ ਅਨੁਸਾਰ ਬਣੀਆਂ ਕਲੋਨੀਆਂ 'ਚ ਰਹਿ ਰਹੀ ਹੈ, ਬਾਕੀ ਵਸੋਂ ਝੁੱਗੀਆਂ-ਝੌਂਪੜੀਆਂ ਜਾਂ ਬਿਨਾਂ ਯੋਜਨਾ ਜਾਂ ਅਣਅਧਿਕਾਰਤ ਬਸਤੀਆਂ 'ਚ ਰਹਿੰਦੀ ਹੈ। ਇਸ ਤੱਥ ਦੇ ਬਾਵਜੂਦ ਫਿਰਕੂ ਹਿੰਸਾ ਦੇ ਮੌਕੇ ਸਿਰਫ਼ ਜਹਾਂਗੀਰਪੁਰੀ, ਜੋ ਕਿ ਮੁੜ ਵਸੇਬਾ ਕਲੋਨੀ ਹੈ, ਦੀਆਂ ਮੁਸਲਿਮ ਜਾਇਦਾਦਾਂ ਨੂੰ ਢਾਹੁਣ ਲਈ ਚੁਣਨ ਤੋਂ ਆਰ.ਐੱਸ.ਐੱਸ.-ਭਾਜਪਾ ਦੀ ਗਿਣੀ-ਮਿਥੀ ਸਾਜ਼ਿਸ਼ ਸਪਸ਼ਟ ਹੋ ਜਾਂਦੀ ਹੈ।

ਜਦੋਂ ਉੱਤਰ-ਪੱਛਮੀ ਦਿੱਲੀ ਵਿਚ ਇਹ ਵਾਪਰ ਰਿਹਾ ਸੀ ਤਾਂ ਕੇਜਰੀਵਾਲ ਅਤੇ ਉਸ ਦੀ ਦਿੱਲੀ ਸਰਕਾਰ ਬੈਠੀ ਤਮਾਸ਼ਾ ਦੇਖਦੀ ਰਹੀ। ਪੰਜਾਬ ਵਿਚ ਸ਼ਾਂਤੀ ਮਾਰਚ ਕੱਢਣ ਵਾਲੇ ਕੇਜਰੀਵਾਲ ਨੇ ਜਹਾਂਗੀਰਪੁਰੀ ਵਿਚ ਜਾ ਕੇ ਮਜ਼ਲੂਮਾਂ ਨੂੰ ਹੌਸਲਾ ਦੇਣ ਦੀ ਵੀ ਜ਼ਰੂਰਤ ਨਹੀਂ ਸਮਝੀ। ਰਾਘਵ ਚੱਢੇ ਅਤੇ ਹੋਰ ਆਗੂਆਂ ਨੇ ਮੁਸਲਮਾਨਾਂ ਉੱਪਰ 'ਬੰਗਲਾਦੇਸ਼ੀ ਘੁਸਪੈਠੀਏ' ਅਤੇ 'ਰੋਹਿੰਗਿਆ' ਦਾ ਠੱਪਾ ਲਗਾ ਕੇ ਘਿਣਾਉਣੀ ਸਿਆਸਤ ਖੇਡੀ ਅਤੇ ਘੱਟਗਿਣਤੀ ਫਿਰਕੇ ਵਿਰੁੱਧ ਨਫ਼ਰਤ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਦਕਿ ਦਰਅਸਲ ਉਹ ਬਾਕਾਇਦਾ ਪੁਨਰਵਾਸ ਯੋਜਨਾ ਤਹਿਤ ਵਸਾਈ ਕਲੋਨੀ 'ਚ ਬਹੁਤ ਸਾਲਾਂ ਤੋਂ ਰਹਿ ਰਹੇ ਹਨ।

ਦਰਅਸਲ, ਇਹ ਗਿਣੀ-ਮਿੱਥੀ ਯੋਜਨਾਬੱਧ ਹਿੰਸਾ ਹੈ ਜਿਸ ਦਾ ਮਨੋਰਥ ਘੱਟਗਿਣਤੀ ਮੁਸਲਿਮ ਫਿਰਕੇ ਨੂੰ ਭੈਭੀਤ ਅਤੇ ਦਹਿਸ਼ਤਜ਼ਦਾ ਕਰਨਾ, ਉਨ੍ਹਾਂ ਦੇ ਧਾਰਮਿਕ ਸਥਾਨਾਂ, ਘਰਾਂ, ਦੁਕਾਨਾਂ ਅਤੇ ਹੋਰ ਕਾਰੋਬਾਰਾਂ ਨੂੰ ਜਲਾ ਕੇ ਉਨ੍ਹਾਂ ਨੂੰ ਆਰਥਕ ਤੌਰ 'ਤੇ ਸੱਟ ਮਾਰਨਾ ਅਤੇ ਘੱਟਗਿਣਤੀ ਸਮੂਹਾਂ ਨੂੰ ਬੇਵਸੀ ਦਾ ਅਹਿਸਾਸ ਕਰਾ ਕੇ ਬਹੁਗਿਣਤੀਵਾਦੀ ਧੌਂਸ ਅਤੇ ਦਾਬਾ ਥੋਪਣਾ ਹੈ। ਇਨ੍ਹਾਂ ਹੌਲਨਾਕ ਹਮਲਿਆਂ 'ਚ ਨਿਸ਼ਾਨੇ ਮਿੱਥ ਕੇ ਕਾਰੋਬਾਰਾਂ, ਘਰਾਂ, ਮਸਜਿਦਾਂ ਆਦਿ ਦੀ ਸਾੜਫੂਕ, ਹਮਲਿਆਂ ਅਤੇ ਕਤਲਾਂ ਲਈ ਭੀੜਾਂ ਦੀ ਤਿਆਰੀ, ਲਾਮਬੰਦੀ ਅਤੇ ਅਗਵਾਈ ਦਾ ਉਸੇ ਤਰ੍ਹਾਂ ਦਾ ਸਾਂਝਾ ਨਮੂਨਾ ਉੱਘੜਵੇਂ ਰੂਪ 'ਚ ਦਿਖਾਈ ਦਿੰਦਾ ਹੈ ਜਿਸ ਦਾ ਪ੍ਰਗਟਾਵਾ ਗੁਜਰਾਤ ਕਤਲੇਆਮ (2002), ਮੁਜ਼ੱਫਰਨਗਰ 'ਚ ਮੁਸਲਿਮ ਵਿਰੋਧੀ ਹਿੰਸਾ, ਦਿੱਲੀ 'ਚ ਸ਼ਾਹੀਨ ਬਾਗ਼ ਮੋਰਚਿਆਂ ਸਮੇਂ ਮੁਸਲਿਮ ਹਿੰਸਾ (2020) ਅਤੇ ਮੁਸਲਿਮ ਵਿਰੋਧੀ ਹੋਰ ਹਿੰਸਕ ਘਟਨਾਵਾਂ 'ਚ ਪਹਿਲਾਂ ਵੀ ਵਾਰ ਵਾਰ ਹੋ ਚੁੱਕਾ ਹੈ।

ਹਜੂਮ ਦੀ ਆਮਦ ਅਤੇ ਤਣਾਓ ਤੇ ਹਿੰਸਾ ਦੀ ਸ਼ੁਰੂਆਤ ਅੰਤਰ-ਸੰਬੰਧਤ ਹੈ। ਹਿੰਦੂਤਵੀ ਹਮਲਾਵਰ ਭੀੜਾਂ ਦੇ ਆਉਣ ਤੋਂ ਪਹਿਲਾਂ ਵੱਖ-ਵੱਖ ਧਰਮਾਂ ਦੇ ਲੋਕ ਅਮਨ-ਅਮਾਨ ਨਾਲ ਰਹਿ ਰਹੇ ਹੁੰਦੇ ਹਨ ਅਤੇ ਉਨ੍ਹਾਂ ਵਿਚਕਾਰ ਕੋਈ ਵਿਵਾਦ ਨਹੀਂ ਹੁੰਦਾ। ਇਸ ਭਾਈਚਾਰਕ ਸਾਂਝ ਨੂੰ ਤੋੜ ਕੇ ਹੀ ਹਿੰਦੂ ਰਾਸ਼ਟਰ ਦਾ ਏਜੰਡਾ ਅੱਗੇ ਵਧ ਸਕਦਾ ਹੈ। ਜਿਸ ਦੀ ਖ਼ਾਤਰ ਪਹਿਲਾਂ ਅਫ਼ਵਾਹਾਂ, ਝੂਠੀਆਂ ਖ਼ਬਰਾਂ, ਇਤਿਹਾਸ ਦੀ ਤੋੜ-ਮਰੋੜ ਦੇ ਝੂਠੇ ਬਿਰਤਾਂਤ ਰਾਹੀਂ ਮੁਸਲਮਾਨਾਂ ਵਿਰੁੱਧ ਆਮ ਹਿੰਦੂਆਂ ਦੇ ਮਨਾਂ 'ਚ ਫਿਰਕੂ ਜ਼ਹਿਰ ਭਰੀ ਜਾਂਦੀ ਹੈ ਅਤੇ ਮਜ਼ਬੀ ਆਧਾਰ 'ਤੇ ਪਾਲਾਬੰਦੀ ਕੀਤੀ ਜਾਂਦੀ ਹੈ। ਫਿਰ ਖਾਣ-ਪੀਣ, ਪਹਿਰਾਵੇ, ਮੁਸਲਮਾਨਾਂ ਦੀ ਨਾਗਰਿਕਤਾ, ਦੇਸ਼ ਪ੍ਰਤੀ ਵਫ਼ਾਦਾਰੀ ਅਤੇ ਜਨਸੰਖਿਆ 'ਚ ਵਾਧੇ, ਨਮਾਜ਼, ਮਸਜਿਦਾਂ ਤੋਂ ਅਜਾਨ ਦੇ ਸੱਦੇ, ਹਲਾਲ ਮੀਟ ਵਗੈਰਾ ਨੂੰ ਮੁੱਦਾ ਬਣਾ ਕੇ ਜਾਂ ਕਿਸੇ ਧਾਰਮਿਕ ਸਮਾਗਮ ਦੇ ਨਾਂ ਹੇਠ ਹਮਲਾਵਰ ਜਲੂਸ ਜਥੇਬੰਦ ਕਰਕੇ ਕਤਲ, ਸਾੜ-ਫੂਕ, ਭੰਨਤੋੜ ਕਰਵਾਈ ਜਾਂਦੀ ਹੈ। ਮੁਸਲਮਾਨਾਂ ਦੇ ਘਰ ਅਤੇ ਕਾਰੋਬਾਰ ਜਲਾਏ ਜਾਂਦੇ ਹਨ। ਫਿਰ ਮੁਸਲਮਾਨਾਂ ਨੂੰ ਹੀ ਹਿੰਸਾ ਲਈ ਜ਼ਿੰਮੇਵਾਰ ਕਰਾਰ ਦੇ ਕੇ ਉਨ੍ਹਾਂ ਵਿਰੁੱਧ ਝੂਠੇ ਕੇਸਾਂ, ਗ੍ਰਿਫ਼ਤਾਰੀਆਂ, ਅਦਾਲਤੀ ਖੱਜਲਖੁਆਰੀ, ਜੇਲ੍ਹਬੰਦੀਆਂ ਅਤੇ ਸਜ਼ਾਵਾਂ ਦੀ ਰਾਜਕੀ ਹਿੰਸਾ ਸ਼ੁਰੂ ਹੋ ਜਾਂਦੀ ਹੈ।

ਇਸ ਘਿਣਾਉਣੀ ਖੇਡ 'ਚ ਪੁਲਿਸ ਦੀ ਭੂਮਿਕਾ 'ਕੁੱਤੀ ਚੋਰਾਂ ਨਾਲ ਰਲ਼ੀ' ਵਾਲੀ ਹੁੰਦੀ ਹੈ। ਜਿਵੇਂ ਉੱਤਰ-ਪੂਰਬੀ ਦਿੱਲੀ ਹਿੰਸਾ (2020) ਸਮੇਂ ਕਪਿਲ ਮਿਸ਼ਰਾ ਵਰਗੇ ਹਮਲਿਆਂ ਦੇ ਮੋਹਰੀ ਆਗੂਆਂ ਵਿਰੁੱਧ ਕਾਰਵਾਈ ਕਰਨ ਦੀ ਬਜਾਏ ਦਿੱਲੀ ਪੁਲਿਸ ਨੇ ਮੁਸਲਮਾਨਾਂ ਵਿਰੁੱਧ ਹੀ ਕੇਸ ਦਰਜ ਕੀਤੇ ਸਨ ਅਤੇ ਭਾਈਚਾਰਕ ਸਾਂਝ ਅਤੇ ਹੱਕਾਂ ਦੇ ਮੁਦਈ ਵਿਦਿਆਰਥੀ ਅਤੇ ਕਾਰਕੁੰਨਾਂ ਨੂੰ ਜੇਲ੍ਹਾਂ 'ਚ ਡੱਕ ਦਿੱਤਾ ਸੀ ਉਸੇ ਤਰਜ਼ 'ਤੇ ਹੁਣ ਵੀ ਕੇਸ ਮੁੱਖ ਤੌਰ 'ਤੇ ਮੁਸਲਮਾਨਾਂ ਵਿਰੁੱਧ ਹੀ ਦਰਜ ਕੀਤੇ ਗਏ ਹਨ। ਪਿਛਲੇ ਸਮੇਂ 'ਚ ਇਸ ਵਿਚ ਮੁਸਲਮਾਨਾਂ ਦੇ ਘਰਾਂ, ਦੁਕਾਨਾਂ ਅਤੇ ਮਸਜਿਦਾਂ ਨੂੰ ਬੁਲਡੋਜਰਾਂ ਨਾਲ ਢਾਹੁਣਾ ਵੀ ਸ਼ਾਮਿਲ ਕਰ ਲਿਆ ਗਿਆ ਹੈ। ਹਾਲ ਹੀ ਵਿਚ ਦਿੱਲੀ ਪੁਲਿਸ ਵੱਲੋਂ ਰਾਜਧਾਨੀ 'ਚ 'ਧਰਮਸੰਸਦ' ਵਿਚ ਭੜਕਾਊ ਭਾਸ਼ਣ ਦੇਣ ਵਾਲਿਆਂ ਨੂੰ ਠੋਸ ਸਬੂਤਾਂ ਦੇ ਬਾਵਜੂਦ ਕਲੀਨ ਚਿੱਟ ਦਿੱਤੀ ਗਈ ਹੈ ਜਿਸ ਤੋਂ ਇਕ ਵਾਰ ਫਿਰ ਇਹ ਸਾਬਤ ਹੋ ਗਿਆ ਕਿ ਪੁਲਿਸ ਦਾ ਡੂੰਘੇ ਰੂਪ 'ਚ ਫਿਰਕੂਕਰਨ ਹੋ ਚੁੱਕਾ ਹੈ ਅਤੇ ਇਹ ਸੱਤਾਧਾਰੀ ਧਿਰ ਦੀ ਸ਼ਾਖਾ ਵਜੋਂ ਕੰਮ ਕਰ ਰਹੀ ਹੈ। ਯਤੀ ਨਰਸਿੰਘਾਨੰਦ, ਮਹੰਤ ਬਜਰੰਗ ਮੁਨੀ ਵਰਗੇ ਮੁਜਰਿਮ ਮੁਸਲਮਾਨਾਂ ਨੂੰ ਮਾਰਨ ਲਈ ਹਥਿਆਰ ਚੁੱਕਣ ਅਤੇ ਉਨ੍ਹਾਂ ਦੀਆਂ ਔਰਤਾਂ ਨੂੰ ਅਗਵਾ ਕਰਕੇ ਬਲਾਤਕਾਰ ਕਰਨ ਦੇ ਸੱਦੇ ਵਾਰ ਵਾਰ ਦਿੰਦੇ ਹਨ, ਪੁਲਿਸ ਉਨ੍ਹਾਂ ਨੂੰ ਸਿਰਫ਼ ਕਲੀਨ ਚਿਟਾਂ ਹੀ ਨਹੀਂ ਸਗੋਂ ਸੁਰੱਖਿਆ ਵੀ ਦੇ ਰਹੀ ਹੈ। ਪੁਲਿਸ ਦਾ ਪੱਖਪਾਤ ਐਨਾ ਘਿਣਾਉਣਾ ਹੈ ਕਿ ਸੁਪਰੀਮ ਕੋਰਟ ਨੇ ਵੀ ਪੁਲਿਸ ਵੱਲੋਂ ਦਿੱਤਾ ਹਲਫ਼ਨਾਮਾ ਨਾਮਨਜ਼ੂਰ ਕਰ ਦਿੱਤਾ।

ਸੰਘ ਪਰਿਵਾਰ ਵੱਲੋਂ ਅਜਾਨ 'ਚ ਖ਼ੱਲਲ ਪਾਉਣ ਲਈ ਮਸਜਿਦਾਂ ਅੱਗੇ ਲਾਊਡ ਸਪੀਕਰ ਲਗਾ ਕੇ ਹਨੂਮਾਨ ਚਾਲੀਸਾ ਪੜ੍ਹਨ ਦੇ ਸੱਦੇ ਦਿੱਤੇ ਜਾ ਰਹੇ ਹਨ। ਸੋਸ਼ਲ ਮੀਡੀਆ ਰਾਹੀਂ ਦਿਨ-ਰਾਤ ਐਨੇ ਵਿਆਪਕ ਪੈਮਾਨੇ 'ਤੇ ਮੁਸਲਮਾਨਾਂ ਵਿਰੁੱਧ ਨਫ਼ਰਤ ਬੀਜੀ ਜਾ ਰਹੀ ਹੈ ਜਿਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਆਰ.ਐੱਸ.ਐੱਸ.-ਭਾਜਪਾ ਦੀ ਹਿੰਦੂ ਰਾਸ਼ਟਰ ਅਤੇ ਮੁਕੰਮਲ ਕਾਰਪੋਰੇਟ ਰਾਜ ਸਥਾਪਤ ਕਰਨ ਦੀ ਇਹ ਬੇਹੱਦ ਖ਼ਤਰਨਾਕ ਯੋਜਨਾ ਭਾਰਤ ਦੀ ਅਮੀਰ ਸਮਾਜੀ-ਸੱਭਿਆਚਾਰਕ ਵੰਨ-ਸੁਵੰਨਤਾ, ਭਾਈਚਾਰਕ ਸਾਂਝ ਅਤੇ ਜਮਹੂਰੀ ਕਦਰਾਂ-ਕੀਮਤਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਨਸ਼ਟ ਕਰ ਰਹੀ ਹੈ।

ਮੁਸਲਮਾਨਾਂ ਵਿਰੁੱਧ ਬੁਲਡੋਜਰ ਰਾਜ ਤਾਂ ਮਹਿਜ਼ ਸ਼ੁਰੂਆਤ ਹੈ। ਦਰਅਸਲ ਇਹ ਬੁਲਡੋਜ਼ਰ ਭਾਰਤ ਦੀ ਹੋਂਦ ਉੱਪਰ ਚਲਾਇਆ ਜਾ ਰਿਹਾ ਹੈ। ਐਨੇ ਖ਼ਤਰਨਾਕ ਹਾਲਾਤ ਦੇ ਬਾਵਜੂਦ ਵਿਰੋਧੀ ਧਿਰ ਦੀਆਂ 13 ਰਾਜਨੀਤਕ ਪਾਰਟੀਆਂ ਨੇ ਸਰਗਰਮ ਵਿਰੋਧ ਕਰਨ ਦੀ ਬਜਾਏ ਮਹਿਜ਼ ਸਾਂਝਾ ਬਿਆਨ ਦੇ ਕੇ ਡੰਗ ਟਪਾ ਲਿਆ। ਉਨ੍ਹਾਂ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਫਾਸ਼ੀਵਾਦੀ ਤਾਕਤਾਂ ਦੀ ਵਧ ਰਹੀ ਧੌਂਸ ਦਾ ਮੁਕਾਬਲਾ ਕਰਨ ਲਈ ਕੋਈ ਸੰਘਰਸ਼ ਵਿੱਢਣ ਦੀ ਪਹਿਲਕਦਮੀਂ ਕਰਨਗੀਆਂ। ਮੁਲਕ ਉੱਪਰ ਮੰਡਰਾ ਰਹੇ ਐਨੇ ਭਾਰੀ ਸੰਕਟ ਦੇ ਸਮੇਂ ਵਿਰੋਧੀ-ਧਿਰ ਵੱਲੋਂ ਫਾਸ਼ੀਵਾਦੀ ਤਾਕਤਾਂ ਅੱਗੇ ਗੋਡੇ ਟੇਕਣ, ਚੁੱਪ ਬੈਠੇ ਰਹਿਣ ਅਤੇ ਕੋਈ ਰਾਜਨੀਤਕ ਵਿਰੋਧ ਨਾ ਕਰਨ ਦੀ ਹਕੀਕਤ ਨੂੰ ਭਾਰਤ ਦੇ ਲੋਕਾਂ ਨੂੰ ਪਛਾਨਣਾ ਚਾਹੀਦਾ ਹੈ। ਜਾਗਦੀਆਂ ਜ਼ਮੀਰਾਂ ਵਾਲੇ ਸਮੂਹ ਧਰਮਨਿਰਪੱਖ, ਅਮਨਪਸੰਦ ਲੋਕਾਂ ਨੂੰ ਖ਼ੁਦ ਸ਼ਾਹੀਨ ਬਾਗ਼ ਅਤੇ ਕਿਸਾਨ ਅੰਦੋਲਨ ਦੀ ਤਰ੍ਹਾਂ ਸੜਕਾਂ ਉੱਪਰ ਮੋਰਚੇ ਮੱਲ ਕੇ ਇਸ ਖ਼ਤਰਨਾਕ ਮਨਸੂਬੇ ਨੂੰ ਟੱਕਰ ਦੇਣ ਲਈ ਅੱਗੇ ਆਉਣਾ ਪਵੇਗਾ।

# ਪਟਿਆਲਾ ਵਿੱਚ ਅੱਜ ਜੋ ਵਾਪਰਿਆ ਉਹ ਨਹੀਂ ਸੀ ਵਾਪਰਨਾ ਚਾਹੀਦਾ !



ਪਟਿਆਲਾ ਵਿੱਚ ਅੱਜ ਜੋ ਵਾਪਰਿਆ ਉਹ ਨਹੀਂ ਸੀ ਵਾਪਰਨਾ ਚਾਹੀਦਾ! ਪੰਜਾਬ ਨੇ ਲੰਮਾ ਸਮਾਂ ਫਿਰਕੂ ਦੌਰ ਦਾ ਕਾਲਾ ਸੰਤਾਪ ਹੰਢਾਇਆ ਹੈ ਜਿਸਦੇ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਸੀ। ਅੱਜ ਪੰਜਾਬ ਦਾ ਕੋਈ ਵੀ ਨਾਗਰਿਕ ਮੁੜ ਉਹ ਦੌਰ ਨਹੀਂ ਦੇਖਣਾ ਚਾਹੁੰਦਾ! ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਸਮੇਤ ਸਭ ਧਾਰਮਿਕ ਭਾਈਚਾਰਿਆਂ ਵਿੱਚ ਇੱਥੇ ਸਦਭਾਵਨਾ ਦਾ ਮਾਹੌਲ ਹੈ। ਕੇਂਦਰ ਦੇ ਖੇਤੀ ਕਨੂੰਨਾਂ ਖਿਲਾਫ ਇੱਥੇ ਸਭ ਧਰਮਾਂ ਦੇ ਲੋਕਾਂ ਨੇ ਮੋਢੇ ਨਾਲ-ਨਾਲ ਮੋਢਾ ਜੋੜ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਪਰ ਜਿਹਨਾਂ ਦੀਆਂ ਰੋਟੀਆਂ ਫਿਰਕੂ ਨਫਰਤ ਦੀ ਸਿਆਸਤ ਆਸਰੇ ਚਲਦੀਆਂ ਹਨ ਉਹਨਾਂ ਤੋਂ ਇਹ ਸਦਭਾਵਨਾਂ ਬਰਦਾਸ਼ਤ ਨਹੀਂ ਹੋ ਰਹੀ ਤੇ ਉਹਨਾਂ ਨੇ ਅੱਜ ਫੇਰ ਪੰਜਾਬ ਵਿੱਚ ਅੱਗ ਲਾਉਣ ਦੀ ਕੋਸ਼ਿਸ ਕੀਤੀ ਹੈ।

ਪਟਿਆਲਾ ਸ਼ਹਿਰ ਵਿੱਚ ਸ਼ਿਵ ਸ਼ੈਵਾ ਕਾਰਕੁੰਨਾਂ ਤੇ ਸਿੱਖ ਜਥੇਬੰਦੀਆਂ ਦਰਮਿਆਨ ਜੋ ਟਕਰਾਅ ਹੋਇਆ ਹੈ ਉਹ ਇਹਨਾਂ ਅਨਸਰਾਂ ਦੀ ਮੁਜਰਮਾਨਾ ਕਾਰਵਾਈ ਹੈ। ਇਸਦਾ ਇੱਕ ਜ਼ਿੰਮੇਵਾਰ ਵਿਦੇਸ਼ ਬੈਠਾ ਗੁਰਪਤਵੰਤ ਪੰਨੂੰ ਹੈ ਜੋ ਸਿੱਖਾਂ ਦੀਆਂ ਭਾਵਨਾਵਾਂ ਨਾਲ ਖੇਡਣ ਦਾ ਕਾਰੋਬਾਰ ਕਰ ਰਿਹਾ ਹੈ। ਖੁਦ ਘੋਨਾ-ਮੋਨਾ ਇਹ ਸਖਸ਼ ਵਾਰ-ਵਾਰ ਖਾਲਿਸਤਾਨ ਦੇ ਨਾਮ ਹੇਠ ਪੰਜਾਬ ਵਿੱਚ ਫਿਰਕੂ ਅੱਗ ਬਾਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਪਹਿਲਾਂ ਉਸਨੇ 2020 ਵਿੱਚ ਖਾਲਿਸਤਾਨ ਲਈ ਰਾਇਸ਼ੁਮਾਰੀ ਕਰਵਾਉਣ ਦਾ ਸ਼ੋਸ਼ਾ ਛੱਡਿਆ ਸੀ ਤੇ ਹੁਣ ਉਸਨੇ 29 ਅਪ੍ਰੈਲ ਨੂੰ ਡੀ.ਸੀ. ਦਫਤਰਾਂ ਉੱਪਰ ਖਾਲਿਸਤਾਨ ਦਾ ਝੰਡਾ ਲਹਿਰਾਉਣ ਦਾ ਸੱਦਾ ਦੇਕੇ ਮੁੜ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਪਰ ਉਸਦੀਆਂ ਇਹਨਾਂ ਕੋਸ਼ਿਸ਼ਾਂ ਨੂੰ ਕਦੇ ਕੋਈ ਬਹੁਤਾ ਹੁੰਘਾਰਾ ਨਹੀਂ ਮਿਲਿਆ।

ਅੱਜ ਦੀ ਘਟਨਾ ਦਾ ਦੂਜਾ ਜ਼ਿੰਮੇਵਾਰ ਸ਼ਿਵ ਸ਼ੈਨਾ ਦਾ ਆਗੂ ਹਰੀਸ਼ ਸਿੰਗਲਾ ਹੈ ਜਿਸ ਵੱਲੋਂ ਵਾਰ-ਵਾਰ ਫਿਰਕੂ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਸ ਵੱਲੋਂ ਕਰੀਬ 10 ਦਿਨ ਪਹਿਲਾਂ ਹੀ ਐਲਾਨ ਕੀਤਾ ਗਿਆ ਸੀ ਕਿ 29 ਅਪ੍ਰੈਲ ਨੂੰ ਸ਼ਿਵ ਸੈਨਾ ਵੱਲੋਂ ਪਟਿਆਲਾ ਵਿੱਚ ਖਾਲਿਸਤਾਨ ਵਿਰੋਧੀ ਮਾਰਚ ਕੱਢਿਆ ਜਾਵੇਗਾ! ਪਟਿਆਲਾ ਵਿੱਚ ਕਿਸੇ

ਵੀ ਖਾਲਿਸਤਾਨੀ ਜਥੇਬੰਦੀ ਵੱਲੋਂ ਕੋਈ ਵੀ ਮਾਰਚ ਕੱਢਣ ਜਾਂ ਗੁਰਪਤਵੰਤ ਪੰਨੂੰ ਦੇ ਸੱਦੇ ਨੂੰ ਲਾਗੂ ਕਰਨ ਦਾ ਐਲਾਨ ਨਹੀਂ ਸੀ। ਇਉਂ ਹਰੀਸ਼ ਸਿੰਗਲਾ ਦਾ ਇਹ ਐਲਾਨ ਨਾ ਸਿਰਫ ਬੇਲੋੜਾ ਸੀ ਸਗੋਂ ਇਹ ਪੂਰੀ ਤਰ੍ਹਾਂ ਖਾਲਿਸਤਾਨੀਆਂ ਨੂੰ ਉਕਸਾਉਣ ਤੇ ਫਿਰਕੂ ਲਾਂਬੂ ਲਾਉਣ ਦੇ ਮਨਸ਼ੇ ਤੋਂ ਪ੍ਰੇਰਿਤ ਸੀ। ਭਾਵੇਂ ਸ਼ਿਵ ਸੈਨਾ ਨੇ ਕਾਰਵਾਈ ਕਰਕੇ ਹਰੀਸ਼ ਸਿੰਗਲਾ ਨੂੰ ਪਾਰਟੀ ਵਿੱਚੋਂ ਬਾਹਰ ਕਰ ਦਿੱਤਾ ਹੈ ਪਰ ਸ਼ਿਵ ਸ਼ੈਨਾ ਤੇ ਰਾਸ਼ਟਰੀ ਸਵੈਸੇਵਕ ਸੰਘ ਵੱਲੋਂ ਵਾਰ-ਵਾਰ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪਟਿਆਲਾ ਪ੍ਰਸ਼ਾਸ਼ਨ ਤੇ ਪੰਜਾਬ ਸਰਕਾਰ ਅੱਜ ਦੀ ਘਟਨਾ ਲਈ ਵੀ ਬਰਾਬਰ ਦੀ ਜ਼ਿੰਮੇਵਾਰ ਹੈ। ਹਰੀਸ਼ ਸਿੰਗਲਾ ਵੱਲੋਂ ਕਰੀਬ 10 ਦਿਨ ਪਹਿਲਾਂ ਅੱਜ ਦੀ ਕਾਰਵਾਈ ਦਾ ਐਲਾਨ ਕੀਤਾ ਗਿਆ ਸੀ ਪਰ ਸਰਕਾਰ ਤੇ ਪ੍ਰਸ਼ਾਸ਼ਨ ਨੇ ਕੋਈ ਢੁਕਵਾਂ ਕਦਮ ਚੁੱਕਣ ਦੀ ਥਾਂ ਉਸਨੂੰ ਦੇ ਮਾਰਚ ਦੀ ਇਜਾਜਤ ਦਿੱਤੀ।

ਚੌਥਾ ਜ਼ਿੰਮੇਵਾਰ ਆਨਲਾਈਨ ਮੀਡੀਆ ਹੈ ਜੋ ਅੱਗ ਲਾਉਣ ਵਿੱਚ ਭਾਰਤ ਪੱਧਰ ਦੇ ਗੋਦੀ ਮੀਡੀਆ ਦਾ ਪੂਰਾ ਮੁਕਾਬਲਾ ਕਰ ਰਿਹਾ ਹੈ। ਖਾਸਤੌਰ 'ਤੇ ਫੇਸਬੁੱਕ ਰਾਹੀਂ ਚੱਲਣ ਵਾਲੇ ਬਹੁਤੇ ਆਨਲਾਈ ਮੀਡੀਆ ਦੀ ਪੂਰੀ ਕੋਸ਼ਿਸ਼ ਰਹੀ ਕਿ ਅੱਜ ਦਾ ਇਹ ਟਕਰਾਅ ਵੱਡੀ ਫਿਰਕੂ ਅੱਗ ਬਣਕੇ ਬਲੇ, ਉਹਨਾਂ ਦੇ 'ਵਿਊ' ਵਧਦੇ ਰਹਿਣ, ਚੈਨਲ ਦੇ ਦਰਸ਼ਕਾਂ ਦਾ ਘਰੇ ਵਧੇ ਤੇ ਉਹਨਾਂ ਦੀ ਕਮਾਈ ਹੋਰ ਮੋਟੀ ਹੋਵੇ। ਆਨ ਏਅਰ, ਨਿਊਜ 18, ਡੇਲੀ ਪੋਸਟ ਵਰਗੇ ਕਈ ਚੈਨਲਾਂ ਵੱਲੋਂ ਖਬਰਾਂ ਦੇ ਸਿਰਲੇਖ ਤੇ ਪੇਸ਼ਕਾਰੀ ਪੂਰੀ ਤਰ੍ਹਾਂ ਭੜਕਾਊ ਸੀ ਤੇ ਮਾਹੌਲ ਸ਼ਾਂਤ ਹੋਣ ਨਾਲ ਇਹਨਾਂ ਦੇ ਚਿਹਰੇ ਪੂਰੀ ਤਰ੍ਹਾਂ ਮਸੋਸੇ ਗਏ ਹਨ।

ਇਸ ਪੂਰੀ ਘਟਨਾ ਵਿੱਚ ਚੰਗੀ ਖਬਰ ਇਹ ਆਈ ਹੈ ਕਿ ਪਟਿਆਲਾ ਦੇ ਮੰਦਰ ਰਮੇਟੀ ਵਾਲਿਆਂ ਨੇ ਹਰੀਸ਼ ਸਿੰਗਲਾ ਦਾ ਕੁਟਾਪਾ ਚਾੜ੍ਹਿਆ ਹੈ ਤੇ ਕਿਹਾ ਹੈ ਕਿ ਇਹ ਉਸਦੇ ਇਕੱਲੇ ਦੀ ਸ਼ਰਾਰਤ ਸੀ, ਪੰਜਾਬ ਵਿੱਚ ਹਿੰਦੂਆਂ-ਸਿੱਖਾਂ ਦਾ ਕੋਈ ਵੈਰ ਨਹੀਂ ਉਹਨਾਂ ਦੀ ਏਕਤਾ ਹਮੇਸ਼ਾ ਬਣੀ ਰਹੇਗੀ!

ਪੰਜਾਬ ਦੇ ਲੋਕ ਜਾਣਦੇ ਹਨ ਇਸ ਵੇਲੇ ਮਹਿੰਗਾਈ, ਬਿਜਲੀ ਦੇ ਲੰਮੇ ਕੱਟ, ਬੇਰੁਜਗਾਰੀ ਵਰਗੇ ਹੋਏ ਕਈ ਅਹਿਮ ਮੁੱਦੇ ਉਹਨਾਂ ਅੱਗੇ ਖੜ੍ਹੇ ਹਨ। ਉਹਨਾਂ ਦੀਆਂ ਸਮੱਸਿਆਵਾਂ ਦੇ ਦੋਸ਼ੀ ਕਿਸੇ ਦੂਜੇ ਧਰਮ ਦੇ ਲੋਕ ਨਹੀਂ ਸਗੋਂ ਵੇਲੇ ਦੀਆਂ ਹਕੂਮਤਾਂ ਹਨ। ਸਰਕਾਰਾਂ ਵੱਲੋਂ ਲੋਕਾਂ ਦਾ ਧਿਆਨ ਇਹਨਾਂ ਮੁੱਦਿਆਂ ਤੋਂ ਭਟਕਾਉਣ ਲਈ ਅਜਿਹੇ ਫਿਰਕੂ ਵੰਡੀਆਂ ਦੀ ਸਿਆਸਤ ਖੇਡੀ ਜਾਂਦੀ ਹੈ। ਅਕਸਰ ਸਰਕਾਰੀ ਏਜੰਸੀਆਂ ਅਜਿਹੀ ਸਾਜ਼ਿਸ਼ ਖੇਡਦੀਆਂ ਹਨ ਜਿਸ ਵਿੱਚ ਗੁਰਪਤਵੰਤ ਪੰਨੂੰ ਤੇ ਹਰੀਸ਼ ਸਿੰਗਲਾ ਵਰਗੇ ਅਨਸਰਾਂ ਦੀ ਮਿਲੀਭੁਗਤ ਨਾਲ ਲੋਕਾਂ ਵਿੱਚ ਲਾਂਬੂ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸਾਨੂੰ ਪੂਰੀ ਉਮੀਦ ਹੈ ਕਿ ਪੰਜਾਬ ਦੇ ਸੂਝਵਾਨ ਲੋਕ ਫਿਰਕੂ ਅੱਗ ਭੜਕਾਉਣ ਵਾਲੇ ਅਨਸਰਾਂ ਤੇ ਸਰਕਾਰਾਂ ਦੀਆਂ ਸਾਜਿਸ਼ਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਅੱਜ ਦੇ ਇਸ ਟਕਰਾਅ ਨੂੰ ਸਿੱਖਾਂ ਤੇ ਹਿੰਦੂਆਂ ਦਰਮਿਆਨ ਟਕਰਾਅ ਦਾ ਨਾਮ ਨਹੀਂ ਦੇਣਗੇ ਤੇ ਆਪਣੀ ਸਦਭਾਵਨਾ ਬਰਕਰਾਰ ਰੱਖਣਗੇ!

ਲਲਕਾਰ 'ਚੋਂ ਧੰਨਵਾਦ ਸਹਿਤ



ਤਰਸੇਮ ਲਾਲ
94632-18707
tarsemgoyal.54@gmail.com

# ਅਪਰੇਸ਼ਨ ਅਕਸ਼ਰਧਾਮ

'ਰਾਜੀਵ ਯਾਦਵ ਅਤੇ ਸ਼ਾਹ ਨਵਾਜ਼ ਆਲਮ' ਵਲੋਂ 'ਅਪਰੇਸ਼ਨ ਅਕਸ਼ਰਧਾਮ' ਨਾਮੀ ਪੁਸਤਕ ਵਿਚ 'ਅਕਸ਼ਰਧਾਮ ਹਮਲੇ' ਦਾ ਸੱਚ ਤੱਥ ਸਹਿਤ ਲੋਕਾਂ ਅੱਗੇ ਪੇਸ਼ ਕੀਤਾ ਹੈ। 11 ਸਤੰਬਰ 2001 ਦੇ ਵਰਲਡ ਟਰੇਡ 'ਤੇ ਹੋਏ ਹਮਲੇ ਤੋਂ ਬਾਅਦ ਵਿਸ਼ਵ ਪੱਧਰ 'ਤੇ 'ਇਸਲਾਮੋ ਫੋਬੀਆ' ਦਾ ਪ੍ਰਚਾਰ ਜ਼ੋਰਾਂ 'ਤੇ ਸੀ। 13 ਦਸੰਬਰ 2001 ਨੂੰ ਭਾਰਤੀ ਸੰਸਦ 'ਤੇ ਹੋਏ ਹਮਲੇ ਕਾਰਨ ਇਹ 'ਇਸਲਾਮੋ ਫੋਬੀਆ' ਭਾਰਤ ਵਿਚ ਘੁਸ ਗਿਆ। 27 ਫਰਵਰੀ 2002 ਨੂੰ ਅਯੁੱਧਿਆ ਅੰਦਰ ਰਾਮ ਮੰਦਰ ਦੇ ਕਾਰ ਸੇਵਕਾਂ ਵਾਲੀ ਸਾਬਰਮਤੀ ਐਕਸ ਪ੍ਰੈਸ ਵਿਚ ਵਾਪਰੇ ਗੋਧਰਾ ਕਾਂਡ ਤੋਂ ਬਾਅਦ, ਗੁਜਰਾਤ ਵਿਚ ਰਾਜ ਸਰਕਾਰ ਦੇ ਇਸ਼ਾਰੇ 'ਤੇ ਪੁਲਿਸ ਦੀ ਮਿਲੀਭੁਗਤ ਨਾਲ ਮੁਸਲਮਾਨਾਂ ਦੇ ਕੀਤੇ 'ਜਨ ਸੰਹਾਰ' ਤੋਂ ਬਾਅਦ, ਹਿੰਦੂ-ਮੁਸਲਿਮ ਟਕਰਾ ਰੁਕ ਗਿਆ ਸੀ। ਕਿਉਂਕਿ ਅਜੇ ਵੀ ਆਮ ਭਾਰਤੀ ਨਾਗਰਿਕ, ਸਰਕਾਰ ਵਲੋਂ ਫਿਰਕੂ ਨਫ਼ਰਤ ਹੇਠ ਹਿੰਸਾ ਦੀ ਖੁੱਲ੍ਹੀ ਛੋਟ ਨੂੰ 'ਰਾਜ ਧਰਮ' ਨਹੀਂ ਮੰਨਦਾ ਸੀ। ਦਸੰਬਰ 2002 ਵਿਚ ਚੋਣਾਂ ਦਾ ਸਾਹਮਣਾ ਕਰਨ ਜਾ ਰਹੀ ਮੋਦੀ ਸਰਕਾਰ ਨੂੰ ਇਹ 'ਰਾਜ ਧਰਮ' ਵਾਲਾ 'ਅੜਿੱਕਾ' ਹਟਾਉਣਾ ਜ਼ਰੂਰੀ ਜਾਪ ਰਿਹਾ ਸੀ। ਇਸ ਲਈ ਇਹ ਸਾਬਤ ਕਰਨ ਲਈ 'ਮੁਸਲਿਮ ਆਤੰਕੀ' 'ਲੋਕਤੰਤਰ ਦੇ ਮੰਦਰ' (ਪਾਰਲੀਮੈਂਟ) ਤੇ ਹੀ ਹਮਲਾ ਨਹੀਂ ਕਰਦੇ, ਸਗੋਂ ਲੋਕਾਂ ਦੀ (ਖਾਸ ਤੌਰ 'ਤੇ ਪਿਛੜੇ ਲੋਕਾਂ ਦੀ) ਆਸਥਾ ਦੇ ਧਰਮ ਸਥਾਨ ਨੂੰ ਵੀ ਨਹੀਂ ਬਖਸ਼ਦੇ।

ਦੁਆਰਕਾ, ਬਾਲਾ ਜੀ ਹਨੂਮਾਨ, ਸੋਮਨਾਮ ਆਦਿ ਪੁਰਾਣੇ ਪ੍ਰੰਪਰਾਵਾਦੀ, ਵਪਾਰੀ ਸੁਭਾਅ ਦੇ ਸਵਰਨ ਹਿੰਦੂ ਪਹਿਚਾਣ ਦੇ ਆਸਥਾ ਦੇ ਕੇਂਦਰ ਹਨ। ਜਦੋਂਕਿ 'ਅਕਸ਼ਰਧਾਮ' ਪਿਛਲੇ ਅਤੀ ਪਿਛੜੇ ਅਤੇ ਦਲਿਤ ਹਿੰਦੂਆਂ ਦੀ ਆਸਥਾ ਦੇ ਆਧੁਨਿਕ ਸ਼ਕਤੀ ਕੇਂਦਰ ਹਨ। ਇਨ੍ਹਾਂ ਮੰਦਰਾਂ ਨੂੰ ਚਲਾਉਣ ਵਾਲਾ 'ਸਵਾਮੀ ਨਰਾਇਣ ਸੰਪਰਦਾਏ' ਹੈ ਜਿਸ ਦੇ ਅਮਰੀਕਾ ਅੰਦਰ 30 ਦੇ ਕਰੀਬ ਸ਼ਾਨਦਾਰ ਵਿਸ਼ਾਲ ਮੰਦਰ ਹਨ। ਇਨ੍ਹਾਂ ਵਰਗਾਂ ਦੇ ਪੈਰੋਕਾਰ ਪਹਿਲਾਂ ਤੋਂ ਹੀ ਹਿੰਦੂਤਵੀ ਰੁਝਾਨ ਕਾਰਨ ਭਾਜਪਾ ਦੇ ਨੇੜੇ ਸਨ। ਇਸ ਦੇ ਬਹੁਤੇ ਪੈਰੋਕਾਰ ਪਟੇਲ ਜਾਤੀ ਦੇ ਹਨ, ਜੋ ਭਾਜਪਾ ਦੇ ਕੇਸ਼ੂ ਭਾਈ ਪਟੇਲ ਨੂੰ ਆਪਣਾ ਨੇਤਾ ਮੰਨਦੇ ਹਨ। ਮੋਦੀ ਜੋ ਪਿਛਲੇ ਵਰਗ ਦੀ 'ਤੇਲੀ ਜਾਤੀ' ਦੀ 'ਘਾਂਚੀ' ਉਪ ਜਾਤੀ ਨਾਲ ਸਬੰਧਤ ਹਨ, ਦੇ 'ਕੇਸ਼ੂ ਭਾਈ ਪਟੇਲ' ਨਾਲ ਸਬੰਧ ਚੰਗੇ ਨਹੀਂ ਸਨ। ਇਸੇ ਕਾਰਨ 2000 ਦੀਆਂ ਪੰਚਾਇਤ ਚੋਣਾਂ ਵਿਚ ਭਾਜਪਾ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਲਈ ਗੁਜਰਾਤ 'ਨਰ ਸੰਹਾਰ' ਤੋਂ ਬਾਅਦ ਰੁਕ ਚੁੱਕੀ 'ਹਿੰਦੂਤਵੀ ਹਿੰਸਾ ਦੇ ਬੁਖਾਰ' ਨੂੰ 'ਪੁਨਰ ਜੀਵਤ' ਕਰਨ ਲਈ ਅਤੇ ਪਟੇਲਾਂ ਦੀ ਹਮਦਰਦੀ ਜਿੱਤਣ ਲਈ 'ਅਕਸ਼ਰਧਾਮ ਹਮਲੇ' ਦੀ ਯੋਜਨਾ ਫਿੱਟ ਬੈਠਦੀ ਸੀ।

24 ਸਤੰਬਰ 2002 ਨੂੰ ਵਾਪਰੀ ਇਸ ਘਟਨਾ ਤੋਂ 12 ਦਿਨਾਂ ਪਹਿਲਾਂ 12 ਸਤੰਬਰ 2002 ਨੂੰ ਇਕ ਉੱਚ ਪੁਲਿਸ ਅਧਿਕਾਰੀ ਜੋ ਮੁੱਖ ਮੰਤਰੀ ਮੋਦੀ ਦੀ ਨਿੱਜੀ ਸੁਰੱਖਿਆ ਨਾਲ ਜੁੜੀ ਖੁਫ਼ੀਆ ਏਜੰਸੀ ਦਾ ਅਧਿਕਾਰੀ ਸੀ ਅਤੇ ਜੋ ਦਿਨ ਵਿਚ ਦੋ ਵਾਰ ਮੋਦੀ ਨੂੰ ਸੁਰੱਖਿਆ ਸਬੰਧੀ 'ਬਰੀਫਿੰਗ' ਦਿੰਦਾ ਸੀ, ਨੇ 'ਬਰੀਫਿੰਗ' ਤੋਂ ਬਾਅਦ ਮੋਦੀ ਜੀ ਨੂੰ ਪੁੱਛਿਆ, "ਕੀ ਕੇਂਦਰ ਅਤੇ ਰਾਜ ਸਰਕਾਰ ਮਿਲਕੇ ਕੋਈ 'ਕੈਪੇਬਿਲਟੀ ਡਿਮਾਨਸਟਰੇਸ਼ਨ' ਕਰਨਾ ਚਾਹੁੰਦੇ ਹਨ।" ਇਹ ਸੁਣਦੇ ਮੋਦੀ ਦੇ ਚਿਹਰੇ ਦੀਆਂ ਹਵਾਈਆਂ ਉੱਡ ਗਈਆਂ। ਹੁਣ ਤੱਕ ਨਜ਼ਰਾਂ ਮਿਲਾਕੇ ਗੱਲ ਕਰ ਰਹੇ ਮੋਦੀ ਦੀਆਂ ਅੱਖਾਂ ਦੀਆਂ ਪੁਤਲੀਆਂ, ਇੱਧਰ ਉੱਧਰ ਘੁੰਮਣ ਲੱਗੀਆਂ। ਉਸ ਮੇਰੇ ਸਵਾਲ 'ਤੇ ਪੂਰੀ ਤਰ੍ਹਾਂ ਨਾਲ ਚੁੱਪੀ ਸਾਧ ਲਈ ਅਤੇ ਮੈਂ ਇਸ਼ਾਰਾ ਸਮਝ ਕੇ ਵਾਪਸ ਆ ਗਿਆ।

16 ਸਤੰਬਰ 2002 ਨੂੰ ਹਮਲੇ ਤੋਂ ਛੇ ਦਿਨ ਪਹਿਲਾਂ ਉਸ ਅਧਿਕਾਰੀ ਨੂੰ ਉਸ ਦੇ ਮੌਜੂਦਾ ਅਹੁਦੇ ਤੋਂ ਹਟਾ ਕੇ ਕਿਸੇ ਹੋਰ ਗੈਰ ਮਹੱਤਵਪੂਰਨ ਮਹਿਕਮੇ ਵਿਚ ਭੇਜ ਦਿੱਤਾ। ਇਕ ਹੋਰ ਪੁਲਿਸ ਅਧਿਕਾਰੀ ਜੋ ਮੋਦੀ ਸਰਕਾਰ ਦੀਆਂ 'ਗੁੱਡ ਬੁੱਕਸ' ਵਿਚ ਨਹੀਂ ਸੀ (ਜਿਸ ਨੇ 15 ਜੁਲਾਈ 2002 ਨੂੰ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਹੋਰ ਸੰਸਥਾਵਾਂ ਨੂੰ 176 ਪੇਜ ਦੀ ਰਿਪੋਰਟ ਭੇਜ ਕੇ ਭਗਵਾਂ ਸੰਗਠਨ ਦੀ ਫਿਰਕੂ ਹਿੰਸਾ ਦੇ ਦੌਰ ਨੂੰ ਲੰਬਾ ਖਿਚਣ ਅਤੇ ਖੁਦ ਮੁੱਖ ਮੰਤਰੀ ਦੇ ਭਾਸ਼ਣਾਂ ਤੋਂ ਉਸ ਦੀ ਵੀ ਇਸ ਵਿਚ ਸ਼ਮੂਲੀਅਤ ਹੋਣ ਨੂੰ ਦੇਖਦੇ ਹੋਏ ਚੋਣਾਂ ਲਈ ਮਾਹੌਲ ਠੀਕ ਨਾ ਹੋਣ ਬਾਰੇ ਲਿਖ ਚੁੱਕੇ ਸਨ) ਦੀ ਵੀ ਬਦਲੀ ਪੁਲਿਸ ਸੁਧਾਰ ਵਿਭਾਗ ਵਿਚ ਕਰ ਦਿੱਤੀ ਗਈ।

(ਇਸ ਪੁਲਿਸ ਅਧਿਕਾਰੀ ਦੀ ਇਮਾਨਦਾਰੀ, ਮਿਹਨਤ ਅਤੇ ਬੇਬਾਕੀ ਲਈ ਪੁਲਿਸ ਵਿਭਾਗ ਵਿਚ ਚਰਚਾ ਸੀ। ਉਹ ਵੱਖ-ਵੱਖ ਧਰਮਾਂ ਦੇ ਤੁਲਨਾਤਮਕ ਅਧਿਐਨ ਵਿਚ ਵੀ ਰੁਚੀ ਰੱਖਦਾ ਸੀ।) 18 ਸਤੰਬਰ 2002 ਨੂੰ ਇਨ੍ਹਾਂ ਪੁਲਿਸ ਅਧਿਕਾਰੀਆਂ ਦੀ ਥਾਂ ਮੋਦੀ ਸਮਰਥਕ ਨਵੇਂ ਪੁਲਿਸ ਅਧਿਕਾਰੀ ਹਾਜ਼ਰ ਹੋਏ ਜੋ ਤੁਰੰਤ ਬਾਅਦ 'ਮੋਦੀ ਨੂੰ ਮਾਰਨ' ਵਾਲੀਆਂ 'ਇਨਪੁਟਸ' ਦੇ ਕੇ ਫਰਜ਼ੀ ਮੁਕਾਬਲੇ ਕਰਨ ਲਈ 'ਚੰਗੀ' ਭੂਮਿਕਾ ਨਿਭਾਉਂਦੇ ਰਹੇ।

ਕੈਪੇਬਿਲਟੀ ਡਿਮਾਨਟੇਸ਼ਨ ਤੋਂ ਭਾਵ ਕੀ ਹੈ? ਮੰਨ ਲਓ ਇਕ ਆਈ.ਬੀ. ਦਾ ਸ੍ਰੋਤ ਆਜ਼ਮਗੜ੍ਹ ਵਿਚ ਹੈ, ਜਿਸ ਤੇ ਏਜੰਸੀ ਸਾਲ ਦੇ 20-25 ਲੱਖ ਖਰਚ ਕਰਦੀ ਹੈ। ਉਸਦੀ ਕਾਰਜਕੁਸ਼ਲਤਾ ਦੀ ਜਾਂਚ ਕਰਨ ਲਈ ਗਣਤੰਤਰ ਦਿਵਸ ਤੋਂ ਇਕ ਦਿਨ ਪਹਿਲਾਂ ਆਜ਼ਮਗੜ੍ਹ ਦੇ 'ਨਿਸ਼ਚਿਤ ਕੀਤੇ' ਚੌਰਾਹੇ 'ਤੇ ਨਿਸ਼ਚਿਤ ਸਮੇਂ 'ਤੇ ਬੰਬ ਵਿਸਫੋਟ ਕਰਕੇ ਆਪਣੀ ਕਾਰਜ ਕੁਸ਼ਲਤਾ ਸਾਬਤ ਕਰਨੀ ਹੁੰਦੀ ਹੈ। ਜੇ ਉਪਰਲੇ ਅਧਿਕਾਰੀ ਉਸ ਦੇ ਉਸ ਅਪਰੇਸ਼ਨ ਤੋਂ ਸੰਤੁਸ਼ਟ ਹੋ ਜਾਣ ਤਾਂ ਉਸ ਨੂੰ ਅੱਗੇ ਜਾਰੀ ਰੱਖਿਆ ਜਾਂਦਾ ਹੈ। ਕੇਂਦਰ ਤੇ ਰਾਜ ਸਰਕਾਰਾਂ ਮਿਲਕੇ ਅਜਿਹੇ 'ਕੈਪੇਬਿਲਟੀ ਡਿਮਾਨਸਟਰੇਸ਼ਨ' ਕਰਦੀਆਂ ਰਹਿੰਦੀਆਂ ਹਨ। ਅਜਿਹੇ ਪ੍ਰਦਰਸ਼ਨ ਤੋਂ ਬਾਅਦ ਅਜਿਹੇ ਨੌਜਵਾਨਾਂ ਨੂੰ ਫੜਿਆ ਅਤੇ 'ਮੁੱਠਭੇੜਾਂ' ਵਿਚ ਮਾਰਿਆ ਜਾਂਦਾ ਹੈ, ਜੋ ਸਰਕਾਰ ਦਾ ਵਿਰੋਧ ਕਰਦੇ ਹੋਣ, ਜੋ ਮੁਸਲਮਾਨ ਹੋਣ, ਜਿਨ੍ਹਾਂ ਨੂੰ ਲਸ਼ਕਰ ਜਾਂ ਜੈਸ਼ ਨਾਲ ਜੋੜਨਾ ਸੌਖਾ ਹੋਵੇ ਤਾਂ ਜੋ ਸਰਕਾਰ ਨੂੰ ਸਿਆਸੀ ਲਾਭ ਪਹੁੰਚੇ। 'ਇਸਲਾਮੋ ਫੋਬੀਆ' ਦਾ ਆਤੰਕ ਦਿਖਾਕੇ ਹਿੰਦੂ ਜਨ ਨੂੰ ਆਪਣੇ ਨਾਲ ਜੋੜਿਆ ਜਾ ਸਕੇ।

ਕਸ਼ਮੀਰ ਦੀਆਂ ਖੁਫ਼ੀਆ ਏਜੰਸੀਆਂ 'ਸਟਾਕ' ਵਿਚ ਰੱਖੇ ਲੜਕਿਆਂ ਦਾ ਅਜਿਹੇ ਮਸਲੇ 'ਹੱਲ' ਕਰਨ ਲਈ ਇਸਤੇਮਾਲ ਕਰਦੀਆਂ ਹਨ।

2000 ਵਿਚ ਅਮਰੀਕੀ ਰਾਸ਼ਟਰਪਤੀ 'ਬਿਲ ਕਲਿੰਟਨ' ਦੇ ਭਾਰਤ ਦੌਰੇ ਸਮੇਂ 26 ਮਾਰਚ ਨੂੰ 'ਚਿੱਟੀ ਸਿਘਪੁਰ' ਵਿਚ ਹੋਇਆ 26 ਸਿੱਖ ਨੌਜਵਾਨਾਂ ਦਾ ਨਰਸੰਹਾਰ, ਜਿਸ ਨੂੰ ਲਸ਼ਕਰ ਜਾਂ ਜੈਸ਼ ਨਾਲ ਜੋੜਨ ਦੀ ਸਾਜ਼ਿਸ਼ ਮੌਕੇ ਦੇ ਗਵਾਹਾਂ ਵਲੋਂ ਰੱਦ ਕਰ ਦਿੱਤੀ ਗਈ, ਜਿਨ੍ਹਾਂ ਅਨੁਸਾਰ ਕਾਤਲ 'ਬੰਦੇ ਮਾਤਰਮ' ਅਤੇ 'ਭਾਰਤ ਮਾਤਾ ਦੀ ਜੈ' ਦੇ ਨਾਹਰੇ ਲਗਾ ਰਹੇ ਸਨ, ਇਕ ਦੂਜੇ ਨੂੰ ਹਿੰਦੂ ਨਾਮਾਂ ਨਾਲ ਪੁਕਾਰ ਰਹੇ ਸਨ। ਭਾਰਤੀ ਫੌਜ ਦੀ ਵਰਦੀ ਵਿਚ 'ਕਾਤਲ' 'ਚਲੋ ਗੋਪਾਲ ਵਾਪਸ ਚਲੋ' ਬੋਲ ਰਹੇ ਸਨ।

ਬਾਅਦ ਵਿਚ 'ਪੱਥਰੀ ਬਲ' ਵਿਖੇ 'ਮੁਕਾਬਲਾ' ਕਰਦੇ ਕਰਦੇ ਚਿੱਟੀ ਸਿੰਘ ਪੂਰਾ ਮੁਕਾਬਲੇ ਦੇ ਕਥਿਤ ਦੋਸ਼ੀਆਂ ਨੂੰ ਲਸ਼ਕਰ, ਜੈਸ਼ ਜਾਂ ਪਾਕਿਸਤਾਨ ਨਾਲ ਜੋੜਨ ਦੀ ਸਾਜ਼ਿਸ਼ ਨਾਕਾਮ ਹੋ ਗਈ, ਜਦੋਂ ਸਥਾਨਕ ਲੋਕਾਂ ਨੇ ਲਾਸ਼ਾਂ ਦੀ ਪਛਾਣ ਕਰਕੇ ਉਹਨਾਂ ਨੂੰ ਸਥਾਨਕ ਘਰਾਂ ਦੇ ਪੁੱਤਰ ਸਿੱਧ ਕਰ ਦਿੱਤਾ, ਜੋ ਮਜ਼ਦੂਰੀ ਕਰਕੇ ਪਰਿਵਾਰਾਂ ਦਾ ਪੇਟ ਭਰਦੇ ਸਨ। ਇਸ ਕਤਲ ਕਾਂਡ ਅਤੇ ਚਿੱਟੀਸਿੰਘਪੁਰਾ ਕਾਂਡ ਦੀ ਜਾਂਚ ਕਰ ਰਹੀਆਂ ਏਜੰਸੀਆਂ ਨੇ ਕਥਿਤ ਪਾਕਿ ਅੱਤਵਾਦੀਆਂ, ਮੁਹੰਮਦ ਸੁਹੈਲ ਅਤੇ ਵਸੀਮ ਅਹਿਮਦ ਨੂੰ ਗ੍ਰਿਫਤਾਰ ਕੀਤਾ ਸੀ ਉਹ 12 ਸਾਲ ਜੇਲ੍ਹ ਵਿਚ ਬਿਤਾਕੇ ਬੇਗੁਨਾਹ ਸਾਬਤ ਹੋ ਕੇ ਬਾਹਰ ਆ ਗਏ। ਘਟਨਾ ਦੇ 5 ਦਿਨਾਂ ਬਾਅਦ 'ਪੱਥਰੀ ਬਲ' ਮੁਕਾਬਲਾ ਫਰਜ਼ੀ ਸਾਬਤ ਹੋ ਗਿਆ ਸੀ। 31 ਅਕਤੂਬਰ 2000 ਨੂੰ ਇਸ 'ਝੂਠੇ ਮੁਕਾਬਲੇ' ਦੀ ਜਾਂਚ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਐਸ ਰਤਨਾਵੇਲ ਪੈਂਡੀਅਨ ਤੋਂ ਕਰਵਾਉਣ ਦੇ ਐਲਾਨ ਤੋਂ ਫਾਰੂਖ ਅਬਦੁੱਲਾ ਪਿਛੇ ਹਟ ਗਏ ਕਿਉਂਕਿ ਪ੍ਰਧਾਨ ਮੰਤਰੀ ਵਾਜਪਾਈ ਅਜਿਹੀ ਜਾਂਚ ਨਹੀਂ ਸਨ ਚਾਹੁੰਦੇ। ਸੇਵਾ ਮੁਕਤ ਚੋਣ ਕਮਿਸ਼ਨਰ ਐਮ ਐਸ ਗਿੱਲ ਦਾ ਸਵਾਲ, " ਕੀ 40 ਲੋਕਾਂ ਦੀ ਮੌਤ 5 ਲੋਕਾਂ ਦੀ ਮੌਤ ਨਾਲੋਂ ਘੱਟ ਦੁਖਦਾਈ ਸੀ।" ਆਦਿ ਕਾਰਨਾਂ ਕਾਰਨ ਪੱਥਰੀ ਬਲ ਮੁਕਾਬਲੇ ਦੀ ਜਾਂਚ ਰੋਕ ਦਿੱਤੀ ਗਈ। ਜਦੋਂ ਗ੍ਰਹਿ ਮੰਤਰੀ ਅਡਵਾਨੀ ਨੇ ਇਸ ਸਬੰਧੀ ਸਿੱਖ ਭਾਈਚਾਰੇ ਨੂੰ ਸੁਰੱਖਿਆ ਦੇਣ ਦੀ ਗੱਲ ਕੀਤੀ ਤਾਂ ਸਥਾਨਕ ਲੋਕਾਂ ਨੇ ਇਸ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਕਿ ਸਥਾਨਕ ਮੁਸਲਮ ਸਮਾਜ ਨਾਲ ਉਨ੍ਹਾਂ ਦਾ ਕੋਈ ਵਿਰੋਧ ਨਹੀਂ। ਵਾਜਪਾਈ ਸਰਕਾਰ ਨੇ ਇਸ ਘਟਨਾ ਦੀ ਵਰਤੋਂ ਮੁਸਲਮਾਨਾਂ ਅਤੇ ਸਿੱਖਾਂ ਅੰਦਰ ਖਾਈ ਪੈਦਾ ਕਰਨ ਲਈ ਕਰਨ ਦੀ ਕੋਸ਼ਿਸ਼ ਕੀਤੀ, ਜਿਵੇਂ 'ਜਗਮੋਹਨ' ਨੇ ਕਸ਼ਮੀਰੀ ਪੰਡਿਤਾਂ ਨੂੰ ਸੁਰੱਖਿਆ ਦੇ ਨਾਮ 'ਤੇ ਕਸ਼ਮੀਰ ਵਿਚੋਂ ਬਾਹਰ ਕੱਢਕੇ ਮੁਸਲਮਾਨਾਂ ਅਤੇ ਕਸ਼ਮੀਰੀ ਪੰਡਿਤਾਂ ਵਿਚ ਵਿਰੋਧ ਦੀ ਲਕੀਰ ਖਿੱਚ ਦਿੱਤੀ ਸੀ।

'ਪੱਥਰੀ ਬਲ ਮੁਕਾਬਲਾ' ਜਿਸ ਵਿਚ 5 ਸਥਾਨਕ ਮਜ਼ਦੂਰ (ਪਾਕਿ ਸਮਰਥਕ ਆਤੰਕੀ) ਮਾਰੇ ਗਏ ਸਨ, ਦੀ ਅਗਵਾਈ ਕਸ਼ਮੀਰ ਪੁਲਿਸ ਦੇ ਅਨੰਤਨਾਮ ਦੇ ਐਸ.ਐਸ.ਪੀ. ਫਾਰੂਖ ਖਾਨ ਕਰ ਰਹੇ ਸਨ। ਇਹ ਮੁਕਾਬਲਾ ਫਾਰੂਖ ਖਾਨ ਦੀ ਅਗਵਾਈ ਵਿਚ ਫੌਜ ਦੀ ਸੰਯੁਕਤ ਕਮਾਂਡ ਹੇਠ ਅੰਜਾਮ ਦਿੱਤਾ ਗਿਆ ਸੀ। ਬਾਅਦ ਵਿਚ ਸੀਬੀਆਈ ਜਾਂਚ ਵਿਚ (ਜਨਵਰੀ 2003) ਫਾਰੂਖ ਖਾਨ ਨੂੰ ਦੋਸ਼ ਮੁਕਤ ਕਰ ਦਿੱਤਾ ਗਿਆ। ਫੌਜ ਦੇ ਪੰਜ ਅਧਿਕਾਰੀਆਂ ਬ੍ਰਿਗੇਡੀਅਰ ਅਜੈ ਸਕਸੈਨਾ, ਲੈ. ਕਰਨਲ ਬਰਜਿੰਦਰ ਪ੍ਰਤਾਮ ਸਿੰਘ, ਮੇਜਰ ਸੌਰਭ ਸ਼ਰਮਾ, ਮੇਜਰ ਅਮਿਤ ਸਕਸੈਨਾ ਅਤੇ ਸੂਬੇਦਾਰ ਇੰਦਰੀਸ ਖਾਨ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਬ੍ਰਿਗੇਡੀਅਰ ਅਜੈ ਸਕਸੈਨਾ ਨੇ ਲੈ. ਜਨਰਲ ਮਦਨ ਗੋਪਾਲ ਨੂੰ ਚਿੱਠੀ ਲਿਖ ਕੇ ਦੱਸਿਆ ਕਿ ਪੂਰਾ ਅਪਰੇਸ਼ਨ ਐਸ.ਐਸ.ਪੀ. ਫਾਰੂਖ ਖਾਨ ਦੀ ਸੂਚਨਾ ਦੇ ਅਧਾਰ 'ਤੇ ਉਨ੍ਹਾਂ ਦੀ ਅਗਵਾਈ ਵਿਚ ਹੀ ਕੀਤਾ ਗਿਆ। ਬਾਅਦ ਵਿਚ ਅਫਸਪਾਂ ਦੀ ਛਤਰੀ ਦੇ ਓਟ ਹੇਠ 'ਦੋਸ਼ੀ' ਫੌਜੀ ਅਧਿਕਾਰੀ ਵੀ ਬਚ ਨਿਕਲੇ।

ਫਰਜ਼ੀ ਮੁੱਠ ਭੇੜਾਂ ਲਈ ਬਦਨਾਮ ਇਸ ਪੁਲਿਸ ਅਫ਼ਸਰ ਫਾਰੂਖ ਖਾਨ ਦਾ ਦਾਦਾ 'ਕਰਨਲ ਪੀਰ ਮੁਹੰਮਦ' ਜਨ ਸੰਘ ਦਾ ਸੂਬੇ ਦਾ ਪ੍ਰਧਾਨ ਸੀ ਅਤੇ ਪੂਰਾ ਪਰਿਵਾਰ ਸੰਘ ਨਾਲ ਨੇੜਿਓਂ ਜੁੜਿਆ ਹੋਇਆ ਸੀ। ਸੇਵਾ ਮੁਕਤੀ ਤੋਂ ਬਾਅਦ 26 ਮਾਰਚ 2014 ਨੂੰ ਇਹ ਫਾਰੂਖ ਖਾਨ ਵੀ ਮੋਦੀ ਦੀ ਕਠੂਆ ਰੈਲੀ ਸਮੇਂ ਭਾਜਪਾ ਵਿਚ ਸ਼ਾਮਲ ਹੋ ਗਿਆ।

ਉਪਰੋਕਤ ਘਟਨਾਕ੍ਰਮ ਨੂੰ ਦੇਖਦੇ ਹੋਏ ਅਕਸ਼ਰਧਾਮ ਹਮਲਾ ਵੀ ਸ਼ੱਕ ਦੇ ਘੇਰੇ ਵਿਚ ਆ ਗਿਆ। ਅਮਰੀਕੀ ਦੂਤਾਵਾਸ ਦਿੱਲੀ ਦੇ ਲੀਗਲ ਅਟੈਚੀ ਡੇਨੀਅਲ ਸੀਕਲੈਮ ਵਲੋਂ ਭਾਰਤੀ ਖੁਫ਼ੀਆ ਏਜੰਸੀਆਂ ਨੂੰ ਸੀਆਈਏ ਅਤੇ ਲਸ਼ਕਰ ਦੇ ਡਬਲ ਏਜੰਟ ਹੈਡਲੀ ਦੀ ਪੁੱਛਗਿੱਛ ਦੇ ਸਿੱਟੇ ਵਜੋਂ ਲਿਖੇ ਪੱਤਰ ਤੋਂ ਪਤਾ ਲੱਗਦਾ ਹੈ ਕਿ 'ਬਰੇਟ ਅਗੇਨਸਟ ਹਿੰਦੂ ਟੈਂਪਲ' ਵਿਚ ਉਹ ਉੱਤਰ ਪ੍ਰਦੇਸ਼ ਦੀ ਮਸਜਿਦ ਤੇ 1988 ਵਿਚ ਹੋਏ ਹਮਲੇ ਦੇ ਬਦਲੇ ਦੀ ਗੱਲ ਕਰਦਾ ਹੈ ਜਦੋਂਕਿ 1988 ਵਿਚ ਉਤਰ ਪ੍ਰਦੇਸ਼ ਵਿਚ ਇੱਕ ਵੀ ਮਸਜਿਦ 'ਤੇ ਹਮਲਾ ਨਹੀਂ ਹੋਇਆ। ਇਸ ਲਈ ਇਹ ਕਹਾਣੀ ਮਨਘੜਤ ਲੱਗਦੀ ਹੈ। ਇਸੇ ਪੱਤਰ ਵਿਚ ਉਹ ਇਸ਼ਰਤ ਜਹਾਂ ਫਰਜ਼ੀ ਮੁੱਠਭੇੜ ਵਿਚ ਜੇਲ੍ਹ ਵਿਚ ਬੰਦ ਡੀਐਸਪੀ ਨਰੇਂਦਰ ਅਮੀਨ (ਜੋ ਅਕਸ਼ਰਧਾਮ ਹਮਲੇ ਨਾਲ ਵੀ ਜੁੜਿਆ ਰਿਹਾ) ਵਲੋਂ ਹੈਦਰਾਬਾਦ ਵਿਚ ਅੱਤਵਾਦ ਦੇ ਨਾਮ 'ਤੇ ਮੌਲਾਨਾ ਅਬਦੁਲ ਅਲੀਮ ਮਜਾਹਿਦ ਸਲੀਮ ਦੀ ਕਨਪਟੀ ਤੇ ਗੋਲੀ ਮਾਰਕੇ ਮਾਰਨ ਦਾ ਮੁਕੱਦਮਾ ਸਈਦਾਬਾਦ ਪੁਲਿਸ ਸਟੇਸ਼ਨ ਵਿਖੇ ਦਰਜ ਹੈ 'ਹੇਡਲੀ' ਨੂੰ ਜਕੀਰਉਰ ਰਹਿਮਾਨ ਲਖਵੀ ਲਕਸ਼ਰ ਨੇਤਾ ਨੇ ਦੱਸਿਆ ਸੀ ਕਿ ਮੁਜੱਮਲ ਨੇ ਹੀ ਇਸ਼ਰਤ ਜਹਾਂ ਨੂੰ ਭਰਤੀ ਕੀਤਾ ਸੀ ਜੋ ਆਤਮਘਾਤੀ ਹਮਲਾਵਰ ਸੀ। ਇਹ ਗੱਲ ਵੀ ਸ਼ੱਕੀ ਜਾਪਦੀ ਹੈ ਕਿਉਂਕਿ ਕਲੇਗ ਦੀ ਰਿਪੋਰਟ ਅਨੁਸਾਰ (25 ਜੁਲਾਈ 2010) ਇਸ਼ਰਤ ਜਹਾਂ ਦੇ ਬਾਕੀ ਸਾਥੀਆਂ ਪ੍ਰਵੇਸ਼ ਪਿਲਈ ਉਰਫ਼ ਜਾਵੇਦ ਸ਼ੇਖ, ਅਜਮਦ ਅਲੀ ਰਾੜਾ, ਜੀਸ਼ਾਨ ਜੌਹਰ ਦਾ ਨਾਮ ਕਿਉਂ ਨਹੀਂ ਲਿਆ ਗਿਆ। ਅਸਲ ਵਿਚ ਇਸ਼ਰਤ ਜਹਾਂ ਫਰਜ਼ੀ ਮੁਕਾਬਲੇ ਵਿਚ ਆਈ ਬੀ ਅਧਿਕਾਰੀ ਰਾਜਿੰਦਰ ਕੁਮਾਰ ਖੁਦ ਆਰੋਪੀ ਹੈ। ਉਸ ਨੂੰ ਬਚਾਉਣ ਲਈ ਹੀ ਇਹ ਕਹਾਣੀ ਘੜੀ ਜਾਪਦੀ ਹੈ। ਜਦੋਂਕਿ ਪਿਲਈ ਦਾ ਪਿਤਾ ਗੋਪੀ ਨਾਥ ਪਿਲਈ ਆਪਣੇ ਪੁੱਤਰ ਦੇ ਭਾਰਤੀ ਖੁਫ਼ੀਆ ਏਜੰਸੀਆਂ ਨਾਲ ਜੁੜੇ ਹੋਣ ਨੂੰ ਖ਼ੁਦ ਸਵੀਕਾਰ ਕਰਦਾ ਹੈ।

ਗੁਜਰਾਤ ਗੌਰਵ ਯਾਤਰਾ ਸਮੇਂ ਮੋਦੀ ਪੂਰੀ ਗੁਜਰਾਤ ਵਿਚ ਘੁੰਮ ਕੇ 'ਪਾਕਿਸਤਾਨ', 'ਮੀਆਂ ਮੁਸ਼ੱਰਫ' 'ਮੁਸਲਮਾਨ ਸ਼ਿਵਰ ਬੱਚੇ ਪੈਦਾ ਕਰਨ ਦੀਆਂ ਫੈਕਟਰੀਆਂ' ਆਦਿ ਕਹਿ ਕਹਿ ਕੇ ਪਾਕਿ ਵਿਰੋਧ 'ਤੇ ਟਿਕੇ ਰਾਸ਼ਟਰਵਾਦ ਦੇ ਆਧਾਰ 'ਤੇ ਵਿਰੋਧੀ ਧਿਰ ਨੂੰ ਚੁੱਪ ਕਰਵਾਉਣ ਦਾ ਇਕ ਬੇਮਿਸਾਲ ਛੜਜੰਤਰ ਰਚ ਰਿਹਾ ਸੀ।

ਅਕਸ਼ਰਧਾਮ ਹਮਲਾ ਵੀ ਉਪਰੋਕਤ ਦੀ ਤਰ੍ਹਾਂ ਸ਼ੱਕ ਦੇ ਘੇਰੇ ਵਿਚ ਆਉਂਦਾ ਹੈ ਕਿਉਂਕਿ ਸਟੇਨ ਗਰਨੇਡ ਦੀ ਸੁਵਿਧਾ ਵਾਲੇ ਐਮ.ਐਸ.ਜੀ. ਨੂੰ ਹਦਾਇਤ ਹੁੰਦੀ ਹੈ ਕਿ ਘੱਟੋ-ਘੱਟ ਇਕ ਫਿਦਾਇਨ ਨੂੰ ਜਿੰਦਾ ਫੜਨਾ ਜ਼ਰੂਰੀ ਹੈ ਤਾਂ ਜੋ ਸਬੂਤ ਨਸ਼ਟ ਨਾ ਹੋਣ। ਉਸ ਮੌਕੇ ਗੁਜਰਾਤ ਪੁਲਿਸ ਦਾ ਸਿਪਾਹੀ 'ਅੱਲਾ ਰੱਖਾ' 'ਦੇਸ਼ ਭਗਤੀ' ਸਾਬਤ ਕਰਦਾ 'ਸ਼ਹਾਦਤ' ਦੇ ਦਿੰਦਾ ਹੈ। ਮੌਕੇ ਦਾ ਗ੍ਰਹਿ ਮੰਤਰੀ ਗੌਰਵਤਾਨ ਜੜਾਫੀਆ ਮੰਦਰ ਦੇ ਗੇਟ 'ਤੇ ਖੜ੍ਹਾ ਕਹਿ ਰਿਹਾ ਹੈ "ਗੱਲਬਾਤ ਦਾ ਸਵਾਲਹੀ ਪੈਦਾ ਨਹੀਂ ਹੁੰਦਾ। ਅਸੀਂ ਉਸ ਵੇਲੇ ਤੱਕ ਲੜਾਂਗੇ, ਜਦੋਂ ਤੱਕ ਸਾਰੇ ਮਾਰ ਨਹੀਂ ਦਿੱਤੇ ਜਾਂਦੇ।" (ਸਬੂਤ ਜਾਣ ਖੱਡੇ ਵਿਚ)

ਉਦਾਰ ਛਬੀ ਵਾਲੇ ਵਾਜਪਾਈ ਜੋ ਗੁਜਰਾਤ ਨਰਸੰਹਾਰ ਸਮੇਂ 35 ਦਿਨਾਂ ਬਾਅਦ 'ਰਾਜ ਧਰਮ' ਸਮਝਾਉਣ ਗੁਜਰਾਤ ਪਹੁੰਚੇ ਸਨ, ਮਾਲਦੀਵ ਦੌਰਾ ਵਿਚਾਲੇ ਛੱਡਕੇ 24 ਘੰਟਿਆਂ ਵਿਚ ਅਕਸ਼ਰਧਾਮ ਪਹੁੰਚ ਜਾਂਦੇ ਹਨ। 'ਲੋਹ ਪੁਰਸ਼' ਅਡਵਾਨੀ ਦੇ ਪਹੁੰਚਣ ਤੋਂ ਬਾਅਦ ਜੋ ਭਾਰਤ ਦੇ ਉਪ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਨ, ਨੂੰ ਦਿੱਲੀ ਤੋਂ ਨਿਕਲਣ ਤੋਂ ਪਹਿਲਾਂ ਹੀ ਅੱਤਿਵਾਦੀਆਂ ਦੇ ਨਾਮ ਅਤੇ ਪਾਕਿਸਤਾਨ ਦੇ ਐਡਰੈਸ ਪਤਾ ਸੀ। (ਜੋ ਸੁਰੱਖਿਆ ਏਜੰਸੀਆਂ ਪਹਿਲਾਂ ਨਹੀਂ ਸੀ ਦੱਸ ਸਕੀਆਂ)। ਅਡਵਾਨੀ ਦੇ ਪਹੁੰਚਣ 'ਤੇ ਥੱਕੇ ਹਾਰੇ ਐਨ.ਐਸ.ਜੀ ਕਮਾਂਡੋਆਂ ਤੋਂ 'ਭਾਰਤ ਮਾਤਾ ਦੀ ਜੈ' ਦੇ ਨਾਹਰੇ ਅਤੇ ਭਾਜਪਾ ਕਾਰਕੁੰਨਾਂ ਵਲੋਂ ਉਨ੍ਹਾਂ ਨਾਅਰਿਆਂ 'ਤੇ ਨੱਚਣਾਂ ਕੀ ਦਰਸਾਉਂਦਾ ਹੈ। 'ਦੀ ਵੀਕ' ਦੇ ਪੱਤਰਕਾਰ 'ਆਰਪ੍ਰਸੰਨ' ਅਨੁਸਾਰ ਅਪਰੇਸ਼ਨ ਕੁਝ ਜ਼ਿਆਦਾ ਹੀ ਸਫ਼ਾਈ ਨਾਲ ਕਰ ਦਿੱਤਾ ਗਿਆ। ਆਤਮਘਾਤੀ ਦਸਤੇ ਨੇ ਆਪਣੇ ਭੱਜਣ ਲਈ ਰਸਤਾ ਰੱਖਿਆ ਸੀ। ਭਾਰੀ ਹਥਿਆਰਾਂ ਦੇ ਬਾਵਜੂਦ ਭੀੜ ਭਰੇ ਹਾਲ ਵਿਚ ਘੁਸਣ ਦੀ ਥਾਂ ਉਹ ਬਾਥਰੂਮ ਵਿਚ ਛੁਪ ਗਏ। ਫਿਦਾਇਨ ਨੂੰ ਜਿੰਦਾ ਫੜਣ ਦੀ ਥਾਂ ਮੌਕੇ 'ਤੇ ਮਾਰਨਾ ਕਿਤੇ ਸਬੂਤ ਨਸ਼ਟ ਕਰਨ ਦੀ ਸਾਜ਼ਿਸ਼ ਤਾਂ ਨਹੀਂ? (ਜਦੋਂ ਕਿ ਆਲੇ ਦੁਆਲੇ ਮਾਹੌਲ ਸ਼ਾਂਤ ਸੀ)? ਵਿਸਫੋਟਕ ਮਾਹੌਲ ਹੋਣ ਦੀ ਸਥਿਤੀ ਵਿਚ ਹੀ ਫਿਦਾਇਨ ਮਾਰੇ ਜਾਂਦੇ ਹਨ। ਫਿਦਾਇਨ ਤੋਂ ਫੜੇ ਪੱਤਰ ਕੋਰੇ ਸਾਫ਼ (ਕੋਈ ਖੂਨ ਦਾ ਧੱਬਾ ਨਹੀਂ) ਪੱਤਰਾਂ ਨੂੰ ਪੜ੍ਹਨ ਲਈ ਬਹੁਤ ਦੂਰ ਤੋਂ ਮੌਲਵੀ ਨੂੰ ਬੁਲਾਉਣ। ਆਦਿ ਤੋਂ ਲੈ ਕੇ ਪੈਦਾ ਹੁੰਦੇ ਹਨ।

ਫਿਦਾਇਨ ਦੇ ਨਵੇਂ ਜੁੱਤੇ ਅਤੇ ਨਵੇਂ ਕੱਪੜਿਆਂ ਬਾਰੇ ਕੋਈ ਜਾਂਚ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਜਨਣ ਅੰਗਾਂ 'ਤੇ ਕੋਈ ਜ਼ਖ਼ਮ ਦਾ ਨਿਸ਼ਾਨ ਨਾ ਹੋਣਾ ਮਾਮਲੇ ਨੂੰ ਹੋਰ ਵੀ ਸ਼ੱਕੀ ਬਣਾਉਂਦਾ ਹੈ।

ਐਨਐਸਜੀ ਦੇ ਬ੍ਰਿਗੇਡੀਅਰ ਰਾਜ ਸੀਤਾਪਤੀ ਨੂੰ ਅਦਾਲਤ ਵਿਚ ਪੇਸ਼ ਨਾ ਕਰਨਾ (ਜੋ ਅਸਲ ਮੌਕੇ ਦਾ ਗਵਾਹ ਸੀ)। ਰਾਜ ਸੀਤਾਪਤੀ ਵਲੋਂ ਅਡਵਾਨੀ ਦੇ ਦਾਵੇ (ਆਤੰਕੀ ਅਟਕ ਪਾਕਿਸਤਾਨ ਦੇ ਹਨ) ਨੂੰ ਖਾਰਜ ਕਰਨਾ। ਜ਼ਖ਼ਮੀ ਗਵਾਹਾਂ ਵਲੋਂ ਫਿਦਾਇਨ ਦਾ ਵੱਖੋ ਵੱਖਰਾ ਹੁਲੀਆ ਦੱਸਣਾ ਕਥਿਤ ਦੋਸ਼ੀਆਂ ਜਿਨ੍ਹਾਂ ਨੂੰ ਬੇਤਹਾਸ਼ਾ ਤਸ਼ੱਦਦ ਕਰਕੇ ਮਨਮਰਜ਼ੀ ਦੇ ਬਿਆਨ ਲਿਖਾ ਕੇ ਟੀ.ਵੀ. ਕੈਮਰਿਆਂ ਅੱਗੇ ਪੇਸ਼ ਕੀਤਾ ਗਿਆ। ਹੇਠਲੀਆਂ ਅਦਾਲਤਾਂ ਤੋਂ ਮੁਫ਼ਤੀ ਅਬਦੁਲ ਕਿਊਮ, ਆਦਮ ਅਜਮੇਰੀ ਅਤੇ ਚਾਂਦ ਖਾਨ ਨੂੰ ਫਾਂਸੀ, ਸਲੀਮ ਨੂੰ ਉਮਰ ਕੈਦ, ਮੌਲਵੀ ਅਬਦੁੱਲਾ ਨੂੰ 10 ਸਾਲ ਅਤੇ ਅਲਤਾਫ ਹੁਸੈਨ ਨੂੰ 5 ਸਾਲ ਦੀ ਸਜ਼ਾ ਹੋਈ ਸੀ। ਸੁਪਰੀਮ ਕੋਰਟ ਵਲੋਂ ਸੋਲਵੀਂ ਲੋਕ ਸਭਾ ਦੇ ਨਤੀਜਿਆਂ ਵਾਲੇ ਦਿਨ ਜਿਸ ਦਿਨ ਮੋਦੀ ਦੇਸ਼ ਦਾ ਪ੍ਰਧਾਨ ਮੰਤਰੀ ਬਣਨ ਦੀ ਤਿਆਰੀ ਕਰ ਰਿਹਾ ਸੀ, ਸਾਰੇ ਕਥਿਤ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਅਤੇ ਹਾਈਕੋਰਟ ਨੂੰ ਸੁਰੱਖਿਆ ਏਜੰਸੀਆਂ ਨਾਲ ਮਿਲਕੇ ਤੱਥਹੀਣ, ਝੂਠੇ ਮੁਕੱਦਮੇ ਮੜ੍ਹ ਕੇ ਸਾਜ਼ਿਸ਼ੀ ਢੰਗ ਨਾਲ ਦੋਸ਼ੀ ਸਾਬਤ ਕਰਨ ਲਈ ਫਟਕਾਰ ਲਗਾਈ। ਮੋਦੀ ਲਈ ਇਹ ਕਰਾਰਾ ਝਟਕਾ ਸੀ।

5 ਜੁਲਾਈ 2005 ਨੂੰ ਰਾਮ ਮੰਦਰ ਤੇ ਹੋਏ ਹਮਲੇ ਨੂੰ ਵੀ ਅਕਸ਼ਰਧਾਮ ਹਮਲਾਵਰਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ। ਹਮਲਾਵਰਾਂ ਦੇ ਨਵੇਂ ਕੱਪੜੇ ਅਤੇ ਨਵੇਂ ਜੁੱਤੇ ਆਦਿ ਨੂੰ ਦੋਹਾਂ ਘਟਨਾਵਾਂ ਵਿਚ ਹੋਣ ਤੋਂ ਇਸ ਦੀ ਪਛਾਣ ਕੀਤੀ ਗਈ।

ਵੱਖ-ਵੱਖ ਵਿਰੋਧੀ ਪਾਰਟੀਆਂ ਵਲੋਂ ਉਠ ਰਹੀਆਂ ਆਵਾਜ਼ਾਂ ਚੁੱਪ ਕਰਵਾਉਣ ਲਈ 'ਆਤੰਕਵਾਦ ਤੇ ਰਾਜਨੀਤੀ ਨਾ ਕਰੋ', 'ਰਾਸ਼ਟਰ ਹਿੱਤ ਦੇ ਮੱਦੇਨਜ਼ਰ ਸਿਆਸਤ ਨਾ ਕਰੋ', 'ਦਲਗਤ ਰਾਜਨੀਤੀ ਤੋਂ ਉਪਰ ਉਠਣ, ਟੁਕੜੇ ਟੁਕੜੇ ਗੈਂਗ, ਅਰਬਨ ਨਕਸਲੀ, ਲੈਪਟਾਫੂ ਤੁਸ਼ਟੀਕਰਨ ਆਦਿ ਮੁਹਾਵਰੇ ਘੜੇ ਗਏ। ਪ੍ਰੰਤੂ 2014 ਵਿਚ ਲੋਕ ਸਭਾ ਚੋਣਾਂ ਤੋਂ ਕਾਫ਼ੀ ਸਮਾਂ ਪਹਿਲਾਂ ਕਾਂਗਰਸੀ ਨੇਤਾ ਮਧੂਸੂਦਨ ਮਿਸਤਰੀ (ਵਡੋਦਰਾ ਤੋਂ ਮੋਦੀ ਖਿਲਾਫ਼ ਚੋਣ ਲੜੀ ਸੀ) ਨੇ ਕਹਿ ਦਿੱਤਾ ਸੀ ਕਿ ਅਕਸ਼ਰਧਾਮ ਹਮਲੇ ਬਾਰੇ ਮੋਦੀ ਨੂੰ ਪਹਿਲਾਂ ਜਾਣਕਾਰੀ ਸੀ। ਜਿਵੇਂ ਬੰਗਲੌਰ ਅਤੇ ਅਹਿਮਦਾਬਾਦ ਵਿਚ ਹੋਏ ਬੰਬ ਵਿਸਫੋਟਾਂ ਬਾਰੇ ਵੀ 'ਆਮ ਸਹਿਮਤੀ' ਤੋਂ ਉਲਟ ਸੁਸਮਾ ਸਵਰਾਜ ਨੇ ਇਸ ਨੂੰ ਕਾਂਗਰਸ ਦੇ ਹੱਥ ਹੋਣ ਬਾਰੇ ਕਹੀ ਗੱਲ ਨੂੰ ਭਾਜਪਾ ਨੇ ਖੇਡ ਭਾਵਨਾ ਤੋਂ ਨਾ ਭੜਕਣ ਦੀ ਨਸੀਹਤ ਦੇ ਕੇ ਵਾਪਸ ਲੈ ਲਿਆ ਸੀ। ਉਸੇ ਤਰ੍ਹਾਂ ਕਾਂਗਰਸ ਨੇ ਵੀ ਮਧੂ ਸੂਦਨ ਮਿਸਤਰੀ ਦੇ ਬਿਆਨ ਤੋਂ ਪੱਲਾ ਝਾੜ ਲਿਆ।

ਸਵਾਮੀ ਸ੍ਰੀ ਨਰਾਇਣ ਸਰੂਪ ਦਾਸ ਜੋ ਹਮਲੇ ਨੂੰ ਫਿਰਕੂ ਰੰਗਤ ਦੇਣ ਦਾ ਵਿਰੋਧ ਕਰਦਾ ਸੀ ਅਤੇ ਮੋਦੀ ਨੂੰ ਗੌਰਵ ਯਾਤਰਾ ਰੋਕਣ ਦੀਆਂ ਨਸੀਹਤਾਂ ਦਿੰਦਾ ਸੀ। ਬਾਅਦ ਵਿਚ ਭਾਵਨਾਵਾਂ ਦੇ ਭਾਰੂ ਹੋਣ ਤੋਂ ਬਾਅਦ ਗੁਜਰਾਤ ਅਖ਼ਬਾਰ 'ਫੁੱਲਆਬ' ਵਿਚ ਛਪੇ ਇਸ਼ਤਿਹਾਰ ਵਿਚ ਮੋਦੀ ਲਈ ਵੋਟਾਂ ਮੰਗਣ ਵਿਚ ਸਭ ਤੋਂ ਉਪਰ ਸੀ।

27 ਫਰਵਰੀ 2002 ਨੂੰ ਗੋਧਰਾ ਕਾਂਡ ਤੋਂ ਬਾਅਦ ਸਿਮੀ ਦਾ ਹੱਥ ਦੱਸਣ ਲਈ ਸਿਮੀ ਦੇ ਸਾਬਕਾ ਮੈਨੇਜਰ ਅਨਵਰ ਰਸ਼ੀਦ ਅਤੇ ਬਿਹਾਰ ਜ਼ੋਨ ਦੇ ਪ੍ਰਧਾਨ ਹਸੀਬ ਰਜ਼ਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪ੍ਰੰਤੂ 9/11 ਤੋਂ ਬਾਅਦ ਸਿਮੀ ਤੇ ਪਾਬੰਦੀ ਲੱਗ ਗਈ, ਇਸ ਲਈ ਸਿਮੀ ਦਾ ਨਾਮ ਲਾਹੇਵੰਦ ਨਹੀਂ ਸੀ। ਸਿਮੀ ਦੀ ਪਾਬੰਦੀ ਨੂੰ ਲੈ ਕੇ ਅੰਤਰ ਰਾਸ਼ਟਰੀ ਪੱਧਰ 'ਤੇ ਉੱਠ ਰਹੇ ਸਵਾਲਾਂ ਕਾਰਨ ਵੀ ਇਸ ਦਾ ਨਾਮ ਲੈਣਾ ਲਾਹੇਵੰਦ

ਨਹੀਂ ਸੀ। ਅਕਸ਼ਰਧਾਮ ਵਰਗੇ ਵੱਡੇ ਅਪਰੇਸ਼ਨ ਲਈ ਖੁਫ਼ੀਆ ਅਤੇ ਸੁਰੱਖਿਆ ਏਜੰਸੀਆਂ ਲਈ ਸਿੰਮੀ ਦਾ ਨਾਮ ਢੁਕਵਾਂ ਨਹੀਂ ਸੀ ਜਾਪ ਰਿਹਾ।

ਗੁਜਰਾਤ ਵਿਚ ਦਸੰਬਰ 2002 ਵਿਚ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ 'ਮੀਆਂ ਮਸ਼ਰਫ' ਅਤੇ ਪਾਕਿਸਤਾਨ ਵਿਰੋਧੀ ਭਾਵਨਾਵਾਂ ਭੜਕਾ ਕੇ (1965 ਵਿਚ ਗੁਜਰਾਤ ਦੇ ਮੁੱਖ ਮੰਤਰੀ ਬਲਵੰਤ ਰਾਏ ਦਾ ਪਾਕਿਸਤਾਨ ਵਿਚ ਮਰਨਾ) ਸਿੰਮੀ ਵਰਗੇ (30 ਸਾਲਾਂ ਤੋਂ ਘੱਟ ਉਮਰ ਦੇ ਨੌਜਵਾਨ) ਸੰਗਠਨ ਨਾਲ ਜੋੜਨ ਦੀ ਥਾਂ ਪਾਕਿਸਤਾਨ ਨਾਲ ਜੋੜਨਾ ਅਤੇ 'ਹੋਮ ਗਰੋਨ' ਟੈਰਰਿਜ਼ਮ ਦਾ ਨਕਸ਼ਾ ਤਿਆਰ ਕਰਨਾ ਭਵਿੱਖ ਦੀ ਸਿਆਸਤ ਲਈ ਯਤਨ ਜਾਪਦਾ ਹੈ।

ਮੁਸਲਮ ਸਮੂਹ ਦੇ ਧਾਰਮਿਕ ਵਿਅਕਤੀਆਂ ਅਤੇ ਅਰਬ ਦੇਸ਼ਾਂ ਵਿਚ ਰਹਿ ਰਹੇ ਵਪਾਰੀਆਂ ਨੂੰ ਇਸ ਛੜਯੰਤਰ ਵਿਚ ਸ਼ਾਮਲ ਦਿਖਾਕੇ ਇਸ ਤਰ੍ਹਾਂ ਦੇ ਨਕਲੀ ਖਤਰੇ ਦੀ ਪ੍ਰਛਾਈ ਨੂੰ ਹਿੰਦੂ ਵਿਰੋਧੀ ਸਾਬਤ ਕਰਕੇ ਇਸ ਨੂੰ ਹਿੰਦੂ-ਮੁਸਲਮ ਵਿਰੋਧਤਾਈ ਵਿਚ ਬਦਲਣ ਦੀ ਸਾਜ਼ਿਸ਼ ਸੀ, ਜਿਸ ਵਿਚ ਉਹ ਸਫ਼ਲ ਵੀ ਹੋਏ।

**ਅੱਬੂਤਲਹਾ ਕਦੇ ਮਰਦਾ ਹੀ ਨਹੀਂ :** ਸੁਰੱਖਿਆ ਏਜੰਸੀਆਂ ਅੱਬੂਤਲਹਾ ਵਰਗੇ ਮੁਸਲਮਾਨ ਨਾਮ ਸੰਕਟ ਮੋਚਕ ਹਨ ਜੋ ਮਰ ਕੇ ਵੀ ਨਹੀਂ ਮਰਦੇ। ਲੰਬੇ ਵਾਲ, ਲੰਬੀ ਦਾਹੜੀ, ਏ.ਕੇ. 47 (ਜੋ ਸੌਖਿਆਂ ਹੀ ਫਿੱਟ ਕੀਤੀ ਜਾ ਸਕਦੀ ਹੈ)। ਫਿਦਾਇਨ ਹਮਲੇ, ਨਿਰਦੋਸ਼ਾਂ ਦੀ ਹੱਤਿਆ, ਬੰਬ ਵਿਸਫੋਟ ਅਤੇ ਰਾਜਸੀ ਵਿਅਕਤੀਆਂ ਦੇ ਹੱਤਿਆ ਦੇ ਦੋਸ਼ ਆਦਿ ਲਗਾਉਣੇ ਸੌਖੇ ਹੋ ਜਾਂਦੇ ਹਨ। ਇਕ ਵਾਰ ਝੂਠੇ ਪੁਲਿਸ ਮੁਕਾਬਲੇ ਵਿਚ ਮਰਨ ਤੋਂ ਬਾਅਦ ਫਿਰ ਤੋਂ ਮਿੱਟੀ ਵਿਚ ਲਿਬੜਿਆ ਅੱਬੂ ਤਲਹਾਂ ਫਿਰ ਜਿੰਦਾ ਹੋ ਜਾਂਦਾ ਹੈ। ਇਸ 'ਫਾਈਟਰ ਕਲੱਬ' ਵਿਚ ਅੱਬੂਤਲਹਾ ਦੇ ਨਾਲ, ਹੱਬੂ ਹਜ਼ਮਾ, ਅੱਬੂ ਹਾਜ਼ਮ, ਅੱਬੂ ਸ਼ਾਕਰ, ਅੱਬੂ ਬਕਵਾਸ, ਗਾਜੀ ਬਾਬਾ ਵੀ ਹਿੱਸਾ ਹਨ। (ਸੰਜੇ ਕਾਕ ਦੀ ਫਿਲਮ ਜ਼ਸਨ-ਏ-ਅਜ਼ਾਦੀ ਵਿਚ) 24 ਜੁਲਾਈ 2007 ਬਾਰਮੂਲਾ ਮੁੱਠਭੇੜ ਜਿਸ ਵਿਚ ਇਕ ਐਸ.ਪੀ.ਓ. ਵਾਹਦ ਮਾਰਿਆ ਗਿਆ। ਦੋ ਅੱਤਵਾਦੀ ਫੜੇ ਗਏ। ਉਨ੍ਹਾਂ ਵਿਚੋਂ ਇਕ ਅੱਬੂ ਤਲਗ ਸੀ। 27 ਅਪ੍ਰੈਲ 2008 ਗੁਜਰਾਤ ਦੀ ਵਿਸ਼ੇਸ਼ ਪੋਟਾ ਅਦਾਲਤ ਦੇ ਜੱਜ ਐਨ.ਕੇ. ਅਚਾਰੀਆ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜੈਦੀਪ ਪਟੇਲ 'ਤੇ ਹਮਲੇ ਲਈ ਜ਼ਿੰਮੇਵਾਰ ਛੇ ਲੋਕ ਜਿਨ੍ਹਾਂ ਨੂੰ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਉਨ੍ਹਾਂ ਵਿਚ ਇਕ ਅੱਬੂਤਲਹਾ ਸੀ। ਜੋ ਭੱਜਣ ਵਿਚ ਸਫ਼ਲ ਹੋ ਗਿਆ। 16 ਮਾਰਚ 2013 ਨੂੰ ਲਸ਼ਕਰ ਦੇ ਫਿਦਾਇਨ ਅੱਬੂ ਤਲਹਾ ਨੂੰ ਛਾਛਾਬਾਲ ਇਲਾਕੇ ਤੋਂ ਫੜਿਆ ਗਿਆ, ਜੋ ਅਫਜ਼ਲ ਗੁਰੂ ਦੀ ਫ਼ਾਂਸੀ ਦਾ ਬਦਲਾ ਲੈਣ ਲਈ ਆਇਆ ਸੀ। ਜੰਮੂ ਕਸ਼ਮੀਰ ਪੁਲਿਸ ਨੇ ਇਕ ਸਰਕਾਰੀ ਕਰਮਚਾਰੀ ਪ੍ਰਦੀਪ ਸਿੰਘ ਦੇ ਨਾਲ ਪਾਕਿਸਤਾਨੀ ਅੱਤਵਾਦੀ ਅੱਬੂ ਤਲਹਾ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ।

31 ਦਸੰਬਰ 2007 ਦੀ ਰਾਤ ਰਾਮਪੁਰ ਦੇ ਸੀਆਰਪੀਐਫ ਕੈਂਪ 'ਤੇ ਹਮਲੇ ਦਾ ਆਰੋਪੀ ਫਹੀਮ ਅੰਸਾਰੀ, ਅੱਬੂ ਤਲਹਾ ਨੂੰ ਜਾਣਦਾ ਸੀ, ਜੋ ਹੁਣ ਬਰੀ ਹੋ ਚੁੱਕਾ ਹੈ ਕਿਉਂਕਿ ਅਸਲ ਵਿਚ ਸੀਆਰਪੀਐਫ 'ਤੇ ਹਮਲਾ ਨਹੀਂ ਸੀ ਹੋਇਆ ਸਗੋਂ ਸੀਆਰਪੀਐਫ ਕਰਮਚਾਰੀ ਨਵੇਂ ਸਾਲ ਦੇ ਜਸ਼ਨ ਮਨਾਉਂਦੇ ਸਮੇਂ ਨਸ਼ੇ ਦੀ ਹਾਲਤ ਵਿਚ ਗੋਲੀ ਚੱਲਣ ਕਾਰਨ ਮਰੇ ਸਨ। ਪੀਪਲਜ਼ ਵਾਰ ਸੰਗਠਨ ਦੇ ਗੌਰੀ ਲਾਲ ਲਸ਼ਕਰ ਦਾ ਆਤੰਕੀ ਅੱਬੂ ਤਲਹਾ 23 ਸਤੰਬਰ 1998 ਨੂੰ ਭਾਰੀ ਹਥਿਆਰਾਂ ਸਮੇਤ ਗ੍ਰਿਫ਼ਤਾਰ।

1. ਮੁਫ਼ਤ ਅਬਦੁਲ ਕਿਊਮ : 32 ਸਾਲਾ ਹਾਜੀਸ਼ਖੀ ਮਸਜਿਦ ਦਰਿਆਪੁਰ ਤਿੰਨ ਹਜ਼ਾਰ ਪ੍ਰਤੀ ਮਹੀਨੇ 'ਤੇ ਬੱਚਿਆਂ ਨੂੰ ਕੁਰਾਨ ਪੜ੍ਹਾ ਕੇ ਪਰਿਵਾਰ ਪਾਲ ਰਹੇ ਸਨ। 2001 ਵਿਚ ਆਏ ਭੂਚਾਲ ਸਮੇਂ ਰਾਹਤ ਸ਼ਿਵਰ ਲਗਾਕੇ ਸੇਵਾ ਕੀਤੀ। 17 ਅਗਸਤ 2003 ਨੂੰ ਸ਼ਾਮ ਦੇ 7 ਵਜੇ ਜਦੋਂ ਉਹ ਸ਼ਾਮ ਦੀ ਨਮਾਜ ਲਈ ਮਸਜਿਦ ਜਾ ਰਹੇ ਸਨ ਤਾਂ ਉਸ ਨੂੰ ਪੁਲਿਸ ਵਾਲੇ ਅਗਵਾ ਕਰਕੇ ਗਾਇਕਵਾੜ ਹਵੇਲੀ ਲੈ ਗਏ। ਕੰਬਨੀ ਛੰਡਣ ਵਾਲੇ ਨਾ ਬਿਆਨ ਕਰਨਯੋਗ ਤਸ਼ੱਦਦ, ਮਾਨਸਿਕ ਜ਼ਲੀਲਤਾ ਤੋਂ ਬਾਅਦ ਕੋਰੇ ਕਾਗਜ਼ਾਂ 'ਤੇ ਹਸਤਾਖਰ ਲੈ ਕੇ ਇਕਬਾਲੀਆ ਬਿਆਨ (ਮਨਮਰਜ਼ੀ ਦੇ) ਲਿਖਾਕੇ ਬਿਆਨ ਦੇਣ ਤੋਂ ਰੋਕਣ ਲਈ ਪੁਲਿਸ ਮੁਕਾਬਲੇ ਦੀਆਂ ਧਮਕੀਆਂ ਦੇ ਕੇ, 13 ਦਿਨ ਗੈਰ ਕਾਨੂੰਨੀ ਹਿਰਾਸਤ ਵਿਚ ਚਮੜੀ ਉਧੇੜ ਕੇ, ਹੱਡੀਆਂ ਕੜਕਾ ਕੇ 30 ਅਗਸਤ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

2. ਆਦਮ ਅਜਮੇਰੀ : 40 ਸਾਲਾ ਆਦਮ ਭਾਈ ਸੁਲੇਮਾਨ ਭਾਈ ਅਜਮੇਰੀ ਆਟੋ ਰਿਕਸ਼ਾ ਡਰਾਈਵਰ ਜੋ 1991 ਦੀ ਦੀਵਾਲੀ ਤੋਂ ਪਹਿਲਾਂ ਸਾਉਦੀ ਅਰਬ ਦੀ ਰਾਜਧਾਨੀ ਰਿਆਧ ਜਿਥੇ ਉਸ ਦਾ ਵੱਡਾ ਭਰਾ ਪਹਿਲਾਂ ਤੋਂ ਹੀ ਰਹਿ ਰਿਹਾ ਸੀ ਕੋਲ ਗਿਆ। ਟੈਕਸੀ ਦਾ ਕੰਮ ਠੀਕ ਨਾ ਚੱਲਣ ਕਾਰਨ ਵਾਪਸ ਗਿਆ। ਰਾਜਨੀਤੀ ਵਿਚ ਰੁਚੀ ਰੱਖਣ ਵਾਲਾ ਆਦਮ 1998 ਵਿਚ ਅਜ਼ਾਦ ਉਮੀਦਵਾਰ ਵਜੋਂ ਚੋਣ ਲੜਦਾ ਹੈ। 9 ਅਗਸਤ 2003 ਦੁਪਹਿਰ ਡੇਢ ਦੋ ਵਜੇ ਦੇ ਵਿਚਕਾਰ ਜਦੋਂ ਉਹ ਜੌਹਰ ਦੀ ਨਮਾਜ਼ ਪੜ੍ਹ ਕੇ ਆਪਣੇ ਮੁਹੱਲੇ ਦੇ ਨਾਕੇ ਤੇ ਖੜ੍ਹੇ ਨੂੰ ਗਾਇਕਵਾੜ ਹਵੇਲੀ ਪਹੁੰਚਾ ਦਿੱਤਾ। ਅੱਖ 'ਤੇ ਪੱਟੀ ਬੰਨ ਕੇ ਅੰਨਾ ਤਸ਼ੱਦਦ ਕਰਨ ਤੋਂ ਬਾਅਦ 30 ਅਗਸਤ ਨੂੰ 21 ਦਿਨ ਦੀ ਗੈਰ ਕਾਨੂੰਨੀ ਹਿਰਾਸਤ ਤੋਂ ਬਾਅਦ ਅਦਾਲਤ ਵਿਚ ਪੇਸ਼ ਕੀਤਾ ਗਿਆ।

3. ਮੌਲਵੀ ਅਬਦੁੱਲਾ : 44 ਸਾਲਾ ਅਬਦੁੱਲਾ ਵੀ ਹਾਜੀ ਸੁਖੀ ਮਸਜਿਦ ਵਿਚ ਪਿਛਲੇ 18 ਸਾਲਾਂ ਤੋਂ ਬੱਚਿਆਂ ਨੂੰ ਕੁਰਾਨ ਪੜ੍ਹ ਕੇ 2 ਹਜ਼ਾਰ ਪ੍ਰਤੀ ਮਹੀਨਾ ਨਾਲ ਗੁਜ਼ਾਰਾ ਕਰ ਰਿਹਾ ਸੀ। ਉਹ ਵੀ ਰਾਹਤ ਕਾਰਜਾਂ ਵਿਚ ਦਿੰਦਾ ਆ ਰਿਹਾ ਸੀ। 17 ਅਗਸਤ 2003 ਸਵੇਰੇ 5.20 ਵਜੇ ਕ੍ਰਾਇਮ ਬ੍ਰਾਂਚ ਨੇ ਉਸ ਨੂੰ ਉਠਾ ਕੇ ਗਾਇਲਵਾੜ ਹਵੇਲੀ ਭੇਜ ਦਿੱਤਾ। 13 ਦਿਨਾਂ ਬਾਅਦ ਪੂਰੀ ਤਰ੍ਹਾਂ ਜਿਉਂਦੀ ਲਾਸ਼ ਬਣਾ ਕੇ 30 ਅਗਸਤ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

4. ਮੁਹੰਮਦ ਸਲੀਮ ਮੁਹੰਮਦ ਹਨੀਫ ਸੇਖ : 34 ਸਾਲਾ ਸਲੀਮ ਸੇਖ ਬੀ.ਕਾਮ ਅਤੇ ਤਕਨੀਕੀ ਹੁਨਰ ਹਾਸਲ ਕਰਕੇ 1987 ਵਿਚ ਪਾਸਪੋਰਟ ਬਣਾਕੇ 1991 ਵਿਚ ਸਾਊਦੀ ਅਰਬ ਦਾ ਵੀਜ਼ਾ ਲੈ ਕੇ ਸਾਊਦੀ ਔਰਤਾਂ ਦੇ ਕੱਪੜੇ ਮਿਲਣ ਦਾ ਕੰਮ ਕਰਨ ਲੱਗਾ। ਉਹਦਾ ਛੋਟਾ ਭਰਾ ਫਾਰੂਖ ਵੀ ਨਾਲ ਰਹਿਣ ਲੱਗਿਆ। ਇਕ ਹੋਰ ਛੋਟਾ ਭਰਾ ਇਰਫਾਲ ਅਹਿਮਦਾਬਾਦ ਮਾਂ ਬਾਪ ਨਾਲ ਰਹਿ ਰਿਹਾ ਸੀ। ਜਨਵਰੀ 2003 ਨਉਹ ਛੁੱਟੀ ਤੇ ਅਹਿਮਦਾਬਾਦ ਆਇਆ। 1 ਅਗਸਤ 2003 ਨੂੰ ਰਾਤ 11.30 ਵਜੇ ਕ੍ਰਾਇਮ ਬ੍ਰਾਂਚ ਦੇ ਅਧਿਕਾਰੀ ਉਸ ਦੇ ਪਾਸਪੋਰਟ ਨੂੰ ਜਾਹਲੀ ਦੱਸ ਕੇ ਗੈਰ ਕਾਨੂੰਨੀ ਹਿਰਾਸਤ ਵਿਚ ਲੈ ਗਏ ਅਤੇ 30 ਅਗਸਤ ਨੂੰ ਭਾਰੀ ਕੁੱਟਮਾਰ ਤੇ ਇਕਬਾਲੀਆ ਬਿਆਨਾਂ ਬਾਅਦ ਹੀ ਅਦਾਲਤ ਪੇਸ਼ ਕੀਤਾ ਗਿਆ।

5. ਅਲਤਾਫ ਹੁਸੈਨ ਅਕਬਰ ਹੁਸੈਨ ਮਲਿਕ : ਸਲੀਮ ਦੀ ਤਰ੍ਹਾਂ ਹੀ ਝੂਠਾ ਫਸਾਇਆ ਗਿਆ।

6. ਚਾਂਦ ਖਾਨ :ਆਨੰਤਨਾਗ ਕੇ.ਪੀ. ਰੋਡ ਤੇ ਚਾਂਦ ਮੋਟਰਜ਼ ਜਾਮਤੇ ਕਾਰ ਮਕੈਨਿਕ ਨੂੰ ਹੌਲੀ ਹੌਲੀ ਸਾਥ ਲੈ ਕੇ ਬਰੇਲੀ ਲਿਆਂਦਾ ਅਤੇ ਜਾਲ ਵਿਚ ਫਸਾ ਕੇ ਇਸ ਮਾਮਲੇ ਵਿਚ ਪਲੇਟ ਲਿਆ ਅਤੇ ਅਸਲ ਸਾਜ਼ਿਸ਼ ਕਰਤਾ ਦੇ ਤੌਰ 'ਤੇ ਪੇਸ਼ ਕੀਤਾ। ਟੈਲੀਵਿਜ਼ਨ ਸਕਰੀਨ 'ਤੇ 'ਛੇ ਆਤੰਕਵਾਦੀਆਂ' ਦੇ ਇਕਬਾਲੀਆ ਬਿਆਨ ਪੇਸ਼ ਕਰਕੇ ਪੂਰੇ ਸਮਾਜ ਅੰਦਰ ਅਕਸ਼ਰਧਾਮ ਹਮਲੇ ਨੂੰ ਹੱਲ ਕਰਨ ਵਾਲੀਆਂ ਸੁਰੱਖਿਆ ਏਜੰਸੀਆਂ ਵਲੋਂ ਹੇਠਲੀਆਂ ਅਦਾਲਤਾਂ ਅਤੇ ਹਾਈਕੋਰਟ ਤੱਕ ਦੋ ਨੂੰ ਫਾਂਸੀ, ਦੋ ਨੂੰ ਉਮਰ ਕੈਦ, ਇਕ ਨੂੰ ਦਸ ਸਾਲ ਅਤੇ ਇਕ ਨੂੰ ਪੰਜ ਸਾਲ ਦੀ ਸਜ਼ਾ ਕਰਵਾ ਕੇ ਨਿਸਚਿਤ ਸਨ। ਸੁਪਰੀਮ ਕੋਰਟ ਨੇ ਪੂਰੀ ਕਹਾਣੀ ਨੂੰ ਮਨਘੜਤ ਦੱਸ ਕੇ ਸਾਰੇ ਦੋਸ਼ੀਆਂ ਨੂੰ ਬੇਗੁਨਾਹ ਕਰਾਰ ਦੇ ਦਿੱਤਾ। ਫਿਰ ਅਕਸ਼ਰਧਾਮ ਹਮਲਾ ਕਿਸ ਨੇ ਕੀਤਾ? ਕਿਤੇ ਇਹ ਸਰਕਾਰੀ ਸ਼ਹਿ 'ਤੇ ਸਰਕਾਰੀ ਏਜੰਸੀਆਂ ਵਲੋਂ ਕੀਤਾ 'ਕੈਪੇਬਿਲਟੀ ਡੀਮਾਨ ਸਟਰੇਸ਼ਨ' ਤਾਂ ਨਹੀਂ ਸੀ?

# ਸੰਘ ਵਲੋਂ ਗੋਲਵਲਕਰ ਦੀ ਮੁਸਲਮਾਨ ਵਿਰੋਧੀ ਯੋਜਨਾ ਮੁੜ-ਸੁਰਜੀਤ

**-ਧੀਰੇਂਦਰ ਕੇ ਝਾਅ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਦੀ ਜਬਰਦਸਤ ਜਿੱਤ ਤੋਂ ਬਾਦ ਰੋਡ ਸ਼ੋਅ ਕਰਨ ਲਈ ਅਹਿਮਦਾਬਾਦ ਪਹੁੰਚਿਆ ਤਾਂ ਉਸ ਵਕਤ ਰਾਸ਼ਟਰੀ ਸਵੈਮ ਸੇਵਕ ਸੰਘ ਸ਼ਹਿਰ 'ਚ ਆਯੋਜਿਤ ਆਪਣੇ ਸਾਲਾਨਾ ਸੰਮੇਲਨ 'ਚ ਐੱਮ.ਐੱਸ.ਗੋਲਵਲਕਰ ਦੇ ਵਿਵਾਦਪੂਰਨ ਵਿਚਾਰਾਂ 'ਚੋਂ ਇਕ ਨੂੰ ਚੋਰੀ-ਛੁਪੇ ਮੁੜ ਸੁਰਜੀਤ ਕਰਨ ਲਈ ਯਤਨਸ਼ੀਲ ਸੀ। ਗੋਲਵਲਕਰ ਦਾ ਇਹ ਵਿਵਾਦਤ ਵਿਚਾਰ ਮੁਸਲਮਾਨਾਂ ਤੋਂ ਨਾਗਰਿਕਤਾ ਖੋਹਣ ਦੀ ਮੰਗ ਕਰਦਾ ਹੈ।

12 ਮਾਰਚ ਨੂੰ ਕਾਨਫਰੰਸ ਵਿਚ ਜਾਰੀ ਕੀਤੀ ਗਈ ਆਪਣੀ ਸਾਲਾਨਾ ਰਿਪੋਰਟ ਵਿਚ ਆਰ.ਐੱਸ.ਐੱਸ. ਨੇ ਕਿਹਾ, "ਸੰਵਿਧਾਨ ਅਤੇ ਧਾਰਮਿਕ ਆਜ਼ਾਦੀ ਦੀ ਆੜ 'ਚ ਫਿਰਕੂ ਜਨੂੰਨ, ਰੈਲੀਆਂ, ਮੁਜ਼ਾਹਰੇ, ਸਮਾਜੀ ਅਨੁਸ਼ਾਸਨ ਅਤੇ ਪਰੰਪਰਾਵਾਂ ਦੀ ਉਲੰਘਣਾ, ਮਾਮੂਲੀ ਗੱਲਾਂ ਉੱਪਰ ਹਿੰਸਾ ਭੜਕਾਉਣ ਅਤੇ ਗ਼ੈਰਕਾਨੂੰਨੀ ਤਰ੍ਹਾਂ ਦੀਆਂ ਬੁਜ਼ਦਿਲ ਕਾਰਵਾਈਆਂ 'ਚ ਵਾਧਾ ਹੋ ਰਿਹਾ ਹੈ। ਇੰਞ ਜਾਪਦਾ ਹੈ ਕਿ ਸਰਕਾਰੀ ਤੰਤਰ ਵਿਚ ਘੁਸਪੈਠ ਕਰਨ ਲਈ ਇਕ ਖ਼ਾਸ ਭਾਈਚਾਰੇ ਵੱਲੋਂ ਵਿਸਤਾਰਤ ਯੋਜਨਾਵਾਂ ਬਣਾਈਆਂ ਗਈਆਂ ਹਨ। ਲੱਗਦਾ ਹੈ ਇਸ ਸਭ ਦੇ ਪਿੱਛੇ ਕਿਸੇ ਲੰਮੇ ਟੀਚੇ ਵਾਲੀ ਡੂੰਘੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਸਮਾਜ ਦੀ ਏਕਤਾ, ਅਖੰਡਤਾ ਅਤੇ ਸਦਭਾਵਨਾ ਲਈ ਸੰਗਠਿਤ ਤਾਕਤ, ਜਾਗਰੂਕਤਾ ਅਤੇ ਸਰਗਰਮੀ ਨਾਲ ਇਸ ਸਾਜ਼ਿਸ਼ ਨੂੰ ਨਾਕਾਮ ਕਰਨ ਲਈ ਹਰ ਸੰਭਵ ਯਤਨ ਕਰਨ ਦੀ ਲੋੜ ਹੈ।"

ਸਪਸ਼ਟ ਹੈ ਕਿ ਉਪਰੋਕਤ ਰਿਪੋਰਟ ਭਾਰਤ ਦੇ ਸਭ ਤੋਂ ਵੱਡੇ ਘੱਟਗਿਣਤੀ ਭਾਈਚਾਰੇ ਯਾਨੀ ਮੁਸਲਮਾਨਾਂ ਦੀ ਗੱਲ ਕਰ ਰਹੀ ਹੈ ਅਤੇ ਇਹ ਦਾਅਵਾ ਕਰਕੇ ਕਿ ਇਸ ਦੀ ਆੜ 'ਚ ਸਾਜ਼ਿਸ਼ ਕੀਤੀ ਜਾ ਰਹੀ ਹੈ, "ਸੰਵਿਧਾਨ ਅਤੇ ਧਾਰਮਿਕ ਆਜ਼ਾਦੀ" 'ਤੇ ਸਵਾਲ ਉਠਾਉਣ ਦਾ ਆਧਾਰ ਤਿਆਰ ਕਰ ਰਹੀ ਹੈ।

ਆਰ.ਐੱਸ.ਐੱਸ. ਦੇ ਨਵੇਂ ਸੂਤਰ ਦਾ ਮੂਲ ਇਹ ਹੈ ਕਿ ਜਦੋਂ ਮੁਸਲਮਾਨਾਂ ਦੀ ਗੱਲ ਆਉਂਦੀ ਹੈ ਤਾਂ ਸੰਵਿਧਾਨ, ਭਾਰਤੀ ਨਾਗਰਿਕਾਂ ਦੇ ਅਧਿਕਾਰ ਪਾਸੇ ਰੱਖ ਦਿੱਤੇ ਜਾਂਦੇ ਹਨ। ਹਾਲਾਂਕਿ, ਰਿਪੋਰਟ 'ਚ ਗੋਲਵਲਕਰ ਦੇ ਸੂਤਰੀਕਰਨ ਦੇ ਕੇਂਦਰੀ ਤੱਤਾਂ ਨੂੰ ਲੱਗ-ਲਬੇੜ ਨਾਲ ਕਿਹਾ ਗਿਆ ਹੈ। ਗੋਲਵਲਕਰ ਦੇ ਵਿਚਾਰਾਂ ਦਾ ਸਭ ਤੋਂ ਸੱਪਸ਼ਟ ਅਤੇ ਅਣਸੈਂਸਰਡ ਪ੍ਰਗਟਾਵਾ ਉਸ ਦੀ ਕਿਤਾਬ ਅਸੀਂ ਜਾਂ ਸਾਡੀ ਰਾਸ਼ਟਰੀਅਤਾ ਦੀ ਪ੍ਰੀਭਾਸ਼ਾ 'ਚ ਮਿਲਦਾ ਹੈ, ਜਿਸ ਵਿਚ ਉਸ ਨੇ ਘੱਟ ਗਿਣਤੀਆਂ ਲਈ ਪੂਰੀ ਤਰ੍ਹਾਂ ਨਸਲੀ ਅਧੀਨਗੀ ਦੀ ਗੱਲ ਕਰਦੇ ਹੋਏ ਸੰਘ ਦੇ ਹਿੰਦੂ ਰਾਸਟਰ ਦੇ ਪ੍ਰੋਜੈਕਟ ਦੀ ਤੁਲਨਾ ਅਡੋਲਫ ਹਿਟਲਰ ਦੇ ਯਹੂਦੀਆਂ ਨਾਲ ਵੈਰ ਨਾਲ ਕੀਤੀ ਹੈ।

ਸਰਸੰਘਚਾਲਕ ਗੋਲਵਲਕਰ ਨੇ ਆਪਣੀ 1939 ਦੀ ਕਿਤਾਬ 'ਚ ਲਿਖਿਆ ਸੀ, "ਜਾਤੀ ਅਤੇ ਇਸ ਦੀ ਸੰਸਕ੍ਰਿਤੀ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ, ਜਰਮਨੀ ਨੇ ਮੁਲਕ ਦੀ ਯਹੂਦੀ ਨਸਲ ਨੂੰ ਸ਼ੁੱਧ ਕਰਕੇ ਦੁਨੀਆ ਨੂੰ ਹੈਰਾਨ ਕਰ ਦਿੱਤਾ। ਜਰਮਨੀ ਨੇ ਇਹ ਵੀ ਦਿਖਾਇਆ ਕਿ ਅਜਿਹੀਆਂ ਨਸਲਾਂ ਅਤੇ ਸੰਸਕ੍ਰਿਤੀਆਂ ਦੇ ਲਈ, ਜਿਨ੍ਹਾਂ 'ਚ ਮੱਤਭੇਦ ਜੜ੍ਹ ਤੱਕ ਫੈਲੇ ਹੋਏ ਹਨ, ਸ਼ੁੱਧਤਾ ਕਿੰਨੀ ਅਸੰਭਵ ਹੈ। ਸਾਡੇ ਲਈ ਹਿੰਦੁਸਤਾਨ ਵਿਚ ਇਹ ਸਿੱਖਣ ਵਾਲਾ ਸਬਕ ਹੈ।"

ਗੈਰ-ਹਿੰਦੂਆਂ ਨੂੰ ਬਦੇਸ਼ੀ ਨਸਲ ਕਰਾਰ ਦੇਣ ਤੋਂ ਬਾਦ, ਗੋਲਵਲਕਰ ਨੇ ਭਾਰਤ ਵਿਚ ਘੱਟਗਿਣਤੀਆਂ ਲਈ ਯਹੂਦੀਆਂ ਦਾ ਸਫ਼ਾਇਆ ਕਰਨ ਦੇ ਨਾਜ਼ੀ ਪ੍ਰਯੋਗ ਵਰਗਾ ਇਕ ਹੱਲ ਕੱਢਿਆ:

ਇਸ ਨਜ਼ਰੀਏ ਤੋਂ, ਜੋ ਕਿ ਸਿਆਣੀਆਂ ਪੁਰਾਣੀਆਂ ਕੌਮਾਂ ਦੇ ਤਜ਼ਰਬੇ ਦੁਆਰਾ ਸਵੀਕਾਰ ਕੀਤਾ ਗਿਆ ਹੈ, ਭਾਰਤ ਵਿਚ ਵਸਦੀਆਂ ਬਦੇਸ਼ੀ ਨਸਲਾਂ ਨੂੰ ਜਾਂ ਤਾਂ ਹਿੰਦੂ ਸੰਸਕ੍ਰਿਤੀ ਅਤੇ ਭਾਸ਼ਾ ਨੂੰ ਅਪਨਾ ਲੈਣਾ ਚਾਹੀਦਾ ਹੈ, ਹਿੰਦੂ ਧਰਮ ਦਾ ਸਤਿਕਾਰ ਕਰਨਾ ਸਿੱਖਣਾ ਚਾਹੀਦਾ ਹੈ, ਹਿੰਦੂ ਨਸਲ ਅਤੇ ਸੰਸਕ੍ਰਿਤੀ ਉੱਪਰ ਮਾਣ ਕਰਨ ਵਾਲੇ ਵਿਚਾਰਾਂ ਨੂੰ ਅਪਨਾ ਲੈਣਾ ਚਾਹੀਦਾ ਹੈ ਅਤੇ ਆਪਣੀ ਵੱਖਰੀ ਹੋਂਦ ਨੂੰ ਪੂਰੀ ਤਰ੍ਹਾਂ ਹਿੰਦੂ ਨਸਲ ਨੂੰ ਸੌਂਪ ਦੇਣਾ ਚਾਹੀਦਾ ਹੈ ਜਾਂ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੇ ਅਧੀਨ ਰਹਿੰਦੇ ਹੋਏ ਮੁਲਕ 'ਚ ਟਿਕੇ ਰਹਿਣਾ ਚਾਹੀਦਾ ਹੈ ਅਤੇ ਅਜਿਹਾ ਕਰਦੇ ਸਮੇਂ ਉਨ੍ਹਾਂ ਨੂੰ ਕਿਸੇ ਕਿਸਮ ਦਾ ਕੋਈ ਦਾਅਵਾ ਨਹੀਂ ਕਰਨਾ ਹੋਵੇਗਾ, ਉਨ੍ਹਾਂ ਨੂੰ ਕਿਸੇ ਤਰ੍ਹਾਂ ਦਾ ਕੋਈ ਵਿਸ਼ੇਸ਼ ਅਧਿਕਾਰ ਨਹੀਂ ਮਿਲੇਗਾ ਅਤੇ ਕਿਸੇ ਵੀ ਤਰ੍ਹਾਂ ਦੇ ਸਹੂਲਤ ਪ੍ਰਾਪਤ ਵਿਹਾਰ ਤਾਂ ਦੂਰ ਦੀ ਗੱਲ ਹੈ, , ਉਨ੍ਹਾਂ ਨੂੰ ਇਕ ਨਾਗਰਿਕ ਦਾ ਵੀ ਹੱਕ ਨਹੀਂ ਮਿਲੇਗਾ। ਉਨ੍ਹਾਂ ਅੱਗੇ ਇਸ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਹੈ।'

1948 'ਚ ਆਰ.ਐੱਸ.ਐੱਸ. ਦੇ ਇਕ ਮੈਂਬਰ ਦੁਆਰਾ ਮੋਹਨਦਾਸ ਕਰਮਚੰਦ ਗਾਂਧੀ ਦੀ ਹੱਤਿਆ ਕਾਰਨ ਜਥੇਬੰਦੀ ਦੀ ਭਰੋਸੇਯੋਗਤਾ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ ਅਤੇ ਸਰਕਾਰ ਨੇ ਸੰਘ ਵਿਰੁੱਧ ਸਖਤ ਕਾਰਵਾਈ ਕੀਤੀ ਸੀ। ਉਦੋਂ ਤੋਂ ਆਰ.ਐੱਸ.ਐੱਸ. ਨੇ ਬਹੁਤ ਹੀ ਸਾਵਧਾਨੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਬਾਦ ਦੇ ਸਾਲਾਂ 'ਚ, ਗੋਲਵਲਕਰ ਅਤੇ ਉਸ ਦੀ ਸੰਸਥਾ ਨੇ ਆਪਣੇ ਆਪ ਨੂੰ ਇਸ ਕਿਤਾਬ ਤੋਂ ਦੂਰ ਕਰ ਲਿਆ।

ਪਰ ਇੰਞ ਜਾਪਦਾ ਹੈ ਕਿ ਇਹ ਦੂਰੀ ਦਿਖਾਵਾ ਸੀ ਅਤੇ ਆਰ.ਐੱਸ.ਐੱਸ. ਕਿਤਾਬ ਦੇ ਸਮਾਜੀ-ਰਾਜਨੀਤਕ ਪ੍ਰੋਜੈਕਟ ਉੱਪਰ ਤਹੱਮਲ ਨਾਲ ਕੰਮ ਕਰਦੀ ਆ ਰਹੀ ਹੈ। ਆਰ.ਐੱਸ.ਐੱਸ. ਦੀ 12 ਮਾਰਚ ਦੀ ਰਿਪੋਰਟ ਇਸ ਤੱਥ ਦੀ ਪੁਸ਼ਟੀ ਕਰਦੀ ਹੈ। ਜਿਉਂ-ਜਿਉਂ ਅਸੀਂ ਇਸ ਰਿਪੋਰਟ ਦੀ ਗੂੜ੍ਹ ਭਾਸ਼ਾ ਦੇ ਭੁਲੇਖੇ ਵਿੱਚੋਂ ਬਾਹਰ ਨਿਕਲ ਕੇ ਇਸ ਵਿਚ ਛੁਪੇ ਰਾਜ ਨੂੰ ਸਮਝਣ ਲੱਗਦੇ ਹਾਂ, ਤਿਉਂ-ਤਿਉਂ ਗੋਲਵਲਕਰ ਦੇ ਮੂਲ ਫਾਰਮੂਲੇ ਅਨੁਸਾਰੀ ਵਿਚਾਰ ਯੋਜਨਾ ਸਪਸ਼ਟ ਹੁੰਦੀ ਜਾਂਦੀ ਹੈ। ਇਕ ਅਜਿਹਾ ਫਾਰਮੂਲਾ ਜਿਸ ਨੂੰ ਉਦੋਂ ਤੱਕ ਖੁੱਲ੍ਹ ਕੇ ਨਹੀਂ ਕਿਹਾ ਜਾ ਸਕਦਾ ਜਦੋਂ ਤੱਕ ਸੰਘ ਮੋਦੀ ਰਾਜ ਦੇ ਤਹਿਤ ਮੁਲਕ ਉੱਪਰ ਆਪਣਾ ਦਬਦਬਾ ਕਾਇਮ ਨਹੀਂ ਕਰ ਲੈਂਦਾ।

ਪਾਬੰਦੀਆਂ ਦੌਰਾਨ ਮਾਯੂਸੀ ਦੀ ਹਾਲਤ 'ਚ ਸੰਘ ਨੇ ਅਸੀਂ ਅਤੇ ਸਾਡੀ ਰਾਸ਼ਟਰੀਅਤਾ ਦੀ ਪ੍ਰੀਭਾਸ਼ਾ ਦੀ ਜਗ੍ਹਾ 'ਤੇ ਗੋਲਵਲਕਰ ਦੇ ਭਾਸ਼ਣਾਂ ਦੇ ਸੰਗ੍ਰਹਿ: ਬੰਚ ਆਫ ਥਾਟਸ (ਵਿਚਾਰਾਂ ਦਾ ਸਮੂਹ) ਨੂੰ ਅਧਿਕਾਰਕ ਤੌਰ 'ਤੇ ਜਥੇਬੰਦੀ ਦੀ ਕੇਂਦਰੀ ਵਿਚਾਰਧਾਰਾ ਮੰਨਿਆ। 1966 'ਚ ਛਪੇ ਇਸ ਸੰਗ੍ਰਹਿ 'ਚ ਗੋਲਵਲਕਰ ਦੀ ਪਹਿਲੀ ਕਿਤਾਬ ਦੇ ਵਿਚਾਰਾਂ ਨੂੰ ਲਿਆ ਗਿਆ, ਪਰ ਅੰਦਰੂਨੀ ਦੁਸ਼ਮਣ ਕੌਣ ਹੈ ਇਸ ਬਾਰੇ ਪਹਿਲਾਂ ਵਾਲੀ ਸੱਪਸ਼ਟਤਾ ਨੂੰ ਧੁੰਦਲਾ ਕਰ ਲਿਆ ਗਿਆ। 1966 ਵਾਲੀ ਕਿਤਾਬ ਇਸ ਸਿਧਾਂਤ ਉੱਪਰ ਖ਼ਾਮੋਸ਼ ਸੀ ਕਿ ਹਿੰਦੂ ਰਾਸਟਰ ਦੇ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਸੰਗਠਨ ਨੂੰ ਮੁਸਲਮਾਨਾਂ ਵਿਰੁੱਧ ਕੀ ਕਾਰਵਾਈਆਂ ਕਰਨ ਦੀ ਜ਼ਰੂਰਤ ਹੋਏਗੀ। ਨਵੀਂ ਕਿਤਾਬ ਵਿਚ, ਗੋਲਵਲਕਰ ਨੇ ਮੁਸਲਮਾਨਾਂ ਨੂੰ ਹਿੰਦੂ ਰਾਸ਼ਟਰ ਦੇ ਗਠਨ ਲਈ ਤਿੰਨ ਮੁੱਖ ਖ਼ਤਰਿਆਂ ਵਿੱਚੋਂ ਇਕ ਵਜੋਂ ਦੇਖਿਆ ਸੀ। ਬਾਕੀ ਦੋ ਸਨ: ਈਸਾਈ ਅਤੇ ਕਮਿਊਨਿਸਟ। ਨਾਲ ਹੀ ਹਿੰਦੂਆਂ ਨੂੰ ਰਾਸ਼ਟਰ ਦੇ ਇੱਕੋਇਕ ਸੱਚੇ ਪ੍ਰੇਮੀ ਵਜੋਂ ਪੇਸ਼ ਕੀਤਾ:

'ਕੀ ਭਾਰਤ ਦੀ ਵੰਡ ਤੋਂ ਬਾਦ ਇੱਥੇ ਰਹਿਣ ਵਾਲੇ ਬਦਲ ਗਏ ਹਨ? ਕੀ 1946-47 ਦੇ ਬੇਮਿਸਾਲ ਸਮੂਹਿਕ ਦੰਗਿਆਂ, ਲੁੱਟਮਾਰ, ਅੱਗਜਨੀ, ਬਲਾਤਕਾਰ ਅਤੇ ਹਰ ਤਰ੍ਹਾਂ ਦੇ ਸਮੂਹਿਕ ਦੰਗਿਆਂ ਦੇ ਨਤੀਜੇ ਵਜੋਂ ਹੁਣ ਉਨ੍ਹਾਂ ਦੀ ਪੁਰਾਣੀ ਦੁਸ਼ਮਣੀ ਅਤੇ ਕਾਤਲਾਨਾ ਮਨੋਦਸ਼ਾ ਬਦਲ ਗਈ ਹੈ? ਇਹ ਮੰਨਣਾ ਆਤਮਘਾਤੀ ਹੋਵੇਗਾ ਕਿ ਪਾਕਿਸਤਾਨ ਬਣਨ ਤੋਂ ਬਾਦ ਉਹ ਰਾਤੋ-ਰਾਤ ਦੇਸ਼ ਭਗਤ ਬਣ ਗਏ ਹਨ। ਇਸ ਦੇ ਉਲਟ ਪਾਕਿਸਤਾਨ ਬਣਨ ਨਾਲ ਮੁਸਲਮਾਨਾਂ ਦਾ ਖ਼ਤਰਾ ਸੌ ਗੁਣਾ ਵੱਧ ਗਿਆ ਹੈ ਜੋ ਕਿ ਸਾਡੇ ਮੁਲਕ 'ਤੇ ਉਨ੍ਹਾਂ ਦੇ ਭਵਿੱਖੀ ਹਮਲਾਵਰ ਹਮਲਿਆਂ ਲਈ ਇਕ ਹੁਲਾਰਾ ਬਣ ਗਿਆ ਹੈ।.... ਸਗੋਂ ਪੂਰੇ ਮੁਲਕ ਵਿਚ, ਜਿੱਥੇ ਵੀ ਕੋਈ ਮਸਜਿਦ ਜਾਂ ਮੁਸਲਮਾਨ ਮੁਹੱਲਾ ਹੈ, ਮੁਸਲਮਾਨ ਸਮਝਦੇ ਹਨ ਕਿ ਇਹ ਉਨ੍ਹਾਂ ਦਾ ਆਪਣਾ ਆਜ਼ਾਦ ਇਲਾਕਾ ਹੈ। ਜੇਕਰ ਹਿੰਦੂ ਕਦੇ ਗੀਤ-ਸੰਗੀਤ ਦੇ ਨਾਲ ਜਲੂਸ ਕੱਢਦੇ ਹਨ, ਤਾਂ ਉਹ ਇਹ ਕਹਿੰਦੇ ਹੋਏ ਗੁੱਸੇ ਵਿਚ ਆ ਜਾਂਦੇ ਹਨ ਕਿ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ। ਜੇਕਰ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਐਨੀਆਂ ਹੀ ਸੰਵੇਦਨਸੀਲ ਹੋ ਗਈਆਂ ਹਨ ਕਿ ਉਨ੍ਹਾਂ ਨੂੰ ਸੁਰੀਲੇ ਸੰਗੀਤ ਨਾਲ ਠੇਸ ਪਹੁੰਚਦੀ ਹੈ, ਤਾਂ ਉਹ ਆਪਣੀਆਂ ਮਸਜਿਦਾਂ ਨੂੰ ਜੰਗਲਾਂ ਵਿਚ ਕਿਉਂ ਨਹੀਂ ਲੈ ਜਾਂਦੇ ਅਤੇ ਉੱਥੇ ਸ਼ਾਂਤੀ ਨਾਲ ਨਮਾਜ ਕਿਉਂ ਨਹੀਂ ਪੜ੍ਹਦੇ?'

ਬੰਚ ਆਫ ਥਾਟਸ ਵਿਚ ਗੋਲਵਲਕਰ ਨੇ ਕਿਤੇ ਵੀ ਇਹ ਨਹੀਂ ਦੱਸਿਆ ਕਿ ਸੱਤਾ ਵਿਚ ਆਉਣ ਤੋਂ ਬਾਦ ਸੰਘ ਮੁਸਲਮਾਨਾਂ ਨਾਲ ਨਜਿੱਠਣ ਲਈ ਕਿਹੜੇ ਤਰੀਕੇ ਵਰਤੇਗਾ। ਨਵੇਂ ਵਿਚਾਰਧਾਰਕ ਪਾਠ ਵਿੱਚੋਂ ਨਾਜ਼ੀਆਂ ਅਤੇ ਉਨ੍ਹਾਂ ਦੇ ਯਹੂਦੀ-ਵੈਰ ਦੇ ਹਵਾਲੇ ਵੀ ਗਾਇਬ ਹੋ ਗਏ। ਕਿਤਾਬ ਖ਼ਤਰਿਆਂ ਦੀ ਗੱਲ ਕਰਦੀ ਹੈ ਪਰ ਅੱਗੇ ਵਧਣ ਦਾ ਰਾਹ ਦੱਸਣ ਤੋਂ ਬਚਦੀ ਹੈ।

ਸਤੰਬਰ 2018 'ਚ, ਮੌਜੂਦਾ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਗੋਲਵਲਕਰ ਦੇ ਵਿਚਾਰਾਂ ਦੇ ਇਸ ਪੇਤਲੇ ਰੂਪ ਨੂੰ ਇਕ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਉਦੋਂ ਉਸ ਨੇ ਐਲਾਨ ਕੀਤਾ ਕਿ ਬੰਚ ਆਫ ਥਾਟਸ ਵਿਚ ਪ੍ਰਗਟਾਏ ਗਏ ਕੁਝ ਵਿਚਾਰ ਸਦੀਵੀ ਨਹੀਂ ਹਨ। "ਚੀਜ਼ਾਂ ਹਾਲਾਤਾਂ ਅਤੇ ਕਿਸੇ ਖਾਸ ਪ੍ਰਸੰਗ 'ਚ ਕਹੀਆਂ ਜਾਂਦੀਆਂ ਹਨ। ਉਹ ਸਦੀਵੀ ਨਹੀਂ ਹੁੰਦੀਆਂ।" ਉਹ ਦਿੱਲੀ ਵਿਚ ਆਯੋਜਿਤ ਇਕ ਸਮਾਰੋਹ ਵਿਚ ਭਾਰਤ ਵਿਚ ਗੈਰ-ਹਿੰਦੂਆਂ ਬਾਰੇ ਆਰ.ਐੱਸ.ਐੱਸ. ਦੇ ਵਿਚਾਰਾਂ ਨੂੰ ਲੈ ਕੇ ਘੱਟਗਿਣਤੀਆਂ ਵਿਚ ਪੈਦਾ ਹੋਏ ਖਦਸ਼ਿਆਂ ਬਾਰੇ ਇਕ ਸਵਾਲ ਦਾ ਜਵਾਬ ਦੇ ਰਹੇ ਸਨ। "ਅਸੀਂ 'ਵਿਜਨ ਐਂਡ ਮਿਸ਼ਨ: ਗੁਰੂ ਜੀ' ਸਿਰਲੇਖ ਵਾਲੀ ਇਕ ਕਿਤਾਬ ਛਾਪੀ ਹੈ, ਜਿਸ ਵਿਚ ਉਨ੍ਹਾਂ ਦੇ ਸਦੀਵੀ ਵਿਚਾਰ ਹਨ। ਅਸੀਂ ਉਨ੍ਹਾਂ ਸਾਰੇ ਵਿਚਾਰਾਂ ਨੂੰ ਹਟਾ ਦਿੱਤਾ ਹੈ ਜੋ ਕੁਝ ਖ਼ਾਸ ਹਾਲਾਤਾਂ 'ਚ ਉੱਭਰੇ ਹੋਣਗੇ ਅਤੇ ਸਿਰਫ਼ ਉਨ੍ਹਾਂ ਨੂੰ ਹੀ ਰੱਖਿਆ ਹੈ ਜੋ ਸਦੀਵੀ ਹਨ।" ਉਨ੍ਹਾਂ ਕਿਹਾ, " ਆਰ.ਐੱਸ.ਐੱਸ. ਕੋਈ ਜੜ੍ਹ ਜਥੇਬੰਦੀ ਨਹੀਂ ਹੈ, ਸਮੇਂ ਦੇ ਨਾਲ ਸਾਡੀ ਸੋਚ ਅਤੇ ਇਸ ਦਾ ਇਜ਼ਹਾਰ ਵੀ ਬਦਲ ਜਾਂਦਾ ਹੈ।"

ਆਰ.ਐੱਸ.ਐੱਸ. ਦੀ ਤਾਜ਼ਾ ਸਾਲਾਨਾ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਇਸ ਨੇ ਕਦੇ ਵੀ ਆਪਣੇ ਆਪ ਨੂੰ ਅਸੀਂ ਅਤੇ ਸਾਡੀ ਰਾਸ਼ਟਰੀਅਤਾ ਦੀ ਪ੍ਰੀਭਾਸ਼ਾ ਤੋਂ ਦੂਰ ਨਹੀਂ ਕੀਤਾ। ਜਦੋਂ ਤੋਂ ਮੋਦੀ ਸੱਤਾ ਵਿਚ ਆਇਆ ਹੈ, ਗੋਲਵਲਕਰ ਦੀ ਯੋਜਨਾ ਸੜ ਕੇ ਪੂਰੇ ਭਾਰਤ ਵਿਚ ਫੈਲ ਗਈ ਹੈ। ਮੁਸਲਮਾਨਾਂ ਦੀ ਲਿੰਚਿੰਗ, ਹਿਜਾਬ 'ਤੇ ਹਮਲੇ, ਮੁਸਲਿਮ ਕਾਰਕੁਨਾਂ ਦੀਆਂ ਗ੍ਰਿਫ਼ਤਾਰੀਆਂ ਅਤੇ ਨਾਗਰਿਕਤਾ (ਸੋਧ) ਐਕਟ, 2019 ਦਾ ਵਿਰੋਧ ਕਰਨ ਵਾਲਿਆਂ ਨੂੰ ਫਸਾਏ ਜਾਣ ਤੋਂ ਇਹ ਸਪੱਸ਼ਟ ਹੈ। ਲੋਕ ਸਭਾ ਚੋਣਾਂ 'ਚ ਭਾਜਪਾ ਦੀ ਜ਼ਬਰਦਸਤ ਜਿੱਤ ਤੋਂ ਤਕਰੀਬਨ ਤਿੰਨ ਸਾਲ ਬਾਦ, ਹਾਲ ਹੀ ਵਿਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਇਸ ਦੀ ਸ਼ਾਨਦਾਰ ਜਿੱਤ ਨੇ ਆਰ.ਐੱਸ.ਐੱਸ. ਨੂੰ ਆਪਣੀ ਤਾਕਤ ਬਾਰੇ ਸਵੈਵਿਸ਼ਵਾਸ ਨਾਲ ਭਰ ਦਿੱਤਾ ਹੈ। ਸੰਘ ਨੇ ਹੁਣ ਇਹ ਮੰਨਣਾ ਸ਼ੁਰੂ ਕਰ ਦਿੱਤਾ ਹੈ ਕਿ ਲੁਕ-ਛਿਪ ਕੇ ਕੰਮ ਕਰਨ ਦੇ ਦਿਨ ਲੱਦ ਗਏ, ਹੁਣ ਸਪਸ਼ਟਤਾ ਦੇ ਦਿਨ ਆ ਗਏ ਹਨ। ਅਜਿਹੇ ਸਮੇਂ 'ਚ ਜਦੋਂ ਆਰ.ਐੱਸ.ਐੱਸ. ਅਧਿਕਾਰਕ ਤੌਰ 'ਤੇ ਗੋਲਵਲਕਰ ਦੀ ਯੋਜਨਾ ਦੀ ਗੜਗੱਜ ਪਾ ਰਿਹਾ ਹੈ, ਮੋਦੀ ਦੀ ਅਹਿਮਦਾਬਾਦ ਵਿਚ ਮੌਜੂਦਗੀ ਇਤਫ਼ਾਕ ਨਹੀਂ ਹੋ ਸਕਦੀ। ਇਹ ਸਥਿਤੀ ਹਾਲਾਤ ਨੂੰ ਹੋਰ ਭਿਆਨਕ ਬਣਾ ਦਿੰਦੀ ਹੈ।



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

# ਕੀ ਪੰਜਾਬ ਦਾ ਭਵਿੱਖ ਰੇਗਿਸਤਾਨ ਹੈ ?


ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ 'ਸਟੇਟ ਐਗਰੀਕਲਚਰਲ ਪਰੋਫ਼ਾਈਲਓਪੰਜਾਬ' ਰਿਪੋਰਟ ਅਨੁਸਾਰ "ਮੌਜੂਦਾ ਪੰਜਾਬ ਕੋਲ਼, ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ ਸਿਰਫ਼ 1.54% ਹਿੱਸਾ ਹੀ ਹੈ, ਪਰ ਦੇਸ਼ ਦੇ ਕੁੱਲ ਖਾਧ-ਭੰਡਾਰ ਦਾ 13%-14% ਇਕੱਲਾ ਪੰਜਾਬ ਦਾ ਕਿਸਾਨ ਪੈਦਾ ਕਰਦਾ ਹੈ। ਜੇ ਸਿਰਫ਼ ਚੌਲ਼ ਅਤੇ ਕਣਕ ਦੀ ਗੱਲ ਕਰੀਏ ਤਾਂ ਪਿਛਲੇ ਤਿੰਨ ਦਹਾਕਿਆਂ ਤੋਂ ਅਨਾਜ ਦੇ ਭੰਡਾਰ ਵਜੋਂ ਜਾਣਿਆ ਜਾਂਦਾ ਪੰਜਾਬ ਬਾਕੀ ਦੇਸ਼ ਦੀ ਲੋੜ ਦਾ 35%-40% ਚੌਲ਼ ਅਤੇ 40%-75% ਕਣਕ ਦੇਸ਼ ਦੀ ਝੋਲੀ ਪਾਉਂਦਾ ਆ ਰਿਹਾ ਹੈ।" ਪਰ ਅਨਾਜ ਦੇ ਭੰਡਾਰ ਪੰਜ ਦਰਿਆਵਾਂ ਦੀ ਧਰਤੀ ਹੇਠਲਾ ਪਾਣੀ ਏਨਾ ਥੱਲੇ ਚਲਾ ਗਿਆ ਹੈ ਕਿ ਪੰਜਾਬ ਅੱਜ ਮਾਰੂਥਲ ਬਣਨ ਦੇ ਕਿਨਾਰੇ 'ਤੇ ਖੜ੍ਹਾ ਹੈ। ਪੰਜਾਬ ਦੇ ਕੁੱਲ 138 ਬਲਾਕਾਂ ਵਿਚੋਂ 109 ਬਲਾਕਾਂ ਨੂੰ ਹੱਦੋਂ ਵੱਧ ਸ਼ੋਸ਼ਿਤ (Over-Exploited), 2 ਨਾਜ਼ੁਕ (Critical), 5 ਅਰਧ-ਨਾਜ਼ੁਕ (Semi-Critical) ਅਤੇ 22 ਨੂੰ ਸੁਰੱਖਿਅਤ (Safe) ਐਲਾਨਿਆ ਗਿਆ ਹੈ। NASA ਵਰਗੇ ਦੁਨੀਆਂ ਦੇ ਨਾਮਵਰ ਅਦਾਰਿਆਂ ਦਾ ਖ਼ਦਸ਼ਾ ਹੈ ਕਿ ਪੰਜਾਬ ਕੋਲ਼ ਹੁਣ ਗਿਣਤੀ ਦੇ ਸਾਲਾਂ ਦਾ ਪਾਣੀ ਬਚਿਆ ਹੈ। ਹੁਣ ਸਵਾਲ ਇਹ ਨਹੀਂ ਕਿ ਪੰਜਾਬ ਰੇਗਿਸਤਾਨ ਬਣ ਜਾਵੇਗਾ ਕਿ ਨਹੀਂ? ਹੁਣ ਤਾਂ ਗੱਲ ਸਿਰਫ਼ ਇਨੀ ਕੁ ਹੈ ਕਿ ਪੰਜਾਬ ਰੇਗਿਸਤਾਨ ਬਣਨ 'ਚ ਕਿੰਨਾ ਕੁ ਸਮਾਂ ਰਹਿ ਗਿਆ ਹੈ? ਪੰਜਾਬ ਦੀ ਧਰਤੀ ਹੇਠਲ਼ਾ ਇਕੋ ਇੱਕ ਕੁਦਰਤੀ ਸੋਮਾਓਜ਼ਮੀਨਦੋਜ਼ ਪਾਣੀ ਵੀ ਸਾਡੇ ਤੋਂ ਖੋਹਿਆ ਜਾ ਰਿਹਾ ਹੈ। ਪ੍ਰਮੁੱਖ ਖੇਤੀ ਵਿਗਿਆਨੀ ਅਤੇ ਪੰਜਾਬ ਦੇ ਪਾਣੀਆਂ 'ਤੇ ਅਥਾਰਿਟੀ ਰੱਖਣ ਵਾਲ਼ੇ ਮਾਹਿਰ ਦੁਹਾਈ ਪਾ ਰਹੇ ਹਨ ਕਿ ਪੰਜਾਬ ਨੂੰ ਬਹੁਤ ਜਲਦੀ ਮਾਰੂਥਲ ਬਣਨ ਵੱਲ ਧੱਕਿਆ ਜਾ ਰਿਹਾ ਹੈ। ਪਰ ਪੰਜਾਬੀਆਂ ਨੂੰ ਤਾਂ ਸ਼ਾਇਦ ਕੋਈ ਇਲਮ ਹੀ ਨਹੀਂ ਕਿ ਆਉਣ ਵਾਲ਼ੇ ਦਸਾਂ ਕੁ ਸਾਲਾਂ ਵਿਚ ਪੰਜਾਬ ਵਿਚ ਕੀ ਵਾਪਰਨ ਵਾਲਾ ਹੈ? ਸਿਆਸੀ ਪਾਰਟੀਆਂ ਅਤੇ ਸਰਕਾਰਾਂ ਪਤਾ ਨਹੀਂ ਕਿਹੜੀ ਗ਼ਫ਼ਲਤ ਦੀ ਕੁੰਭਕਰਨੀ ਨੀਂਦ ਸੁੱਤੀਆਂ ਪਈਆਂ ਹਨ। ਪਿਛਲੇ ਲੇਖਾਂ ਵਿਚ ਪੰਜਾਬ ਦੇ ਦਰਿਆਈ ਪਾਣੀਆਂ ਦੀ ਕੇਂਦਰ ਸਰਕਾਰ ਵੱਲੋਂ ਗ਼ੈਰ-ਕਾਨੂੰਨੀ ਲੁੱਟ, ਸਰਸਵਤੀ ਨਦੀ ਅਤੇ ਸਤਲੁਜ-ਯਮਨਾ ਲਿੰਕ ਨਹਿਰ ਬਾਰੇ ਗੱਲ ਕੀਤੀ ਗਈ ਸੀ। ਹੱਥਲੇ ਲੇਖ ਵਿਚ ਜ਼ਮੀਨਦੋਜ਼ ਪਾਣੀਆਂ ਦੀ ਸਥਿਤੀ ਬਾਰੇ ਤੱਥਾਂ 'ਤੇ ਆਧਾਰਿਤ ਸਬੂਤ ਪੇਸ਼ ਕੀਤੇ ਜਾ ਰਹੇ ਹਨ ਤਾਂ ਜੋ ਸ਼ਾਇਦ ਕਿਤੇ ਕੋਈ ਦਾਦ-ਫ਼ਰਿਆਦ ਸੁਣ ਸਕੇ।

GROUND WATER RESOURCES OF PUNJAB STATE (2017) ਅਨੁਸਾਰ ਜੇ ਨਿਕਾਸੀ ਦੀ ਮੌਜੂਦਾ ਦਰ ਜਾਰੀ ਰਹਿੰਦੀ ਹੈ, ਤਾਂ ਉੱਪਲਬਧ ਧਰਤੀ ਹੇਠਲੇ ਪਾਣੀ ਦੇ ਸਰੋਤ 20 ਤੋਂ 25 ਸਾਲਾਂ ਵਿੱਚ ਖ਼ਤਮ ਹੋ ਜਾਣਗੇ। ਪੰਜਾਬ ਸੂਬਾ ਸਰਕਾਰ ਦੇ ਇਕ ਅਧਿਐਨ ਮੁਤਾਬਕ 2029 ਤੋਂ ਬਾਅਦ ਪੰਜਾਬ ਦੇ ਕਈ ਇਲਾਕੇ ਸੁੱਕ ਸਕਦੇ ਹਨ। ਰਾਜ ਪਹਿਲਾਂ ਹੀ ਸਿੰਚਾਈ ਦੇ ਉਦੇਸ਼ਾਂ ਲਈ ਆਪਣੇ ਧਰਤੀ ਹੇਠਲੇ ਪਾਣੀ ਦੀ ਹੱਦੋਂ ਵੱਧ ਵਰਤੋਂ ਕਰ ਚੁੱਕਾ ਹੈ ਕਿਉਂਕਿ ਇਹ ਹਰ ਸਾਲ 70,000 ਕਰੋੜ ਰੁਪਏ ਦੀ ਕਣਕ ਅਤੇ ਝੋਨੇ ਦੀ ਕਾਸ਼ਤ ਕਰਕੇ ਕੇਂਦਰ ਦੇ ਅਨਾਜ ਭੰਡਾਰਾਂ ਨੂੰ ਭਰਦਾ ਹੈ। ਰਿਪੋਰਟਾਂ ਦੇ ਅਨੁਸਾਰ, ਰਾਜ ਦੇ ਲਗਭਗ 79% ਖੇਤਰਾਂ ਵਿੱਚ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ। 138 ਬਲਾਕਾਂ ਵਿੱਚੋਂ, 109 ਬਲਾਕ 'ਹੱਦੋਂ ਵੱਧ ਸ਼ੋਸ਼ਣ' ਕੀਤੇ ਗਏ ਹਨ, ਦੋ ਬਲਾਕ 'ਨਾਜ਼ੁਕ' ਹਨ, ਪੰਜ ਬਲਾਕ 'ਅਰਧ-ਨਾਜ਼ੁਕ' ਹਨ ਅਤੇ ਕੇਵਲ 22 ਬਲਾਕ 'ਸੁਰੱਖਿਅਤ' ਸ਼੍ਰੇਣੀ ਵਿੱਚ ਹਨ। ਅਜਿਹੇ 'ਚ ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਕਿਸੇ ਵੀ ਹੋਰ ਸੂਬੇ ਨਾਲ਼ ਪਾਣੀ ਦੀ ਵੰਡ ਅਸੰਭਵ ਹੈ।

National Compilation on DYNAMIC GROUND WATER RESOURCES OF INDIA, 2020: Central Ground Water Board Department of Water Resources, River Development & Ganga Rejuvenation Ministry of Jal Shakti Government of India: ਅਨੁਸਾਰ "ਪੰਜਾਬ ਭਾਰਤ ਦੇ ਸਭ ਤੋਂ ਛੋਟੇ ਰਾਜਾਂ ਵਿੱਚੋਂ ਇੱਕ ਹੈ ਜਿਸ ਵਿੱਚ 3 ਬਾਰਾਂਮਾਸੀ ਦਰਿਆ ਸਤਲੁਜ, ਬਿਆਸ ਅਤੇ ਰਾਵੀ ਅਤੇ ਇੱਕ ਗ਼ੈਰ-ਬਾਰਾਂਮਾਸੀ ਨਦੀ ਘੱਗਰ ਹੈ। ਰਾਜ ਦੇ ਕੁੱਲ ਸਾਲਾਨਾ ਭੂਮੀਗਤ ਪਾਣੀ ਦੇ ਰੀਚਾਰਜ ਦਾ ਮੁਲਾਂਕਣ 22.80 ਬਿਲੀਅਨ ਕਿਊਬਿਕ ਮੀਟਰ (ਬੀ ਸੀ ਐਮ) ਅਤੇ ਸਾਲਾਨਾ ਕੱਢਣ-ਯੋਗ ਭੂਮੀਗਤ ਜਲ ਸੋਮਾ 20.59 ਬੀ ਸੀ ਐਮ ਵਜੋਂ ਕੀਤਾ ਗਿਆ ਹੈ। ਸਾਲਾਨਾ ਭੂਮੀਗਤ ਪਾਣੀ ਦੀ ਨਿਕਾਸੀ 33.85 ਬੀ ਸੀ ਐਮ ਹੈ ਅਤੇ ਭੂਮੀਗਤ ਪਾਣੀ ਕੱਢਣ ਦੀ ਅਵਸਥਾ 164.42% ਹੈ। ਇਸੇ ਤਰ੍ਹਾਂ ਰਾਜ ਦੇ 49,264.76 ਵਰਗ ਕਿਲੋਮੀਟਰ ਰੀਚਾਰਜ ਯੋਗ ਖੇਤਰ ਵਿੱਚੋਂ 38,418.08 ਵਰਗ ਕਿਲੋਮੀਟਰ (77.98%) ਰਕਬਾ 'ਓਵਰ-ਐਕਸਪਲਾਇਟਿਡ' ਅਧੀਨ, 1,906.17 ਵਰਗ ਕਿਲੋਮੀਟਰ (3.87%) 'ਕ੍ਰਿਟੀਕਲ' ਅਧੀਨ, 2,392.74 ਵਰਗ ਕਿਲੋਮੀਟਰ (4.86%) 'ਸੈਮੀ-ਕ੍ਰਿਟੀਕਲ' ਅਧੀਨ, 6,547.77 ਵਰਗ ਕਿਲੋਮੀਟਰ (13.29%) ਮੁਲਾਂਕਣ ਇਕਾਈਆਂ ਦੀਆਂ 'ਸੁਰੱਖਿਅਤ' ਸ਼੍ਰੇਣੀਆਂ ਅਧੀਨ ਹੈ। ਰਾਜ ਦੇ ਕੁੱਲ 20,590.1 ਐਮ ਸੀ ਐਮ ਸਾਲਾਨਾ ਕੱਢਣਯੋਗ ਭੂਮੀਗਤ ਪਾਣੀ ਦੇ ਸਰੋਤਾਂ ਵਿੱਚੋਂ, 16,263.23 ਐਮ ਸੀ ਐਮ (78.99%) 'ਓਵਰ-ਐਕਸਪਲੀਟਡ' ਅਧੀਨ, 980.13 ਐਮ ਸੀ ਐਮ (4.76%) 'ਕ੍ਰਿਟੀਕਲ' ਅਧੀਨ, 827.95 ਐਮ ਸੀ ਐਮ (4.02%) 'ਸੈਮੀ-ਕ੍ਰਿਟੀਕਲ' ਅਤੇ 2,518.79 ਐਮ ਸੀਐਮ (12.23%) ਮੁਲਾਂਕਣ ਇਕਾਈਆਂ ਦੀਆਂ 'ਸੁਰੱਖਿਅਤ' ਸ਼੍ਰੇਣੀਆਂ ਅਧੀਨ ਹਨ। 2017 ਦੇ ਅਨੁਮਾਨਾਂ ਦੀ ਤੁਲਨਾ ਵਿੱਚ, ਸਾਲਾਨਾ ਗਰਾਊਂਡ ਵਾਟਰ ਰੀਚਾਰਜ 23.93 ਤੋਂ ਘਟ ਕੇ 22.80 ਬੀ ਸੀ ਐਮ ਹੋ ਗਿਆ ਹੈ ਅਤੇ ਇਸੇ ਤਰ੍ਹਾਂ, ਸਾਲਾਨਾ ਐਕਸਟ੍ਰੈਕਟੇਬਲ ਗਰਾਊਂਡ ਵਾਟਰ ਰਿਸੋਰਸ 21.58 ਤੋਂ ਘਟ ਕੇ 20.59 ਬੀ ਸੀ ਐਮ ਰਹਿ ਗਿਆ ਹੈ ਅਤੇ ਕੁੱਲ ਮੌਜੂਦਾ ਸਾਲਾਨਾ ਭੂਮੀਗਤ ਪਾਣੀ ਦੀ ਨਿਕਾਸੀ 35.78 ਤੋਂ ਘਟ ਕੇ 33.85 ਬੀ ਸੀ ਐਮ ਰਹਿ ਗਈ ਹੈ। ਧਰਤੀ ਹੇਠਲਾ ਪਾਣੀ ਕੱਢਣ ਦੀ ਸਮਰੱਥਾ 165.77 ਤੋਂ ਘਟ ਕੇ 164.42% ਰਹਿ ਗਈ।"

ਪੰਜਾਬ ਵਿੱਚ ਜ਼ਮੀਨਦੋਜ਼ ਜਲ ਸਰੋਤਾਂ ਦੇ ਅਧਾਰ 'ਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਬਲਾਕਾਂ ਦੀ ਵੰਡ:

Note: Source: Jain A K, Department of Soil Ú Water Engineering, PAU, Ludhiana. Block Map, and Column




2017 column courtesy of GROUND WATER RESOURCES OF PUNJAB STATE (CAst March, 2017). Column 2020 courtesy of National Compilation on DYNAMIC GROUND WATER RESOURCES OF INDIA, 2020.

| ਕੈਟਿਗਰੀ | 2000 | 2005 | 2010 | 2015 | 2017 | 2020 |
|---|---|---|---|---|---|---|
| ਹੱਦੋਂ ਵੱਧ ਸ਼ੋਸ਼ਿਤ | 73 (52.9) | 103 (75.2) | 110 (79.7) | 107 (76.4) | 109 (79) | 117 (78) |
| ਨਾਜ਼ੁਕ | 11(7.97) | 5 (3.7) | 3 (2.2) | 4 (2.9) | 2 (1.45) | 6 (4) |
| ਅਰਧ- ਨਾਜ਼ੁਕ | 16 (11.6) | 4 (2.9) | 2 (1.5) | 7 (5.0) | 5 (3.6) | 10(6.67) |
| ਸੁਰੱਖਿਅਤ | 38 (27.5) | 25 (18.3) | 23 (16.7) | 22 (15.7) | 22 (15.9) | 17 11.33) |

ਨੋਟ: ਉੱਪਰ ਦਿੱਤੀ ਸਾਰਣੀ ਵਿਚ 2020 ਦੇ ਅੰਕੜਿਆਂ ਵਿਚ 11% ਭੂਗੋਲਿਕ ਖੇਤਰ ਦਾ ਹਿੱਸਾ ਜੋ ਜ਼ਮੀਨੀ ਪਾਣੀ ਦੇ ਵਿਕਾਸ ਲਈ ਸੁਰੱਖਿਅਤ ਮੰਨਿਆ ਜਾਂਦਾ ਹੈ, ਕੰਡੀ ਖੇਤਰ ਅਤੇ ਰਾਜ ਦੇ ਦੱਖਣ-ਪੱਛਮੀ ਵਿੱਚ ਆਉਂਦਾ ਹੈ। ਇਹ ਦੱਖਣ-ਪੱਛਮੀ ਹਿੱਸਾ ਉਹ ਹੈ ਜਿਹੜਾ ਸੇਮ ਦੀ ਮਾਰ ਹੇਠ ਹੈ ਅਤੇ ਸਿੰਚਾਈ ਦੀ ਵਰਤੋਂ ਲਈ ਅਯੋਗ ਹੈ। ਇਸ ਕਰ ਕੇ ਅਸਲ ਵਿਚ ਸੁਰੱਖਿਅਤ ਹਿੱਸਾ ਸਿਰਫ਼ 5-6% ਹੀ ਹੈ।

ਪੰਜਾਬ ਦੀਆਂ ਨਹਿਰਾਂ ਦੀ ਸਥਿਤੀ: https://irrigationapp.punjab.gov.in Department of Water Resources, Punjab, 04-Jan-2021 ਅਨੁਸਾਰ ਪੰਜਾਬ ਨੂੰ ਕੁੱਲ ਦਰਿਆਈ ਪਾਣੀ 14.22 MAF ਅਲਾਟ ਕੀਤਾ ਗਿਆ ਹੈ (ਭਾਵੇਂ ਕਿ ਪੰਜਾਬ ਨੂੰ ਦਿੱਤਾ ਸਿਰਫ਼ 5.0 MAF ਹੀ ਰਿਹਾ ਹੈ-ਲੇਖਕ) ਜੋ ਕਿ 7 ਮੁੱਖ ਨਹਿਰੀ ਪ੍ਰਣਾਲ਼ੀ ਜਿਵੇਂ ਕਿ ਸਰਹਿੰਦ ਨਹਿਰ ਪ੍ਰਣਾਲ਼ੀ, ਬਿਸਤ ਦੁਆਬ ਨਹਿਰ ਪ੍ਰਣਾਲ਼ੀ, ਯੂ.ਬੀ.ਡੀ.ਸੀ. ਪ੍ਰਣਾਲ਼ੀ, ਸਰਹਿੰਦ ਫੀਡਰ ਸਿਸਟਮ, ਪੂਰਬੀ ਨਹਿਰ ਪ੍ਰਣਾਲ਼ੀ, ਭਾਖੜਾ ਮੇਨ ਲਾਈਨ ਸਿਸਟਮ ਅਤੇ ਸ਼ਾਹਨੇਹਰ ਨਹਿਰ ਪ੍ਰਣਾਲ਼ੀ ਰਾਹੀਂ ਕਮਾਂਡ ਖੇਤਰ ਵਿੱਚ ਵੰਡਿਆ ਜਾਂਦਾ ਹੈ। ਕੈਨਾਲ਼ ਐਡਮਿਨਿਸਟ੍ਰੇਸ਼ਨ ਇੱਕ ਬਹੁਤ ਹੀ ਚੰਗੀ ਤਰ੍ਹਾਂ ਵਿਕਸਤ ਅਤੇ ਵਿਆਪਕ 14,500 ਕਿ.ਮੀ. ਲੰਬੀ ਨਹਿਰ ਪ੍ਰਣਾਲ਼ੀ ਅਤੇ 5 ਹੈੱਡਵਰਕਸ ਦੇ ਸੰਚਾਲਨ ਅਤੇ ਸਾਂਭ-ਸੰਭਾਲ਼ ਵਾਸਤੇ ਮੁੱਖ ਤੌਰ 'ਤੇ ਜਿੰਮੇਵਾਰ ਹੈ। ਪੰਜਾਬ ਵਿੱਚ ਕੁੱਲ ਵਾਹੀਯੋਗ ਕਮਾਂਡ ਰਕਬਾ 42.90 ਲੱਖ ਹੈਕਟੇਅਰ ਹੈ, ਜਿਸ ਵਿੱਚੋਂ 30.88 ਲੱਖ ਹੈਕਟੇਅਰ ਰਕਬੇ ਨੂੰ ਨਹਿਰਾਂ ਦੇ ਨੈੱਟਵਰਕ ਦੀ ਕਮਾਨ ਹੇਠ ਲਿਆਂਦਾ ਗਿਆ ਹੈ (ਸ਼ਾਹਨੇਹਰ ਨਹਿਰੀ ਪ੍ਰਣਾਲ਼ੀ ਵਿੱਚ ਵੰਡ ਤੋਂ ਪਹਿਲਾਂ ਦੀ 32 MAF ਦੀ ਵਰਤੋਂ ਤੋਂ ਇਲਾਵਾ)। ਇਨ੍ਹਾਂ ਮੁੱਖ ਨਹਿਰਾਂ ਦਾ ਮੁੱਖ ਵੇਰਵਾ ਇਸ ਪ੍ਰਕਾਰ ਹੈ:

| Main Canal System | Main Length | Discharge at Head | CCA | Water Allowance |
|---|---|---|---|---|
| ਸਰਹਿੰਦ ਨਹਿਰ | 59.44 | 12620 | 13.59 | 3.05 |
| ਬਿਸਤ ਦੁਆਬ ਨਹਿਰ | 43.00 | 1408 | 1.99 | 1.95 |
| ਅੱਪਰਬਾਰੀ ਦੁਆਬ ਨਹਿਰ | 42.35 | 9000 | 5.40 | 4.15 |
| ਸਰਹਿੰਦ ਫ਼ੀਡਰ | 136.53 | 5264 | 3.60 | 3.05 |
| ਪੂਰਬੀ ਨਹਿਰ | 8.02 | 3197 | 2.16 | 5.5 |
| ਭਾਖੜਾ ਮੇਨ ਲਾਈਨ ਨਹਿਰ | 161.36 | 12455 | 3.81 | 2.04 |
| ਸ਼ਾਹਨੇਹਰ ਨਹਿਰ | 24.23 | 875 | 0.33 | 7.00 |

Note: Source: (https://irrigationapp.punjab.gov.in/canal-administration). Department of Water Resources, Punjab, India. Canal Main Length in km; Discharge at Head in Cusecs (one cubic foot of water flow per second=28.32 litres of water per second); CCA (Culturable Command Area) in 100,000 hectares; Water Allowance in Cusecs/ acre. ਲੇਖਕ ਦਵਾਰਾ ਸੰਕਲਿਤ ਅਤੇ ਸੰਪਾਦਿਤ

ਜੇਕਰ ਪੰਜਾਬ ਵਿਚਲੀਆਂ ਇਹ ਨਹਿਰਾਂ ਸਾਰਾ ਸਾਲ ਵਗਦੀਆਂ ਰਹਿਣ ਤਾਂ ਕੁੱਲ ਮਿਲਾ ਕੇ ਇਨ੍ਹਾਂ ਦੀ 44,819 Cusecs (32.45 MAF) ਸਮਰੱਥਾ ਹੈ, ਪਰ ਬਦਕਿਸਮਤੀ ਇਹ ਹੈ ਕਿ ਇਹਨਾਂ ਲਈ ਸਿਰਫ਼ 16.46 MAF (AERC 44, Table 4.10) ਪਾਣੀ ਹੀ ਛੱਡਿਆ ਜਾਂਦਾ ਹੈ, ਸਿੱਟੇ ਵਜੋਂ ਇਹਨਾਂ ਦੀ ਸਮਰੱਥਾ 50% ਹੀ ਰਹਿ ਜਾਂਦੀ ਹੈ।

2019-20 ਵਿੱਚ ਨਹਿਰੀ ਸਿੰਚਾਈ ਪ੍ਰਣਾਲ਼ੀ ਦਵਾਰਾ 1,180 ਹਜ਼ਾਰ ਹੈਕਟੇਅਰ ਰਕਬੇ ਦੀ ਸਿੰਚਾਈ ਕੀਤੀ ਗਈ ਜੋ ਰਾਜ ਵਿੱਚ ਕੁੱਲ ਸਿੰਚਾਈ ਹੇਠ ਰਕਬੇ ਦਾ 28.47% ਹੈ। ਪੰਜਾਬ ਵਿੱਚ ਸਤਹ ਅਤੇ ਭੂਮੀਗਤ ਪਾਣੀ ਦੀ ਸਾਲਾਨਾ ਉਪਲੱਬਧਤਾ 3.48 ਮਿਲੀਅਨ ਹੈਕਟੇਅਰ ਮੀਟਰ (28.21 MAF) ਹੈ। ਜਦ ਕਿ, ਰਾਜ ਖੇਤੀਬਾੜੀ ਦੀ ਸਾਲਾਨਾ ਮੰਗ 4.76 ਮਿਲੀਅਨ ਹੈਕਟੇਅਰ ਮੀਟਰ (38.6 MAF) ਹੈ। ਹਰ ਸਾਲ 1.28 ਮਿਲੀਅਨ ਹੈਕਟੇਅਰ ਮੀਟਰ (10.39 MAF) ਦੇ ਸਾਲਾਨਾ ਘਾਟੇ ਨੂੰ ਟਿਊਬ-ਵੈੱਲਾਂ ਦੁਆਰਾ ਭੂਮੀਗਤ ਪਾਣੀ ਦਾ ਹੱਦੋਂ ਵੱਧ ਸ਼ੋਸ਼ਣ ਕੀਤਾ ਜਾਂਦਾ ਹੈ ਜਿਸ ਨਾਲ਼ ਭੂਮੀਗਤ ਜਲ ਸਰੋਤਾਂ ਦੇ ਸੰਕਟ ਦੀ ਗੰਭੀਰ ਸਮੱਸਿਆ ਪੈਦਾ ਹੋ ਗਈ ਹੈ। ਇਸ ਸਮੇਂ ਟਿਊਬ-ਵੈੱਲ ਸਿੰਚਾਈ ਵਿੱਚ ਹੋਰ ਵਾਧਾ ਕੀਤਾ ਗਿਆ ਹੈ ਅਤੇ ਕੁੱਲ ਸਿੰਚਾਈ ਵਾਲੇ ਰਕਬੇ ਦਾ ਲਗਭਗ 73% ਹਿੱਸਾ 14.76 ਲੱਖ ਟਿਊਬ-ਵੈੱਲਾਂ ਨਾਲ਼ ਕੱਢੇ ਭੂਮੀਗਤ ਪਾਣੀ ਦੁਆਰਾ ਸਿੰਜਿਆ ਜਾਂਦਾ ਹੈ।

ਜੇਕਰ ਦਰਿਆਈ ਪਾਣੀਆਂ ਦੀ ਗੱਲ ਕਰੀਏ ਤਾਂ ਮੌਜੂਦਾ ਸਥਿਤੀ ਇਹ ਹੈ ਕਿ ਪੰਜਾਬ ਦੇ ਦਰਿਆਵਾਂ ਸਤਲੁਜ, ਬਿਅਸਾ ਅਤੇ ਰਾਵੀ ਤੋਂ ਉਪਲੱਭਤ 18.27 MAF ਪਾਣੀ 'ਚੋਂ ਪੰਜਾਬ ਨੂੰ ਸਿਰਫ਼ 5.0 MAF, ਪਰ ਬਾਕੀ ਰਾਜਾਂ ਰਾਜਸਥਾਨ ਨੂੰ 8.6 MAF, ਹਰਿਆਣਾ ਨੂੰ 3.83 MAF, ਦਿੱਲੀ ਨੂੰ 0.2 MAF ਅਤੇ ਜੰ & ਕ ਨੂੰ 0.65 MAF ਨੂੰ ਮੁਫ਼ਤ ਪਾਣੀ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਹਿੱਸੇ ਸਿਰਫ਼ 21.34% ਪਾਣੀ ਹੀ ਰਹਿ ਗਿਆ ਹੈ। ਇਕ ਪਾਸੇ ਪੰਜਾਬ ਦਾ 78% ਤੋਂ ਜ਼ਿਆਦਾ ਪਾਣੀ ਪੰਜਾਬ ਤੋਂ ਬਾਹਰ ਮੁਫ਼ਤ ਲੁਟਾਇਆ ਜਾ ਰਿਹਾ ਹੈ ਤੇ ਦੂਜੇ ਪਾਸੇ ਪੰਜਾਬ ਦਾ ਅੰਨਦਾਤਾ ਖ਼ੁਦ Tubewell and Submersible ਨਾਲ਼ ਮੱਥਾ ਮਾਰ ਧਰਤੀ ਹੇਠੋਂ ਪਾਣੀ ਕੱਢਣ ਲਈ ਮਜਬੂਰ ਹੈ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਜਿੱਥੇ ਅਸੀਂ ਖੇਤੀ ਦਾ ਚੰਗਾ ਉਤਪਾਦਨ ਕੀਤਾ ਉਸ ਦੇ ਨਾਲ਼ ਨਾਲ਼ ਪੰਜਾਬ ਦੇ ਕੁਦਰਤੀ ਵਸੀਲਿਆਂ, ਖ਼ਾਸ ਕਰਕੇ ਪਾਣੀ ਅਤੇ ਮਿੱਟੀ ਨੂੰ ਵੱਡਾ ਖੋਰਾ ਲੱਗਿਆ। ਪੰਜਾਬ ਵਿਚ ਸਾਲ 1973 'ਚ ਧਰਤੀ ਹੇਠਲੇ ਪਾਣੀ ਦੀ 10 ਮੀਟਰ ਤੋਂ ਵੱਧ ਡੂੰਘਾਈ ਵਾਲ਼ਾ ਕੁੱਲ ਰਕਬਾ 21% ਸੀ ਜੋ ਕਿ 1988 ਵਿਚ ਵਧ ਕੇ 30% ਅਤੇ 2013 ਵਿਚ 70% ਤੱਕ ਪਹੁੰਚ ਗਿਆ ਪਾਣੀ ਦੇ ਪੱਧਰ ਦਾ ਹੇਠਾਂ ਡਿੱਗ ਜਾਣ ਦਾ ਨਤੀਜਾ ਇਹ ਹੋਇਆ ਕਿ ਆਮ ਮੋਟਰਾਂ (ਸੈਂਟਰੀਫੀਊਗਲ ਪੰਪ) ਪਾਣੀ ਕੱਢਣ ਦੇ ਅਸਮਰੱਥ ਹੋ ਗਈਆਂ ਜਿਸ ਕਾਰਨ ਇਹਨਾਂ ਮੋਟਰਾਂ (ਸੈਂਟਰੀਫੀਊਗਲ ਪੰਪ) ਦੀ ਥਾਂ 'ਤੇ ਮੱਛੀ ਮੋਟਰਾਂ (ਸਬਮਰਸੀਬਲ ਪੰਪ) ਲਾਉਣੀਆਂ ਪਈਆਂ, ਜਿੰਨ੍ਹਾਂ ਉੱਤੇ ਬਹੁਤ ਵੱਡਾ ਖਰਚਾ ਕਰਨਾ ਪਿਆ ਅਤੇ ਨਾਲ਼ ਦੀ ਨਾਲ਼ ਬਿਜਲੀ (ਪਾਵਰ) ਦੀ ਲੋੜ ਵੀ ਬਹੁਤ ਜ਼ਿਆਦਾ ਵਧ ਗਈ।

ਦਸਤਾਵੇਜ਼ੀ ਫ਼ਿਲਮ ਆਖ਼ਰੀ ਹਮਲਾ (The Last Assault) ਅਨੁਸਾਰ "ਅੱਜ ਪੰਜਾਬ ਵਿਚ 14.76 ਲੱਖ Tubewell ਹਨ। ਦੁਨੀਆਂ ਵਿਚ ਪੰਜਾਬ ਵਰਗੀਆਂ ਬਹੁਤ ਘੱਟ ਧਰਤੀਆਂ ਹਨ ਜਿਨ੍ਹਾਂ ਹੇਠ ਕੁਦਰਤ ਨੇ ਨਿਰਮਲ ਪਾਣੀ ਦੇ ਸੋਮੇ ਬਖ਼ਸ਼ੇ। ਇਹਨਾਂ ਸੋਮਿਆਂ ਦੀ ਸਿਰਜਣਾ ਕੋਈ ਦਹਾਕਿਆਂ ਜਾਂ ਸਦੀਆਂ 'ਚ ਨਹੀਂ ਹੋਈ, ਸਗੋਂ ਯੁੱਗਾਂ ਵਿਚ ਹੋਈ ਹੈ। ਪੰਜਾਬ ਦੀ ਧਰਤੀ ਹੇਠਲੇ ਪਾਣੀ ਦਾ ਪਹਿਲਾ ਪੱਤਣ 20-25 ਫੁੱਟ ਡੂੰਘੀ ਇਸ ਰੇਤਲੀ ਤਹਿ ਵਿਚ ਮੌਜੂਦ ਸੀ ਜਿਸ ਦੀ ਵਰਤੋਂ ਖੂਹਾਂ ਅਤੇ ਹੱਥ ਨਲ਼ਕਿਆਂ ਦਵਾਰਾ ਕੀਤੀ ਜਾਂਦੀ ਸੀ। ਇਹ sub-surface ਜਾਂ unconfined aquifer ਪਾਣੀ ਦੀ ਉਹ ਤਹਿ ਹੈ ਜਿਸ ਦੇ ਪੱਧਰ ਵਿਚ ਘਾਟਾ ਜਾਂ ਵਾਧਾ ਇਸ ਦੀ ਵਰਤੋਂ ਅਤੇ ਮੀਹਾਂ ਨਾਲ਼ ਇਸ ਦੇ recharge ਹੋਣ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ। ਪੰਜਾਬ ਦੇ ਪਾਣੀਆਂ ਦੀ ਇਹ ਪਹਿਲੀ ਤਹਿ ਤਾਂ ਕਈ ਦਹਾਕਿਆਂ ਤੋਂ ਖੁਸ਼ਕ ਹੋ ਚੁੱਕੀ ਹੈ। ਜੇਕਰ ਕਈ ਸਾਲ ਭਾਰੀ ਮੀਹਾਂ ਤੇ ਦਰਿਆਈ ਪਾਣੀਆਂ ਦੀ ਖੁੱਲ੍ਹੀ ਵਰਤੋਂ ਨਾਲ਼ ਇਹ ਤਹਿ recharge ਹੋ ਵੀ ਜਾਂਦੀ ਹੈ ਤਾਂ ਵੀ ਰਸਾਇਣਾਂ, ਦਵਾਈਆਂ, ਖਾਦਾਂ ਅਤੇ ਫੈਕਟਰੀਆਂ ਦੇ ਪ੍ਰਦੂਸ਼ਣ ਨੇ ਇਨ੍ਹਾਂ ਪਾਣੀਆਂ ਵਿਚ ਏਨੀ ਜ਼ਹਿਰ ਮਿਲਾ ਦਿੱਤੀ ਹੈ ਕਿ ਇਹ ਪਾਣੀ ਨਾ ਤਾਂ ਖੇਤੀ ਤੇ ਨਾ ਹੀ ਪੀਣ ਦੇ ਯੋਗ ਰਿਹਾ ਹੈ। 60-70 ਫੁੱਟ ਡੂੰਘੀ ਪਾਂਡੂ ਦੇ ਹੇਠਾਂ ਵਾਲ਼ੀ ਤਹਿ Confined Aquifer ਜਿਸਨੂੰ ਅਸੀਂ ਪਾਂਡੂ ਦੇ ਵਿਚ ਹੀ ਬੋਰ ਕਰਕੇ ਵਰਤਣਾ ਸ਼ੁਰੂ ਕੀਤਾ ਸੀ, ਉਹ ਵੀ ਕਦੋਂ ਦੀ ਖ਼ਤਮ ਹੋ ਚੁੱਕੀ ਹੈ। ਪਾਂਡੂ ਮਿੱਟੀ ਦੀ ਇਸ ਤਹਿ ਹੇਠਲੇ ਪਾਣੀ ਨੂੰ ਧਰਤੀ ਉੱਪਰਲੇ ਪਾਣੀ ਨਾਲ਼ Recharge ਨਹੀਂ ਕੀਤਾ ਜਾ ਸਕਦਾ। ਹੁਣ ਪੰਜਾਬ ਆਪਣੇ ਪੀਣ ਵਾਲ਼ੇ ਪਾਣੀ ਅਤੇ ਫ਼ਸਲਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ 200-400 ਫੁੱਟ ਡੂੰਘੇ ਪਾਣੀ ਦੀਆਂ ਸੀਮਤ ਪਰਤਾਂ 'ਤੇ ਨਿਰਭਰ ਹੈ। ਇਸ ਬਹੁਤ ਹੀ ਥੋੜ੍ਹੇ ਅਤੇ ਨਾ ਭਰਨ ਵਾਲ਼ੇ ਪਾਣੀ ਦੀ ਮਿਆਦ ਕਿੰਨ੍ਹੀ ਕੁ ਬਚੀ ਹੈ? ਇਹ ਕਹਿਣਾ ਤਾਂ ਮੁਸ਼ਕਲ ਹੈ, ਪਰ ਯਕੀਨਨ ਅਸੀਂ ਆਪਣੇ ਸਾਫ਼ ਪਾਣੀ ਦੇ ਕੁਦਰਤੀ ਖ਼ਜ਼ਾਨੇ ਦੀਆਂ ਆਖ਼ਰੀ ਘੁੱਟਾਂ 'ਤੇ ਹਾਂ।"

ਅੱਜ ਪੰਜਾਬ ਦੀ ਧਰਤੀ ਦਾ ਸੀਨਾ ਟਿਊਬਵੈੱਲਾਂ ਨੇ ਛਾਣਨੀ ਕੀਤਾ ਪਿਆ ਹੈ। ਔਸਤਨ ਹਰ 2.8 ਹੈਕਟੇਅਰ (7 ਏਕੜ) ਵਿਚ ਇਕ ਟਿਊਬਵੈੱਲ ਲੱਗਾ ਹੋਇਆ ਹੈ। Govt of Punjab 2020 Statistical Abstract of Punjab ਅਨੁਸਾਰ ਸਿੰਚਾਈ ਅਤੇ ਟਿਊਬਵੈੱਲਾਂ ਬਾਰੇ ਕੁੱਝ ਮਹੱਤਵਪੂਰਨ ਅੰਕੜੇ:

ਕੁੱਲ ਰਕਬਾ: 50362 ਵਰਗ ਕਿਲੋਮਿਟਰ = 5036,400 ਹੈਕਟੇਅਰ;
ਖੇਤੀ-ਯੋਗ ਰਕਬਾ: 4158,000 ਹੈਕਟੇਅਰ;
ਕੁੱਲ ਸਿੰਚਿਆ ਰਕਬਾ: 4074,000 ਹੈਕਟੇਅਰ;
ਸਰਕਾਰੀ ਨਹਿਰਾਂ ਦਵਾਰਾ ਸਿੰਚਿਆ ਰਕਬਾ: 1,180,000 ਹੈਕਟੇਅਰ
ਟਿਊਬਵੈੱਲਾਂ ਨਾਲ਼ ਸਿੰਚਿਆ ਰਕਬਾ: 2,894,000 ਹੈਕਟੇਅਰ
ਮੂਲ ਸਿੰਚਿਆ ਰਕਬਾ: 98.9%
ਬਿਜਲੀ ਨਾਲ਼ ਚੱਲਣ ਵਾਲ਼ੇ ਟਿਊਬਵੈੱਲ = 1,336,000; ਅਤੇ
ਡੀਜ਼ਲ ਨਾਲ਼ ਚੱਲਣ ਵਾਲ਼ੇ ਟਿਊਬਵੈੱਲ = 140,000

State-wise Ground Water Resources of India, 2020 ਅਨੁਸਾਰ ਪੰਜਾਬ ਵਿਚ ਉੱਪਲੱਭਤ ਸਾਲਾਨਾ ਜ਼ਮੀਨਦੋਜ਼ ਪਾਣੀ ਦੀ ਗੁੰਜਾਇਸ਼ 20.59 ਬਿਲੀਅਨ ਕਿਊਬਿਕ ਮੀਟਰ (16.70 MAF) ਹੈ, ਜਦ ਕਿ ਮੌਜੂਦਾ 33.85 ਬਿਲੀਅਨ ਕਿਊਬਿਕ ਮੀਟਰ (27.14 MAF) ਸਾਲਾਨਾ ਪਾਣੀ ਧਰਤੀ ਵਿਚੋਂ ਕੱਢਿਆ ਜਾ ਰਿਹਾ ਹੈ। ਭਾਵ ਸਮਰੱਥਾ ਨਾਲੋਂ 164.42% ਗੁਣਾਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਜ਼ਮੀਨ-ਦੋਜ਼ ਪਾਣੀ ਦੇ ਸ਼ੋਸ਼ਣ ਵਿਚ ਪੰਜਾਬ ਭਾਰਤ ਦੇ ਸਾਰੇ ਸੂਬਿਆਂ ਨਾਲੋਂ ਵੱਧ ਸ਼ੋਸ਼ਿਤ ਸੂਬਾ ਹੈ, ਦੂਸਰੇ ਨੰਬਰ 'ਤੇ ਰਾਜਸਥਾਨ (150.22%) ਅਤੇ ਤੀਸਰੇ 'ਤੇ ਹਰਿਆਣਾ

(134.56%) ਹੈ।

https://theprint.in/india/governance/ AH January, 2021 ਪੰਜਾਬ ਦੇ ਨਾਮਵਰ ਖੇਤੀ ਵਿਗਿਆਨੀ ਡਾ: ਸਰਦਾਰਾ ਸਿੰਘ ਜੌਹਲ ਦਾ ਕਹਿਣਾ ਹੈ "ਪੰਜਾਬ ਦੀ ਸਭ ਤੋਂ ਵੱਡੀ ਸਮੱਸਿਆ ਪਾਣੀ ਦਾ ਪੱਧਰ ਡਿੱਗਣਾ ਅਤੇ ਇਸ ਦਾ ਪ੍ਰਦੂਸ਼ਣ ਹੈ। ਪੰਜਾਬ ਵਿੱਚ ਦੇਸ਼ ਵਿੱਚ ਪ੍ਰਤੀ ਯੂਨਿਟ ਜ਼ਮੀਨ ਵਿੱਚ ਖਾਦ ਦੀ ਸਭ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ ਅਤੇ ਪਾਣੀ ਦਾ ਪੱਧਰ ਹਰ ਸਾਲ 25-30 ਸੈਂਟੀਮੀਟਰ ਘੱਟਦਾ ਜਾ ਰਿਹਾ ਹੈ। ਭਾਖੜਾ ਡੈਮ ਨਾਲ, ਬਹੁਤ ਸਾਰਾ ਪਾਣੀ ਦਿੱਲੀ ਅਤੇ ਹਰਿਆਣਾ ਵੱਲ ਮੋੜ ਦਿੱਤਾ ਗਿਆ ਸੀ, ਅਤੇ ਪੰਜਾਬ ਦੀ ਵੰਡ ਆਪਣੀਆਂ ਖੇਤੀਬਾੜੀ ਲੋੜਾਂ ਦਾ ਸਿਰਫ 20% ਪੂਰਾ ਕਰਦੀ ਹੈ, ਇਸ ਲਈ ਬਾਕੀ ਧਰਤੀ ਹੇਠਲੇ ਪਾਣੀ ਦਾ ਹਿੱਸਾ ਹੈ। ਸ਼ਹਿਰੀਕਰਨ ਵਧਣ ਨਾਲ ਮੀਂਹ ਦਾ ਪਾਣੀ ਵੀ ਜ਼ਮੀਨ ਵਿਚ ਨਹੀਂ ਸਮਾ ਰਿਹਾ, ਕਿਉਂਕਿ ਹੁਣ ਸਾਰੀ ਧਰਤੀ 'ਤੇ ਸੀਮੈਂਟ ਤੇ ਕੰਕਰੀਟ ਵਿਛਿਆ ਹੋਇਆ ਹੈ। ਖੇਤੀ ਵਾਲੀਆਂ ਜ਼ਮੀਨਾਂ ਵਿਚ ਜੋ ਪਾਣੀ ਸੋਖਿਆ ਜਾਂਦਾ ਹੈ, ਉਸ ਵਿਚ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਧੇਰੇ ਮਿਕਦਾਰ ਹੁੰਦੀ ਹੈ, ਜੋ ਧਰਤੀ ਹੇਠਲੇ ਪਾਣੀ ਨੂੰ ਹੋਰ ਪ੍ਰਦੂਸ਼ਿਤ ਕਰ ਰਹੀ ਹੈ। ਅੱਜ ਪੰਜਾਬ ਵਿੱਚ ਪੀਣ ਵਾਲਾ ਪਾਣੀ 350-500 ਫੁੱਟ 'ਤੇ ਡੂੰਘੇ ਟਿਊਬਵੈੱਲ ਨਾਲ ਹੀ ਮਿਲ਼ ਸਕਦਾ ਹੈ। ਦੋ ਜਾਂ ਤਿੰਨ ਦਹਾਕਿਆਂ ਵਿੱਚ, ਹੋ ਸਕਦਾ ਹੈ ਕਿ ਪੀਣ ਵਾਸਤੇ ਧਰਤੀ ਹੇਠਲਾ ਪਾਣੀ ਉਪਲਬਧ ਹੀ ਨਾ ਹੋਵੇ। ਜੇਕਰ ਅਜਿਹਾ ਹੀ ਰਿਹਾ ਤਾਂ ਪੰਜਾਬ ਰੇਗਿਸਤਾਨ ਬਣ ਜਾਵੇਗਾ।"

ਸਪਸ਼ਟ ਹੈ ਕਿ ਜੇ ਪੰਜਾਬ ਦੀ ਧਰਤੀ ਹੇਠਲਾ ਪਾਣੀ ਦੀ ਮਾਤਰਾ ਅਤੇ ਗੁਣਵਤਾ ਬਚਾਉਣੀ ਹੈ ਤਾਂ ਪਹਿਲਾਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਪੰਜਾਬ ਲਈ ਯਕੀਨੀ ਬਣਾਉਣਾ ਪਵੇਗਾ। ਪੰਜਾਬ ਦੇ ਦਰਿਆਈ ਪਾਣੀਆਂ ਦੀ ਇਸ ਗ਼ੈਰ-ਕਾਨੂੰਨੀ ਲੁੱਟ ਨੂੰ ਰੋਕਣ ਲਈ 1966 ਦੇ Reorganization Act ਅਤੇ 2004 ਦੇ Termination of Agreement Act ਦੀ ਧਾਰਾ 5 ਨੂੰ ਜੜ੍ਹੋਂ ਪੁੱਟਣ ਦੀ ਲੋੜ ਹੈ। ਪੰਜਾਬ ਦੇ ਪਾਣੀਆਂ ਦੀ ਅਸਲ ਪੁਆੜੇ ਦੀ ਜੜ੍ਹ ਇਹ Clauses 78 (ਦਰਿਆਈ ਪਾਣੀ), 79 (ਊਰਜਾ) and 80 (ਹੈੱਡਵਰਕਸ); ਅਤੇ 2004 ਦੇ Termination of Agreement Act ਦੀ ਧਾਰਾ 5 ਹਨ। ਇਸ ਸਬੰਧ ਵਿਚ ਕੁੱਝ ਕੁ ਪੰਜਾਬ-ਹਿਤੂ ਦਾਨਸ਼ਵਰਾਂ ਵੱਲੋਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। https://www.tribuneindia.com, ਜੁਲਾਈ 7, 2018 ਅਨੁਸਾਰ "ਜੁਲਾਈ 2018 ਵਿਚ ਪਟਿਆਲਾ ਤੋਂ ਸੰਸਦ ਮੈਂਬਰ ਡਾ ਧਰਮਵੀਰ ਗਾਂਧੀ ਅਤੇ 19 ਹੋਰ ਪਟੀਸ਼ਨਰਾਂ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਰਾਜਸਥਾਨ ਅਤੇ ਹੋਰ ਗੈਰ-ਰਿਪੇਰੀਅਨ ਰਾਜਾਂ ਨੂੰ 1947 ਤੋਂ ਬਾਅਦ ਮੁਫ਼ਤ ਦਿੱਤੇ ਗਏ ਦਰਿਆਈ ਪਾਣੀਆਂ ਦੀ ਲਾਗਤ ਵਜੋਂ ਪੰਜਾਬ ਨੂੰ 80,000 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ ਸੀ, ਜਿਸ ਦਾ ਤਤਕਾਲੀ ਪੰਜਾਬ ਸਰਕਾਰ ਨੇ ਸਮਰਥਨ ਕੀਤਾ ਸੀ। 29 ਜਨਵਰੀ, 1955 ਨੂੰ ਭਾਰਤ ਸਰਕਾਰ ਵੱਲੋਂ 'ਪਹਿਲੇ ਫੈਸਲੇ' ਦਾ ਹਵਾਲਾ ਦਿੰਦੇ ਹੋਏ, ਪਟੀਸ਼ਨਕਰਤਾਵਾਂ ਨੇ ਕਿਹਾ ਸੀ ਕਿ ਇਸ ਵਿਚ ਸਪੱਸ਼ਟ ਕਿਹਾ ਗਿਆ ਕਿ ਪਾਣੀ ਦੀ ਲਾਗਤ ਦੀ ਵੰਡ ਵੱਖਰੇ ਤੌਰ 'ਤੇ ਕੀਤੀ ਜਾਵੇਗੀ। ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਅਜੀਤ ਸਿੰਘ ਬੈਂਸ ਸਮੇਤ ਪਟੀਸ਼ਨਕਰਤਾਵਾਂ ਨੇ ਦਾਅਵਾ ਕੀਤਾ ਕਿ ਪੰਜਾਬ ਪੂਰੀ ਦੁਨੀਆ ਵਿੱਚ ਇੱਕੋ ਇੱਕ ਅਜਿਹਾ ਰਾਜ ਹੈ ਜਿਸ ਦਾ ਪਾਣੀ ਹੋਰ ਗੈਰ-ਰਿਪੇਰੀਅਨ ਰਾਜਾਂ ਨੂੰ ਦਿੱਤਾ ਜਾਂਦਾ ਰਿਹਾ ਹੈ। ਕਾਊਂਸਲ ਦੇ ਵਕੀਲ ਆਰ ਐਸ ਬੈਂਸ ਨੇ ਕਿਹਾ ਕਿ "ਕੋਈ ਸੰਵਿਧਾਨਕ ਸਿਧਾਂਤ, ਸੁਪਰੀਮ ਕੋਰਟ ਦੁਆਰਾ ਕਾਨੂੰਨ ਦਾ ਐਲਾਨ, ਜਾਂ ਵਾਟਰ ਟ੍ਰਿਬਿਊਨਲਾਂ ਦੁਆਰਾ ਫੈਸਲਾ ਮੌਜੂਦ ਨਹੀਂ ਸੀ, ਜਿਸ ਤਹਿਤ ਰਿਪੇਰੀਅਨ ਰਾਜਾਂ ਦੇ ਦਰਿਆਈ ਪਾਣੀ ਨੂੰ ਗੈਰ-ਰਿਪੇਰੀਅਨ ਰਾਜਾਂ ਨੂੰ ਅਲਾਟ ਕੀਤਾ ਗਿਆ ਸੀ। ਕਿਸੇ ਵੀ ਨਿਆਂਇਕ ਉਦਾਹਰਣ ਵਿੱਚ, ਮੂਲ ਰਾਜ ਦੇ ਦਰਿਆਈ ਪਾਣੀ ਨੂੰ ਬਿਨਾਂ ਕਿਸੇ ਲਾਗਤ ਦੇ ਭੁਗਤਾਨ ਕੀਤੇ ਹੋਰ ਗੈਰ-ਰਿਪੇਰੀਅਨ ਜਾਂ ਉੱਤਰਾਧਿਕਾਰੀ ਰਾਜ ਨੂੰ ਦਿੱਤਾ ਗਿਆ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਰਾਜਸਥਾਨ ਨੂੰ ਸੰਵਿਧਾਨ ਦੇ ਤਹਿਤ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਕਸ਼ਮੀਰ ਤੋਂ ਪਾਣੀ ਦੀ ਇੱਕ ਬੂੰਦ ਦਾ ਦਾਅਵਾ ਕਰਨ ਦਾ ਵੀ ਕੋਈ ਅਧਿਕਾਰ ਨਹੀਂ ਹੈ, ਜੋ ਰਿਪੇਰੀਅਨ ਰਾਜ ਹਨ। ਆਜ਼ਾਦੀ ਤੋਂ ਪਹਿਲਾਂ, ਰਾਜਸਥਾਨ ਨੂੰ ਲਾਗਤ ਦੀ ਅਦਾਇਗੀ ਤੋਂ ਬਾਅਦ ਪਾਣੀ ਮਿਲਦਾ ਸੀ ਜਦੋਂ ਪੰਜਾਬ ਲਈ ਪਾਣੀ ਸਰਪਲੱਸ ਸੀ। ਹੁਣ ਪੰਜਾਬ ਦੀ ਧਰਤੀ ਹੇਠਲਾ ਪਾਣੀ 14 ਲੱਖ ਟਿਊਬਵੈੱਲਾਂ ਨਾਲ ਖ਼ਤਮ ਹੋ ਗਿਆ ਹੈ।"

ਜਿੱਥੇ ਕੇਂਦਰ ਸਰਕਾਰ ਤੋਂ ਇਹ ਮਦਾਂ ਰੱਦ ਕਰਵਾਉਣ ਦੀ ਲੋੜ ਹੈ ਉਨਾ ਹੀ ਜ਼ਰੂਰੀ ਹੈ ਕਿ ਪੰਜਾਬ ਦੀ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਘਟਾਈ ਜਾਵੇ ਤਾਂ ਜੋ ਜ਼ਮੀਨ ਵਿਚ ਪਾਣੀ ਰੀਚਾਰਜ ਹੋ ਸਕੇ। ਇਸ ਸਬੰਧ ਵਿਚ ਕਿਸਾਨਾਂ ਨੂੰ ਵੀ ਪਾਣੀ ਨੂੰ ਅਤਿ-ਸੰਜਮ ਨਾਲ਼ ਵਰਤੋਂ ਲਈ ਜਾਗਰੂਕ ਹੋਣ ਦੀ ਲੋੜ ਹੈ। https://parvasinewspaper.com/ June 17, 2016 (ਪ੍ਰਿੰ. ਸਰਵਣ ਸਿੰਘ) "ਡਾ. ਜੌਹਲ ਦੀ ਇਲੈਕਟ੍ਰੀਸਿਟੀ ਰਿਪੋਰਟ ਅਨੁਸਾਰ ਪੰਜਾਬ ਵਿਚ ਟਿਊਬਵੈੱਲਾਂ ਨੂੰ ਦਿੱਤੀ ਜਾਂਦੀ ਮੁਫ਼ਤ ਜਾਂ ਫਲੈਟ ਰੇਟਾਂ ਦੀ ਬਿਜਲੀ ਦਾ ਫ਼ਾਇਦਾ ਪੰਜਾਬ ਦੇ ਕਿਸਾਨਾਂ ਨੂੰ ਨਹੀਂ ਸਗੋਂ ਭਾਰਤੀ ਖਪਤਕਾਰਾਂ ਨੂੰ ਹੁੰਦੈ। ਮੁਫ਼ਤ ਦੀ ਬਿਜਲੀ ਨਾਲ ਪੰਜਾਬ ਦਾ ਪਾਣੀ ਥੱਲੇ ਹੀ ਥੱਲੇ ਉੱਤਰੀ ਜਾ ਰਿਹੈ ਜਿਸ ਕਰਕੇ ਟਿਊਬਵੈੱਲ ਡੂੰਘੇ ਤੋਂ ਡੂੰਘੇ ਕਰਨੇ ਪੈ ਰਹੇ ਨੇ ਤੇ ਪਾਣੀ ਖਿੱਚਣ ਲਈ ਪਾਵਰ ਵੱਧ ਵਰਤਣੀ ਪੈ ਰਹੀ ਹੈ। ਪਹਿਲਾਂ ਖੂਹੀਆਂ ਡੂੰਘੀਆਂ ਕਰਦੇ ਰਹੇ ਫਿਰ ਹੋਰ ਪਾਈਪਾਂ ਪਾ ਕੇ ਬੋਰ ਡੂੰਘੇ ਕਰਦੇ ਰਹੇ। ਫਿਰ ਸਬਮਰਸੀਬਲ ਟਿਊਬਵੈੱਲ ਲੱਗਣ ਲੱਗੇ। ਜ਼ਮੀਨਾਂ ਕੱਦੂ ਕਰ ਕੇ ਤੇ ਖਾਲੇ ਪੱਕੇ ਕਰ ਕੇ ਪਾਣੀ ਜ਼ਮੀਨ 'ਚ ਸਿੰਮਣੋਂ ਰੋਕ ਦਿੱਤਾ ਗਿਆ। ਝੋਨਿਆਂ 'ਚ ਖੜ੍ਹਾ ਪਾਣੀ ਧੁੱਪ ਨਾਲ ਸੁੱਕਣ ਤੇ ਹਵਾ ਨਾਲ ਉੱਡਣ ਲੱਗਾ। ਸਤੰਬਰ 2015 ਤਕ ਪੰਜਾਬ ਦੇ ਖੇਤਾਂ ਵਿਚ 1,236,185 ਟਿਊਬਵੈੱਲ ਲੱਗ ਚੁੱਕੇ ਸਨ ਜੋ ਹੁਣ ਬਿਜਲੀ ਦੇ ਸਵਾ ਲੱਖ ਨਵੇਂ ਕੁਨੈਕਸ਼ਨਾਂ ਨਾਲ ਸਾਢੇ ਤੇਰਾਂ ਲੱਖ ਦਾ ਅੰਕੜਾ ਪਾਰ ਕਰ ਰਹੇ ਹਨ। ਖੇਤਾਂ ਤੋਂ ਬਿਨਾਂ ਹਜ਼ਾਰਾਂ ਵਾਟਰ ਵਰਕਸ ਅਤੇ ਲੱਖਾਂ ਦੀ ਗਿਣਤੀ 'ਚ ਘਰੇਲੂ ਟਿਊਬਵੈੱਲ ਹਨ। ਪਿਛਲੇ ਦਸ ਸਾਲਾਂ ਵਿਚ ਬੋਰਾਂ 'ਤੇ ਮੋਟਰਾਂ ਉਤੇ ਪੰਜਾਬੀਆਂ ਦਾ 11,000 ਕਰੋੜ ਰੁਪਏ ਖਰਚਾ ਆ ਚੁੱਕੈ। 27,000 ਕਰੋੜ ਦੀ ਬਿਜਲੀ ਫੂਕੀ ਗਈ। ਹਰ ਸਾਲ ਧਰਤੀ ਦਾ ਪਾਣੀ 40 ਤੋਂ 80 ਸੈਂਟੀਮੀਟਰ ਤਕ ਥੱਲੇ ਗਰਕ ਰਿਹੈ। ਇਕ ਕਿਲੋ ਚੌਲ ਪੈਦਾ ਕਰਨ ਉਤੇ 4,000 ਲੀਟਰ ਪਾਣੀ ਖਪਦਾ ਹੈ ਜਦ ਕਿ ਬਜ਼ਾਰ ਵਿਚ ਲੀਟਰ ਪਾਣੀ ਦੀ ਬੋਤਲ ਦਸ ਰੁਪਏ ਤੋਂ ਮਹਿੰਗੀ ਮਿਲਦੀ ਹੈ। ਹਰ ਸਾਲ 200 ਲੱਖ ਟਨ ਤੋਂ ਵੱਧ ਅਨਾਜ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਭੇਜਿਆ ਜਾ ਰਿਹੈ ਜਿਸ ਦਾ ਮਤਲਬ ਹੈ 88,000 ਕਰੋੜ ਗੈਲਨ ਪਾਣੀ ਦਾਣਿਆਂ ਦੇ ਰੂਪ ਵਿਚ ਪੰਜਾਬ ਤੋਂ ਬਾਹਰ ਜਾ ਰਿਹੈ। ਇਕ ਪਾਸੇ ਆਬਾਦੀ ਵਧ ਰਹੀ ਹੈ ਤੇ ਦੂਜੇ ਪਾਸੇ ਪ੍ਰਤੀ ਵਿਅਕਤੀ ਪਾਣੀ ਦੀ ਖਪਤ 40 ਲੀਟਰ ਤੋਂ ਵਧ ਕੇ 70 ਲੀਟਰ ਹੋ ਗਈ ਹੈ। ਉਤੋਂ ਦਰਿਆਈ ਪਾਣੀ ਘਟ ਰਿਹੈ। ਪੰਜਾਬ ਮਾਰੂਥਲ ਨਹੀਂ ਬਣੇਗਾ ਤਾਂ ਹੋਰ ਕੀ ਬਣੇਗਾ?" ਹੁਣ ਅਪਰੈਲ 2022 ਵਿਚ ਪੰਜਾਬ ਵਿਚ ਪਾਰਾ 45 ਡਿਗਰੀ ਸੈਂਟੀਗਰੇਡ ਤੱਕ ਪਹੁੰਚ ਗਿਆ ਹੈ ਜਿਸਦਾ ਸਿੱਧਾ ਕਾਰਨ ਧਰਤੀ ਹੇਠਲੇ ਪਾਣੀ ਦਾ ਭਿਆਨਕ ਹੱਦ ਤੱਕ ਥੱਲੇ ਚਲੇ ਜਾਣਾ ਹੈ। ਜੇ ਇਹੀ ਸਿਲਸਿਲਾ ਜਾਰੀ ਰਿਹਾ ਤਾਂ ਪੰਜਾਬ ਕੁੱਝ ਕੁ ਸਾਲਾਂ ਵਿਚ ਹੀ ਬੰਜਰ ਬਣ ਜਾਵੇਗਾ। ਪੰਜਾਬ ਦੇ ਜ਼ਮੀਨਦੋਜ਼ ਪਾਣੀ ਦੀ ਬੇਪਰਵਾਹੀ ਅਤੇ ਲਾਪਰਵਾਹੀ ਨਾਲ਼ ਵਰਤੋਂ ਬਾਰੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ, ਬੁਲਿਟਨ ਨੰਬਰ: PAU/206/ElecFB(P) /01 ਵਿੱਚ ਕਿਹਾ ਗਿਆ ਹੈ "ਪਾਣੀ ਜ਼ਿੰਦਗੀ ਦਾ ਆਧਾਰ ਹੈ ਅਤੇ ਪਾਣੀ ਤੋਂ ਬਿਨਾਂ ਜੀਵਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ । ਜਿਸ ਰਫ਼ਤਾਰ ਨਾਲ਼ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਹੇਠਾਂ ਜਾ ਰਿਹਾ ਹੈ, ਜੇਕਰ ਇਸਨੂੰ ਠੱਲ੍ਹ ਨਾ ਪਾਈ ਤਾਂ ਆਉਣ ਵਾਲ਼ੇ ਸਮੇਂ ਵਿਚ ਇਸਦੇ ਬਹੁਤ ਹੀ ਭਿਆਨਕ ਸਿੱਟੇ ਨਿੱਕਲਣਗੇ।"

# ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਦੇ ਟੈਕਸਾਂ ਰਾਹੀਂ ਸਰਕਾਰੀ ਲੁੱਟ



ਜਸਦੇਵ ਸਿੰਘ ਲਲਤੋਂ
96464-02470

ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ 'ਚ 22 ਮਾਰਚ, 2022 ਤੋਂ ਆਏ ਦਿਨ ਹੋ ਰਿਹਾ ਵਾਧਾ, ਪੂਰੇ ਮੁਲਕ 'ਚ ਹਾਹਾਕਾਰ ਮਚਾਉਣ, ਤਿੱਖਾ ਵਾਦ-ਵਿਵਾਦ ਖੜਾ ਕਰਨ ਤੇ ਧਰਨੇ-ਪ੍ਰਦਰਸ਼ਨਾਂ ਦਾ ਕਾਰਨ ਬਣਨ ਵਾਲਾ ਵੱਡਾ ਭਖਵਾਂ ਮੁੱਦਾ ਬਣਿਆ ਹੋਇਆ ਹੈ। ਜਿਸਦੇ ਅੱਡ ਅੱਡ ਪਹਿਲੂਆਂ ਬਾਰੇ ਭਰਵੀਂ ਤੇ ਡੂੰਘੀ ਵਿਚਾਰ-ਚਰਚਾ ਸਮੇਂ ਦੀ ਮੁੱਖ ਲੋੜ ਹੈ।

**ਤੇਲ ਕੀਮਤਾਂ ਦੇ ਪਹਿਲੂ ਬਾਰੇ :** ਸੰਨ 1965 ਤੋਂ ਜੂਨ 1991 ਤੱਕ ਦੇ ਦੌਰ 'ਚ ਸਮੁੱਚੀ ਮਹਿੰਗਾਈ ਨੂੰ ਕੰਟਰੋਲ 'ਚ ਰੱਖਣ ਲਈ ਆਮ ਜਨਤਾ ਨੂੰ ਡੀਜ਼ਲ/ਪੈਟਰੋਲ 'ਚ ਸਬਸਿਡੀ ਦੇ ਕੇ (ਵਿਸ਼ੇਸ਼ ਕਰਕੇ ਡੀਜ਼ਲ 'ਚ) ਕੇਂਦਰ ਸਰਕਾਰ ਇਸ ਦੀਆਂ ਕੀਮਤਾਂ ਨੂੰ ਕੰਟਰੋਲ 'ਚ ਰੱਖਦੀ ਆ ਰਹੀ ਸੀ। ਜੂਨ 91 ਤੋਂ ਬਾਅਦ ਸਾਮਰਾਜ ਪੱਖੀ-ਉਦਾਰੀਕਰਨ, ਸੰਸਾਰੀਕਰਨ ਤੇ ਨਿਜੀਕਰਨ ਦੀਆਂ ਨੀਤੀਆਂ ਦੀਆਂ ਨੀਤੀਆਂ ਤਹਿਤ ਇਹ ਸਬਸਿਡੀ ਘਟਦੀ ਗਈ। ਜੋ ਕਿ 2010 ਵਿੱਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਹਕੂਮਤ ਨੇ ਨਾ ਮਾਤਰ ਕਰ ਦਿੱਤੀ ਤੇ ਤੇਲ ਕੀਮਤਾਂ ਦਾ ਕੰਟਰੋਲ ਸਿਧਾਂਤਕ ਰੂਪ 'ਚ ਅਤੇ ਪੈਟਰੋਲ ਦਾ ਅਮਲੀ ਰੂਪ ਵਿੱਚ ਵੀ ਤੇਲ ਕੰਪਨੀਆਂ ਦੇ ਹਵਾਲੇ ਕਰ ਦਿੱਤਾ। ਜਨਵਰੀ 2013 ਤੋਂ ਹਰ ਮਹੀਨੇ 50 ਪੈਸੇ/ਲਿਟਰ ਡੀਜ਼ਲ/ਪੈਟਰੋਲ 'ਚ ਵਾਧੇ ਦੀ ਨੀਤੀ ਲਾਗੂ ਕਰ ਦਿੱਤੀ। 2014 'ਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਹਕੂਮਤ ਨੇ ਡੀਜ਼ਲ ਸਮੇਤ ਮੁਕੰਮਲ ਰੂਪ 'ਚ ਕੀਮਤਾਂ ਦਾ ਕੰਟਰੋਲ ਨਿਜੀ ਅਤੇ ਲੇਬਲ ਪੱਖੋਂ ਪਬਲਿਕ ਸੈਕਟਰ (74 ਤੋਂ 100 ਪ੍ਰਤੀਸ਼ਤ ਤੱਕ ਨਿਜੀ ਹਿਸੇਦਾਰੀਆਂ) ਵਾਲੀਆਂ ਤੇਲ ਕੰਪਨੀਆਂ ਨੂੰ ਸੌਂਪ ਦਿੱਤਾ ਅਤੇ ਸਬਸਿਡੀ ਪੂਰੀ ਤਰ੍ਹਾਂ ਖਤਮ ਕਰ ਦਿੱਤੀ।

ਪਾਰਲੀਮੈਂਟ ਦਾ ਰਿਕਾਰਡ ਗਵਾਹ ਹੈ ਕਿ ਉਪਰੋਕਤ ਦੋਨੋਂ ਕਿਸਮ ਦੀਆਂ ਹਕੂਮਤਾਂ ਨੇ ਪਾਰਲੀਮੈਂਟ ਦੇ ਅੰਦਰ ਜ਼ੋਰਦਾਰ ਐਲਾਨ ਕੀਤੇ ਸਨ ਕਿ ਹੁਣ ਤੇਲ ਕੀਮਤਾਂ ਸਿਧੇ ਤੌਰ ਤੇ ਕੌਮਾਂਤਰੀ ਮੰਡੀ ਦੇ ਉਤਰਾਵਾਂ-ਚੜ੍ਹਾਵਾਂ ਅਨੁਸਾਰ ਤੈਅ ਹੋਇਆ ਕਰਨਗੀਆਂ (ਕਿਉਂਕਿ 70 ਪ੍ਰਤੀਸ਼ਤ ਕੱਚਾ ਤੇਲ ਵਿਦੇਸ਼ਾਂ ਤੋਂ ਦਰਾਮਦ ਹੁੰਦਾ ਹੈ)। ਯਾਨੀ ਵਧਿਆ/ਘਟਿਆ ਕਰਨਗੀਆਂ। ਲੇਕਿਨ ਜਨਵਰੀ 2013 ਤੋਂ ਅੱਜ ਤੱਕ ਦਾ ਅਸਲੀ ਤਜ਼ਰਬਾ ਗਵਾਹ ਹੈ ਕਿ ਅਨੇਕਾਂ ਵਾਰ ਸੰਸਾਰ ਮੰਡੀ 'ਚ ਕੀਮਤਾਂ ਘਟਣ ਦੇ ਬਾਵਜੂਦ ਭਾਰਤ 'ਚ ਗਿਣਤੀ ਦੇ ਮੌਕੇ ਹੀ ਆਏ ਜਦੋਂ ਕੀਮਤਾਂ ਮਾਮੂਲੀ ਘਟੀਆਂ ਜਾਂ ਬਿਲਕੁਲ ਨਹੀਂ ਘਟੀਆਂ। ਜਦਕਿ ਸੰਸਾਰ ਮੰਡੀ 'ਚ ਵਧਣ ਨਾਲ ਦਰਜਨਾਂ ਵਾਰ ਏਥੇ ਕੀਮਤਾਂ 'ਚ ਵੱਡੇ ਵਾਧੇ ਹੁੰਦੇ ਰਹੇ। ਯਾਨੀ ਕੌਮਾਂਤਰੀ ਮੰਡੀ ਅਨੁਸਾਰ ਕੀਮਤਾਂ ਚਲਾਉਣ ਦੇ ਸੰਸਦੀ ਉਨ੍ਹਾਂ ਦੀ ਮਰਿਆਦਾ ਤੇ ਪਵਿਤਰਤਾ ਨੂੰ ਭੰਗ ਕਰਦਿਆਂ, ਇਸਦੀਆਂ ਪਹਿਲਾਂ ਲੁਕਵੇਂ ਤੇ ਫਿਰ ਖੁਲਮਖੁਲੇ ਰੂਪ 'ਚ ਧੱਜੀਆਂ ਉਡਾਉਂਦਿਆਂ ਤੇਲ ਕੀਮਤਾਂ ਰਾਹੀਂ ਆਮ ਖੱਪਤਕਾਰ ਦਾ ਖ਼ੂਨ ਨਿਚੋੜਨ ਦਾ ਸਿਲਸਿਲਾ ਆਏ ਸਾਲ ਤੇਜ ਕਰ ਦਿੱਤਾ।

ਕੌਮਾਂਤਰੀ ਤੇਲ ਕੀਮਤਾਂ ਘਟਣ ਦਾ ਲਾਭ ਆਮ ਭਾਰਤੀ ਖੱਪਤਕਾਰ ਤੱਕ ਪੁੱਜਣ ਤੋਂ ਰੋਕਣ ਲਈ ਸ਼ੈਤਾਨੀ ਭਰਿਆ ਤਰੀਕਾਕਾਰ ਲਾਗੂ ਕਰਨਾ ਆਰੰਭ ਦਿੱਤਾ। ਜਿੰਨੇ ਰੁ:/ ਲਿ: ਕੀਮਤ ਘਟਦੀ, ਉਨੇ ਰੁ:/ਲਿ: ਕੇਂਦਰੀ ਐਕਸਾਈਜ਼ ਡਿਊਟੀ ਤੇ ਵੈਟ ਦਰਾਂ ਵਧਾ ਕੇ ਲਾਭ ਆਪ ਦੇ ਖਾਤੇ 'ਚ ਪਾ ਲਿਆ ਜਾਂਦਾ। ਬਾਹਰੋਂ ਦੇਖਣ ਨੂੰ ਡੀਜਲ/ਪੈਟਰੋਲ ਦੀ ਕੀਮਤ ਉਥੇ ਹੀ ਖੜੀ ਲਗਦੀ। ਪਿਛਲੇ 9 ਸਾਲਾਂ 'ਚ ਆਮ ਜਨਤਾ ਦੀਆਂ ਜੇਬਾਂ 'ਚ ਬਚਣ ਵਾਲੇ 27 ਲੱਖ ਕਰੋੜ ਰੁ: (1 ਲੱਖ ਕਰੋੜ ਰੁ: ਮਨਮੋਹਨ ਸਰਕਾਰ ਨੇ ਤੇ 26 ਲੱਖ ਕਰੋੜ ਰੁ: ਮੋਦੀ ਸਰਕਾਰ ਨੇ) ਧੋਖੇ ਨਾਲ ਰੂਟ ਬਦਲ ਕੇ ਕੇਂਦਰੀ ਖਜਾਨੇ 'ਚ ਲਿਜਾਏ ਗਏ। ਦੂਜੇ ਪਾਸੇ ਕੀਮਤ ਵਧਣ ਵੇਲੇ ਇਕਦਮ ਵਧਾ ਕੇ ਜਨਤਾ ਦੀਆਂ ਜੇਬਾਂ 'ਤੇ ਨਵਾਂ ਡਾਕਾ ਮਾਰਿਆ ਜਾਂਦਾ।

**ਕਰੋਨਾ ਮਹਾਂਮਾਰੀ ਦੇ ਦੌਰ 'ਚ ਤੇਲ ਰਾਹੀਂ ਲੁੱਟ ਹੋਰ ਤੇਜ਼ :** 05-05-20 ਤੋਂ 04-11-21 ਤੱਕ ਕਰੋਨਾ ਮਹਾਂਮਾਰੀ ਤੇ ਲੌਕਡਾਊਨ-ਕਰਫਿਊ ਦੌਰ 'ਚ ਜਦੋਂ ਆਮ ਜਨਤਾ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ, ਕਾਰੋਬਾਰ ਠੱਪ ਹੋਣ, ਆਰਥਿਕ ਤੰਗੀ ਤੇ ਭੁਖਮਰੀ ਦਾ ਸਾਮ੍ਹਣਾ ਕਰ ਰਹੀ ਸੀ, ਉਦੋਂ ਵੱਡੀ ਵਿਤੀ ਮਦਦ ਦੀ ਹੱਕਦਾਰ ਸੀ (ਜਿਵੇਂ ਕਿ ਸਾਰੇ ਪੱਛਮੀ ਮੁਲਕਾਂ 'ਚ ਹਰ ਬੇਰੁਜ਼ਗਾਰ ਬੰਦੇ ਨੂੰ ਦੋ ਤੋਂ ਤਿੰਨ ਹਜਾਰ ਡਾਲਰ ਪ੍ਰਤੀ ਮਹੀਨਾ ਦਿੱਤੇ ਜਾ ਰਹੇ ਸਨ)। ਪਰੰਤੂ ਕੇਂਦਰੀ ਸਰਕਾਰ ਨੇ ਇਸ ਅੱਤ ਔਖੇ ਦੌਰ 'ਚ ਵੀ ਤੇਲ ਦੀਆਂ ਕੌਮਾਂਤਰੀ ਕੀਮਤਾਂ ਨੂੰ ਤੇਲ ਕੰਪਨੀਆਂ ਰਾਹੀਂ ਲਾਗੂ ਨਹੀਂ ਕਰਵਾਇਆ। 1 ਮਈ 2014 ਨੂੰ ਕੱਚੇ ਤੇਲ ਦੀ ਕੌਮਾਂਤਰੀ ਕੀਮਤ 106.85 ਡਾਲਰ/ ਬੈਰਲ ਸੀ। ਉਸ ਵੇਲੇ ਭਾਰਤੀ ਪੈਟਰੋਲ ਦੀ ਕੀਮਤ 71.41 ਰੁ:/ ਲਿ: ਸੀ। 12 ਜੂਨ 2020 ਨੂੰ ਸੰਸਾਰ ਕੀਮਤ 38 ਡਾਲਰ/ਬੈਰਲ ਹੋਈ। ਭਾਰਤੀ ਪੈਟਰੋਲ ਇਸ ਦਿਨ 75.16 ਰੁ:/ਲਿ: ਰਿਹਾ। ਜਦ ਕਿ ਬਣਦੀ ਅਨੁਪਾਤ ਅਨੁਸਾਰ 24 ਰੁ:/ਲਿ: ਹੋਣਾ ਚਾਹੀਦਾ ਸੀ। ਯਾਨੀ ਕੀਮਤਾਂ ਘਟਣ ਦੇ ਸਿਟੇ ਵਜੋਂ ਜਨਤਾ ਨੂੰ ਬਚਣ ਵਾਲੇ 51 ਰੁ:/ਲਿ: ਉਨ੍ਹਾਂ ਦੀਆਂ ਜੇਬਾਂ 'ਚੋਂ ਧੋਖੇ ਤੇ ਧੱਕੇ ਨਾਲ ਕੱਢ ਕੇ ਕੇਂਦਰੀ ਖਜਾਨੇ ਤੇ ਤੇਲ ਕੰਪਨੀਆਂ ਦੀਆਂ ਤਿਜੌਰੀਆਂ 'ਚ ਭੇਜੇ ਗਏ। 04 ਨਵੰਬਰ 2021 ਤੱਕ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਕ੍ਰਮਵਾਰ 110 ਰੁਪਏ, 99 ਰੁਪਏ ਤੱਕ ਪੁੱਜ ਗਈਆਂ।



**"ਇਕ ਦੇਸ਼ ਇਕ ਟੈਕਸ" ਦਾ ਨਾਅਰਾ ਕਿੱਧਰ ਗਿਆ ? :** 2017 'ਚ ਮੋਦੀ ਹਕੂਮਤ ਨੇ "ਇਕ ਦੇਸ਼ ਇਕ ਟੈਕਸ" ਦੇ ਨਾਅਰੇ ਹੇਠ ਜੀ.ਐਸ.ਟੀ. ਟੈਕਸ ਲਾਗੂ ਕੀਤਾ। ਇਸਦੇ ਹੇਠ ਕੁਲ ਵਸਤੂਆਂ ਤੇ ਸੇਵਾਵਾਂ ਨੂੰ ਲਿਆਂਦਾ ਗਿਆ। ਜਿਸਦੀਆਂ ਦਰਾਂ ਸੋਧਾਂ ਉਪਰੰਤ 5, 12, 18 ਤੇ 28 ਪ੍ਰਤੀਸ਼ਤ ਤੈਅ ਕੀਤੀਆਂ ਗਈਆਂ। ਕੇਵਲ ਤੇਲ ਖੇਤਰ ਨੂੰ ਸ਼ਾਤਰਾਨਾ ਢੰਗ ਨਾਲ ਇਸਦੇ ਘੇਰੇ ਤੋਂ ਬਾਹਰ ਰੱਖ ਕੇ, ਇਸਨੂੰ ਵੈਟ ਦੇ ਅਧੀਨ ਹੀ ਰੱਖਿਆ ਗਿਆ। ਜਿਸਦੀ ਅੱਜ ਤੱਕ ਕੋਈ ਵਾਜਬੀਅਤ ਨਹੀਂ ਦਿੱਤੀ ਜਾ ਸਕੀ। ਹੇਠ ਲਿਖੀ ਉਦਾਹਰਣ ਨਾਲ ਸਪੱਸ਼ਟ ਹੋ ਜਾਵੇਗਾ ਕਿ ਅਜੇਹਾ ਕਿਉਂ ਕੀਤਾ:- 16 ਜੂਨ 2020 ਨੂੰ ਮੁਲਕ 'ਚ ਦਰਾਮਦ ਕੀਤੇ ਕੱਚੇ ਤੇਲ ਦਾ ਰੇਟ 18 ਰੁ:/ਲਿ: ਸੀ (ਜਦਕਿ ਪਾਣੀ ਦੀ ਬੋਤਲ 20 ਰੁ: ਦੀ ਹੈ) ਕੰਪਨੀਆਂ ਵੱਲੋਂ ਪੈਦਾਵਾਰੀ ਖਰਚੇ ਤੇ ਠੋਸ ਮੁਨਾਫੇ ਰੱਖ ਕੇ ਪੈਟਰੋਲ ਦੀ ਅਸਲ ਕੀਮਤ 22.11 ਰੁ: / ਲਿ: ਬਣਦੀ ਸੀ। ਕੇਂਦਰੀ ਟੈਕਸ 39.98 ਰੁ:, ਰਾਜਾਂ ਦੇ ਔਸਤ ਟੈਕਸ 17.71 ਰੁ:, ਢੁਆਈ 0.33 ਰੁ:, ਡੀਲਰ ਕਮਿਸ਼ਨ 3.60 ਰੁ: ਲਿ: ਲੱਗੇ ਸਨ। ਇਸ ਤਰ੍ਹਾਂ ਕੇਂਦਰੀ ਟੈਕਸ 180 ਪ੍ਰਤੀਸ਼ਤ ਤੇ ਸੂਬਾ ਟੈਕਸ 81 ਪ੍ਰਤੀਸ਼ਤ ਜੋੜ ਕੇ ਕੁਲ ਟੈਕਸ 261 ਪ੍ਰਤੀਸ਼ਤ ਬਣਦਾ ਹੈ। ਅਮਰੀਕਾ 'ਚ ਕੁਲ ਟੈਕਸ 19 ਪ੍ਰਤੀਸ਼ਤ ਜਾਪਾਨ 'ਚ 47 ਪ੍ਰਤੀਸ਼ਤ, ਫਰਾਂਸ 'ਚ 63 ਪ੍ਰਤੀਸ਼ਤ ਲਾਗੂ ਹੈ। ਦੇਸ਼ ਦੀ ਆਬਾਦੀ ਦੇ ਕਰੀਬ 90 ਪ੍ਰਤੀਸ਼ਤ ਬਣਦੇ ਗਰੀਬ ਤੇ ਮੱਧ ਵਰਗ ਦੇ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਨਚੋੜਨ ਵਾਲੇ ਏਡੇ ਭਾਰੀ ਲੱਕ ਤੋੜੂ ਟੈਕਸ ਦੀ ਉਦਾਹਰਣ ਪੂਰੀ ਦੁਨੀਆਂ 'ਚ ਸ਼ਾਇਦ ਹੀ ਕਿਤੇ ਮਿਲੇ। ਹੁਣ ਵੀ ਕੰਪਨੀਆਂ ਦੇ ਪੈਦਾਵਾਰ ਖਰਚੇ ਅਤੇ ਠੋਸ ਮੁਨਾਫੇ ਰੱਖ ਕੇ ਡੀਜ਼ਲ ਦੀ ਕੀਮਤ ਕਰੀਬ 28 ਰੁਪਏ ਪ੍ਰਤੀ ਲੀਟਰ ਅਤੇ ਪੈਟਰੋਲ ਦੀ 27 ਰੁਪਏ ਪ੍ਰਤੀ ਲੀਟਰ ਬਣਦੀ ਹੈ ਦੂਜੇ ਪਾਸੇ 5 ਪ੍ਰਤੀਸ਼ਤ ਜੀ.ਐਸ.ਟੀ ਲਾਗੂ ਕਰਨ ਨਾਲ ਪੈਟਰੋਲ ਦੀ ਕੀਮਤ ਕਰੀਬ 28.35 ਰੁਪਏ ਤੇ ਡੀਜ਼ਲ ਦੀ 29.40 ਰੁਪਏ ਬਣਦੀ ਹੈ।

"ਇੱਕ ਦੇਸ਼ ਇੱਕ ਟੈਕਸ" ਦੇ ਨਾਅਰੇ ਅਨੁਸਾਰ, ਕੇਂਦਰ ਸਰਕਾਰ ਵਲੋਂ ਡੀਜ਼ਲ ਅਤੇ ਪੈਟਰੋਲ 'ਤੇ ਲਗਾਏ ਸਾਰੇ ਗੈਰਵਾਜਬ ਟੈਕਸ ਫੌਰੀ ਤੌਰ ਤੇ ਖਤਮ ਕੀਤੇ ਜਾਣ ਅਤੇ ਤੇਲ ਨੂੰ 5 ਪ੍ਰਤੀਸ਼ਤ ਜੀ.ਐਸ.ਟੀ ਦੇ ਘੇਰੇ ਵਿੱਚ ਲਿਆਂਦਾ ਜਾਵੇ।

**ਡੀਜ਼ਲ-ਕੀਮਤਾਂ ਦੇ ਵਿਸ਼ੇਸ਼ ਸਥਾਨ ਦਾ ਖਾਤਮਾ ਕਿਉਂ ? :** ਦੇਸ਼ ਦੇ ਲੋਕਾਂ ਨੂੰ ਜਿਉਂਦੇ ਰੱਖਣ ਲਈ ਅਹਿਮ ਖੇਤਰ ਖੇਤੀਬਾੜੀ ਪੈਦਾਵਾਰ ਲਈ, ਸਨਅਤ ਲਈ, ਕੁੱਲ ਮਾਲ ਦੀ ਢੋਆ ਢੁਆਈ ਤੇ ਜਨਤਕ ਆਵਾਜਾਈ ਦੇ ਸਾਧਨਾਂ ਲਈ ਲੋੜੀਂਦਾ ਡੀਜ਼ਲ, ਜੀਵਨ-ਲਾਈਨ ਦੀ ਬੁਨਿਆਦ ਬਣਦਾ ਹੈ। ਸੋ ਇਸਦੀਆਂ ਕੀਮਤਾਂ 'ਚ ਵਾਧਾ ਸਿਧੇ ਤੌਰ ਤੇ ਸਮੁਚੀ ਮਹਿੰਗਾਈ ਨੂੰ ਵਧਾਉਣ ਦਾ ਵੱਡਾ ਕਾਰਨ ਬਣਦਾ ਹੈ। ਏਸੇ ਕਰਕੇ ਪਿਛਲੇ ਦਹਾਕਿਆਂ ਅੰਦਰ ਇਸਦੀ ਕੀਮਤ ਪੈਟਰੋਲ ਨਾਲੋਂ ਅਕਸਰ ਅੱਧੀ ਦੇ ਕਰੀਬ ਰੱਖੀ ਜਾਂਦੀ ਰਹੀ ਹੈ। ਜਦ ਕਿ ਹੁਣ ਇਹ ਫਰਕ ਬਹੁਤ ਹੀ ਥੋੜਾ ਕਰ ਦਿੱਤਾ ਗਿਆ ਹੈ ਅਤੇ ਮਹਿੰਗਾਈ ਹੇਠ ਵੱਡਾ ਝੋਕਾ ਲਾ ਦਿੱਤਾ ਗਿਆ ਹੈ।

**ਵਿਸ਼ਾਲ ਤੋਂ ਵਿਸ਼ਾਲ ਸਾਂਝੀ ਤੇ ਫੈਸਲਾਕੁਨ ਲੋਕ ਲਹਿਰ-ਸਮੇਂ ਦੀ ਚੁਣੌਤੀ:** 5 ਰਾਜਾਂ ਦੀਆਂ ਚੋਣਾਂ ਕਰਕੇ ਸਿਆਸੀ ਚਾਲਾਂ ਅਧੀਨ 5 ਨਵੰਬਰ 2021 ਤੋਂ ਰੋਕੀਆਂ ਡੀਜ਼ਲ/ਪੈਟਰੋਲ ਦੀਆਂ ਕੀਮਤਾਂ ਦੀਆਂ ਬਰੇਕਾਂ ਖੋਲ ਕੇ 22 ਮਾਰਚ 2022 ਤੋਂ ਮੁੜ ਅਰੰਭੇ ਵਾਧੇ ਨੂੰ 6 ਅਪ੍ਰੈਲ ਤੱਕ 10 ਰੁਪਏ ਤੇ ਪਹੁੰਚਾ ਦਿੱਤਾ ਹੈ। ਜਦ ਕਿ ਕੌਮਾਂਤਰੀ ਮੰਡੀ ਵਿੱਚ 26 ਮਾਰਚ ਤੋਂ 6 ਅਪ੍ਰੈਲ ਤੱਕ ਕੱਚੇ ਤੇਲ ਦੀਆਂ ਕੀਮਤਾਂ ਘੱਟ ਕੇ 112 ਡਾਲਰ ਤੋਂ 103 ਡਾਲਰ ਪ੍ਰਤੀ ਬੈਰਲ ਤੇ ਪੁੱਜ ਚੁੱਕੀਆਂ ਹਨ। (ਵਰਣਨਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਐਲਾਨ ਮੁਤਾਬਕ 85 ਪ੍ਰਤੀਸ਼ਤ ਕੱਚਾ ਤੇਲ ਬਾਹਰੋਂ ਦਰਾਮਦ ਹੁੰਦਾ ਹੈ)। ਇਹ ਹੈ ਨੰਗੀ ਚਿੱਟੀ ਲੁੱਟ ਦੀ ਅਸਲ ਤਸਵੀਰ। ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਨੂੰ ਵਿਗਿਆਨਕ, ਪਾਰਦਰਸ਼ੀ, ਤਰਕ-ਪੂਰਨ ਅਤੇ ਲੋਕ ਪੱਖੀ ਲੀਹਾਂ 'ਤੇ ਲਿਆਉਣ ਲਈ, ਇਨ੍ਹਾਂ 'ਤੇ 5 ਪ੍ਰਤੀਸ਼ਤ ਜੀ.ਐਸ.ਟੀ. ਟੈਕਸ ਲਾਗੂ ਕਰਵਾਉਣ ਲਈ ਅਤੇ ਮਹਿੰਗਾਈ ਨੂੰ ਵੱਡੀ ਠੱਲ੍ਹ ਮਾਰਨ ਲਈ ਸਮੇਂ ਦੀ ਸਿਰ ਚੜ੍ਹਕੇ ਕੂਕ ਰਹੀ ਚੁਣੌਤੀ ਹੈ ਕਿ ਪੰਜਾਬ ਸਮੇਤ ਦੇਸ਼ ਦੀਆਂ ਕੁਲ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ, ਇਸਤਰੀ, ਬੇਰੁਜ਼ਗਾਰ, ਛੋਟੇ ਵਪਾਰੀ ਤੇ ਦੁਕਾਨਦਾਰਾਂ ਦੀਆਂ ਜੱਥੇਬੰਦੀਆਂ ਸਾਂਝਾ ਮੋਰਚਾ ਬਣਾ ਕੇ ਕੇਂਦਰੀ/ਰਾਜ ਸਰਕਾਰਾਂ ਵਿਰੁਧ ਵਿਸ਼ਾਲ ਤੋਂ ਵਿਸ਼ਾਲ ਸਾਂਝੀ ਤੇ ਫੈਸ ਲਾਕੁਨ ਦੇਸ਼ ਵਿਆਪੀ/ਸੂਬਾ ਪੱਧਰੀ ਲੋਕ ਲਹਿਰ ਦੀ ਉਸਾਰੀ ਕਰਨ। ਇਸ ਤੋਂ ਇਲਾਵਾ ਹੋਰ ਕੋਈ ਛੋਟਾ ਤੇ ਸਿਧਾ ਪੱਧਰਾ ਰਸਤਾ ਮੰਜ਼ਿਲ ਵੱਲ ਨੂੰ ਨਹੀਂ ਜਾਂਦਾ। ਸੰਯੁਕਤ ਕਿਸਾਨ ਮੋਰਚਾ ਭਾਰਤ (ਦਿੱਲੀ) ਅਤੇ ਇਸ ਨਾਲ ਬਕਾਇਆ ਜੁੜੀਆਂ ਪੰਜਾਬ ਦੀਆਂ ਕਿਸਾਨ ਜੱਥੇਬੰਦੀਆਂ ਨੂੰ ਸਮੇਂ ਸਿਰ ਪਹਿਲ-ਕਦਮੀ ਕਰਨੀ ਚਾਹੀਦੀ ਹੈ।

"ਪਾਟੀ ਕਿਰਤ ਗੁਲਾਮੀ ਕਰਦੀ, ਜੁੜੀ ਜਿੱਤੇ ਬ੍ਰਹਿਮੰਡ ਓ ਯਾਰ"।

**ਪੰਜਾਬ ਦੀ 'ਆਪ' ਸਰਕਾਰ ਭਾਰੀ ਵੈਟ ਨੂੰ ਕਰੇ ਘੱਟ :** ਪੰਜਾਬ ਵਿੱਚ ਨਵੀਂ ਬਣੀ ਭਗਵੰਤ ਮਾਨ ਜੀ ਦੀ ਰਾਜ ਸਰਕਾਰ ਦਾ ਲਾਜ਼ਮੀ ਤੇ ਪਵਿੱਤਰ ਫਰਜ਼ ਬਣਦਾ ਹੈ ਕਿ ਉਹ ਪੈਟਰੋਲ ਤੇ ਡੀਜ਼ਲ 'ਤੇ ਪਹਿਲੀਆਂ ਸਰਕਾਰਾਂ ਵੱਲੋਂ ਲਾਇਆ ਲੱਕ-ਤੋੜ ਵੈਟ ਅਤੇ ਹੋਰ ਟੈਕਸ ਫੋਰੀ ਵਾਪਸ ਲੈ ਕੇ 5 ਪ੍ਰਤੀਸ਼ਤ ਵੈਟ ਲਾਗੂ ਕਰੇ ਅਤੇ ਪੰਜਾਬ ਵਿਧਾਨ ਸਭਾ ਵਿੱਚ ਦੇਸ਼ ਦੀਆਂ ਤੇਲ ਕੀਮਤਾਂ ਨੂੰ 5 ਪ੍ਰਤੀਸ਼ਤ ਜੀ.ਐਸ.ਟੀ ਦੇ ਘੇਰੇ ਵਿੱਚ ਲਿਆਉਣ ਲਈ ਮਤਾ ਪਾਸ ਕਰਕੇ ਕੇਂਦਰ ਸਰਕਾਰ 'ਤੇ ਹੱਕੀ ਦਬਾਅ ਲਾਮਬੰਦ ਕਰੇ।

# ਪਹਿਲੀ ਮਈ ਦੇ ਇਤਿਹਾਸਕ ਵਿਰਸੇ ਨੂੰ ਯਾਦ ਰੱਖੀਏ !


ਜਗਦੀਸ਼ ਸਿੰਘ ਚੋਹਕਾ
91-9217997445
001-403-285-4208




ਪਹਿਲੀ ਮਈ ਮਜ਼ਦੂਰ ਦਿਵਸ ਦਾ ਦਵੰਦਾਤਮਕਵਾਦੀ ਇਤਿਹਾਸ ਦੁਨੀਆਂ ਦੇ ਕਿਰਤੀ-ਇਤਿਹਾਸ ਦੀਆਂ ਤਿੰਨ ਇਤਿਹਾਸਕ ਵਰ੍ਹੇ-ਗੰਢਾਂ ਦੇ ਰਿਲੇਵੇ ਨਾਲ ਜੁੜਿਆ ਹੋਇਆ ਹੈ। ਪਹਿਲੀ ਇਤਿਹਾਸਕ ਘਟਨਾ ਦਾ ਸੰਬੰਧ ਮਈ 1886 ਨਾਲ ਹੈ ਜਦੋਂ ਅਮਰੀਕਾ ਦੇ ਕਿਰਤੀਆਂ ਨੇ 8 ਘੰਟੇ ਦੇ ਕੰਮ-ਦਿਨ ਲਈ ਸੰਘਰਸ਼ ਵਿਢਿਆ ਸੀ। ਇਸ ਮੁਹਿੰਮ ਦਾ ਸਿਖਰ ਸੀ ਜਦੋਂ ਉਸ ਵੇਲੇ ਦੇ ਪੂੰਜੀਪਤੀ ਮਾਲਕਾਂ ਅਤੇ ਰਾਜਸੱਤਾ ਤੇ ਕਾਬਜ਼ ਪੂੰਜੀਪਤੀਆਂ ਦੀ ਮਿਲੀ-ਭੁਗਤ ਵਲੋਂ ਹੱਕ ਲਈ ਸੰਘਰਸ਼ ਕਰਦੇ ਕਿਰਤੀਆਂ ਨੂੰ ਦਬਾਉਣ ਲਈ ਸ਼ਿਕਾਗੋ ਸ਼ਹਿਰ ਵਿਖੇ ਹਾਕਮਾਂ ਅਤੇ ਉਸ ਦੀ ਜ਼ਾਬਰ ਪੁਲਿਸ ਨੇ ਗੋਲੀਆਂ ਚਲਾ ਕੇ ਕਿਰਤੀਆਂ ਨੂੰ ਸ਼ਹੀਦ ਕਰ ਦਿੱਤਾ ਸੀ। ਸਾਲ 1889 ਨੂੰ ਦੂਸਰੀ ਕੌਮਾਂਤਰੀ ਕਾਂਗਰਸ ਜਿਸ ਨੇ ਪਹਿਲੀ ਮਈ ਨੂੰ ਕੌਮਾਂਤਰੀ ਪੱਧਰ ਤੇ ਕਿਰਤੀਆਂ ਨਾਲ ਇਕਮੁੱਠਤਾ ਵਜੋਂ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਸੀ। ਤੀਸਰੀ ਵਰ੍ਹੇ-ਗੰਢ ਸੰਬੰਧੀ 1890 ਨੂੰ ਉਪਰੋਕਤ ਫੈਸਲੇ ਅਨੁਸਾਰ ਕਈ ਦੇਸ਼ਾਂ ਨੇ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਦੁਨੀਆ ਅੰਦਰ ਪਹਿਲੀ ਮਈ ਨੂੰ ਲੜਾਕੂ ਕਿਰਤੀ-ਰਵਾਇਤਾਂ ਨੂੰ, 'ਸਦਾ ਹੀ ਕਿਰਤੀਆਂ ਦੇ ਸਮਾਜਕ -ਆਰਥਕ ਅਤੇ ਰਾਜਸੀ ਹਿਤਾਂ ਲਈ ਉਪਜੇ ਸੰਘਰਸ਼ਾਂ ਦੀ ਪੂਰਤੀ ਵਜੋਂ ਅੱਗੇ ਵਧਾਉਣ ਲਈ ਅੱਜ ਵੀ ਇਨ੍ਹਾਂ ਨੂੰ ਯਕੀਨੀ ਤੇ ਸਦੀਵੀ ਤੌਰ ਤੇ ਹੱਕਾਂ ਲਈ ਯਾਦ ਕੀਤਾ ਜਾਂਦਾ ਹੈ।'

ਸੰਸਾਰ ਅੰਦਰ ਅਨਿਆਏ, ਸੀਨਾ-ਜੋਰੀ ਅਤੇ ਜ਼ਬਰ ਵਿਰੁੱਧ ਸੰਘਰਸ਼ ਲਗਾਤਾਰ ਪਨਪਦਾ ਅਤੇ ਉਪਜਦਾ ਰਹਿੰਦਾ ਹੈ ਆਦਿ ਤੋਂ ਹੀ ਉਜਰਤੀ-ਗੁਲਾਮੀ ਅਤੇ ਕਿਰਤੀ ਸ਼ੋਸ਼ਣ ਮਾਲਕ ਅਤੇ ਕਿਰਤੀ ਵਰਗ ਵਿਚਕਾਰ ਮੁੱਢ-ਕਦੀਮ ਤੋਂ ਇਕ ਸਦੀਵੀ ਵਤੀਰਾ ਤੇ ਅੰਦੋਲਨ ਚਲਿਆ ਜਾ ਰਿਹਾ ਹੈ। ਭਾਵੇਂ ਇਹ ਅੰਦੋਲਨ ਕਈ ਵਾਰੀ ਅਚੇਤ ਹੁੰਦਾ ਹੈ ਅਤੇ ਕਈ ਵਾਰ ਸੁਚੇਤ ਰੂਪ ਰਾਹੀਂ ਸਾਹਮਣੇ ਵੀ ਆਉਂਦਾ ਹੈ, ਪਹਿਲੀ ਵਾਰ ਅਮਰੀਕਾ ਅੰਦਰ ਦੱਖਣੀ ਰਾਜਾਂ ਦੇ ਵੱਡੇ ਭੂਮੀਪਤੀਆਂ ਵਲੋਂ ਸਿਆਹ-ਫ਼ਾਮ ਗੁਲਾਮਾਂ (ਕਾਲੇ ਲੋਕਾਂ) ਤੇ ਜਬਰ ਅਤੇ ਉੱਤਰੀ ਰਾਜਾਂ ਦੇ ਸਨਅਤਾਂ ਦੇ ਲੋਕ, ਪੂੰਜੀਪਤੀਆਂ ਵਲੋਂ ਆਪਣੀ ਲੁੱਟ ਲਈ ਉਜਰਤੀ-ਕਿਰਤੀਆਂ ਦੀ ਗੁਲਾਮੀ ਨੂੰ ਸਦੀਵੀ ਬਣਾਉਣ ਲਈ ਇਹ ਇਕ ਵਰਗ ਸੰਘਰਸ਼ ਦੇ ਰੂਪ ਵਿਚ ਟੱਕਰ ਸੀ। ਕਿਰਤੀ-ਵਰਗ ਦੇ ਸ਼ੋਸ਼ਣ ਲਈ, ਭੂਮੀਪਤੀਆਂ ਅਤੇ ਪੂੰਜੀਪਤੀਆਂ ਵਿਚਕਾਰ ਕਿਰਤੀ ਦੀ ਲੁੱਟ ਕਰਨ ਲਈ ਖਹਿ ਬਾਜ਼ੀ ਦਾ, ਉਤਪਨ ਹੋਣਾ ਵੀ ਇਕ ਹਾਂ- ਪੱਖੀ ਤਬਦੀਲੀ ਸੀ, ਜਿਸ ਨੇ ਮਾਲਕ ਸ਼ਕਤੀ ਨੂੰ ਜਨਮ ਦਿੱਤਾ। ਇਹ ਗੁਣਾਤਮਕ ਤਬਦੀਲੀ ਹੀ ਅੱਗੇ ਉਜਰਤੀ-ਕਿਰਤੀਆਂ ਦੇ ਚੰਗੇ ਜੀਵਨ ਲਈ, ਇਤਿਹਾਸਕ ਬਰਾਬਰਤਾ ਦੇ ਨਿਆਂ ਅਧੀਨ ਸਮਾਜਕ, ਆਰਥਿਕ ਤੇ ਰਾਜਨੀਤਕ ਖੇਤਰ ਅੰਦਰ, ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਕਿਰਤੀ ਅੰਦੋਲਨਾਂ ਨੂੰ ਜਨਮ ਦੇਣ ਲਈ ਸਹਾਇਕ ਬਣੀ । ਜੋ ਆਰਥਿਕ ਗੁਲਾਮੀ ਵਿਰੁਧ ਇਹ ਇਕ ਪਹਿਲਾ ਇਨਕਲਾਬੀ ਕਦਮ ਸੀ ਜਿਸ ਨੇ ਵਰਗ ਸੰਘਰਸ਼ ਨੂੰ ਤੇਜ ਕੀਤਾ ਸੀ।

ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਅਮਰੀਕਾ ਅੰਦਰ ਵਿਕਸਤ ਹੋ ਰਹੇ ਪੂੰਜੀਵਾਦੀ ਸਮਾਜ ਦੇ ਗਰਭ ਅੰਦਰ ਕਿਰਤੀ ਜਮਾਤ ਦੀਆਂ ਆਰਥਿਕ ਹਾਲਤਾਂ ਦਾ ਖਰਾਬ ਹੋਣਾ ਕੇਵਲ ਬੇਰੁਜਗਾਰੀ ਦਾ ਕਾਰਨ ਹੀ ਨਹੀਂ ਸੀ। ਹੋਰ ਕਾਰਨ ਵੀ ਸਨ ਜਿਵੇ ਉਜਰਤਾਂ ਵਿਚ ਕਟੌਤੀ, ਕੰਮ ਦੀਆਂ ਹਾਲਤਾਂ ਦਾ ਖਰਾਬ ਹੋਣਾ, ਵਧੇਰੇ ਕਿਰਾਏ, ਮਾੜੀਆਂ ਰਿਹਾਇਸ਼ੀ ਹਾਲਤਾਂ, ਰੁਜਗਾਰ ਦੀ ਅਸਥਿਰਤਾ ਤੇ ਅਸਹਿ ਤੌਰ ਉਤੇ ਲੰਮੀਆਂ ਕੰਮ ਦੀਆਂ ਘੜੀਆਂ ਦਾ ਹੋਣਾ। ਉਸ ਸਮੇਂ ਨਾ ਸਮਾਜਵਾਦੀ ਲਹਿਰ ਏਨੀ ਤਗੜੀ ਸੀ, ਨਾ ਹੀ ਵਿਚਾਰ ਧਾਰਕ ਤੌਰ ਤੇ ਅਤੇ ਨਾ ਹੀ ਜਥੇਬੰਦਕ ਤੌਰ ਤੇ ਇਕ ਜਾਨ ਲਹਿਰ ਸੀ। ਕਿਰਤੀ ਤੇ ਟਰੇਡ ਯੂਨੀਅਨ ਲਹਿਰ ਨਾਲੋਂ ਨਿਖੜਕੇ ਸਮਾਜਵਾਦੀ ਲੇਬਰ ਪਾਰਟੀ ਕਿਰਤੀਆਂ ਨੂੰ ਰਾਜਸੀ ਤੌਰ ਉੱਤੇ ਸਿਖਿਆ ਦੇਣ ਅਤੇ ਉਨ੍ਹਾਂ ਵਿੱਚ ਸਮਾਜਵਾਦੀ ਚੇਤਨਾ ਭਰਨ ਲਈ ਅਜੇ ਕੁਝ ਵੀ ਨਾ ਕਰ ਸਕੀ। ਇਸ ਦਾ ਹਵਾਲਾ ਅਲਬਰਟ ਪਾਰਸਨਜ ਵਲੋਂ ਜੀਵਨ ਦੇ ਆਖਰੀ ਵਰ੍ਹੇ ਲਿਖੀ "ਅਰਾਜਕਤਾਵਾਦ" ਇਸ ਦਾ ਸਿਧਾਂਤ ਤੇ ਇਸ ਦਾ ਵਿਗਿਆਨਕ ਅਧਾਰ ਜੋ 27 ਅਕਤੂਬਰ 1887 ਨੂੰ ਜੇਲ ਦੌਰਾਨ ਲਿਖੀ ਅਮਰੀਕਾ ਅੰਦਰ ਪੂੰਜੀਵਾਦ ਦਾ ਵਿਕਾਸ ਅਤੇ ਸਨਅਤੀ ਕਿਰਤੀ ਜਮਾਤ ਦੇ ਪ੍ਰਸਾਰ ਨੂੰ ਦਵੰਦਾਤਮਕ ਪਦਾਰਥਵਾਦ ਦੀ ਦ੍ਰਿਸ਼ਟੀ ਵਜੋਂ ਰੂਪਮਾਨ ਕਰਦੇ ਹੋਏ ਪੇਸ਼ ਕੀਤਾ ਗਿਆ ਸੀ। ਉਸ ਸਮੇ ਕਿਰਤੀ ਲਹਿਰਾਂ ਤੇ ਰੋਸ ਸਾਰੇ ਅਮਰੀਕਾ ਅੰਦਰ ਫੈਲ ਰਿਹਾ ਸੀ।

ਸ਼ਿਕਾਗੋ, ਮਈ 1886 ਦੇ ਕਾਂਡ ਤੋਂ ਪਹਿਲਾਂ ਅਪ੍ਰੈਲ ਦੇ ਅਖੀਰ ਤਕ ਬਹੁਤ ਸਾਰੀਆਂ ਕਿਰਤੀ ਜੱਥੇਬੰਦੀਆਂ ਨੇ 8 ਘੰਟੇ ਦੇ ਕੰਮ-ਦਿਨ ਜਾਂ ਆਮਤੌਰ ਤੇ ਕੰਮ-ਦਿਨ ਨੂੰ ਛੋਟਾ ਕਰਨ ਦੀ ਮੰਗ ਉਠਾਈ। ਪਹਿਲੀ ਮਈ ਨੂੰ ਹੀ ਦਸ ਹਾਜਰ ਤੋਂ ਵੱਧ ਕਿਰਤੀਆਂ ਨੇ ਹੜਤਾਲ ਕਰ ਦਿੱਤੀ। ਕੁੱਝ ਕੰਪਨੀਆਂ ਨੇ ਰਿਆਇਤਾਂ ਵੀ ਦਿਤੀਆਂ ਪਰ ਸੰਘਰਸ਼ ਜਾਰੀ ਰਿਹਾ। 3 ਮਈ ਨੂੰ ਸ਼ਹਿਰ ਵਿਆਪੀ ਮੁਜਾਹਰਾ ਹੋਣ ਵਾਲਾ ਸੀ। ਮੁਜਾਹਰੇ ਸਮੇਂ ਪੁਲੀਸ ਨੇ ਹਥਿਆਰਾਂ ਦੀ ਵਰਤੋਂ ਕੀਤੀ। ਕਈ ਕਿਰਤੀ ਸ਼ਹੀਦ ਹੋ ਗਏ। ਅਗਲੇ ਦਿਨ ਰੋਸ ਵਜੋਂ ਕਿਰਤੀ ਗੁੱਸੇ 'ਚ ਆਮ ਹੜਤਾਲ ਦੀ ਤਿਆਰੀ ਕਰ ਰਹੇ ਸਨ। ਪੁਲਿਸ ਨੇ ਕਿਰਤੀਆਂ ਤੇ ਹਮਲਾ ਕਰ ਦਿੱਤਾ ਤੇ ਫੌਜ ਨੇ ਗੋਲੀ ਚਲਾ ਦਿੱਤੀ ਤੇ ਕਈ ਕਿਰਤੀ ਸ਼ਹੀਦ ਹੋ ਗਏ। ਚਾਰ ਮਈ, 1886 ਨੂੰ ਸ਼ਾਮ ਦੇ 7 ਵਜੇ ਦੋ-ਤਿੰਨ ਹਜ਼ਾਰ ਦੇ ਵਿਚਕਾਰ ਕਿਰਤੀ "ਹੇਅ ਮਾਰਕਿਟ ਚੌਕ" ਵਿੱਚ ਇਕੱਠੇ ਹੋਏ। ਕਿਰਤੀ ਆਗੂ ਸਪਾਈਜ਼, ਪਾਰਸਨਜ ਤੇ ਫੀਲਡਨ ਨੇ ਅਧਿਕਾਰੀਆਂ ਤੇ ਮਿਲ ਮਾਲਕਾਂ ਦੀ ਬਰਬਰਤਾ ਅਤੇ ਕਿਰਤੀ ਵਿਰੋਧੀ ਕਾਰਵਾਈ ਦੀ ਸਖਤ ਨਿਖੇਧੀ ਕੀਤੀ। ਉਸ ਵੇਲੇ ਨਾ ਤਾਂ ਕਿਰਤੀ ਹਥਿਆਰਬੰਦ ਸਨ ਤੇ ਨਾ ਹੀ ਕੋਈ ਮੁਕਾਬਲੇ ਦਾ ਡਰ ਸੀ, ਰੈਲੀ ਦੌਰਾਨ ਮੀਂਹ ਪੈਣ ਲੱਗ ਪਿਆ ਤੇ ਕਿਰਤੀ ਘਰਾਂ ਵਲ ਜਾ ਰਹੇ ਸਨ, ਆਖਰੀ ਬੁਲਾਰਾ ਫੀਲਡਨ ਸੀ। ਵੱਡੀ ਗਿਣਤੀ ਵਿੱਚ ਮਿਲਟਰੀ (ਪੁਲਿਸ) ਨੇ ਸਟੇਜ ਦੇ ਲਾਗੇ ਆ ਕੇ ਪੁਜੀਸ਼ਨਾਂ ਲੈ ਲਈਆਂ। ਪੁਰਅਮਨ ਰੈਲੀ ਖਤਮ ਹੋ ਰਹੀ ਸੀ ਤੇ ਇਕ ਬੰਬ ਉਥੇ ਸੁੱਟਿਆ ਗਿਆ । ਇਕ ਪੁਲਿਸ ਕਰਮਚਾਰੀ ਮਾਰਿਆ ਗਿਆ ਤੇ ਕੁਝ ਲੋਕ ਜ਼ਖਮੀ ਹੋ ਗਏ।



ਬਸ! ਫਿਰ ਕਿ ਸੀ ਜਿਵੇਂ ਪੂੰਜੀਪਤੀ ਮਾਲਕਾਂ ਅਤੇ ਪੁਲਿਸ ਦੀ ਯੋਜਨਾਬੰਦੀ ਸੀ, ਪੁਲਿਸ ਵੱਲੋਂ ਅੰਧਾ ਧੁੰਦ ਬੜੀ ਬੇ ਕਿਰਕੀ ਨਾਲ ਕਿਰਤੀਆਂ ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਬਹੁਤ ਸਾਰੇ ਕਿਰਤੀ ਮਰਦ, ਇਸਤਰੀਆਂ ਅਤੇ ਬੱਚੇ ਸ਼ਹੀਦ ਹੋ ਗਏ ਤੇ ਜ਼ਖਮੀ ਹੋ ਗਏ। ਪੁਲਿਸ ਨੇ ਕਿਰਤੀਆਂ ਦਾ ਪਿਛਾ ਕੀਤਾ, ਜਮਹੂਰੀ ਦੇਸ਼ ਕਹਾਉਣ ਵਾਲੇ ਅਮਰੀਕਾ ਅੰਦਰ ਪੁਲਿਸ ਜਬਰ ਬਰਬਰਤਾ ਅਤੇ ਮਨ ਮਰਜੀ ਦੇ ਤਸ਼ੱਦਦ ਨੇ "ਹੇਅ ਮਾਰਕਿਟ ਦਾ ਕਾਂਡ" ਨੂੰ ਸ਼ਹੀਦ ਕਿਰਤੀਆਂ ਦੀ ਯਾਦ ਵਿਚ ਮਈ ਦਿਵਸ ਨੂੰ ਕੌਮਾਂਤਰੀ ਕਿਰਤੀ ਜਮਾਤ ਨਾਲ ਇਕਮੁੱਠਤਾ ਵਜੋਂ ਅਮਰ ਬਣਾ ਦਿੱਤਾ। ਕਿਰਤੀਆਂ ਦੇ ਡੁਲ੍ਹੇ ਖੂਨ ਨਾਲ ਉਹਨਾਂ ਦੇ ਸਬਰ ਨੇ, ਚਿੱਟੇ ਝੰਡੇ ਨੂੰ ਖੂਨ ਦੇ ਨਾਲ ਲਾਲ ਬਣਾ ਦਿੱਤਾ ਜੋ ਸ਼ਿਕਾਗੋ ਹੀ ਨਹੀਂ ਅੱਜ ਸਾਰੀ ਦੁਨੀਆ ਅੰਦਰ ਕਿਰਤੀ ਜਮਾਤ ਦੀ ਪ੍ਰਤੀਨਿਧਤਾ ਕਰਕੇ ਕਿਰਤੀ ਕੁਰਬਾਨੀ ਦਾ ਲਾਲ ਝੰਡਾ ਇਕ ਪ੍ਰਤੀਕ ਬਣ ਗਿਆ। ਪਾਰਸਨਜ ਨੇ "ਹੇਅ ਮਾਰਕਿਟ ਗੋਲੀ ਕਾਂਡ" ਤੇ ਦੁਖਾਂਤ ਨੂੰ ਨੰਗਾ ਕੀਤਾ, ਜਿਹੜਾ ਅਦਾਲਤ ਵਿਚ ਝੂਠੇ ਗਵਾਹ, ਇਸਤੇਮਾਲ ਅਤੇ ਜੱਜ ਖੇਡ



ਰਹੇ ਸਨ। ਉਸਨੇ ਹਾਕਮੀ ਸਾਜਸ਼ ਨੂੰ ਨੰਗਾ ਕਰਦੇ ਦੱਸਿਆ ਕਿ ਇਕ ਮੁਕਦਮਾ ਕਿਰਤੀ ਜਮਾਤ ਦੀ ਆਜ਼ਾਦੀ ਵਿਰੁੱਧ ਇਕ ਸਾਜਸ਼ ਸੀ ਜਿਸ ਲਈ ਸ਼ਿਕਾਗੋ ਦੇ ਕਰੋੜਪਤੀ ਕਾਰਖਾਨੇਦਾਰਾਂ ਨੇ ਧਨ ਦਿੱਤਾ ਸੀ। ਫਾਂਸੀ ਲੱਗਣ ਤੋਂ ਥੋੜੀ ਦੇਰ ਪਹਿਲਾਂ ਜੇਲ ਵਿਚ ਪਾਰਸਨ ਨੇ ਆਪਣੀ ਪੁਸਤਕ ਖ਼ਤਮ ਕੀਤੀ ਜਿਸ ਵਿੱਚ ਉਸ ਨੇ ਸਮਾਜ ਦੇ ਵਿਕਾਸ ਬਾਰੇ ਆਪਣੇ ਵਿਚਾਰ ਦੱਸੇ ਸਨ । ਉਸਦੀ ਪਤਨੀ ਲੂਸੀ ਪਾਰਸਨਜ ਨੇ ਜਿਹੜੀ ਕਿ ਇਲਕਲਾਬੀਆਂ ਦੀ ਮਿੱਤਰ ਤੇ ਸਾਥੀ ਸੀ ਨੇ ਅਦਾਲਤ ਵਿਚ ਲੋਕਾਂ ਦੇ ਬਿਆਨਾਂ, ਮੁਕਦਮੇ ਦੀ ਤਫਤੀਸ਼ ਤੇ ਰਿਕਾਰਡ ਪ੍ਰਕਾਸ਼ਤ ਕਰਾਏ।

ਸ਼ਿਕਾਗੋ ਦੀਆਂ ਦੁਖਾਵੀ ਘਟਨਾਵਾਂ ਦੀ ਖ਼ਬਰ ਸਾਰੀ ਦੁਨੀਆ ਵਿੱਚ ਫੈਲ ਗਈ ਕਿਰਤ ਅਤੇ ਆਜ਼ਾਦੀ ਲਈ ਸੰਘਰਸ਼ ਦਾ ਸ਼ਿਕਾਰ ਹੋਏ ਕਿਰਤੀਆਂ ਲਈ ਵਿਆਪਕ ਤੌਰ ਤੇ ਹਮਦਰਦੀ ਦੀ ਲਹਿਰ ਉੱਠ ਖੜ੍ਹੀ ਹੋ ਗਈ। ਇਲੀਨੋਇਜ਼ ਦੇ ਗਵਰਨਰ ਨੂੰ ਕਿਰਤੀਆਂ ਨੂੰ ਦਿੱਤੀ ਸਜ਼ਾਅ ਦੀ ਮਨਸੂਖੀ ਕਰਨ ਦੀਆਂ ਦਰਖਾਸਤਾਂ ਕਈ ਦੇਸ਼ਾਂ ਦੀਆਂ ਸ਼ਖਸ਼ੀਅਤਾਂ ਤੇ ਜਥੇਬੰਦੀਆਂ ਵੱਲੋਂ ਭੇਜੀਆਂ ਗਈਆਂ, ਜਿਨ੍ਹਾਂ ਵਿੱਚ ਜਾਰਜ ਬਰਨਾਰਡ ਸ਼ਾਅ, ਫਰਾਂਸ ਦੇ ਡਿਪਟੀਆਂ ਦੀ ਚੈਂਬਰ, ਪੈਰਿਸ਼ ਦੀ ਮਿਉਂਸਪਲ ਕੌਂਸਲ, ਸਈਨ ਦੀ ਕੌਂਸਲ, ਫਰਾਂਸ, ਰੂਸ, ਇਟਲੀ ਤੇ ਸਪੇਨ ਦੇ ਮਜ਼ਦੂਰਾਂ ਦੀਆਂ ਜਥੇਬੰਦੀਆਂ ਸ਼ਾਮਲ ਸਨ। ਖੁਦ ਅਮਰੀਕਾ ਵਿੱਚ ਉਘੇ ਕਾਨੂੰਨੀ ਮਾਹਿਰ , ਜਨਤਕ ਆਗੂ ਹੈਨਰੀ ਡਮਾਰਿਸਟ ਲਾਇਡ, ਸੈਨੇਟਰ ਲੀਮਾਨ ਟਰਨਬਲ, ਸਟੀਫਨ ਐਸ ਹਾਰੀਗੋਰੀ, ਲੀਮਾਨ ਗੇਜ਼, ਆਰ.ਜੀ. ਇਨਗਰ ਸੋਲ ਆਦਿ ਸ਼ਾਮਲ ਸਨ। 11 ਨਵੰਬਰ 1887 ਨੂੰ ਅਲਬਰਟ ਪਾਰਸਨਜ, ਅਗਸਤ ਸਪਾਈਸ, ਅਡਾਲਫ਼ ਫਿਸ਼ਰ ਅਤੇ ਜਾਰਜ ਏਂਗਲ ਨੂੰ ਫਾਂਸੀ ਲਾਈ ਗਈ। ਇਨ੍ਹਾਂ ਸੂਰਮਿਆਂ ਨੇ ਆਪਣੇ ਆਖਰੀ ਸ਼ਬਦਾਂ ਰਾਹੀ ਕਿਰਤੀ ਜਮਾਤ ਨੂੰ ਸੰਘਰਸ਼ ਜਾਰੀ ਰੱਖਣ ਲਈ ਜੁਸ਼ੀਲੇ ਸੁਨੇਹੇ ਰਾਹੀਂ ਯਾਦ ਕੀਤਾ।

ਪਹਿਲੀ ਮਈ ਦੇ ਖੂਨੀ ਕਾਂਡ ਅੰਦਰ ਜਾਬਰ ਹਾਕਮਾਂ ਨੂੰ ਸੰਸਾਰ ਦਬਾਅ ਅਧੀਨ ਸੈਮੂਐਲ ਫੀਲਡਨ ਤੇ ਮਾਇਕਲ ਸ਼ਆਬ ਦੀਆਂ ਮੌਤ ਦੀਆਂ ਸਜਾਵਾਂ ਨੂੰ ਉਮਰ ਕੈਦ ਵਿੱਚ ਤਬਦੀਲ ਕਰਨਾ ਪਿਆ, ਜੇਲ ਅੰਦਰ ਸ਼ਹੀਦ ਹੋਏ ਲੂਈ ਅਤੇ ਫਾਂਸੀ ਲੱਗੇ ਸ਼ਹੀਦ ਆਗੂਆਂ ਨੂੰ ਸ਼ਿਕਾਗੋ ਵਿਖੇ ਵਾਲਧਾਈਮ ਕਬਰਸਤਾਨ ਵਿੱਚ ਪੂਰੇ ਸਨਮਾਨਾਂ ਨਾਲ ਦਫਨਾ ਦਿਤਾ ਗਿਆ। ਮਈ ਦੇ ਸ਼ਹੀਦ ਕਿਰਤੀ ਜਮਾਤ ਦੇ ਆਗੂਆਂ ਦੇ ਜਨਾਜੇ ਵਿੱਚ ਮਜ਼ਦੂਰ ਜਮਾਤ ਨਾਲ ਯਕਜਿਹਤੀ ਪ੍ਰਗਟ ਕਰਨ ਲਈ 25 ਹਾਜ਼ਰ ਤੋਂ ਵੱਧ ਕਿਰਤੀ ਲੋਕਾਂ ਦੇ ਹਜੂਮ ਨੇ ਸਤਿਕਾਰ ਵਜੋ ਅੰਤਮ ਸੰਸਕਾਰ ਵੇਲੇ ਹਿੱਸਾ ਲਿਆ ਅਤੇ ਆਪਣੇ ਜਮਾਤੀ ਭਰਾਵਾਂ ਤੇ ਸਾਥੀਆਂ ਨੂੰ ਆਖਰੀ ਅਲਵਿਦਾ ਕਹੀ! ਬਹੁਤ ਸਾਰੇ ਕਿਰਤੀ ਲੋਕਾਂ ਅਤੇ ਜਮਹੂਰੀ ਸੋਚ ਵਾਲੇ ਅਮਰੀਕੀ ਇਸ ਗੱਲ ਤੇ ਬਜਿਦ ਰਹੇ ਕਿ ਮਈ ਹੇਅ-ਮਾਰਕਿਟ ਦੇ ਖੂਨੀ ਕਾਂਡ ਤੇ ਮੁੜ ਕੇਸ ਨਵੇਂ ਸਿਰਿਓ ਚਲਾਇਆ ਜਾਵੇ। ਲੋਕ ਦਬਾਅ ਅਧੀਨ 26ਜੁਲਾਈ,1893 ਨੂੰ ਇਲੀ ਨੋਇਜ਼ ਦੇ ਨਵੇਂ ਚੁਣੇ ਗਵਰਨਰ ਜਾਹਨ ਪੀ.ਐਟਗੈਲਡ ਨੇ ਫੀਲਡਨ, ਸ਼ਆਬਤ ਨੀਬ ਨੂੰ ਮੁਆਫੀ ਦੇ ਦਿੱਤੀ। ਆਪਣੇ ਐਲਾਨ ਵਿੱਚ ਗਵਰਨਰ ਨੇ ਕਿਹਾ ਕਿ ਇਹ ਲੋਕ ਆਪਣੇ ਸਾਥੀਆਂ ਵਾਂਗ ਨਿਰਦੋਸ਼ ਸਨ ਤੇ ਉਹਨਾਂ ਉਤੇ ਮੁਕੱਦਮੇ ਚਲਾਉਣਾ ਅਦਾਲਤੀ ਜ਼ਾਬਤੇ ਦੀ ਭੱਦੀ ਉਲੰਘਣਾ ਸੀ।

ਹੇਅ ਮਾਰਕਿਟ ਦੇ ਖੂਨੀ ਕਾਂਡ ਵੇਲੇ ਜਦੋਂ ਕਿਰਤੀ ਪੁਰ ਅਮਨ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਸਨ ਤਾਂ ਅਮਰੀਕਾ ਦੇ ਹੰਕਾਰੀ ਪੂੰਜੀਪਤੀ ਮਿਲ ਮਾਲਕ ਤੇ ਰਾਜਤੰਤਰ ਮਨ-ਮਰਜੀ ਦੀਆਂ ਕਾਰਵਾਈਆਂ ਰਾਹੀ ਹੜਤਾਲੀ ਕਿਰਤੀਆਂ ਅੰਦਰ ਭੜਕਾਹਟ ਪੈਦਾ ਕਰਕੇ ਵੱਡੇ ਪੱਧਰ ਤੇ ਤਸ਼ੱਦਦ ਕਰਨ ਲਈ ਬਹਾਨੇ ਲੱਭ ਰਿਹਾ ਸੀ। 3 ਮਈ 1886 ਨੂੰ ਮੈਕਾਰਮਿਕ ਫੈਕਟਰੀ ਦੇ ਕਿਰਤੀਆਂ 'ਤੇ ਪੁਲਿਸ ਵਲੋਂ ਚਲਾਈ ਗੋਲੀ ਕਾਰਨ 6 ਕਿਰਤੀ ਸ਼ਹੀਦ ਹੋ ਗਏ ਸਨ। ਇਸੇ ਤਰ੍ਹਾਂ ਰੋਸ ਪ੍ਰਗਟ ਕਰਦੇ ਕਿਰਤੀਆਂ 'ਤੇ 4 ਮਈ ਨੂੰ ਚੱਲੀ ਗੋਲੀ ਦੌਰਾਨ ਜਿਹੜੇ ਕਿਰਤੀ ਸ਼ਹੀਦ ਹੋਏ ਸਨ ਉਹਨਾਂ ਲਈ ਵੀ ਹਾਕਮ ਅਤੇ ਉਸ ਦੀ ਪੁਲਿਸ ਜਿੰਮੇਵਾਰ ਸੀ। ਉਸ ਸਬੰਧੀ ਉਸ ਵੇਲ਼ੇ ਦਾ ਪ੍ਰੈਸ ਕਿਵੇਂ ਮਾਲਕਾਂ ਪੱਖੀ ਰੋਲ ਅੱਦਾ ਕਰ ਰਿਹਾ ਸੀ, 'ਸ਼ਿਕਾਗੋ ਟ੍ਰਿਬਿਊਨ ਨੇ ਕਿਰਤੀਆਂ ਦੀ ਮੀਟਿੰਗ ਨੂੰ "ਅਵਾਰਾ ਹਜੂਮ" ਕਹਿੰਦੇ ਹੋਏ ਲਿਖਿਆ ਕਿ ਜੇ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਨੂੰ ਛੇਤੀ ਤੇ ਪੂਰੀ ਤਰ੍ਹਾਂ ਦਰੜਿਆ ਨਾ ਗਿਆ ਤਾਂ ਸਾਡਾ ਅਮਰੀਕਨ ਸਮਾਜ ਖ਼ਤਰੇ 'ਚ ਪੈ ਜਾਵੇਗਾ। ਇਸ ਤੋਂ ਸਪਸ਼ਟ ਜਾਹਰ ਹੈ ਕਿ ਅਮਰੀਕੀ ਰਾਜਸਤਾ ਅੰਦਰ ਉਸ ਵੇਲੇ ਦੇ ਹਾਕਮ, ਮਿਲ ਮਾਲਕ ਅਤੇ ਰਾਜਤੰਤਰ

ਪੂਰੀ ਤਰ੍ਹਾਂ ਇਕ ਮਿਕ ਹੋ ਕੇ ਕਿਰਤੀਆਂ ਵਿਰੋਧੀ ਸੀ। ਪਰ ਸ਼ਿਕਾਗੋ ਸ਼ਹਿਰ ਦੇ ਹੇਅ ਮਾਰਕਿਟ 'ਚ ਡੁੱਲੇ ਕਿਰਤੀਆਂ ਦੇ ਖ਼ੂਨ ਕਾਰਨ, ਜੋ ਇਤਿਹਾਸ ਉਸਰਿਆ ਹੈ, ਉਸਨੇ ਸਾਰੀ ਦੁਨੀਆਂ ਅੰਦਰ ਇਕ ਨਿਰਣਾਇਕ ਅਸੂਲਾਂ ਨੂੰ ਉਜਾਗਰ ਕਰਦੇ ਹੋਏ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ ਵਰਗ ਨੂੰ ਵੰਗਾਰਿਆ। 1893 ਨੂੰ ਸ਼ਿਕਾਗੋ ਦੇ ਕਿਰਤੀਆਂ ਨੇ ਹੇਅ ਮਾਰਕਿਟ ਦੇ ਸੂਰਮਿਆਂ ਦੀਆਂ ਕਬਰਾਂ ਉਤੇ ਇਕ ਯਾਦਗਾਰੀ ਸਿਲ ਲਾ ਦਿੱਤੀ ਜੋ ਨਿਆਂ ਲਈ ਅਵਾਜ ਨੂੰ ਸਦੀਵੀ ਬੁਲੰਦ ਕਰਦੀ ਰਹੇਗੀ।

"ਉਹ ਸਵੇਰਾ (ਦਿਨ) ਜਰੂਰ ਆਵੇਗਾ, ਜਦੋਂ ਸਾਡੀ ਚੁੱਪ (ਜ਼ਬਰ ਨਾਲ ਬੰਦ ਕੀਤੀ ਜੁਬਾਨ) ਹੋਰ ਵੀ ਸ਼ਕਤੀਸ਼ਾਲੀ ਹੋਵੇਗੀ?

ਸਾਡੀ ਆਵਾਜ ਜਿਸ ਨੂੰ ਤੁਸੀਂ ਬੰਦ ਕਰ ਰਹੇ ਹੋ, ਇਕ ਭਾਬੜ ਬਣ ਕੇ ਹਰ ਪਾਸੇ ਮੱਚਣਗੇ?

ਕਦੀ ਜਾਗਰਿਤੀ ਅਤੇ ਪੂਰਨ ਨਿਰਮਾਣ ਦੀ ਲਹਿਰ ਪੱਛਮ ਵਲੋਂ ਪੈਦਾ ਹੋ ਕੇ ਬਾਕੀ ਸੰਸਾਰ ਨੂੰ ਰੁਸ਼ਨਾਈ ਦਿੰਦੀ ਸੀ। ਪਰ ਪਹਿਲੀ ਮਈ, 1886 ਦੇ ਇਤਿਹਾਸਕ ਮਜ਼ਦੂਰ ਦਿਵਸ ਨੇ ਅਮਰੀਕਾ ਤੋਂ ਤੁਰ ਕੇ ਯੂਰਪ, ਏਸ਼ੀਆ, ਅਫਰੀਕਾ ਤੇ ਆਸਟ੍ਰੇਲੀਆ ਤਕ ਸਾਰੀ ਦੁਨੀਆ ਦੇ ਕਿਰਤੀਆਂ ਨੂੰ ਜਾਗਰਿਤ ਕੀਤਾ। ਇਸ ਮਹਾਨ ਘੋਲ ਨੇ ਦੁਨੀਆ ਅੰਦਰ ਪੂੰਜੀਪਤੀ ਵਰਗ ਦੀ ਲੁੱਟ ਖਸੁੱਟ ਵਿਰੁੱਧ ਲੁੱਟੀ ਜਾਨ ਵਾਲੀ ਸ਼ੋਸ਼ਤ ਕਿਰਤੀ-ਜਮਾਤ ਨੂੰ ਹੱਕਾਂ ਲਈ ਤੇ ਅਨਿਆਏ ਵਿਰੁੱਧ ਮਾਲਕਾਂ ਦੇ ਸਾਹਮਣੇ ਖੜਾ ਕਰ ਦਿਤਾ। ਦੁਨੀਆਂ ਭਰ 'ਚ ਕਿਰਤੀ ਜਮਾਤ ਅੰਦਰ ਮਈ ਦਿਵਸ ਤੋਂ ਬਾਅਦ ਆਈ ਜਮਾਤੀ ਜਾਗਰਤੀ ਵਾਲੀ ਚੇਤਨਾ ਨੇ, ਮਨੁੱਖ ਹੱਥੋਂ ਮਨੁੱਖ ਦੀ ਹੁੰਦੀ ਲੁੱਟ ਖਸੁੱਟ ਨੂੰ ਖਤਮ ਕਰਨ, ਹਰ ਜ਼ੁਲਮ, ਜ਼ਬਰ ਤੇ ਜਹਾਲਤ ਤੋਂ ਮੁਕਤੀ ਦਿਵਾਉਣ ਲਈ ਕਿਰਤੀ ਵਰਗ ਨੂੰ ਇਕ ਤਗੜਾ ਝੰਜੋੜਾ ਦਿੱਤਾ। ਸ਼ਿਕਾਗੋ ਦੇ ਇਸ ਇਤਿਹਾਸਕ ਵਰਤਾਰੇ ਨੇ ਦੋ -ਸੰਸਾਰ, 'ਮਾਲਕ ਤੇ ਮਜ਼ਦੂਰ, ਲੁੱਟ ਖਸੁੱਟ ਵਾਲੇ ਰਾਜ ਦਾ ਖ਼ਾਤਮਾ, ਖੁਸ਼ਹਾਲੀ ਵਾਲਾ ਰਾਜ, ਗੁਲਾਮੀ ਦੀ ਥਾਂ ਭਰੱਪਣ ਵਾਲੇ ਸੰਸਾਰ ਦੀ ਸਥਾਪਤੀ ਵਲ ਇਕ ਨਾ ਮਿਟਣ ਵਾਲਾ ਸੰਕਲਪ ਅਤੇ ਅਮਲੀ ਰਾਹ ਸਾਹਮਣੇ ਲਿਆਂਦਾ। ਇਸ ਵਰਗ ਸੰਘਰਸ਼ ਵਾਲੇ ਵਰਤਾਰੇ ਨੇ ਹੀ ਪਹਿਲੀ ਵਾਰ ਰੂਸ ਅੰਦਰ (ਸੋਵੀਅਤ ਯੂਨੀਅਨ) ਹੋਏ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ, 1917 ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਸੱਚ ਕਰ ਦਿਖਾਇਆ ਕਿ ਕਿਰਤੀ ਹੀ ਇਸ ਸੰਸਾਰ ਦੇ ਮਾਲਕ ਹਨ।

ਭਾਵੇ ਪਹਿਲੇ ਸਮਾਜਵਾਦੀ ਰਾਜ ਪ੍ਰਬੰਧ ਵਾਲਾ ਸੋਵੀਅਤ ਯੂਨੀਅਨ (ਰੂਸ) (1917-1991) ਢੈਹ-ਢੇਰੀ ਹੋ ਚੁੱਕਾ ਹੈ। ਪਰ ਜੋ ਪ੍ਰਾਪਤੀਆਂ ਸਮਾਜਵਾਦੀ ਪ੍ਰਭਾਵ ਹੇਠ ਪ੍ਰਾਪਤ ਹੋਈਆਂ ਉਹ ਸੀ ਸਭ ਤੋਂ ਵੱਡੀ ਕਿਰਤੀ ਵਰਗ ਅੰਦਰ ਆਈ ਜਾਗਰਿਤੀ। ਗੁਲਾਮ ਕੌਮਾਂ ਤੇ ਦੇਸ਼ਾਂ ਦੀ ਆਜ਼ਾਦੀ, ਸੰਸਾਰ ਅਮਨ, ਵਿਗਿਆਨ ਅਤੇ ਟੈਕਨੋਲੋਜੀ ਪੱਧਰ ਅੰਦਰ ਹੋਈਆਂ ਅਥਾਹ ਪ੍ਰਾਪਤੀਆਂ ਵੀ ਸਭ ਵਰਨਣ ਯੋਗ ਹਨ। ਇਹ ਚੜ੍ਹਤ ਸਮਾਜਵਾਦੀ ਵਿਚਾਰਾਂ ਅਮਲਾਂ ਤੇ ਪ੍ਰਭਾਵਾਂ ਦਾ ਹੀ ਸਿੱਟਾ ਸੀ। ਇਸ ਇਨਕਲਾਬੀ ਮਿਸ਼ਨ ਲਈ 1886 ਦੇ ਸ਼ਿਕਾਗੋ ਦੇ ਕਿਰਤੀਆਂ ਵਲੋਂ ਆਪਣੀਆਂ ਕੁਰਬਾਨੀਆਂ ਭਰਿਆ ਕਦਮ ਅਤੇ ਏਕਾ ਹੀ ਸੀ ਜਿਸ ਨੇ ਸਮਾਜ ਦੀ ਇਤਿਹਾਸਕ ਅਤੇ ਗੁਣਾਤਮਿਕ ਤਾਸੀਰ ਹੀ ਬਦਲ ਦਿਤੀ। ਪਹਿਲੀ ਮਈ ਮਨੁੱਖੀ ਸਮਾਜ ਅੰਦਰ ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁਟ ਖਸੁੱਟ ਵਿਰੁੱਧ ਸੰਘਰਸ਼ ਦੇ ਸੰਕਲਪ ਦਾ ਦਿਨ ਹੈ। ਮਈ ਦਿਵਸ ਦੀ ਵਿਰਾਸਤ ਦੀ ਮਜਬੂਤੀ ਅਤੇ ਸੰਸਾਰ ਅਮਨ ਸਥਾਪਤੀ ਕਰਨ ਦਾ ਦਿਨ ਹੈ। ਸਦੀਆਂ ਤੋਂ ਗਰੀਬੀ ਗੁਰਬਤ ਦਾ ਹਨੇਰਾ ਢੋਣ ਵਾਲਿਆ ਦੀ ਬਦ ਖਲਾਸੀ ਦਾ ਦਿਨ ਹੈ। ਜੋ ਕਿਰਤੀਆਂ ਦੀ ਮੁਕਤੀ ਦੇ ਰਾਹ 'ਚ ਸੂਹੀ-ਸਵੇਰ ਦੀ ਰੋਸ਼ਨੀ ਲੈ ਕੇ ਪਹਿਲੀ ਮਈ ਦਾ ਦਿਨ ਆਇਆ ਹੈ।

ਦੁਨੀਆ ਭਰ ਦੇ ਕਿਰਤੀਓ,
ਇਕ ਹੋ ਜਾਵੋ!!!

# ਬੁਲਡੋਜ਼ਰਾਂ ਵਿਰੁੱਧ ਪ੍ਰੇਮ-ਪ੍ਰਾਜੈਕਟ

**- ਸਵਰਾਜਬੀਰ**




ਹਰ ਭੂਗੋਲਿਕ ਖਿੱਤੇ ਵਿਚ ਸੱਤਾਸ਼ੀਲ ਸ਼ਕਤੀ, ਉਸ ਦੀਆਂ ਵਿਰੋਧੀ ਧਿਰਾਂ ਅਤੇ ਲੋਕ-ਸਮੂਹਾਂ ਦੀ ਆਪੋ-ਆਪਣੀ ਰਣਨੀਤੀ ਅਤੇ ਸੋਚ-ਸਮਝ ਹੁੰਦੀ ਹੈ ਕਿ ਉਹ ਸਮਾਜ ਵਿਚ ਤਾਕਤ ਦੇ ਸਮਤੋਲ ਨੂੰ ਕਿਵੇਂ ਕਾਇਮ ਰੱਖਣਗੇ। ਸੱਤਾਸ਼ੀਲ ਧਿਰ ਸੱਤਾ ਵਿਚ ਬਣੇ ਰਹਿਣਾ ਚਾਹੁੰਦੀ ਹੈ, ਵਿਰੋਧੀ ਧਿਰਾਂ ਖੁਦ ਸੱਤਾ ਹਾਸਲ ਕਰਨਾ ਚਾਹੁੰਦੀਆਂ ਹਨ ਅਤੇ ਲੋਕ-ਸਮੂਹ ਸੱਤਾ ਵਿਚ ਹਿੱਸੇਦਾਰੀ ਪ੍ਰਾਪਤ ਕਰਨ ਦੇ ਨਾਲ ਨਾਲ ਆਪਣੀ ਸਮਾਜਿਕ, ਧਾਰਮਿਕ, ਸੱਭਿਆਚਾਰਕ ਅਤੇ ਆਰਥਿਕ ਤਾਕਤ ਅਤੇ ਪਛਾਣ ਨੂੰ ਵਧਾਉਣਾ ਚਾਹੁੰਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਹਰ ਧਿਰ ਦਾ ਆਪਣਾ ਇਕ ਪ੍ਰਾਜੈਕਟ ਹੁੰਦਾ ਹੈ ਜਿਸ ਅਨੁਸਾਰ ਉਹ ਰਣਨੀਤੀ ਘੜਦੀ ਤੇ ਲਾਗੂ ਕਰਦੀ ਹੈ। ਇਸੇ ਤਰ੍ਹਾਂ ਹਰ ਚਿੰਤਕ, ਧਾਰਮਿਕ ਰਹਿਬਰ, ਲੇਖਕ ਤੇ ਸਮਾਜ ਸੁਧਾਰਕ ਦੀ ਵੀ ਆਪਣੇ ਸਮੇਂ ਦੀਆਂ ਸੱਤਾਸ਼ੀਲ ਤਾਕਤਾਂ ਬਾਰੇ ਇਕ ਸੋਚ-ਸਮਝ ਤੇ ਸਮਾਜ ਵਿਚ ਤਬਦੀਲੀ ਲਿਆਉਣ ਬਾਰੇ ਇਕ ਪ੍ਰਾਜੈਕਟ ਹੁੰਦਾ ਹੈ।

ਜੇ 17ਵੀਂ ਸਦੀ ਦੇ ਅੰਤ ਅਤੇ 18ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ 'ਤੇ ਨਜਰ ਮਾਰੀਏ ਤਾਂ ਅਸੀਂ ਪੰਜਾਬ ਵਿਚ ਵੀ ਉਪਰੋਕਤ ਵਰਤਾਰਾ ਦੇਖਦੇ ਹਾਂ। ਉਸ ਸਮੇਂ ਪੰਜਾਬ ਵਿਚ ਮੁਗਲਾਂ ਦਾ ਰਾਜ ਹੈ। ਸਿੱਖ ਸ਼ਕਤੀ ਸੰਗਠਿਤ ਹੋ ਰਹੀ ਹੈ। 1699 ਵਿਚ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਸਥਾਪਨਾ ਕਰਦੇ ਅਤੇ ਪੰਜਾਬ ਦੇ ਇਤਿਹਾਸ ਨੂੰ ਫੈਸਲਾਕੁਨ ਮੋੜ ਦਿੰਦੇ ਹਨ। ਉੱਭਰ ਰਿਹਾ ਸਿੱਖ ਸਮਾਜ ਜਿੱਥੇ ਸਮਾਜਿਕ ਪੱਧਰ 'ਤੇ ਸਾਂਝੀਵਾਲਤਾ, ਸਮਾਜਿਕ ਬਰਾਬਰੀ, ਵਹਿਮਾਂ-ਭਰਮਾਂ ਤੇ ਕਰਮਕਾਂਡੀ ਰੀਤੀ-ਰਿਵਾਜਾਂ ਦੇ ਖਾਤਮੇ ਲਈ ਪ੍ਰਤੀਬੱਧ ਹੈ, ਉੱਥੇ ਉਹ ਹਾਕਮਾਂ ਦੇ ਜਬਰ-ਜੁਲਮ ਅਤੇ ਧਾਰਮਿਕ ਕੱਟੜਤਾ ਨਾਲ ਟੱਕਰ ਵੀ ਲੈਂਦਾ ਹੈ; ਸਿੱਖ ਲੋਕ-ਸਮੂਹ ਦਾ ਇਹ ਪ੍ਰਾਜੈਕਟ ਇਤਿਹਾਸਮੁਖੀ ਵੀ ਹੈ ਤੇ ਸਮਾਜਮੁਖੀ ਵੀ।

ਉਨ੍ਹਾਂ ਸਮਿਆਂ ਵਿਚ ਮੁਗਲ ਹਾਕਮ ਅਕਬਰ, ਜਹਾਂਗੀਰ ਅਤੇ ਸ਼ਾਹਜਹਾਂ ਦੇ ਵੇਲਿਆਂ ਦੇ ਸੁਲ੍ਹਾਕੁਲ ਭਾਵ ਸਮਾਜ ਦੀਆਂ ਵੱਖ ਵੱਖ ਧਿਰਾਂ ਵਿਚ ਸੁਲ੍ਹਾ-ਸਫਾਈ ਅਤੇ ਆਪਸੀ ਤਾਲਮੇਲ ਦੇ ਆਧਾਰ 'ਤੇ ਸੱਤਾ ਕਾਇਮ ਰੱਖਣ ਦੇ ਅਸੂਲਾਂ ਤੋਂ ਦੂਰ ਆ ਚੁੱਕੇ ਹਨ; ਉਹ ਧਾਰਮਿਕ ਕੱਟੜਤਾ ਨੂੰ ਆਪਣੀ ਸੱਤਾ ਕਾਇਮ ਰੱਖਣ ਦਾ ਵਸੀਲਾ ਬਣਾਉਂਦੇ ਹਨ। ਔਰੰਗਜੇਬ ਅਤੇ ਉਸ ਤੋਂ ਬਾਅਦ ਪੰਜਾਬ ਵਿਚ ਜਕਰੀਆ ਖਾਨ ਅਤੇ ਮੀਰ ਮਨੂੰ ਧਾਰਮਿਕ ਕੱਟੜਤਾ ਨੂੰ ਅਪਣਾਉਂਦੇ, ਖਲਕਤ 'ਤੇ ਜੁਲਮ ਕਰਦੇ ਤੇ ਆਪਣੀ ਸੱਤਾ ਨੂੰ ਬਣਾਈ ਰੱਖਦੇ ਹਨ। ਇਸ ਕਾਰਨ ਧਾਰਮਿਕ ਕੱਟੜਤਾ ਹੋਰ ਵਧਦੀ ਹੈ ਅਤੇ ਕਾਜੀ ਤੇ ਮੌਲਾਣੇ ਸਮਾਜ ਤੇ ਸੱਤਾ ਦੇ ਗਲਿਆਰਿਆਂ ਵਿਚ ਹਾਵੀ ਹੁੰਦੇ ਹਨ। ਜਬਰ, ਜੁਲਮ, ਸਮਾਜਿਕ ਦਾਬੇ ਅਤੇ ਧਾਰਮਿਕ ਕੱਟੜਤਾ ਦੇ ਆਧਾਰ 'ਤੇ ਸੱਤਾ ਬਣਾਈ ਰੱਖਣਾ ਇਸ ਧਿਰ ਦਾ ਪ੍ਰਾਜੈਕਟ ਹੈ।

ਹੁਣ ਦੇ ਸਮਿਆਂ ਵਿਚ ਮੁਸਲਮਾਨ ਭਾਈਚਾਰਾ ਨਿਸ਼ਾਨੇ 'ਤੇ ਹੈ; ਇਸ ਲਈ 17ਵੀਂ ਸਦੀ ਦੇ ਅੰਤ ਵਿਚ ਪੈਦਾ ਹੋਏ ਪੰਜਾਬ ਦੇ ਮੁਸਲਮਾਨ ਚਿੰਤਕ ਬੁੱਲ੍ਹੇ ਸ਼ਾਹ ਦਾ ਜ਼ਿਕਰ ਕਰਨਾ ਜਰੂਰੀ ਹੈ। ਉਹ ਆਪਣੇ ਸਮਿਆਂ ਦਾ ਉੱਘਾ ਚਿੰਤਕ, ਵਿਦਵਾਨ, ਕਵੀ, ਭਾਸ਼ਾਕਾਰ ਤੇ ਸਮਾਜ ਸੁਧਾਰਕ ਹੈ। ਉਸ ਦਾ ਪ੍ਰਾਜੈਕਟ ਕੀ ਹੈ? ਕਈ ਵਾਰ ਅਸੀਂ ਉਸ ਨੂੰ ਸੂਫੀਵਾਦ ਤੇ ਰਹੱਸਵਾਦ ਦੀਆਂ ਬਰੈਕਟਾਂ ਵਿਚ ਬੰਦ ਕਰ ਦਿੰਦੇ ਹਾਂ ਪਰ ਇਹ ਨਹੀਂ ਸੋਚਦੇ ਕਿ ਉਨ੍ਹਾਂ ਸਮਿਆਂ ਵਿਚ ਸੂਫੀ ਅਤੇ ਰਹੱਸਵਾਦੀ ਤਾਂ ਬਹੁਤ ਸਾਰੇ ਹੋਏ ਪਰ ਬੁੱਲ੍ਹੇ ਸ਼ਾਹ ਕਿਉਂ ਅਜੇ ਤਕ ਪੰਜਾਬੀਆਂ ਦੇ ਮਨਾਂ ਵਿਚ ਵੱਖੋ-ਵੱਖਰੀ ਤਰ੍ਹਾਂ ਦੀਆਂ ਤਰਬਾਂ ਪੈਦਾ ਕਰ ਰਿਹਾ ਹੈ। ਉਸ ਦੇ ਸੂਫੀ ਪਿਛੋਕੜ ਤੇ ਰਹੱਸਵਾਦ ਦਾ ਆਪਣਾ ਮਹੱਤਵ ਹੈ ਪਰ ਉਸ ਦੀ ਸ਼ਾਇਰੀ ਵਿਚੋਂ ਜੋ ਮੁੱਖ ਪ੍ਰਾਜੈਕਟ ਉੱਭਰਦਾ ਹੈ, ਉਹ ਹੈ ਮੁਸਲਮਾਨ ਭਾਈਚਾਰੇ ਵਿਚਲੀ ਧਾਰਮਿਕ ਕੱਟੜਤਾ ਤੇ ਕਰਮਕਾਂਡ ਦਾ ਵਿਰੋਧ ਅਤੇ ਪੰਜਾਬ ਦੇ ਸਮਾਜ ਵਿਚ ਸਮਤਾ ਤੇ ਏਕਤਾ ਪੈਦਾ ਕਰਨਾ। ਆਪਣੇ ਧਾਰਮਿਕ ਫਿਰਕੇ ਦੇ ਕੱਟੜਪੁਣੇ ਦਾ ਵਿਰੋਧ ਕਰਨਾ ਆਸਾਨ ਨਹੀਂ ਹੁੰਦਾ; ਜਿਵੇਂ ਅੱਜ ਦੇ ਹਿੰਦੂ ਚਿੰਤਕਾਂ ਲਈ ਹਿੰਦੂ ਕੱਟੜਪੰਥੀ ਤੱਤਾਂ, ਮੁਸਲਮਾਨ ਚਿੰਤਕਾਂ ਲਈ ਮੁਸਲਮਾਨ ਮੂਲਵਾਦੀ ਤੱਤਾਂ ਅਤੇ ਸਿੱਖ ਚਿੰਤਕਾਂ ਲਈ ਆਪਣੇ ਅੰਦਰਲੇ ਕੱਟੜ ਰੁਝਾਨਾਂ ਦਾ ਸਾਹਮਣਾ ਕਰਨਾ ਮੁਸ਼ਕਲ ਕਾਰਜ ਹੈ। ਬੁੱਲ੍ਹੇ ਸ਼ਾਹ ਇਸ ਕਾਰਜ ਨੂੰ ਨਿਭਾਉਂਦਾ ਅਤੇ ਪੰਜਾਬੀ ਮਨ ਵਿਚ ਧਾਰਮਿਕ ਕੱਟੜਤਾ ਵਿਰੁੱਧ ਤਰਬਾਂ ਪੈਦਾ ਕਰਦਾ ਹੈ। ਉਸ ਦਾ ਕਾਰਜ ਸਮਾਜ ਨਾਲ ਸਬੰਧਿਤ ਹੋਣ ਕਾਰਨ ਮੁੱਖ ਤੌਰ 'ਤੇ ਸਮਾਜਮੁਖੀ ਤੇ ਸੱਭਿਆਚਾਰਮੁਖੀ ਹੈ। ਉਹ ਸੂਫੀ ਸ਼ਬਦਾਵਲੀ ਅਤੇ ਰਹੱਸਵਾਦ ਦੇ ਸੰਦਾਂ ਨਾਲ ਧਾਰਮਿਕ ਕੱਟੜਤਾ ਵਿਰੁੱਧ ਲੜਦਾ ਹੈ।

ਜਿੱਥੇ ਬੁੱਲ੍ਹੇ ਸ਼ਾਹ 'ਭੱਠ ਨਮਾਜਾਂ ਚਿੱਕੜ ਰੋਜੇ, ਕਲਮੇ ਤੇ ਫਿਰ ਗਈ ਸਿਆਹੀ', 'ਨਾ ਰੱਬ ਤੀਰਥ ਨਾ ਰੱਬ ਮੱਕੇ', 'ਬੁੱਲ੍ਹਿਆ ਕਾਜੀ ਰਾਜੀ ਰਿਸ਼ਵਤੇ, ਮੁਲ੍ਹਾਂ ਰਾਜੀ ਮੌਤ', 'ਨਾ ਖੁਦਾ ਮਸੀਤੇ ਲੱਭਦਾ, ਨਾ ਖੁਦਾ ਵਿਚ ਕਾਅਬੇ' ਜਿਹੇ ਅਨੇਕ ਬੋਲ ਬੋਲ ਕੇ ਧਾਰਮਿਕ ਕੱਟੜਤਾ ਦਾ ਵਿਰੋਧ ਕਰਦਾ ਹੈ, ਉੱਥੇ ਉਹ ਇਹ ਵੀ ਕਹਿੰਦਾ ਹੈ, "ਹੋਰੀ (ਹੋਲੀ) ਖੇਲੂੰਗੀ ਕਹਿ ਬਿਸਮਿੱਲ੍ਹਾ', 'ਪਤੀਆਂ ਲਿਖੂੰਗੀ ਮੈਂ ਸ਼ਾਮ (ਭਾਵ ਭਗਵਾਨ ਕ੍ਰਿਸ਼ਨ) ਕੋ', 'ਮੈਨੂੰ ਤੱਤੜੀ ਕੋ ਸ਼ਾਮ ਵਿਸਾਰਿਆ', 'ਬੰਸੀ ਕਾਹਨ (ਭਗਵਾਨ ਕ੍ਰਿਸ਼ਨ) ਅਚਰਜ ਬਜਾਈ/... ਬੰਸੀ ਵਾਲਿਆ ਕਾਹਨ ਕਹਾਵੇਂ, ਸ਼ਬਦ ਅਨੇਕ ਅਨੂਪ ਸੁਣਾਵੇ।' 'ਮਨ ਅਟਕਿਓ ਸ਼ਾਮ ਸੁੰਦਰ ਸੂੰ।' ਆਦਿ ਆਦਿ।



ਪ੍ਰਮੁੱਖ ਸਵਾਲ ਹੈ ਕਿ ਬੁੱਲ੍ਹੇ ਸ਼ਾਹ ਹੋਲੀ ਕਿਉਂ ਖੇਡਣਾ ਚਾਹੁੰਦਾ ਹੈ, ਉਹ ਭਗਵਾਨ ਕ੍ਰਿਸ਼ਨ ਨਾਲ ਸਾਂਝ ਕਿਉਂ ਪਾਉਣੀ ਚਾਹੁੰਦਾ ਹੈ? ਸਪੱਸ਼ਟ ਹੈ ਕਿ ਉਹ ਸਮਾਜ ਵਿਚ ਪਈਆਂ ਦਰਾੜਾਂ ਦੇਖ ਰਿਹਾ ਹੈ; ਉਹ ਚਾਹੁੰਦਾ ਹੈ ਕਿ ਭਾਈਚਾਰਿਆਂ ਵਿਚ ਸਮਤਾ ਅਤੇ ਆਪਸੀ ਪ੍ਰੇਮ ਪਣਪੇ; ਉਸ ਦਾ ਪ੍ਰਾਜੈਕਟ ਸਮਾਜਿਕ ਸਦਭਾਵਨਾ ਕਾਇਮ ਕਰਨ ਅਤੇ ਧਾਰਮਿਕ ਕੱਟੜਤਾ ਵਿਰੁੱਧ ਲੜਨ ਦਾ ਹੈ, ਪ੍ਰੇਮ ਨਗਰ ('ਉਲਟੀ ਪ੍ਰੇਮ ਨਗਰ ਦੀ ਚਾਲੀ, ਭੜਕਣ ਇਸ਼ਕ ਦੀਆਂ ਲਾਟਾਂ ਨੀ।') ਸਥਾਪਿਤ ਕਰਨ ਦਾ ਹੈ। ਇਹ ਪ੍ਰਾਜੈਕਟ ਸ਼ਾਹ ਹੁਸੈਨ ਤੋਂ ਲੈ ਕੇ ਸ਼ਾਹ ਮੁਹੰਮਦ, ਮੁਹੰਮਦ ਬੂਟੇ ਤੇ ਹੋਰ ਸ਼ਾਇਰਾਂ-ਚਿੰਤਕਾਂ ਦੇ ਚਿੰਤਨ/ਸ਼ਾਇਰੀ ਵਿਚ ਕਾਇਮ ਰਹਿੰਦਾ ਹੈ।

18ਵੀਂ ਸਦੀ ਦੇ ਪੰਜਾਬ ਨੂੰ ਛੱਡ ਕੇ ਜੇ ਅੱਜ ਦੇ ਭਾਰਤ ਵਿਚ ਆਈਏ ਤਾਂ ਅਸੀਂ ਕੀ ਵੇਖਦੇ ਹਾਂ? ਹੁਣੇ ਹੁਣੇ ਲੋਕਾਂ ਨੇ ਰਾਮਨੌਮੀ ਮਨਾਈ ਹੈ। ਇਸ ਮੌਕੇ ਕੱਢੇ ਗਏ ਜਲੂਸਾਂ ਦੌਰਾਨ ਮੱਧ ਪ੍ਰਦੇਸ਼, ਗੁਜਰਾਤ, ਝਾਰਖੰਡ ਤੇ ਦਿੱਲੀ ਵਿਚ ਹਿੰਸਾ ਹੋਈ। ਸਭ ਤੋਂ ਪ੍ਰੇਸ਼ਾਨ ਕਰਨ ਵਾਲੀਆਂ ਘਟਨਾਵਾਂ ਮੱਧ ਪ੍ਰਦੇਸ਼ ਦੇ ਸ਼ਹਿਰ ਖਰਗੋਨ ਵਿਚ ਵਾਪਰੀਆਂ। ਹਿੰਸਾ ਤੋਂ ਬਾਅਦ 45 ਤੋਂ ਜ਼ਿਆਦਾ ਘਰਾਂ ਤੇ ਦੁਕਾਨਾਂ ਨੂੰ ਬੁਲਡੋਜ਼ਰਾਂ ਨਾਲ ਢਾਹ ਦਿੱਤਾ ਗਿਆ। ਸੂਬੇ ਦੇ ਗ੍ਰਹਿ ਮੰਤਰੀ ਨਰੋਤਮ ਮਿਸ਼ਰਾ ਨੇ ਕਿਹਾ, "ਜਿਸ ਘਰ ਸੇ ਪੱਥਰ ਆਏ ਹੈਂ, ਉਸ ਘਰ ਕੋ ਪੱਥਰੋਂ ਕਾ ਹੀ ਢੇਰ ਬਣਾਏਗੇਂ।" ਜੇ ਕਿਸੇ ਨੇ ਧਾਰਮਿਕ ਜਲੂਸ ਜਾਂ ਸਮਾਗਮ 'ਤੇ ਪੱਥਰਬਾਜੀ ਜਾਂ ਕੋਈ ਹਿੰਸਾ ਕੀਤੀ ਹੈ ਤਾਂ ਉਸ ਨੂੰ ਗ੍ਰਿਫਤਾਰ ਕਰ ਕੇ ਸਖਤ ਤੋਂ ਸਖਤ ਸਜਾ ਮਿਲਣੀ ਚਾਹੀਦੀ ਹੈ ਪਰ ਇਕ ਸੂਬੇ ਦੇ ਗ੍ਰਹਿ ਮੰਤਰੀ ਦੁਆਰਾ ਅਜਿਹੇ ਸ਼ਬਦ ਬੋਲਣਾ ਗੈਰ-ਕਾਨੂੰਨੀ ਹੈ। ਇਹ ਸ਼ਬਦ ਸੰਵਿਧਾਨ ਦਾ ਅਪਮਾਨ ਹਨ; ਸਮਾਜ ਵਿਚ ਸਹਿਮ ਅਤੇ ਦਹਿਸ਼ਤ ਪੈਦਾ ਕਰਨ ਵਾਲੇ ਹਨ। ਇਹ ਸ਼ਬਦ ਅਜਿਹਾ ਵਿਅਕਤੀ ਬੋਲ ਰਿਹਾ ਹੈ ਜਿਸ ਨੂੰ ਸੰਵਿਧਾਨ ਤਹਿਤ ਸੂਬੇ ਵਿਚ ਅਮਨ-ਕਾਨੂੰਨ ਕਾਇਮ ਰੱਖਣ, ਰਾਜ-ਪ੍ਰਬੰਧ ਨੂੰ ਕਾਨੂੰਨ ਅਨੁਸਾਰ ਚਲਾਉਣ ਅਤੇ ਲੋਕਾਂ ਦੀ ਜ਼ਿੰਦਗੀ ਤੇ ਜਾਇਦਾਦ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਘਰਾਂ ਤੇ ਦੁਕਾਨਾਂ ਨੂੰ ਬੁਲਡੋਜ਼ਰਾਂ ਨਾਲ ਢਾਹੁਣਾ ਇਹ ਦੱਸਦਾ ਹੈ ਕਿ ਫਿਰਕੂ ਹਿੰਸਾ ਕਰਵਾਉਣਾ, ਉਸ ਨੂੰ ਸਹੀ ਦੱਸਣਾ ਅਤੇ ਘੱਟਗਿਣਤੀ ਫਿਰਕੇ ਨੂੰ ਨਿਸ਼ਾਨਾ ਬਣਾਉਣਾ ਰਿਆਸਤ/ਸਟੇਟ ਦਾ ਇਕ ਖਾਸ ਪ੍ਰਾਜੈਕਟ ਬਣ ਚੁੱਕਾ ਹੈ। ਇਹ ਸੰਵਿਧਾਨ ਦੁਆਰਾ ਨਿਰਧਾਰਿਤ ਕੀਤੀ ਗਈ ਅਦਾਲਤੀ ਪ੍ਰਕਿਰਿਆ ਦਾ ਨਿਸ਼ੇਧ ਹੈ। ਇਹ ਮੱਧਕਾਲੀਨ ਸਮਿਆਂ ਦੇ ਪ੍ਰਾਜੈਕਟ, ਜਿਸ ਤਹਿਤ ਸੱਤਾ ਧਰਮ ਤੇ ਧਾਰਮਿਕ ਕੱਟੜਤਾ ਦੇ ਆਧਾਰ 'ਤੇ ਕਾਇਮ ਰੱਖੀ ਜਾਂਦੀ ਸੀ, ਦੀ ਯਾਦ ਦਿਵਾਉਂਦਾ ਹੈ ਭਾਵੇਂ ਕਿ ਇਹ ਉਸ ਤੋਂ ਕਈ ਤਰ੍ਹਾਂ ਨਾਲ ਵੱਖਰਾ ਹੈ। ਇਹ ਬੁਲਡੋਜ਼ਰ ਐਮਰਜੈਂਸੀ ਸਮੇਂ ਸੰਜੇ ਗਾਂਧੀ ਦੁਆਰਾ ਚਲਾਏ ਗਏ ਬੁਲਡੋਜ਼ਰਾਂ ਦੀ ਯਾਦ ਵੀ ਦਿਵਾਉਂਦੇ ਹਨ।

ਭਾਰਤ ਵਿਚ ਮੱਧਕਾਲੀਨ ਸਮਿਆਂ ਵਿਚ ਪੈਦਾ ਹੋਏ ਸਮਾਜਿਕ ਵਿਦਰੋਹ ਨੂੰ ਬਹੁਤ ਵਾਰ ਭਗਤੀ ਲਹਿਰ ਦਾ ਨਾਂ ਦੇ ਕੇ ਭਗਤੀ ਤਕ ਸੀਮਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਆਧੁਨਿਕ ਭਾਰਤ ਦੇ ਬਹੁਤੇ ਚਿੰਤਕਾਂ ਨੇ ਮੱਧਕਾਲੀਨ ਸਮਿਆਂ ਦੀ ਉਸ ਕ੍ਰਾਂਤੀਕਾਰੀ ਸੋਚ ਨੂੰ ਲਾਂਭੇ ਕਰ ਕੇ ਵੈਦਿਕ ਤੇ ਉਪਨਿਸ਼ਦਕ ਕਾਲ ਦੀ ਸੋਚ ਨੂੰ ਉਭਾਰਿਆ। ਮੱਧਕਾਲੀਨ ਸਮਿਆਂ ਵਿਚ ਭਗਤ ਕਬੀਰ, ਭਗਤ ਰਵਿਦਾਸ, ਗੁਰੂ ਨਾਨਕ ਦੇਵ ਜੀ, ਭਗਤ ਨਾਮਦੇਵ ਅਤੇ ਹੋਰ ਧਾਰਮਿਕ ਰਹਿਬਰਾਂ, ਸਮਾਜ ਸੁਧਾਰਕਾਂ, ਸੂਫੀਆਂ, ਚਿੰਤਕਾਂ, ਸੰਤਾਂ ਅਤੇ ਭਗਤਾਂ ਨੇ ਧਾਰਮਿਕ ਕੱਟੜਤਾ ਵਿਰੁੱਧ ਆਵਾਜ ਉਠਾਈ।

ਹੁਣ ਦੇ ਸਮੇਂ ਇਕ ਪਾਸੇ ਸੱਤਾਧਾਰੀਆਂ ਦੀ ਕੱਟੜਪੰਥੀ ਸੋਚ, ਸੱਤਾ ਅਤੇ ਤਾਕਤ ਦੇ ਬੁਲਡੋਜ਼ਰ ਹਨ ਅਤੇ ਦੂਸਰੇ ਪਾਸੇ ਸਾਡੇ ਕੋਲ ਹੈ ਕਬੀਰ-ਨਾਨਕ-ਰਵਿਦਾਸ-ਬੁੱਲ੍ਹੇ ਸ਼ਾਹ ਦੀ ਪਰੰਪਰਾ, ਧਾਰਮਿਕ ਕੱਟੜਤਾ ਦਾ ਵਿਰੋਧ ਅਤੇ ਸਮਾਜਿਕ ਬਰਾਬਰੀ ਲਈ ਸੰਘਰਸ਼ ਕਰਨ ਦੀ ਪਰੰਪਰਾ। ਗੱਲ ਸਿਰਫ ਪੰਜਾਬ ਦੀ ਨਹੀਂ, ਇਸ ਦੀਆਂ ਉਦਾਹਰਨਾਂ ਸਮੁੱਚੇ ਦੇਸ਼ ਦੇ ਵਿਰਸੇ ਤੇ ਵਰਤਮਾਨ ਵਿਚੋਂ ਮਿਲਦੀਆਂ ਹਨ। 9 ਅਪਰੈਲ ਨੂੰ ਗੁਜਰਾਤ ਦੇ ਬੰਸਕਾਂਠਾ ਜ਼ਿਲ੍ਹੇ ਦੇ ਪਿੰਡ ਦਲਵਾਨਾ ਦੇ ਵ੍ਰਿੰਦਾਵੀਰ ਮਹਾਰਾਜ ਮੰਦਰ ਦੇ ਪੁਜਾਰੀ ਅਤੇ ਪਿੰਡ ਵਾਸੀਆਂ ਨੇ ਆਪਣੇ ਮੁਸਲਮਾਨ ਹਮਸਾਇਆਂ ਨੂੰ ਮੰਦਰ ਵਿਚ ਰੋਜਾ ਖੋਲ੍ਹਣ ਦਾ ਸੱਦਾ ਦਿੱਤਾ। 14 ਅਪਰੈਲ ਨੂੰ ਬੰਗਲੁਰੂ ਦੇ ਚੰਨਾਕੇਸ਼ਵਾ ਮੰਦਰ ਵਿਚ ਲਗਭਗ 900 ਸਾਲ ਤੋਂ ਚਲਦਾ ਆ ਰਿਹਾ ਰੱਥ-ਉਤਸਵ ਕੁਰਾਨ ਦੀਆਂ ਆਇਤਾਂ ਦੇ ਉਚਾਰਨ ਨਾਲ ਆਰੰਭ ਹੋਇਆ। ਇਸ ਤਰ੍ਹਾਂ ਸਮਾਜ ਵਿਚ ਆਪਸੀ ਪ੍ਰੇਮ ਦਾ ਪ੍ਰਾਜੈਕਟ ਵੀ ਮੌਜੂਦ ਹੈ; ਉਸ ਦੀਆਂ ਧੁਨੀਆਂ ਵੀ ਦੂਰ ਦੂਰ ਤਕ ਸੁਣਾਈ ਦਿੰਦੀਆਂ ਹਨ।

ਸੱਤਾਧਾਰੀਆਂ ਕੋਲ ਬੁਲਡੋਜ਼ਰ ਹਨ, ਸਾਡੇ ਕੋਲ ਹੱਕ-ਸੱਚ ਦੇ ਬੋਲ ਹਨ। ਬੁੱਲ੍ਹੇ ਸ਼ਾਹ ਦਾ ਕਥਨ ਹੈ, "ਕੋਈ ਕਰੇ ਸਾਡੇ ਨਾਲ ਬਾਤਾਂ ਨੀ।" ਸਾਡੇ ਵਡੇਰਿਆਂ ਦੇ ਸਮਾਜਿਕ ਬਰਾਬਰੀ ਅਤੇ ਹਰ ਤਰ੍ਹਾਂ ਦੀ ਕੱਟੜਤਾ ਵਿਰੁੱਧ ਉਚਾਰੇ ਹੋਏ ਬੋਲ/ਸੁਖਨ ਸਾਡੇ ਨਾਲ ਬਾਤਾਂ ਕਰਦੇ ਹਨ; ਸਾਨੂੰ ਹਲੂਣਦੇ ਹਨ ਕਿ ਅਸੀਂ ਇਸ ਸਮੇਂ ਫੈਲੀ ਹੋਈ ਕੱਟੜਤਾ ਵਿਰੁੱਧ ਲੜੀਏ। ਇਹ ਸਾਡੇ ਸਾਰਿਆਂ ਦੇ ਇਕੱਠੇ ਹੋ ਕੇ ਸਮਾਜਿਕ ਏਕਤਾ ਤੇ ਸਮਤਾ ਦੇ ਸੁਖਨਾਂ ਦੇ ਵਾਰਸ ਬਣਨ ਦਾ ਵੇਲਾ ਹੈ; ਇਹ ਸਮਾਂ ਹੈ ਇਕੱਠੇ ਹੋ ਕੇ ਧਾਰਮਿਕ ਕੱਟੜਤਾ ਵਿਰੁੱਧ ਲੜਨ ਦਾ, ਨਫਰਤ ਦੇ ਬੁਲਡੋਜ਼ਰਾਂ ਅਤੇ ਪ੍ਰਾਜੈਕਟ ਦੇ ਵਿਰੁੱਧ ਬੇਗਮਪੁਰੇ ਦੇ ਸੁਪਨੇ ਵਿਚਲੀਆਂ ਮੋਹ-ਤੰਦਾਂ ਦਾ ਪ੍ਰੇਮ-ਪ੍ਰਾਜੈਕਟ ਬਣਾਉਣ ਅਤੇ ਉਸ ਲਈ ਸੰਘਰਸ਼ ਕਰਨ ਦਾ।

ਡੰਗ ਅਤੇ ਚੋਭਾਂ



ਗੁਰਮੀਤ ਸਿੰਘ ਪਲਾਹੀ
98158-02070

# ਡਰ-ਸਹਿਮ ਦੇ ਦੌਰ 'ਚੋਂ ਲੰਘ ਰਿਹਾ "ਨਿਊ ਇੰਡੀਆ"




ਨਵੇਂ ਭਾਰਤ ਦੀ ਉਸਾਰੀ ਹੋ ਰਹੀ ਹੈ। ਸੱਤ ਵਰ੍ਹੇ ਬੀਤ ਗਏ ਹਨ। ਇਹ ਸੱਤ ਵਰ੍ਹੇ, ਆਜ਼ਾਦੀ ਦੇ ਸੱਤਰ ਵਰ੍ਹਿਆਂ 'ਤੇ ਭਾਰੂ ਪੈ ਰਹੇ ਹਨ। ਉਹ ਭਾਰਤ ਜਿਹੜਾ ਧਰਮ ਨਿਰਪੱਖ ਸੀ, ਲੋਕਤੰਤਰੀ ਕਦਰਾਂ-ਕੀਮਤਾਂ ਲਈ ਵਿਸ਼ਵ ਭਰ 'ਚ ਜਾਣਿਆਂ ਜਾਂਦਾ ਸੀ, ਅੱਜ ਇੱਕ ਵਿਸ਼ੇਸ਼ ਧਰਮ ਅਤੇ ਡਿਕਟੇਟਰਾਨਾ ਵਿਵਹਾਰ, ਲਈ ਜਾਣਿਆ-ਪਛਾਣਿਆ ਜਾਣ ਲੱਗ ਪਿਆ ਹੈ। ਪੁਰਾਣਾ ਭਾਰਤ ਸਮੇਟਿਆ ਜਾ ਰਿਹਾ ਹੈ, "ਨਵਾਂ ਹਿੰਦੋਸਤਾਨ" ਲਿਆਂਦਾ ਜਾ ਰਿਹਾ ਹੈ, ਇੱਕ ਧਰਮ, ਇੱਕ ਬੋਲੀ, ਇੱਕ ਰਾਸ਼ਟਰ। ਭਾਰਤੀ ਸੰਘੀ ਢਾਂਚਾ ਸਮੇਟਣ ਲਈ ਯੋਜਨਾ ਉਲੀਕੀ ਗਈ ਹੈ।

ਅਜੀਬ ਦੌਰ ਵਿਚੋਂ ਲੰਘ ਰਿਹਾ ਹੈ ਆਪਣਾ ਦੇਸ਼। ਅਜੀਬ ਦੌਰ ਹੈ ਕਿ ਜਿਹਨਾਂ ਹਾਕਮਾਂ ਦਾ ਕੰਮ ਹੈ ਰਾਜ ਪ੍ਰਬੰਧ ਚਲਾਉਣਾ, ਲੋਕਾਂ ਦੇ ਭਲੇ ਹਿੱਤ ਸਕੀਮਾਂ ਬਨਾਉਣਾ, ਲੋਕਾਂ ਦੇ ਜਾਨ-ਮਾਲ ਦੀ ਰਾਖੀ ਕਰਨਾ, ਉਹਨਾ ਨੂੰ ਸੁੱਖ-ਸੁਵਿਧਾਵਾਂ ਦੇਣਾ, ਉਹ ਇਸ ਗੱਲ 'ਤੇ ਉਲਝੇ ਪਏ ਹਨ ਕਿ ਸਾਨੂੰ ਕੀ ਖਾਣਾ ਚਾਹੀਦਾ ਹੈ, ਕੀ ਪੀਣਾ ਚਾਹੀਦਾ ਹੈ, ਕੀ ਪਹਿਨਣਾ ਚਾਹੀਦਾ ਹੈ, ਸ਼ਾਦੀ, ਵਿਆਹ ਕਿਸ ਨਾਲ ਅਤੇ ਕਿਸ ਢੰਗ ਨਾਲ ਕਰਨੀ ਚਾਹੀਦੀ ਹੈ, ਪਿਆਰ ਕਰਨਾ ਚਾਹੀਦਾ ਹੈ ਜਾਂ ਨਹੀਂ, ਕਿਸ ਨਾਲ ਕਰਨਾ ਚਾਹੀਦਾ ਹੈ? ਇਹਨਾ ਚੀਜ਼ਾਂ ਦੇ ਅਧਾਰ ਤੇ ਅੱਜ ਕੱਲ ਸਾਡੇ ਸਾਸ਼ਕ "ਪ੍ਰਮਾਣ ਪੱਤਰ" ਦੇ ਰਹੇ ਹਨ। ਵੇਖੋ ਅਜੀਬ ਗੱਲ, ਬਿਹਾਰ ਦੇ ਮੁੱਖ ਮੰਤਰੀ ਨੇ ਪਿਛਲੇ ਹਫ਼ਤੇ ਫ਼ੈਸਲਾ ਸੁਣਾਇਆ ਕਿ ਜਿਹੜੇ ਲੋਕ ਸ਼ਰਾਬ ਪੀਂਦੇ ਹਨ, ਉਹਨਾ ਨੂੰ ਭਾਰਤੀ ਨਹੀਂ ਕਿਹਾ ਜਾ ਸਕਦਾ। ਦੱਖਣੀ ਦਿੱਲੀ ਦੇ ਇੱਕ ਮਾਮੂਲੀ ਜਿਹੇ ਅਫ਼ਸਰ ਨੇ ਇਹ ਤਹਿ ਕਰ ਦਿੱਤਾ ਕਿ ਨਵਰਾਤਰਿਆਂ ਵਿੱਚ ਮੀਟ-ਮੁਰਗਾ ਵੇਚਣ ਵਾਲੀਆਂ ਦੁਕਾਨਾਂ ਬੰਦ ਰਹਿਣਗੀਆਂ। ਹਿੰਦੂਆਂ ਦੀ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਨ ਲਈ। ਇਸ ਫ਼ੈਸਲੇ ਬਾਰੇ ਹਾਲੇ ਚਰਚਾ ਹੀ ਹੋ ਰਹੀ ਸੀ ਕਿ ਭਾਰਤੀ ਜਨਤਾ ਪਾਰਟੀ ਦੇ ਇੱਕ ਸੰਸਦ ਮੈਂਬਰ ਨੇ ਕਿਹਾ ਕਿ ਇਸ ਫ਼ੈਸਲੇ ਨੂੰ ਪੂਰੇ ਦੇਸ਼ 'ਚ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਕੀ ਇਹਨਾਂ ਲੋਕਾਂ ਨੂੰ ਪੁਛਿਆ ਨਹੀਂ ਜਾਣਾ ਚਾਹੀਦਾ ਕਿ ਉਹ ਕੌਣ ਨੇ ਇਹੋ ਜਿਹਾ ਫ਼ੈਸਲਾ ਲਾਗੂ ਕਰਨ ਵਾਲੇ। ਪਰੰਤੂ ਮਾਹੌਲ ਕੁਝ ਇਹੋ ਜਿਹਾ ਬਣ ਚੁੱਕਾ ਹੈ ਨੀਊ ਇੰਡੀਆ ਵਿੱਚ ਕਿ ਲੋਕ ਡਰ ਦੇ ਮਾਰੇ ਇਸ ਤਰ੍ਹਾਂ ਦੇ ਸਵਾਲ ਹੀ ਨਹੀਂ ਪੁੱਛਦੇ। ਜਾਣਦੇ ਹਨ ਕਿ ਉਲਟੇ -ਸਿੱਧੇ ਸਵਾਲ ਪੁੱਛਣ ਵਾਲਿਆਂ ਦਾ ਕੀ ਹਸ਼ਰ ਹੁੰਦਾ ਹੈ? ਉਹ ਜਾਣਦੇ ਹਨ ਕਿ ਈਡੀ, ਸੀਬੀਆਈ, ਕਿਵੇਂ ਅੱਧੀ ਰਾਤ ਉਹਨਾ ਦੇ ਘਰ 'ਤੇ ਪੁੱਜ ਜਾਂਦੀ ਹੈ ਅਤੇ ਫਿਰ ਕਿਵੇਂ ਉਹਨਾ ਦੀ ਸ਼ਾਮਤ ਆ ਜਾਂਦੀ ਹੈ। ਪਿਛਲੇ ਹਫ਼ਤੇ ਦੋ ਪੱਤਰਕਾਰਾਂ ਨੂੰ ਵਿਦੇਸ਼ ਜਾਣ ਤੋਂ ਉਦੋਂ ਰੋਕਿਆ ਗਿਆ, ਜਦੋਂ ਉਹ ਜਹਾਜ਼ੇ ਚੜ੍ਹਨ ਵਾਲੇ ਸਨ। ਦੋਨਾਂ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਸੀ। ਦੇਸ਼ ਦੇ ਵੱਖੋ-ਵੱਖਰੇ ਭਾਗਾਂ 'ਚ ਦਰਜ਼ਨਾਂ ਪੱਤਰਕਾਰ, ਬੁੱਧੀਜੀਵੀ, ਹਕੂਮਤ ਉਤੇ ਉਠਾਏ ਤਿੱਖੇ ਸਵਾਲਾਂ ਕਾਰਨ, ਭਾਰਤੀ ਜੇਲ੍ਹਾਂ 'ਚ ਬੰਦ ਹਨ, ਮਹੀਨਿਆਂ ਬੱਧੀ ਉਹਨਾ ਦੀਆਂ ਜਮਾਨਤਾਂ ਨਹੀਂ ਹੋ ਰਹੀਆਂ। ਵਿਰੋਧੀਆਂ ਦੀ ਆਵਾਜ਼ ਦਬਾਉਣ ਦੇ ਮਾਮਲੇ 'ਚ ਦੇਸ਼ ਦੀ ਹਾਕਮ ਧਿਰ ਪੂਰੀ ਤਰ੍ਹਾਂ ਬਦਨਾਮ ਹੈ। ਸਾਲ 2020 ਵਿੱਚ 67 ਪੱਤਰਕਾਰ ਗ੍ਰਿਫ਼ਤਾਰ ਕੀਤੇ ਗਏ, 200 ਨੂੰ ਜਿਸਮਾਨੀ ਹਮਲੇ ਸਹਿਣੇ ਪਏ। ਹਾਲਾਂਕਿ ਭਾਰਤ ਲੋਕਤੰਤਰ ਹੈ ਅਤੇ ਦੇਸ਼ ਦੀ ਨਵੀਂ ਬਣੀ ਹਕੂਮਤ ਦਾ 2014 'ਚ ਇਹ ਕਹਿਣਾ ਸੀ ਕਿ ਹਰੇਕ ਨੂੰ ਦੇਸ਼ 'ਚ ਆਪਣੇ ਵਿਚਾਰ ਪੇਸ਼ ਕਰਨ ਦੀ ਸੰਪੂਰਨ ਆਜ਼ਾਦੀ ਹੈ। ਪਰ ਇਹਨਾ ਦਿਨਾਂ 'ਚ ਵਰਲਡ ਪ੍ਰੈਸ ਫਰੀਡਮ ਇੰਡੈਕਸ ਅਨੁਸਾਰ ਵਿਸ਼ਵ ਦੇ 180 ਦੇਸ਼ਾਂ ਵਿਚੋਂ ਪ੍ਰੈੱਸ ਆਜ਼ਾਦੀ 'ਚ 142ਵਾਂ ਨੰਬਰ ਹੈ। ਭੀਮ ਕੋਰਾਗਾਓ ਦੀ ਘਟਨਾ ਕਿਸ ਤੋਂ ਲੁਕੀ ਛੁਪੀ ਹੋਈ ਹੈ, ਜਿਸ ਵਿੱਚ ਸੁਧਾਰ ਭਾਰਦਵਾਜ, ਬਾਰਬਰਾ ਰਾਓ, ਗੌਤਮ ਨਵਲੱਖਾ ਅਤੇ ਅਨੰਦ ਤੇਲਤੁੰਬੜੇ ਵਰਗੇ ਦੇਸ਼ ਦੇ ਪ੍ਰਸਿੱਧ ਵਕੀਲ, ਬੁੱਧੀਜੀਵੀਆਂ ਉਤੇ ਮੁਕੱਦਮੇ ਇਸ ਕਰਕੇ ਚਲਾਏ ਜਾ ਰਹੇ ਹਨ ਕਿ ਉਹ ਸਰਕਾਰ ਦੀਆਂ ਨੀਤੀਆਂ ਦੇ ਵਿਰੋਧੀ ਹਨ। ਦੇਸ਼ 'ਚ ਕਿਸਾਨ ਅੰਦੋਲਨ ਦੀਆਂ ਘਟਨਾਵਾਂ ਨੂੰ ਕਿਵੇਂ ਅੱਖੋਂ-ਪਰੋਖੇ ਕੀਤਾ ਜਾ ਸਕਦਾ ਹੈ, ਜਿਥੇ ਸੰਘਰਸ਼ ਕਰਨ ਵਾਲੇ ਕਿਸਾਨਾਂ ਤੇ ਉਹਨਾ ਦੇ ਹਿਮਾਇਤੀਆਂ ਨੂੰ ਪਰਜੀਵੀ ਹੋਰ ਕਿਸੇ ਨੇ ਨਹੀਂ, ਸਗੋਂ ਦੇਸ਼ ਦੇ ਪ੍ਰਧਾਨ ਮੰਤਰੀ ਵਲੋਂ ਆਖਿਆ ਗਿਆ। ਕੀ ਇਹ ਵਿਚਾਰਾਂ ਤੇ ਵਿਚਰਣ ਦੀ ਆਜ਼ਾਦੀ ਉਤੇ ਕੋਝਾ ਹਮਲਾ ਨਹੀਂ ਸੀ?

ਦੇਸ਼ ਦੇ ਡਰ-ਸਹਿਮ ਦੇ ਮਾਹੌਲ ਵਿੱਚ, ਭਾਵੇਂ ਡਰ-ਡਰਕੇ ਹੀ ਸਹੀ ਕੀ ਇਹ ਪੁੱਛਿਆ ਜਾਣਾ ਨਹੀਂ ਬਣਦਾ ਕਿ ਕੋਵਿਡ ਦੇ ਦਿਨਾਂ 'ਚ ਗੰਗਾ ਨਦੀ 'ਚ ਲਾਵਾਰਿਸ ਲਾਸ਼ਾਂ ਕਿਉਂ ਤੈਰ ਰਹੀਆਂ ਸਨ? ਕਿਉਂ ਉਹਨਾ ਨੂੰ ਸੰਸਕਾਰ ਲਈ ਕਿਧਰੇ ਥਾਂ ਨਹੀਂ ਮਿਲੀ? ਸਕੂਲ-ਹਸਪਤਾਲ ਬੇਹਾਲ ਕਿਉਂ ਹਨ? ਮਹਿੰਗਾਈ ਇੰਨੀ ਕਿਉਂ ਵਧ ਰਹੀ ਹੈ। ਡੀਜ਼ਲ, ਪੈਟਰੋਲ, ਘਰੇਲੂ ਗੈਸ ਦੇ ਭਾਅ ਇੰਨੇ ਕਿਉਂ ਵਧ ਰਹੇ ਹਨ ਕਿ ਆਮ ਆਦਮੀ ਦੀ ਪਹੁੰਚ ਤੋਂ ਦੂਰ ਕਿਉਂ ਹੋ ਰਹੇ ਹਨ?

ਸਰਕਾਰ ਪਿਛਲੇ ਅੱਠ ਸਾਲਾਂ ਵਿੱਚ ਪੈਟਰੋਲ-ਡੀਜ਼ਲ ਉਤੇ ਸਾਢੇ ਛੱਬੀ ਹਜ਼ਾਰ ਕਰੋੜ ਤੋਂ ਵੀ ਜਿਆਦਾ ਜਨਤਾ ਤੋਂ ਟੈਕਸ ਦੇ ਰੂਪ 'ਚ ਵਸੂਲ ਚੁੱਕੀ ਹੈ। ਅੱਜ ਜਦੋਂ ਜਨਤਾ ਸੰਕਟ ਵਿੱਚ ਹੈ ਤੇਲ ਦੀਆਂ ਕੀਮਤਾਂ ਲਗਤਾਰ ਵਧ ਰਹੀਆਂ ਹਨ ਤਾਂ ਸਰਕਾਰ ਦੀ ਦਰਿਆਦਿਲੀ ਵਿਖਾਉਣ ਦੀ ਵਾਰੀ ਹੈ, ਪਰ ਸਰਕਾਰ ਚੁੱਪ ਹੈ।

ਗਰਮੀਆਂ 'ਚ ਰੋਜ਼ਾਨਾ ਵਰਤੋਂ 'ਚ ਆਉਣ ਵਾਲੇ ਨਿੰਬੂ 300 ਰੁਪਏ ਕਿਲੋ ਕਿਵੇਂ ਵਿਕ ਰਹੇ ਹਨ? ਸਵਾਲ ਤਾਂ ਇਹ ਬਣਦਾ ਹੈ ਕਿ ਲੋਕਾਂ ਦੀ ਨਿੱਜੀ ਜ਼ਿੰਦਗੀ 'ਚ ਇਹ ਅਫ਼ਸਰ, ਸਿਆਸਤਦਾਨ ਇੰਨਾ ਦਖ਼ਲ ਕਿਉਂ ਦੇ ਰਹੇ ਹਨ, ਜਦਕਿ ਉਹਨਾ ਦਾ ਕੰਮ ਤਾਂ ਪ੍ਰਸ਼ਾਸਨਿਕ ਹੈ। ਉਹ ਆਪਣੀਆਂ ਅਸਫਲਤਾਵਾਂ ਨੂੰ ਛੁਪਾਉਣ ਲਈ ਆਖਿਰ ਲੋਕਾਂ ਦਾ ਧਿਆਨ ਹੋਰ ਪਾਸੇ ਕਿਉਂ ਖਿੱਚਦੇ ਰਹੇ ਹਨ?

ਪਿਛਲੇ ਦੋ ਸਾਲ ਸਕੂਲ ਬੰਦ ਰਹੇ। ਕੋਵਿਡ-19 ਨੇ ਸਭ ਤੋਂ ਵੱਧ ਅਸਰ ਸਕੂਲ ਸਿੱਖਿਆ ਉਤੇ ਪਾਇਆ। ਸਮੱਸਿਆ ਵੱਡੀ ਇਹ ਹੈ ਕਿ ਦੋ ਸਾਲਾਂ ਬਾਅਦ ਲੱਖਾਂ ਬੱਚੇ ਵਾਪਿਸ ਸਕੂਲ ਆਏ ਹਨ, ਜਿਹੜੇ ਦੋ ਸਾਲ ਔਸਤਨ ਸਿੱਖਿਆ ਪ੍ਰਬੰਧ ਤੋਂ ਕੋਰੇ ਰਹੇ। ਇੱਕ ਅਦਾਜ਼ੇ ਅਨੁਸਾਰ ਭਾਰਤ ਦੇ 60 ਫ਼ੀਸਦੀ ਬੱਚੇ ਇਹੋ ਜਿਹੇ ਸਨ ਜਿਹੜੇ ਮਾਪਿਆਂ ਕੋਲ ਸਮਾਰਟ ਫੋਨ ਨਾ ਹੋਣ ਕਾਰਨ ਪੜ੍ਹਾਈ ਨਹੀਂ ਕਰ ਸਕੇ। ਇਹਨਾਂ ਵਿੱਚ ਲੱਖਾਂ ਦੀ ਤਦਾਦ 'ਚ ਕੁਝ ਬੱਚੇ ਇਹੋ ਜਿਹੇ ਹੋ ਚੁੱਕੇ ਹਨ ਜੋ ਸਧਾਰਨ ਅੱਖਰ ਗਿਆਨ ਵੀ ਨਹੀਂ ਰੱਖਦੇ।

ਕਰੋਨਾ ਨੇ ਜੇਕਰ ਸਿਖਾਇਆ ਹੁੰਦਾ ਕਿ ਸਿਹਤ ਸੇਵਾਵਾਂ ਦੇਸ਼ ਦੀ ਗੰਭੀਰ ਸਮੱਸਿਆਵਾਂ 'ਚੋਂ ਇੱਕ ਹੈ ਤਾਂ ਕੁਝ ਯਤਨ ਹੁੰਦੇ ਪਰ ਦੇਸ਼ ਦੇ ਹਾਕਮਾਂ ਇੰਨੇ ਭੈੜੇ ਹਾਲਤਾਂ ਤੋਂ ਕੁਝ ਨਹੀਂ ਸਿੱਖਿਆ। ਅੱਜ ਵੀ 1445 ਭਾਰਤੀਆਂ ਪਿਛੇ ਇੱਕ ਡਾਕਟਰ ਹੈ, ਜਦਕਿ ਵਿਸ਼ਵ ਸਿਹਤ ਸੰਗਠਨ ਅਨੁਸਾਰ 1000 ਵਿਅਕਤੀ ਪਿਛੇ ਇੱਕ ਡਾਕਟਰ ਹੋਣਾ ਚਾਹੀਦਾ ਹੈ। ਮੈਡੀਕਲ ਕਾਲਜਾਂ ਦੀ ਇੰਨੀ ਕਮੀ ਹੈ ਅਤੇ ਇਹਨਾ 'ਚ ਪੜ੍ਹਾਈ ਇੰਨੀ ਮਹਿੰਗੀ ਹੈ ਕਿ ਸਧਾਰਨ ਪਰਿਵਾਰਾਂ 'ਚ ਕੋਈ ਡਾਕਟਰ ਨਹੀਂ ਬਣ ਸਕਦਾ। ਮੱਧ ਵਰਗੀ ਪਰਿਵਾਰ ਪੜ੍ਹਾਈ ਲਈ ਆਪਣੇ ਬੱਚਿਆਂ ਨੂੰ ਸਸਤੀਆਂ ਫ਼ੀਸਾਂ ਖ਼ਾਤਰ ਯੂਕਰੈਨ ਵਰਗੇ ਮੁਲਕਾਂ 'ਚ ਭੇਜਦੇ ਹਨ।

ਬਜਾਏ ਇਸਦੇ ਕਿ ਦੇਸ਼ ਦੀਆਂ ਗੰਭੀਰ ਸਮੱਸਿਆਵਾਂ, ਗਰੀਬੀ, ਬੇਰੁਜ਼ਗਾਰੀ, ਸਿੱਖਿਆ, ਸਿਹਤ, ਵਾਤਾਵਰਨ ਨੂੰ ਮੁੱਖ ਰੱਖਕੇ ਯੋਜਨਾਵਾਂ ਬਨਣ ਪਰ ਦੇਸ਼ 'ਚ ਧਰਮ ਅਧਾਰਤ, ਜਾਤੀ ਅਧਾਰਤ, ਰਾਜਨੀਤੀ ਦੀਆਂ ਜੜ੍ਹਾਂ ਡੂੰਘੀਆਂ ਕੀਤੀਆਂ ਜਾ ਰਹੀਆਂ ਹਨ। ਧਰਮ, ਜਾਤ ਅਧਾਰਤ ਵੋਟਾਂ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਇਥੋਂ ਤੱਕ ਕਿ ਧਰਮਾਂ ਨੂੰ ਅੱਗੇ ਰੱਖਕੇ ਨੀਤੀਆਂ ਘੜੀਆਂ ਜਾ ਰਹੀਆਂ ਹਨ। ਇਹ ਕਿਸ ਕਿਸਮ ਦਾ "ਨਵਾਂ ਭਾਰਤ ਨਿਰਮਾਣ" ਹੈ?

ਮੌਜੂਦਾ ਹਾਕਮਾਂ ਵਲੋਂ "ਹਿੰਦੂ ਅਲਪ ਸੰਖਿਅਕ" ਦਾਅ ਚਲਿਆ ਜਾ ਰਿਹਾ ਹੈ ਇਹ ਦਾਅ ਸਿਆਸਤ ਦੇ ਪੂਰੇ ਸਮੀਕਰਨ ਬਦਲ ਸਕਦਾ ਹੈ। ਦੇਸ਼ ਵਿੱਚ ਕੁਲ 775 ਜ਼ਿਲੇ ਹਨ। ਸਾਲ 2011 ਵਿੱਚ ਜਨਗਣਨਾ ਸਮੇਂ 640 ਜ਼ਿਲੇ ਸਨ। ਜ਼ਿਲਾਵਾਰ ਸਰਵੇਖਣ ਅਨੁਸਾਰ ਦੇਸ਼ 'ਚ 102 ਜ਼ਿਲਿਆਂ 'ਚ ਹਿੰਦੂ ਆਬਾਦੀ ਦੂਜੇ ਧਰਮਾਂ ਤੋਂ ਘੱਟ ਹੈ। 537 ਜ਼ਿਲਿਆਂ 'ਚ ਹਿੰਦੂਆਂ ਦੀ ਆਬਾਦੀ ਜ਼ਿਆਦਾ ਹੈ, 37 ਜ਼ਿਲਿਆਂ 'ਚ ਇਸਾਈ ਆਬਾਦੀ ਹੈ, 6 ਜ਼ਿਲਿਆਂ 'ਚ ਬੋਲੀ ਅਤੇ 10 ਜ਼ਿਲਿਆਂ 'ਚ ਸਿੱਖ ਆਬਾਦੀ ਜ਼ਿਆਦਾ ਹੈ। ਕੁਲ ਮਿਲਾਕੇ 15 ਰਾਜਾਂ ਅਤੇ ਕੇਂਦਰ ਸ਼ਾਸ਼ਿਤ ਜ਼ਿਲਿਆਂ 'ਚ ਹਿੰਦੂ ਆਬਾਦੀ ਜ਼ਿਆਦਾ ਅਤੇ 7 ਰਾਜਾਂ ਵਿੱਚ ਹਿੰਦੂ ਆਬਾਦੀ ਘੱਟ ਹੈ। ਇਹਨਾ ਵਿੱਚ ਪੰਜਾਬ 38.49 ਫ਼ੀਸਦੀ, ਜੰਮੂ ਕਸ਼ਮੀਰ 28.44 ਫ਼ੀਸਦੀ, ਮੇਘਾਲਿਆ 11.53 ਫ਼ੀਸਦੀ, ਨਾਗਾਲੈਂਡ 29.04 ਫ਼ੀਸਦੀ, ਮਿਜ਼ੋਰਮ 2.75 ਫ਼ੀਸਦੀ, ਕਲਸ਼ਦੀਪ 2.77 ਫ਼ੀਸਦੀ ਹਿੰਦੂ ਆਬਾਦੀ ਹੈ। ਦੇਸ਼ ਵਿੱਚ ਘੱਟ ਗਿਣਤੀਆਂ ਨੂੰ ਸਿੱਖਿਆ ਤੋਂ ਲੈ ਕੇ ਘਰ ਬਨਾਉਣ ਤੱਕ ਕਈ ਆਰਥਿਕ ਲਾਭ ਮਿਲਦੇ ਹਨ। ਕੇਂਦਰ ਸਰਕਾਰ ਦੇਸ਼ ਵਿੱਚ ਉਹਨਾ ਰਾਜਾਂ 'ਚ ਹਿੰਦੂਆਂ ਨੂੰ ਅਲਪ ਸੰਖਿਅਕ ਘੋਸ਼ਿਤ ਕਰ ਸਕਦੀ ਹੈ, ਜਿਥੇ ਉਹਨਾਂ ਦੀ ਆਬਾਦੀ ਘੱਟ ਹੈ। ਇਸ ਸਬੰਧੀ ਕੇਂਦਰ ਸਰਕਾਰ ਸੁਪਰੀਮ ਕੋਰਟ ਵਿੱਚ ਬਿਆਨ ਦਰਜ਼ ਕਰਵਾ ਚੁੱਕੀ ਹੈ। ਇਹ ਇੱਕ ਵੱਡਾ ਦਾਅ ਹੋਏਗਾ ਵੋਟ ਵਟੋਰਨ ਲਈ, ਜੋ ਕਈ ਅਰਥਾਂ ਵਿੱਚ ਪੂਰਾ ਸਿਆਸੀ ਸਮੀਕਰਨ ਬਦਲ ਸਕਦਾ ਹੈ। ਅਸਾਮ ਦੇ ਭਾਜਪਾ ਮੁੱਖ ਮੰਤਰੀ ਨੇ ਬਿਆਨ ਦਿੱਤਾ ਹੈ ਕਿ ਕੌਣ ਘੱਟ ਗਿਣਤੀ 'ਚ ਹੈ ਇਸਦਾ ਫ਼ੈਸਲਾ ਜ਼ਿਲਾ ਸਤਰ ਉਤੇ ਕੀਤਾ ਜਾਵੇਗਾ। ਜੇਕਰ ਅਸਾਮ ਮਾਡਲ ਦੇਸ਼ ਭਰ 'ਚ ਲਾਗੂ ਹੋਏਗਾ ਤਾਂ ਇਹ ਹਿੰਦੂਤਵ ਏਜੰਡਾ ਲਾਗੂ ਕਰਨ ਦਾ ਵੱਡਾ ਦਾਅ ਹੋਏਗਾ। ਕਿਸੇ ਜ਼ਿਲੇ ਜਾਂ ਸੂਬੇ ਵਿੱਚ ਘੋਸ਼ਿਤ ਘੱਟ ਗਿਣਤੀ ਨੂੰ ਸੁਵਿਧਾਵਾਂ ਦੇ ਦਾਇਰੇ ਤੋਂ ਬਾਹਰ ਕੀਤਾ ਜਾਏਗਾ ਤਾਂ ਉਹਨਾ ਨੂੰ ਦਿਕਤ ਹੋਏਗੀ। ਯੂਪੀ ਦੇ ਰਾਮਪੁਰ, ਬਿਹਾਰ ਦੇ ਕਿਸਾਨ ਗੰਜ, ਕੇਰਲ ਦੇ ਅਲਾਪੁਰਮ ਅਤੇ ਪੱਛਮੀ ਬੰਗਾਲ ਦੇ ਤਿੰਨ ਜ਼ਿਲਿਆਂ ਅਤੇ ਜੰਮੂ-ਕਸ਼ਮੀਰ ਦੇ 18 ਜ਼ਿਲਿਆਂ 'ਚ ਮੁਸਲਿਮ ਆਬਾਦੀ ਜ਼ਿਆਦਾ ਹੈ।

ਜੰਮੂ-ਕਸ਼ਮੀਰ ਵਿੱਚ 370 ਧਾਰਾ ਖ਼ਤਮ ਕਰਕੇ ਅਤੇ ਸੂਬੇ ਦਾ ਦਰਜ਼ਾ ਵਾਪਿਸ ਲੈਕੇ ਕਸ਼ਮੀਰੀਆਂ ਨੂੰ ਪਹਿਲਾਂ ਹੀ ਨਰਾਜ਼ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਪੰਜਾਬ ਤੋਂ ਚੰਡੀਗੜ੍ਹ ਖੋਹਣ ਭਾਖੜਾ ਡੈਮ ਪ੍ਰਬੰਧਨ 'ਚ ਹਿੱਸਾ ਖ਼ਤਮ ਕਰਨ ਦਾ ਬੰਨ੍ਹ ਛੁਬ ਪਹਿਲਾਂ ਹੀ ਜਾਰੀ ਹੈ। ਰਾਜਾਂ ਦੇ ਅਧਿਕਾਰ ਖੋਹਣ ਦਾ ਮਨਸੂਬਾ ਅਤੇ ਸੰਵਿਧਾਨ ਨੂੰ ਤੋੜ ਮਰੋੜ ਕੇ ਰਾਜਾਂ ਦੀਆਂ ਸ਼ਕਤੀਆਂ ਖੋਹਣ ਦਾ ਯਤਨ "ਨੀਊ ਇੰਡੀਆ" ਦੀ ਨੀਂਹ ਜਾਪਦਾ ਹੈ।

ਸਿਟੀਜ਼ਨਸ਼ਿਪ ਸੋਧ ਐਕਟ ਅਤੇ ਨਾਗਰਿਕਤਾ ਰਜਿਸਟਰ, ਲਵ ਜ਼ਿਹਾਦ ਜਿਹੇ ਬਿੱਲ, ਐਕਟ ਧਰਮ, ਜਾਤ, ਬਰਾਦਰੀ ਉਤੇ ਵੰਡਣ ਅਤੇ ਹਿੰਦੂਤਵ ਅਜੰਡਾ ਲਾਗੂ ਕਰਨ ਵਜੋਂ ਵਿਸ਼ਵ ਭਰ ਵਿੱਚ ਵੇਖੇ ਗਏ ਅਤੇ ਭਾਰਤੀ ਲੋਕਤੰਤਰ ਦੀ ਸਾਖ ਉਤੇ ਇੱਕ ਧੱਬਾ ਸਾਬਤ ਹੋਏ ਹਨ।

ਵੋਟਾਂ ਵਿੱਚ ਧਰਮ ਅਧਾਰਤ ਵੰਡ ਭਾਰਤ ਦੇ ਮੱਥੇ ਉਤੇ ਕਲੰਕ ਸਾਬਤ ਹੋ ਰਹੀ ਹੈ। ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ 'ਚ ਆਪਸੀ ਨਫ਼ਰਤ ਫੈਲਾਉਣ ਦਾ ਯਤਨ, ਫਿਰਕੂ ਫਸਾਦਾਂ ਦਾ ਕਾਰਨ ਹੈ। ਦੇਸ਼ ਦੇ ਕਈ ਭਾਗਾਂ ਵਿੱਚ ਗਊ ਹੱਤਿਆਂ ਦੇ ਨਾ ਉਤੇ ਇੱਕ ਫਿਰਕੇ ਦੇ ਲੋਕਾਂ ਦਾ ਕਤਲ ਕਈ ਸਵਾਲ ਖੜੇ ਕਰਦਾ ਹੈ। ਕੀ ਦੇਸ਼ ਦੀ ਆਜ਼ਾਦੀ ਦਾ ਸੁਪਨਾ ਲੈਣ ਵਾਲਿਆਂ ਕਦੇ ਇਸ ਕਿਸਮ ਦੇ "ਨੀਊ ਇੰਡੀਆ" ਦਾ ਸੁਪਨਾ ਲਿਆ ਹੋਏਗਾ?

ਗਰੀਬੀ ਅੱਜ ਦੇਸ਼ ਦੀਆਂ ਜੜ੍ਹਾਂ 'ਚ ਬੈਠ ਚੁੱਕੀ ਹੈ। ਦਿੱਤੀਆਂ ਸਰਕਾਰੀ ਖ਼ੁਰਾਕੀ ਰਿਆਇਤਾਂ ਗਰੀਬ ਵਰਗ ਦਾ ਕੁਝ ਸੁਆਰ ਨਹੀਂ ਸਕਦੀਆਂ ਸਗੋਂ ਉਹਨਾ ਦੇ ਜੀਵਨ ਪੱਧਰ ਨੂੰ ਸੁਧਾਰਨ ਲਈ ਧਰਮ ਅਧਾਰਤ ਰਾਜਨੀਤੀ ਨਹੀਂ, ਸਰਬ ਭਲਾਈ ਹਿੱਤ ਨੀਤੀਆਂ ਦੀ ਲੋੜ ਹੈ। ਪਰ ਮੌਜੂਦਾ ਹਾਕਮ ਜਿਸ ਢੰਗ ਨਾਲ ਜਿਹੜੀ ਦਿਸ਼ਾ ਵਿੱਚ ਦੇਸ਼ ਨੂੰ ਲੈ ਜਾ ਰਹੇ ਹਨ ਉਸ ਨਾਲ ਦੇਸ਼ ਦਾ ਉਸ ਕੱਟੜਪੰਥੀ ਇਸਲਾਮੀ ਮੁਲਕਾਂ ਨਾਲੋਂ ਫ਼ਰਕ ਮਿੱਟ ਜਾਏਗਾ। ਕੱਟੜਪੰਥੀ ਸੋਚ, ਦੇਸ਼ ਨੂੰ ਬਰਬਾਦ ਕਰ ਦੇਵੇਗੀ ਅਤੇ ਭਾਰਤ ਦਾ ਵਿਸ਼ਵ ਸ਼ਕਤੀ ਬਨਣ ਦਾ ਸੁਪਨਾ ਖੇਰੂ-ਖੇਰੂ ਹੋ ਜਾਏਗਾ।

ਦੇਸ਼ ਵਾਸੀ ਕਦੇ ਵੀ ਦੇਸ਼ ਨੂੰ ਪਿਛੇ ਦੀ ਤਰਫ਼ ਧੱਕਣਾ ਪਸੰਦ ਨਹੀਂ ਕਰਨਗੇ, ਕਿਉਂਕਿ ਪਿੱਛੇ ਵੱਲ ਉਹੀ ਦੇਸ਼ ਜਾਂਦੇ ਹਨ, ਜਿਹਨਾ ਨੂੰ ਭਵਿੱਖ ਦੀ ਕੋਈ ਉਮੀਦ ਨਹੀਂ ਰਹਿੰਦੀ! ਜਿਹਨਾ ਦਾ ਭਵਿੱਖ ਰੋਸ਼ਨ ਨਹੀਂ ਹੁੰਦਾ। ਦੇਸ਼ ਦੀਆਂ ਦੇਸ਼ ਭਗਤ ਤਾਕਤਾਂ ਚੰਗੇਰੇ "ਨੀਊ ਇੰਡੀਆ" ਦਾ ਸੁਪਨਾ ਮਨ 'ਚ ਸੰਜੋਈ ਬੈਠੀਆਂ ਹਨ, ਉਹ ਦੇਸ਼ ਵਾਸੀਆਂ ਨੂੰ ਉਵੇਂ ਹੀ ਡਰ ਸਹਿਮ ਤੋਂ ਬਾਹਰ ਕੱਢਣਗੀਆਂ ਜਿਵੇਂ ਕਿਸਾਨ ਅੰਦੋਲਨ ਨੇ ਇੱਕ ਨਵੀਂ ਲੋਅ ਦੇਸ਼ ਵਾਸੀਆਂ ਨੂੰ ਦਿੱਤੀ ਹੈ।



# ਤਰਕਸ਼ੀਲ ਸੁਸਾਇਟੀ ਕੈਲਗਰੀ ਇਕਾਈ ਦਾ ਗਠਨ !



ਕੈਲਗਰੀ : ਅੱਜ ਇੱਥੇ 119, 5120-47 ਸਟਰੀਟ ਦੇਸੀ ਬਜ਼ਾਰ ਪਲਾਜ਼ਾ ਵਿੱਚ ਤਰਕਸ਼ੀਲ ਸੁਸਾਇਟੀ ਦੀ ਚੋਣ ਕੀਤੀ ਗਈ। ਮੀਟਿੰਗ ਵਿੱਚ ਦਰਸ਼ਨ ਔਜਲਾ, ਮਾਸਟਰ ਭਜਨ ਸਿੰਘ, ਗੋਪਾਲ ਕਾਉਂਕੇ, ਮਾਲਵਿੰਦਰ ਗਰੇਵਾਲ, ਜਸਪਾਲ ਸਿੰਘ ਹੰਸਰਾ, ਸੁਖਦੇਵ ਸਿੰਘ, ਜਗਜੀਤ ਸਿੰਘ ਤੇਜਾ, ਨਵਤੇਜ ਸਿੰਘ, ਕੁਲਦੀਪ ਗਿੱਲ, ਗੁਰਨਾਮ ਸਿੰਘ ਅਤੇ ਰਾਜ ਕੈਲਗਰੀ ਆਦਿ ਨੇ ਭਾਗ ਲਿਆ। ਵਿਚਾਰ-ਚਰਚਾ ਉਪਰੰਤ ਦਰਸ਼ਨ ਔਜਲਾ ਨੂੰ ਪ੍ਰਧਾਨ, ਮਾਲਵਿੰਦਰ ਗਰੇਵਾਲ (ਮੈਂਡੀ) ਨੂੰ ਸਕੱਤਰ, ਗੋਪਾਲ ਕਾਉਂਕੇ ਨੂੰ ਵਿੱਤ ਸਕੱਤਰ (ਖਜਾਨਚੀ), ਗੁਰਨਾਮ ਸਿੰਘ ਮੀਤ ਪ੍ਰਧਾਨ, ਕੁਲਦੀਪ ਸਿੰਘ ਗਿੱਲ ਜੁਆਇੰਟ ਸਕੱਤਰ, ਨਵਤੇਜ ਸਿੰਘ ਪ੍ਰੈਸ ਸਕੱਤਰ, ਜਗਜੀਤ ਸਿੰਘ (ਤੇਜਾ) ਐਗਜੈਕਟਿਵ ਕਮੇਟੀ ਮੈਂਬਰ ਚੁਣੇ ਗਏ।

ਸੁਸਾਇਟੀ ਵਲੋਂ ਕੈਲਗਰੀ ਅਤੇ ਨੇੜਲੇ ਇਲਾਕਿਆਂ 'ਚ ਤਰਕਸ਼ੀਲ ਵਿਚਾਰਾਂ ਦਾ ਪ੍ਰਚਾਰ ਤੇ ਪਸਾਰ ਕਰਨ ਲਈ ਤਰਕਸ਼ੀਲ ਸੋਚ ਪਾਠਕਾਂ ਤੱਕ ਪਹੁੰਚਾਣ ਲਈ ਹਰ ਮੈਂਬਰ ਯਤਨ ਕਰੇਗਾ। ਕੈਲਗਰੀ ਵਿੱਚ ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਸੁਸਾਇਟੀ ਦਾ ਖੁੱਲ੍ਹਾ ਚੈਲਿੰਜ ਹੈ ਕਿ ਜੇ ਕਿਸੇ ਪਾਸੇ ਵੀ ਕੋਈ ਗੈਬੀ ਸ਼ਕਤੀ ਹੈ ਤਾਂ ਉਹ ਸਾਡਾ ਚੈਲਿੰਜ ਕਬੂਲ ਕਰਨ। ਤਰਕਸ਼ੀਲ ਸੁਸਾਇਟੀ ਕਨੇਡਾ ਨਾਲ ਮਿਲ਼ ਕੇ ਕਨੇਡਾ ਭਰ ਵਿੱਚ ਇਸ ਮੁਹਿੰਮ ਨੂੰ ਤੇਜ ਕੀਤਾ ਜਾਵੇਗਾ। ਤਰਕਸ਼ੀਲ ਸੁਸਾਇਟੀ ਕੈਲਗਰੀ ਇਕਾਈ ਵਲੋਂ ਸਭ ਲੋਕਾਂ ਨੂੰ ਅਪੀਲ ਹੈ ਕਿ ਜੇ ਕਿਤੇ ਵੀ ਗੈਰ-ਕੁਦਰਤੀ ਘਟਨਾ ਵਾਪਰਦੀ ਹੈ ਤਾਂ ਉਹ ਪ੍ਰਧਾਨ ਦਰਸ਼ਨ ਔਜਲਾ ਨੂੰ 403-606-6445, ਮਾਲਵਿੰਦਰ ਗਰੇਵਾਲ ਨੂੰ 1-778-979-5838, ਗੋਪਾਲ ਕਾਉਂਕੇ ਨੂੰ 403-970-3588 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਸਾਹਿਤ ਸਭਾ ਵਿਨੀਪੈੱਗ ਵਲੋਂ ਤਰਕਸ਼ੀਲ ਆਗੂ ਸੁਰਜੀਤ ਦੌਧਰ ਦੇ ਆਗਮਨ ਤੇ ਭਰਵੀਂ ਮੀਟਿੰਗ

- ਜਸਵੀਰ ਮੰਗੂਵਾਲ -

ਵਿਨੀਪੈੱਗ : 24 ਅਪਰੈਲ਼ ਦਿਨ ਐਤਵਾਰ ਨੂੰ ਕੈਨੇਡਾ ਦੇ ਸ਼ਹਿਰ ਵਿੱਨੀਪੈੱਗ ਵਿੱਚ ਪੰਜਾਬੀ ਸਾਹਿਤ ਤੇ ਸਭਿਆਚਾਰਕ ਸਭਾ ਵਿਨੀਪੈੱਗ ਵਲੋਂ ਤਰਕਸ਼ੀਲ ਆਗੂ ਸੁਰਜੀਤ ਦੌਧਰ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਸਭਾ ਦੇ ਫਾਊਂਡਰ ਮੈਂਬਰ ਹਰਨੇਕ ਧਾਲੀਵਾਲ ਨੇ ਸਾਰੇ ਮੈਂਬਰਾਂ ਦਾ ਸਵਾਗਤ ਕੀਤਾ ਤੇ ਸੁਰਜੀਤ ਦੌਧਰ ਜੀ ਬਾਰੇ ਜਾਣਕਾਰੀ ਦਿੱਤੀ। ਸੁਰਜੀਤ ਦੌਧਰ ਜੀ ਨੇ ਕਿਹਾ ਕਿ ਮਨੁੱਖ ਦੀ ਸਾਰਿਆਂ ਤੋਂ ਮੁਢਲੀ ਲੋੜ ਸਿੱਖਿਆ ਹੈ ਜਿੱਥੋਂ ਸਾਰੀਆਂ ਗੱਲਾਂ ਦਾ ਜਨਮ ਹੋਣਾ ਹੈ ਸਾਡੀ ਤਰਕਸ਼ੀਲਤਾ, ਵਿਗਿਆਨਕ ਸੋਚ, ਰਹਿਣ ਸਹਿਣ, ਸੁਭਾਅ ਆਦਿ ਦੀ ਸੋਝੀ ਸਿੱਖਿਆ ਰਾਹੀਂ ਹੀ ਆਉਣੀ ਹੈ। ਉਹਨਾਂ ਕਿਹਾ ਕਿ 1848 ਵਿੱਚ ਤਿੰਨ ਇਨਕਲਾਬ ਆਏ, ਪਹਿਲਾ ਮਾਰਕਸਵਾਦ ਦਾ ਕਮਿਊਨਿਸਟ ਮੈਨੀਫੈਸਟੋ ਦੂਸਰਾ ਅਮਰੀਕਾ ਵਿੱਚ ਇਕੱਲੀਆਂ ਔਰਤਾਂ ਦਾ ਮੁਜ਼ਾਹਰਾ ਕਰਨਾ ਤੇ ਤੀਸਰਾ ਜੋਤੀ ਭਾਈ ਫੂਲੇ ਵਲੋਂ ਆਪਣੀ ਪਤਨੀ ਸਵਿੱਤਰੀ ਬਾਈ ਫੂਲੇ ਨੂੰ ਲੜਕੀਆਂ ਦਾ ਪਹਿਲਾ ਸਕੂਲ ਖੋਲ੍ਹ ਕੇ ਦੇਣਾ। ਇਹਨਾਂ ਤਿੰਨਾਂ ਇਨਕਲਾਬਾਂ ਵਿੱਚੋਂ ਸਭ ਤੋਂ ਵੱਡਾ ਇਨਕਲਾਬ ਜੋਤੀ ਬਾਈ ਫੂਲੇ ਦਾ ਸੀ। ਜੇਕਰ ਸਿਖਿਆ ਨਾ ਹੁੰਦੀ ਤਾਂ ਅਮਰੀਕਾ ਵਿੱਚ ਉਸ ਸਮੇਂ ਇਕੱਲੀਆਂ ਔਰਤਾਂ ਮੁਜ਼ਾਹਰਾ ਨਹੀਂ ਸੀ ਕਰ ਸਕਦੀਆਂ ਤੇ ਨਾ ਹੀ ਅਮੀਰੀ ਗਰੀਬੀ ਤੇ ਪੂੰਜੀ ਦੀ ਪੈਦਾਇਸ਼ ਬਾਰੇ ਕਦੇ ਪਤਾ ਲੱਗਦਾ। ਜਦੋਂ ਅਮਰੀਕਾ ਵਿੱਚ ਇਕੱਲੀਆਂ ਔਰਤਾਂ ਮੁਜ਼ਾਹਰਾ ਕਰ ਰਹੀਆਂ ਸਨ ਤਾਂ ਸਾਡੇ ਬ੍ਰਾਹਣਵਾਦ ਨੇ ਭਾਰਤੀ ਔਰਤਾਂ ਨੂੰ ਸਿੱਖਿਆ ਤੋਂ ਕੋਹਾਂ ਦੂਰ ਰੱਖਿਆ, ਇਹ ਕਿੰਨਾ ਪਛੜਾਪਣ ਸੀ। ਉਹਨਾਂ ਬਾਹਰ ਵਸਦੇ ਸਾਥੀਆਂ ਨੂੰ ਅਪੀਲ ਕੀਤੀ ਕਿ ਤੁਹਾਨੂੰ ਆਪਣੇ ਪਿੰਡਾਂ ਦੇ ਸਕੂਲਾਂ ਦੀ ਪੜ੍ਹਾਈ ਲਈ ਮੱਦਦ ਕਰਨੀ ਚਾਹੀਦੀ ਹੈ। ਤੁਸੀਂ ਸਿੱਖਿਅਤ ਨਾ ਹੋ ਜਾਵੋ ਇਸ ਲਈ ਮੁਰਲੀ ਮਨੋਹਰ ਜੋਸ਼ੀ ਤੇ ਸੁਸ਼ਮਾ ਸਵਰਾਜ ਰਾਜ ਸਭਾ ਵਿੱਚ ਰੌਲ਼ਾ ਪਾ ਕੇ ਪਾਸ਼ ਦੀ ਕਵਿਤਾ ਸਿਲੇਬਸ ਵਿੱਚੋਂ ਕਢਵਾਉਂਦੇ ਹਨ, ਜਦੋਂ ਭਾਜਪਾ ਪਹਿਲੀ ਵਾਰੀ ਸੱਤਾ ਵਿੱਚ ਆਈ ਉਸਨੇ ਅਕਾਲੀ ਦਲ ਤੇ ਦਬਾਅ ਪਾ ਕੇ ਏਕਤਾ ਦਾ ਪ੍ਰਤੀਕ 'ਖੰਡ ਦੇ ਖਿਡੌਣੇ' ਤੇ ਹੁਣ ਫੈਜ਼ ਅਹਿਮਦ ਫੈਜ਼ ਦੀ ਕਵਿਤਾ ਤੇ ਮੁਨਸ਼ੀ ਪ੍ਰੇਮ ਚੰਦ ਦੀ ਕਹਾਣੀ 'ਨਿੰਮ ਦਾ ਬੂਟਾ' ਸਿਲੇਬਸ ਵਿੱਚੋਂ ਕਢਵਾ ਦਿੱਤੀ। ਗੱਲ ਕੀ ਜੋ ਵੀ ਸਾਹਿਤ ਸਿਸਟਮ ਨੂੰ ਸਵਾਲ ਕਰਨਾ ਸਿਖਾਉਂਦਾ ਹੈ ਉਸਨੂੰ ਸਿਲੇਬਸ ਵਿੱਚੋਂ ਕਢਵਾ ਰਹੇ ਹਨ। ਸਾਡੇ ਸਾਰੇ ਸੁਹਿਰਦ ਸਾਥੀਆਂ ਦਾ ਧਿਆਨ ਵੀ ਸਿਖਿਆ ਨੂੰ ਬਚਾਉਣ ਲਈ ਹੋਣਾ ਚਾਹੀਦਾ ਹੈ। ਉਹਨਾਂ ਬਹੁਤ ਸਾਰੀਆਂ ਉਦਾਹਰਣਾਂ ਦੇ ਕੇ ਵਿਅੰਗਆਤਮਕ ਗੱਲਾਂ ਰਾਹੀਂ ਜਨਤਾ ਦੇ ਹੋ ਰਹੇ ਸ਼ੋਸ਼ਣ ਬਾਰੇ ਹੀ ਨਹੀਂ ਦੱਸਿਆ, ਸਗੋਂ ਸਾਡੇ ਆਧਿਆਪਕ ਵਰਗ ਦਾ ਤਨਦੇਹੀ ਨਾਲ ਡਿਊਟੀ ਨਾ ਨਿਭਾਉਣਾ ਤੇ ਗੈਰਜ਼ਿੰਮੇਵਾਰ ਹੋਣਾ ਵੀ ਸ਼ਾਮਲ ਹੈ। ਉਹਨਾਂ ਇਹ ਵੀ ਕਿਹਾ ਕਿ ਲੈਨਿਨ ਮੁਤਾਬਕ ਪੂੰਜੀਵਾਦ ਦਾ ਸੜਿਆ ਰੂਪ ਫਾਸ਼ੀਵਾਦ ਹੈ ਜਦੋਂ ਸਰਕਾਰ ਕੋਲ ਚੰਗੀਆਂ ਨੀਤੀਆਂ ਨਾ ਹੋਣ ਤਾਂ ਉਹ ਹਿੰਦੂ ਮੁਸਲਮਾਨ ਦਾ ਝਗੜਾ ਪੁਵਾ ਕੇ ਹੀ ਰੱਖਣਾ ਚਾਹੁੰਦੇ ਹਨ। ਉਹਨਾਂ ਨੇ ਕਿਹਾ ਕਿ ਕੋਈ ਵੀ ਲੋਕ ਪੱਖੀ ਵਿਚਾਰਧਾਰਾ ਜੋ ਲੋਕਾਂ ਦੇ ਹਾਣ ਦੀ ਤੇ ਉਹਨਾਂ ਦੇ ਚੁੱਲਿਆਂ ਦੀ ਗੱਲ ਕਰਦੀ ਹੋਵੇ ਤਾਂ ਹੀ ਆਮ ਲੋਕਾਂ ਨੂੰ ਸਮਝ ਲੱਗਦੀ ਹੈ। ਉਹਨਾਂ ਨੇ ਜੋਤਿਸ਼ ਦੇ ਪਖੰਡ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ ਤੇ ਲੋਕਾਂ ਨੂੰ ਜਾਗਦੇ ਰਹਿਣ ਦਾ ਸੱਦਾ ਦਿੱਤਾ। ਉਸਤੋਂ ਬਾਅਦ ਸਵਾਲ ਜਵਾਬ ਦਾ ਸਿਲਸਿਲਾ ਸ਼ੁਰੂ ਹੋਇਆ, ਉਹਨਾਂ ਨੇ ਸਭਾ ਦੇ ਮੈਂਬਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਸਥਾਰ ਵਿੱਚ ਦਿੱਤੇ। ਇਸ ਤਰ੍ਹਾਂ ਤਰਕਸ਼ੀਲ਼ਤਾ ਤੇ ਅਗਾਂਹਵਧੂ ਵਿਚਾਰਧਾਰਾ ਵਾਲੀ ਇਹ ਮੀਟਿੰਗ ਦੋ ਵਜੇ ਤੋਂ ਲੈ ਕੇ ਸਵਾ ਪੰਜ ਵਜੇ ਤੱਕ ਚੱਲਦੀ ਰਹੀ। ਮੌਸਮ ਖ਼ਰਾਬ ਹੋਣ ਦੇ ਬਾਵਜੂਦ ਵੀ ਵਿਨੀਪੈੱਗ ਵਾਸੀਆਂ ਨੇ ਇਸ ਮੀਟਿੰਗ ਨੂੰ ਭਰਵਾਂ ਹੁੰਗਾਰਾ ਦਿੱਤਾ। ਹਰਨੇਕ ਧਾਲੀਵਾਲ ਨੇ ਆਏ ਸਾਥੀਆਂ ਤੇ ਸੁਰਜੀਤ ਦੌਧਰ ਜੀ ਦਾ ਧੰਨਵਾਦ ਕੀਤਾ।




NEW SERVICE BY CARE INC
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ
CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਣਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।



'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available

www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca



Sun Life

Advice from someone you trust.

It's important to protect yourself and your family from the financial impact of lost income due to accident, illness or disability. Do you have a plan in place?

Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com

Sun Life Assurance Company of Canada is a member of the Sun Life group of companies.
© Sun Life Assurance Company of Canada, 2021.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ

Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com

# ਭਾਰਤੀਆਂ ਨੇ ਕਨੇਡਾ ਵਿੱਚ ਵੋਟ ਦਾ ਹੱਕ ਕਿਸ ਤਰ੍ਹਾਂ ਲਿਆ ?

**ਸੁਖਵੰਤ ਹੁੰਦਲ**
**-ਸਾਧੂ ਬਿਨਿੰਗ**

ਕਨੇਡਾ ਦੀ ਭਾਰਤੀ ਕਮਿਊਨਿਟੀ ਵਲੋਂ ਇੱਥੇ ਆਪਣੇ ਹੱਕ ਲੈਣ ਲਈ ਕੀਤੀਆਂ ਜੱਦੋਜਹਿਦਾਂ ਦਾ ਇਕ ਲੰਮਾ ਇਤਿਹਾਸ ਹੈ। ਜਿੱਥੇ ਕਮਿਊਨਿਟੀ ਵਲੋਂ ਕਨੇਡਾ ਦੇ ਇਮੀਗਰੇਸ਼ਨ ਦੇ ਕਾਨੂੰਨਾਂ ਵਿੱਚ ਤਬਦੀਲੀਆਂ ਲਿਆਉਣ ਵਾਸਤੇ ਜਾਂ ਭਾਰਤ ਨੂੰਆਜ਼ਾਦ ਕਰਾਉਣ ਵਾਸਤੇ ਕੀਤੀਆਂ ਸਰਗਰਮੀਆਂ ਅਤੇ ਕੁਰਬਾਨੀਆਂ ਆਮ ਜਾਣੀਆਂ ਜਾਂਦੀਆਂ ਹਨ ਉੱਥੇ ਉਨ੍ਹਾਂ ਦੀਕਨੇਡਾ ਵਿੱਚ ਵੋਟ ਦਾ ਹੱਕ ਪ੍ਰਾਪਤ ਕਰਨ ਵਾਸਤੇ ਕੀਤੀ ਲੰਮੀ ਅਤੇ ਮਾਣਮੱਤੀ ਜੱਦੋਜਹਿਦ ਬਾਰੇ ਬਹੁਤ ਘੱਟ ਲਿਖਿਆ ਅਤੇਵਿਚਾਰਿਆ ਗਿਆ ਹੈ। ਇਸ ਹੱਕ ਲਈ ਚਾਲੀ ਵਰ੍ਹੇ ਘੋਲ ਕਰਨ ਵਾਲੇ ਲੋਕਾਂ ਦੇ ਮਨਾਂ ਵਿੱਚ ਸੀ ਕਿ ਇਹ ਦਿਨ ਭਾਰਤੀ-ਕਨੇਡੀਅਨਾਂ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ। ਇਸ ਲੰਮੀ ਜਦੋਜਹਿਦ ਬਾਰੇ ਖਾਲਸਾਦੀਵਾਨ ਸੁਸਾਇਟੀ ਵਿਕਟੋਰੀਆ ਵਲੋਂ 1947 ਵਿੱਚ ਛਾਪੀ ਰੀਪੋਰਟ ਵਿੱਚ ਇਸ ਦਿਨ ਦੀ ਮਹੱਤਤਾ ਬਾਰੇ ਕੁਝ ਇਸ ਤਰ੍ਹਾਂਲਿਖਿਆ ਹੈ: "2 ਅਪ੍ਰੈਲ ਦਾ ਦਿਨ ਸਾਡੀ ਕਮਿਊਨਿਟੀ ਦੇ ਇਤਿਹਾਸ ਵਿੱਚ ਸਦਾ ਹੀ ਲਾਲ ਅੱਖਰਾਂ ਵਾਲੇ ਦਿਨ ਵਜੋਂਜਾਣਿਆ ਜਾਵੇਗਾ। ਅਜਿਹਾ ਦਿਨ ਜੋ ਸਾਡੇ ਲਈ ਡੁਮੀਨਿਅਨ ਅਤੇ ਸੂਬੇ ਦੇ ਕਾਨੂੰਨਾਂ ਅਧੀਨ ਕਨੇਡੀਅਨ ਨਾਗਰਿਕਾਂ ਬਰਾਬਰ ਸਿਆਸੀ ਆਜ਼ਾਦੀ ਅਤੇ ਬਰਾਬਰੀ ਲੈ ਕੇ ਆਇਆ।" (1) ਇਸ ਲਈ ਅਸੀਂ ਆਪਣੇ ਫਰਜ਼ ਤੋਂ ਕੁਤਾਹੀ ਕਰਰਹੇ ਹੋਵਾਂਗੇ ਜੇ ਅਸੀਂ ਉਨ੍ਹਾਂ ਦੇ ਇਸ ਆਸ਼ੇ ਨੂੰ ਸ਼ਰਧਾ ਦੇ ਫੁੱਲ ਨਾ ਚੜ੍ਹਾਏ। ਅੱਜ ਜਦੋਂ ਸਾਡੀ ਆਪਣੀ ਕਮਿਊਨਿਟੀ ਵਿਚੋਂਕਨੇਡਾ ਦੀਆਂ ਹਰ ਪੱਧਰ ਦੀਆਂ ਸਰਕਾਰਾਂ ਵਿੱਚ ਚੁਣੇ ਹੋਏ ਨੁਮਾਇੰਦੇ ਹਨ ਅਤੇ ਸਾਡੇ ਆਪਣੇ ਭਾਈਚਾਰੇ ਵਿਚੋਂ ਲੋਕਮੰਤਰੀਆਂ ਦੇ ਅਹੁਦਿਆਂ ਉੱਤੇ ਹਨ ਤਾਂ ਸਾਡੇ ਵਾਸਤੇ ਸਾਡੇ ਬਜ਼ੁਰਗਾਂ ਵਲੋਂ ਕੀਤੀ ਇਸ ਘਾਲਣਾ ਨੂੰ ਯਾਦ ਕਰਨਾ ਬੇਹੱਦਜ਼ਰੂਰੀ ਹੋ ਜਾਂਦਾ ਹੈ।

ਵੋਟ ਦਾ ਹੱਕ ਲੈਣ ਵਾਸਤੇ ਸਾਡੀ ਕਮਿਊਨਿਟੀ ਦੇ ਵੱਖ ਵੱਖ ਲੋਕਾਂ ਨੇ, ਵੱਖ ਵੱਖ ਤਰੀਕਿਆਂ ਨਾਲ, ਲੰਮਾ ਸਮਾਂ ਸੰਘਰਸ਼ਕੀਤਾ। ਇਸ ਲੰਮੇ ਸੰਘਰਸ਼ ਵਿੱਚ ਕਨੇਡੀਅਨ ਭਾਈਚਾਰੇ ਜਾਂ ਗੋਰੇ ਲੋਕਾਂ ਵਿਚੋਂ ਜਿੱਥੇ ਕਈ ਲੋਕ, ਖਾਸ ਕਰ ਹੁਕਮਰਾਨ, ਅਜਿਹੇ ਸਨ ਜੋ ਸਾਡੇ ਵਲ ਨਫਰਤ ਵਾਲਾ ਨਜ਼ਰੀਆ ਅਤੇ ਵਤੀਰਾ ਰੱਖਦੇ ਸਨ ਉੱਥੇ ਅਜਿਹੇ ਲੋਕ ਅਤੇ ਜਥੇਬੰਦੀਆਂ ਵੀਸਨ ਜਿਨ੍ਹਾਂ ਨੇ ਵੋਟ ਦੇ ਹੱਕ ਲਈ ਜੱਦੋਜਹਿਦ ਵਿੱਚ ਸਾਡੀ ਹਰ ਤਰ੍ਹਾਂ ਨਾਲ ਹਿਮਾਇਤ ਕੀਤੀ। ਕਨੇਡੀਅਨ ਸਮਾਜ ਵਿਚਲੇਅਗਾਂਹਵਧੂ ਅਤੇ ਜਮੂਹਰੀਅਤ ਪਸੰਦ ਲੋਕਾਂ, ਜਿਨ੍ਹਾਂ ਵਿੱਚ ਸੀ. ਸੀ. ਐਫ਼ (ਕੋਅਪ੍ਰੇਟਿਵ ਕਾਮਨਵੈਲਥ ਫੈਡਰੇਸ਼ਨ, ਜੋ ਅੱਗੇਚਲ ਕੇ ਐਨ. ਡੀ. ਪੀ. ਪਾਰਟੀ ਬਣੀ) ਵਰਗੀਆਂ ਸਿਆਸੀ ਪਾਰਟੀਆਂ ਅਤੇ ਮਜ਼ਦੂਰ ਯੂਨੀਅਨਾਂ ਸ਼ਾਮਲ ਸਨ, ਵਲੋਂ 1940ਵਿਆਂ ਦੌਰਾਨ ਕੀਤੀ ਗਈ ਹਿਮਾਇਤ ਬਹੁਤ ਗੌਲਣਯੋਗ ਹੈ। ਕਨੇਡਾ ਵਿਚਲੇ ਸਾਡੇ ਇਤਿਹਾਸ ਦੇ ਇਸ ਕਾਂਡ ਬਾਰੇਬਹੁਤ ਘੱਟ ਲਿਖਿਆ ਗਿਆ ਹੈ। ਜੋ ਕੁੱਝ ਲਿਖਿਆ ਗਿਆ ਹੈ ਉਸ ਵਿੱਚ ਇਸ ਜੱਦੋਜਹਿਦ ਦੀ ਪੂਰੀ ਤਸਵੀਰ ਉਜਾਗਰਨਹੀਂ ਹੁੰਦੀ। ਜੇ ਸਾਡਾ ਇਹ ਲੇਖ ਇਸ ਅਧੂਰੀ ਅਤੇ ਧੁੰਦਲੀ ਤਸਵੀਰ ਨੂੰ ਹੋਰ ਸਪਸ਼ਟ ਕਰਨ ਵਿੱਚ ਥੋੜ੍ਹਾ ਬਹੁਤ ਵੀਕਾਮਯਾਬ ਹੋ ਜਾਵੇ ਤਾਂ ਅਸੀਂ ਸਮਝਾਂਗੇ ਕਿ ਸਾਡੀ ਮਿਹਨਤ ਵਰ ਆਈ ਹੈ।

ਇਸ ਲੇਖ ਵਿੱਚ ਅਸੀਂ ਕਨੇਡਾ ਵਿਚਲੀ ਭਾਰਤੀ ਕਮਿਊਨਿਟੀ ਦੇ ਵੋਟ ਪਾਉਣ ਦੇ ਹੱਕ ਦੇ ਮਸਲੇ ਦੇ ਵੱਖ ਵੱਖ ਪਹਿਲੂਆਂ ਉੱਪਰ ਵੇਰਵੇ ਸਹਿਤ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਵਿਚਾਰਾਂਗੇ ਕਿ ਸਾਡੇ ਲੋਕਾਂ ਦੇ ਏਥੇ ਆਉਣ ਪਿੱਛੋਂ ਕਾਨੂੰਨ ਬਣਾ ਕੇ, ਉਹਨਾਂ ਤੋਂ ਵੋਟ ਪਾਉਣ ਦਾ ਹੱਕ ਕਿਵੇਂ ਅਤੇ ਕਿਉਂ ਖੋਹਿਆ ਗਿਆ; ਉਹ ਕਿਹੜੇ ਆਰਥਿਕ,



ਸਿਆਸੀ ਜਾਂ ਸਭਿਆਚਾਰਕ ਕਾਰਨ ਸਨ ਜਿਨ੍ਹਾਂ ਦੇ ਡਰ ਤੋਂ ਕਨੇਡਾ ਦੇ ਹੁਕਮਰਾਨ ਸਾਡੇ ਲੋਕਾਂ ਨੂੰ ਕਨੇਡਾ ਆਉਣ ਤੋਂ ਰੋਕਣ ਜਾਂ ਹੇਠਲੇ ਦਰਜੇ ਦੇ ਸ਼ਹਿਰੀ ਬਣਾ ਕੇ ਰੱਖਣ ਵਾਸਤੇ ਨਸਲ ਨੂੰ ਆਧਾਰ ਬਣਾਉਂਦੇ ਸਨ ਅਤੇ ਵੋਟ ਦਾ ਹੱਕ ਨਾ ਹੋਣ ਕਾਰਨ ਭਾਰਤੀ ਕਨੇਡੀਅਨ ਲੋਕਾਂ ਦੇ ਰੋਜ਼ਾਨਾ ਜੀਵਨ ਉੱਪਰ ਕਿਸ ਕਿਸਮ ਦੇ ਨਾਂਹ-ਪੱਖੀ ਅਸਰ ਪੈਂਦੇ ਸਨ? ਇਸ ਤੋਂ ਅੱਗੇ ਅਸੀਂ ਇਹਦੇ ਖਾਂਗੇ ਕਿ ਬਰਤਾਨਵੀ ਸਾਮਰਾਜ ਦਾ ਅਤੇ ਖਾਸ ਕਰ ਭਾਰਤ ਵਿਚਲੀ ਅੰਗ੍ਰੇਜ਼ੀ ਸਰਕਾਰ ਦਾ ਇਸ ਮਸਲੇ ਵੱਲ ਕੀ ਰਵੱਈਆ ਸੀ। ਅਤੇ ਉਨ੍ਹਾਂ ਨੇ ਕਨੇਡਾ ਵਸਦੇ ਭਾਰਤੀਆਂ ਵਾਸਤੇ ਵੋਟ ਦੇ ਹੱਕ ਦੀ ਕਿਉਂ ਹਿਮਾਇਤ ਕੀਤੀ ਜਦੋਂ ਕਿ ਉਹ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਸਾਊਥ ਅਫਰੀਕਾ ਆਦਿ ਡੁਮੀਨਿਅਨਾਂ ਦੇ ਹਾਕਮ ਗੋਰਿਆਂ ਦੀਆਂ ਗੈਰ-ਗੋਰਿਆਂ ਵੱਲ ਅਪਣਾਈਆਂ ਬਾਕੀ ਸਾਰੀਆਂ ਨੀਤੀਆਂ ਦੀ ਹਿਮਾਇਤ ਕਰਦੇ ਸਨ ਅਤੇ ਡੁਮੀਨਿਅਨਾਂ ਨੂੰ ਗੋਰਿਆਂ ਵਾਸਤੇ ਰਾਖਵੀਆਂ ਰੱਖਣ ਦੇ ਇਰਾਦੇ ਨਾਲ ਸਹਿਮਤ ਸਨ। ਅਖੀਰ ਵਿੱਚ ਸਥਾਨਕ ਭਾਰਤੀ ਕਮਿਊਨਿਟੀ ਵਲੋਂ ਵੋਟ ਦਾ ਹੱਕ ਮੁੜਪ੍ਰਾਪਤ ਕਰਨ ਲਈ ਲੜੀ ਲੰਮੀ ਲੜਾਈ ਦੇ ਵੱਖ ਵੱਖ ਪਹਿਲੂਆਂ ਉੱਪਰ ਵਿਚਾਰ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇਹਵੀ ਦੇਖਿਆ ਜਾਵੇਗਾ ਕਿ ਸਾਡੇ ਲੋਕਾਂ ਦੇ ਇਸ ਸੰਘਰਸ਼ ਵਿੱਚ ਸਮੁੱਚੀ ਕਨੇਡੀਅਨ ਕਮਿਊਨਿਟੀ ਵਿਚੋਂ ਕਿਹੜੀਆਂ ਧਿਰਾਂਇਸ ਜੱਦੋਜਹਿਦ ਦੇ ਹੱਕ ਵਿੱਚ ਖੜ੍ਹੀਆਂ ਅਤੇ ਕਿਹੜੀਆਂ ਧਿਰਾਂ ਨੇ ਇਸ ਜੱਦੋਜਹਿਦ ਦੀ ਵਿਰੋਧਤਾ ਕੀਤੀ।

**ਵੋਟ ਦਾ ਹੱਕ ਕਦੋਂ ਅਤੇ ਕਿਸ ਤਰ੍ਹਾਂ ਖੋਹਿਆ ਗਿਆ?**

ਜਦੋਂ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਭਾਰਤੀਆਂ ਨੇ ਕਨੇਡਾ ਆਉਣਾ ਸ਼ੁਰੂ ਕੀਤਾ ਤਾਂ ਉਹ ਸਭ ਤੋਂ ਪਹਿਲਾਂ ਪੱਛਮੀ ਤੱਟ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਆਏ ਅਤੇ ਖੇਤੀਬਾੜੀ, ਮੱਛੀ ਉਦਯੋਗ ਅਤੇ ਲੱਕੜ ਦੀਆਂ ਮਿੱਲਾਂ ਵਿੱਚ ਮਜ਼ਦੂਰੀ ਕਰਨ ਲੱਗੇ। ਇਸ ਸੂਬੇ ਦੀ ਆਬਾਦੀ ਉਸ ਸਮੇਂ ਅਜੇ ਏਨੀ ਜ਼ਿਆਦਾ ਨਹੀਂ ਸੀ। ਯੂਰਪੀਅਨ ਪਿਛੋਕੜ ਦੇ ਲੋਕਾਂ ਦੇ ਨਾਲ ਨਾਲ ਏਥੇਕਾਫੀ ਵੱਡੀ ਗਿਣਤੀ ਵਿੱਚ ਚੀਨੀ ਅਤੇ ਜਾਪਾਨੀ ਲੋਕ ਵੀ ਰਹਿ ਰਹੇ ਸਨ। ਸੂਬੇ ਦੀ ਆਰਥਿਕਤਾ ਅਜੇ ਏਨੀ ਵਿਕਸਤ ਨਹੀਂ ਸੀ ਹੋਈ। ਖੇਤੀਬਾੜੀ ਦਾ, ਮੱਛੀ ਦਾ ਅਤੇ ਕੁੱਝ ਹੱਦ ਤੱਕ ਲੱਕੜ ਦਾ ਕੰਮ ਮੌਸਮ ਕਾਰਨ ਸਾਲ ਦਾ ਕੁੱਝ ਹਿੱਸਾ ਬੰਦ ਰਹਿੰਦਾ ਸੀ। ਨਤੀਜੇ ਵਜੋਂ ਸਾਲ ਦਾ ਕਾਫੀ ਹਿੱਸਾ ਬਹੁਤ ਲੋਕ ਕੰਮਾਂ ਤੋਂ ਵਿਹਲੇ ਰਹਿੰਦੇ ਸਨ। ਮਿੱਲਾਂ, ਫਾਰਮਾਂ ਅਤੇ ਮੱਛੀ ਦੀਆਂ ਕੈਨਰੀਆਂ ਦੇ ਮਾਲਕ ਅਤੇ ਸਮੇਂ ਦੀਆਂ ਸਾਰੇ ਪੱਧਰਾਂ ਦੀਆਂ ਸਰਕਾਰਾਂ ਆਪਣੇ ਮੁਨਾਫੇ ਅਤੇ ਸਰਦਾਰੀ ਵਾਸਤੇ ਗੈਰ-ਯੂਰਪੀਅਨ ਪਿਛੋਕੜ ਦੇ ਲੋਕਾਂ ਦੀ ਦੋਹਰੀ ਤੀਹਰੀ ਵਰਤੋਂ ਕਰਦੇ ਸਨ। ਇਕ ਤਾਂ ਉਹ ਏਸ਼ੀਅਨ ਮਜ਼ਦੂਰਾਂ ਨੂੰ ਘੱਟ ਤਨਖਾਹ ਉੱਤੇ ਰੱਖ ਕੇ ਸਿੱਧਾ ਮੁਨਾਫਾ ਕਮਾਉਂਦੇ; ਦੂਜਾ ਉਹ ਇਨ੍ਹਾਂ ਨੂੰ ਕੰਮ ਦੇਣ ਦੇ ਡਰਾਵੇ ਨਾਲ ਯੂਰਪੀਅਨ ਪਿਛੋਕੜ ਦੇ ਮਜ਼ਦੂਰਾਂ ਨੂੰ ਵੀ ਘੱਟ ਤਨਖਾਹ ਦਿੰਦੇ ਅਤੇ ਘਟੀਆ ਹਾਲਤਾਂ ਵਿੱਚ ਕੰਮ ਕਰਨ ਲਈ ਮਜਬੂਰ ਕਰਦੇ; ਤੀਜਾ ਜਦੋਂ ਵੀ ਬੇਰੁਜ਼ਗਾਰੀ ਵੱਧਦੀ ਜਾਂ ਕਿਸੇ ਕਿਸਮ ਦੀ ਸਮਾਜਕ, ਸਿਆਸੀ ਜਾਂ ਆਰਥਿਕ ਸਮੱਸਿਆ ਖੜ੍ਹੀ ਹੁੰਦੀ ਤਾਂ ਉਹ ਸਾਰਾ ਕਸੂਰਏਸ਼ੀਅਨ ਆਵਾਸੀਆਂ ਦੇ ਸਿਰ ਮੜ੍ਹ ਦਿੰਦੇ।

ਇਸ ਕੰਮ ਨੂੰ ਸੌਖਾ ਬਣਾਉਣ ਲਈ ਯੂਰਪੀਅਨ ਬਸਤੀਵਾਦੀਆਂ ਵਲੋਂ ਨਸਲੀ ਵਖਰੇਵਿਆਂ ਉੱਤੇ ਆਧਾਰਿਤ ਉਚ-ਨੀਚਦੀ ਆਪਣੀ ਪਾਲਿਸੀ ਨੂੰ ਖੁਲ੍ਹ ਕੇ ਵਰਤਿਆ ਜਾਂਦਾ। ਨਸਲ ਉੱਤੇ ਆਧਾਰਿਤ ਇਸ ਨਜ਼ਰੀਏ ਅਨੁਸਾਰ ਉਹ ਦੁਨੀਆਂ ਦੇਹਰ ਗੈਰ-ਚਿੱਟੇ ਇਨਸਾਨ ਨੂੰ ਚਿੱਟੇ ਲੋਕਾਂ ਨਾਲੋਂ ਘਟੀਆ ਸਾਬਤ ਕਰਦੇ। ਇਸ ਪੈਂਤੜੇ ਨੂੰ ਇਸ ਹੱਦ ਤੱਕ ਵਰਤਿਆ ਜਾਂਦਾਕਿ ਲੋੜ ਪੈਣ ਉੱਤੇ ਵੈਨਕੂਵਰ ਵਿੱਚ ਜਾਪਾਨੀ ਅਤੇ ਚੀਨੀ ਲੋਕਾਂ ਦੇ ਖਿਲਾਫ ਦੰਗੇ ਤੱਕ ਹੋ ਜਾਂਦੇ। ਆਪਣੀਆਂ ਕੰਮ ਦੀਆਂਹਾਲਤਾਂ ਅਤੇ ਮਜ਼ਦੂਰੀ ਨੂੰ ਬਿਹਤਰ ਬਣਾਉਣ ਵਾਸਤੇ ਯੂਰਪੀਅਨ ਪਿਛੋਕੜ ਦੇ ਮਜ਼ਦੂਰਾਂ ਵਲੋਂ ਪਾਏ ਦਬਾਅ ਕਾਰਨ ਚੀਨੀਅਤੇ ਜਾਪਾਨੀ ਲੋਕਾਂ ਦਾ ਕਨੇਡਾ ਵਿੱਚ ਦਾਖਲਾ ਵੀਹਵੀਂ ਸਦੀ।

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 11ਵਾਂ ਸੋਹਨ ਮਾਨ ਯਾਦਗਾਰੀ ਸਲਾਨਾ ਨਾਟਕ ਸਮਾਗਮ 19 ਜੂਨ ਨੂੰ ਹੋਵੇਗਾ !

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮੀਟਿੰਗ ਸਰਪ੍ਰਸਤ ਜਸਵਿੰਦਰ ਮਾਨ ਦੀ ਪ੍ਰਧਾਨਗੀ ਹੇਠ ਹੋਈ। ਕੋਵਿਡ ਕਾਰਨ ਲੱਗਭੱਗ ਦੋ ਸਾਲ ਬਾਅਦ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਿਚਾਰ ਚਰਚਾ ਤੋਂ ਬਾਅਦ ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਬਾਨੀ ਪ੍ਰਧਾਨ ਸੋਹਨ ਮਾਨ ਜੀ ਵਲੋਂ ਤਕਰੀਬਨ 32 ਸਾਲ ਪਹਿਲਾਂ ਕੈਲਗਰੀ ਵਿੱਚ ਇਸ ਸੰਸਥਾ ਦਾ ਸਾਥੀਆਂ ਨਾਲ ਮਿਲ ਕੇ ਆਗਾਜ਼ ਕੀਤਾ ਸੀ। ਇਹ ਸੰਸਥਾ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਕੈਲਗਰੀ ਵਿਚ ਵਿਲੱਖਣ ਸਰਗਰਮੀਆਂ ਵਿੱਚ ਚਰਚਿਤ ਹੈ, ਉੱਥੇ ਇਹ ਲੰਮੇਂ ਸਮੇਂ ਤੋਂ ਕੈਲਗਰੀ ਵਿੱਚ ਹਰ ਸਾਲ ਸਲਾਨਾ ਨਾਟਕ ਸਮਾਗਮ ਕਰਦੀ ਆ ਰਹੀ ਹੈ। 10ਵਾਂ ਨਾਟਕ ਸਮਾਗਮ 2019 ਵਿੱਚ ਕਰਨ ਤੋਂ ਬਾਅਦ ਦੋ ਸਾਲ ਕਰੋਨਾ ਦੀ ਕਰੋਪੀ ਕਾਰਨ ਨਹੀਂ ਕਰ ਸਕੀ।

2022 ਵਰ੍ਹੇ ਦਾ ਨਾਟਕ ਸਮਾਗਮ 19 ਜੂਨ ਐਤਵਾਰ ਵਾਲੇ ਦਿਨ ਸ਼ਾਮ 4 ਵਜੇ ਤੋਂ 7 ਵਜੇ ਤੱਕ ਰੈਡ ਸਟੋਨ ਵਿਖੇ ਥੀਏਟਰ ਵਿੱਚ ਕਰਨ ਦਾ ਫੈਸਲਾ ਕੀਤਾ ਗਿਆ। ਨਾਟਕਾਂ ਦੀ ਤਿਆਰੀ ਲਈ ਹਰ ਵਾਰ ਦੀ ਤਰ੍ਹਾਂ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਟੀਮ ਦੇ ਡਾਇਰੈਕਟਰ ਹਰਕੇਸ਼ ਚੌਧਰੀ ਮੁੱਢ ਜੂਨ 'ਚ ਨਾਟਕਾਂ ਦੀ ਤਿਆਰੀ ਲਈ ਕੈਲਗਰੀ ਵਿਖੇ ਪੁੱਜ ਜਾਣਗੇ।

ਐਸੋਸੀਏਸ਼ਨ ਦੇ ਵਿਸਥਾਰ ਲਈ ਆਗੂ ਕਮੇਟੀ ਕਾਫੀ ਦੇਰ ਤੋਂ ਜਥੇਬੰਦੀ ਨਾਲ ਜੁੜ ਕੇ ਇਮਾਨਦਾਰੀ, ਪ੍ਰਤੀਬੱਧਤਾ ਨਾਲ ਕੰਮ ਕਰਨ ਵਾਲੇ ਦੋ ਨੌਜਵਾਨਾਂ ਕਮਲ ਸਿੱਧੂ ਅਤੇ ਬਨਦੀਪ ਕੌਰ ਗਿੱਲ ਦੀਆਂ ਲਗਾਤਰ ਸੇਵਾਵਾਂ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਐਗਜ਼ੈਕਟਿਵ ਕਮੇਟੀ (ਮੁੱਖ ਕਮੇਟੀ) ਵਿੱਚ ਸ਼ਾਮਲ ਕੀਤਾ ਗਿਆ। ਸਪੌਂਸਰਜ਼, ਮੀਡੀਆ ਅਤੇ ਸਭ ਲੋਕਾਂ ਨੂੰ ਸਹਿਯੋਗ ਦੀ ਅਪੀਲ ਕੀਤੀ ਗਈ।












# 41 ਲੱਖ ਦੀ ਠੱਗੀ 'ਚ ਖੰਨੇ ਦਾ ਅਧਿਆਪਕ ਅਜੀਤ ਸਿੰਘ ਹਰਿਆਣਾ ਦੀ ਕਰਨਾਲ ਪੁਲਿਸ ਵਲੋਂ ਗ੍ਰਿਫ਼ਤਾਰ

## ਅਧਿਆਪਕ ਸੰਗਠਨਾਂ ਵਲੋਂ ਡਿਸਮਿਸ ਕਰਨ ਦੀ ਮੰਗ



ਮੁਲਜ਼ਮ ਦੀ ਗ੍ਰਿਫ਼ਤਾਰੀ ਸਮੇਂ ਦੀ ਫੋਟੋ

ਖੰਨੇ ਸ਼ਹਿਰ ਦੇ ਇਕ ਅਧਿਆਪਕ ਅਜੀਤ ਸਿੰਘ ਨੂੰ ਪਿਛਲੇ ਦਿਨੀਂ ਹਰਿਆਣਾ ਦੀ ਕਰਨਾਲ ਪੁਲਿਸ ਨੇ ਉਥੇ ਦੇ ਲੋਕਾਂ ਨਾਲ 41 ਲੱਖ ਦੀ ਠੱਗੀ ਮਾਰਨ ਦੇ ਕੇਸ 'ਚ ਖੰਨੇ ਤੋਂ ਗ੍ਰਿਫਤਾਰ ਕਰਕੇ ਕਰਨਾਲ ਦੀ ਅਦਾਲਤ ਤੋਂ ਪੰਜ ਦਿਨਾਂ ਦਾ ਪੁਲਿਸ ਰਿਮਾਂਡ ਲਿਆ ਸੀ। ਹੁਣ ਰਿਮਾਂਡ ਪੂਰਾ ਹੋਣ ਤੇ ਉਸਨੂੰ ਕਰਨਾਲ ਦੀ ਜੇਲ੍ਹ 'ਚ (ਜੁਡੀਸ਼ੀਅਲ ਰਿਮਾਂਡ) ਭੇਜ ਦਿੱਤਾ ਹੈ।

ਇਸ ਕੇਸ ਦੀ ਪੰਜਾਬ 'ਚ ਬਹੁਤ ਚਰਚਾ ਚਲ ਰਹੀ ਹੈ। ਅਧਿਆਪਕ ਜਥੇਬੰਦੀ ਡੀਟੀਐਫ ਦੇ ਸਾਬਕਾ ਸੇਵਾ ਮੁਕਤ ਆਗੂ ਅਤੇ ਵਰਗ ਚੇਤਨਾ ਗਰੁੱਪ ਦੇ ਇਕ ਬੁਲਾਰੇ ਜੋਗਿੰਦਰ ਆਜ਼ਾਦ ਨੇ ਉਕਤ ਜਾਹਲਸਾਜ ਅਧਿਆਪਕ ਬਾਰੇ ਰਿਪੋਰਟ ਭੇਜੀ ਹੈ। ਐਫ. ਆਈ. ਆਰ. ਅਨੁਸਾਰ ਉਕਤ ਮਾਸਟਰ ਦੋ ਹੋਰ ਸਹਿਦੋਸ਼ੀਆ ਨਾਲ ਮਿਲ ਕੇ ਲੋਕਾਂ ਨੂੰ ਕੇਂਦਰ ਸਰਕਾਰ ਦੇ ਇਕ ਅਦਾਰੇ ਐਚ ਆਰ ਡੀ 'ਚ ਨੌਕਰੀਆਂ ਦਿਵਾਉਣ ਦੇ ਨਾਂ 'ਤੇ ਬੇਰੁਜ਼ਗਾਰ ਨੌਜਵਾਨਾਂ ਨਾਲ ਜਾਹਲਸਾਜ਼ੀ ਕਰ ਰਿਹਾ ਸੀ। ਇਸ ਬਾਰੇ ਇਕ ਕੇਸ ਖੰਨਾ ਪੁਲਿਸ ਨੇ ਵੀ ਪਿਛਲੇ ਸਾਲ ਜੁਲਾਈ 'ਚ ਦਰਜ ਕਰਕੇ ਇਸਨੂੰ ਲੁਧਿਆਣਾ ਜੇਲ੍ਹ ਦੇ ਦਰਸ਼ਨ ਕਰਵਾਏ ਸਨ। ਦੋਸ਼ੀ ਹੁਣ ਜ਼ਮਾਨਤ ਤੇ ਚਲ ਰਿਹਾ ਸੀ। ਸਿਖਿਆ ਵਿਭਾਗ ਨੇ ਉਸਨੂੰ ਮੁਅੱਤਲ ਕੀਤਾ ਹੋਇਆ ਹੈ। ਉਸ ਸਮੇਂ ਚਰਚਾ ਸੀ ਕਿ ਲਗਭਗ 40 ਵਿਅਕਤੀਆਂ ਨਾਲ ਧੋਖਾਧੜੀ ਕੀਤੀ ਹੈ। ਪਰ ਉਕਤ ਮਾਸਟਰ ਦੇ ਕੈਬਨਿਟ ਮੰਤਰੀ ਧਰਮਸੌਤ ਨਾਲ ਬਹੁਤ ਹੀ ਕਰੀਬ ਰਿਸ਼ਤੇ ਹੋਣ ਕਾਰਨ ਪੁਲਿਸ ਤੇ ਇਨਸਾਫ ਦੀ ਆਸ ਨਾ ਹੋਣ ਕਾਰਨ ਕੋਈ ਅੱਗੇ ਨਹੀਂ ਆ ਰਿਹਾ।

ਹੁਣ ਹਰਿਆਣਾ ਪੁਲਿਸ ਵੱਲੋਂ ਕੀਤੀ ਗ੍ਰਿਫਤਾਰੀ ਤੋਂ ਬਾਅਦ ਅਤੇ ਕਾਂਗਰਸ ਸਰਕਾਰ ਦਾ ਭੋਗ ਪੈਣ ਤੇ ਨਵੇਂ ਖੁਲਾਸੇ ਹੋਣ ਲੱਗੇ ਹਨ।

ਖੰਨੇ ਸ਼ਹਿਰ ਦੀ ਇਕ ਮੈਡਮ ਦੱਸਦੀ ਹੈ "ਮੇਰੇ ਪਰਿਵਾਰ ਦੇ 42 ਲੱਖ ਰੁਪਏ ਅਜੀਤ ਸਿੰਘ ਨੇ ਡਕਾਰ ਲਏ ਹਨ। ਮੇਰੀ ਇਕ ਭੈਣ ਦਿੱਲੀ ਰਹਿੰਦੀ ਹੈ ਉਸ ਦੇ ਲੜਕੇ ਨੂੰ ਅਤੇ ਦੋ ਹੋਰ ਕਰੀਬੀਆਂ ਨੂੰ ਨੌਕਰੀ ਦਿਵਾਉਣ ਲਈ ਮੇਰੇ ਰਾਹੀਂ ਉਕਤ ਰਾਸ਼ੀ ਇਸ ਮਾਸਟਰ ਨੂੰ ਦਿੱਤੀ ਗਈ ਸੀ।

ਜ਼ਿਕਰਯੋਗ ਕਿ ਇਹ ਮੈਡਮ ਇਸ ਦੀ ਕੁਲੀਗ ਰਹੀ ਹੈ। ਉਹ ਦੱਸਦੀ ਹੈ "ਅਸੀਂ ਦਿੱਲੀ ਪੁਲਿਸ ਦੇ ਕਮਿਸ਼ਨਰ 'ਅਸਥਾਨਾਂ" ਨੂੰ ਸਾਰੀ ਕਹਾਣੀ ਬਿਆਨ ਕਰ ਦਿੱਤੀ ਹੈ। ਖੰਨਾ ਪੁਲਿਸ ਨੂੰ ਵੀ ਬਿਆਨ ਦਰਜ ਕਰਵਾਏ ਹਨ।

ਉਹ ਬੜੇ ਰੋਹ 'ਚ ਹੈ ਅਤੇ ਇਨਸਾਫ਼ ਲੈਣ ਲਈ ਦੋ ਵੱਡੇ ਵਕੀਲ ਜੁੱਟ ਗਏ ਹਨ।

ਉਹ ਦੱਸਦੀ ਹੈ "ਸਾਨੂੰ ਪਤਾ ਹੀ ਨਹੀਂ ਲੱਗਿਆ ਕਿ ਅਸੀਂ ਧੋਖੇ ਦਾ ਸ਼ਿਕਾਰ ਹਾਂ। ਸਾਨੂੰ ਨਿਯੁਕਤੀ ਪੱਤਰ ਦਿੱਤੇ ਗਏ, ਮੈਡੀਕਲ ਕਰਵਾਇਆ ਗਿਆ।

ਦਿੱਲੀ ਅਤੇ ਬੰਗਲੌਰ ਸੈਮੀਨਾਰ ਲਗਾਏ ਗਏ। ਤਨਖਾਹ ਦੇ ਮੋਟੇ ਚੈੱਕ ਜਾਰੀ ਕੀਤੇ ਗਏ (ਜੋ ਬਹਾਨੇ ਨਾਲ ਵਾਪਸ ਲੈ ਲਏ ਗਏ।)

ਇਕ ਕਥਿਤ ਪ੍ਰੋਜੈਕਟ ਅਫਸਰ ਮਿਸਟਰ ਹਾਂਡਾ ਨੇ ਸਾਨੂੰ ਸੰਬੋਧਨ ਕੀਤਾ।

ਸਮਰਾਲਾ ਸ਼ਹਿਰ ਦਾ ਬਲਬੀਰ ਸਿੰਘ ਅਤੇ ਇਲਾਕੇ ਦੇ ਇਕ ਪਿੰਡ ਦਾ ਸਾਬਕਾ ਸਰਪੰਚ ਵੀ ਇਸ ਤਰ੍ਹਾਂ ਦੀ ਕਹਾਣੀ ਸੁਣਾਉਂਦੇ ਹੈ। ਬਲਬੀਰ ਸਿੰਘ ਦੱਸਦਾ ਹੈ "ਮੈਂ ਵੀ ਸ਼ਿਕਾਇਤ ਦਰਜ ਕਰਵਾਈ ਹੈ ਪਰ ਇਸ ਨੇ ਪੰਜ ਮਈ ਤਕ ਸਟੇਅ ਹਾਸਲ ਕਰ ਲਈ ਸੀ।

ਹੁਣ ਸਟੇਅ ਟੁੱਟ ਜਾਵੇਗੀ।"


ਇਕ ਹੋਰ ਨੌਜਵਾਨ ਜੋ ਇਸ ਦਾ ਪਰਮ ਮਿੱਤਰ ਰਿਹਾ ਦੱਸਦਾ ਹੈ "ਇਸ ਨੇ ਤਾਂ ਮੈਨੂੰ ਵੀ ਨਹੀਂ ਬਖਸ਼ਿਆ, ਸਾਡੇ ਦੋ ਭਰਾਵਾਂ ਦੇ 9 ਲੱਖ ਫਸੇ ਹੋਏ ਹਨ।"

ਉਹ ਦੱਸਦਾ ਹੈ ਕਿ ਖੰਨੇ ਦੀ ਇਕ ਔਰਤ ਨੂੰ ਜ਼ੋਨਲ ਮੈਨੇਜਰ ਪੇਸ਼ ਕੀਤਾ ਜਾਂਦਾ ਸੀ। ਫਾਈਲ ਵਰਕ ਉਹ ਪੂਰਾ ਕਰਦੀ ਸੀ। (ਪੁਲਿਸ ਉਸ ਦੀ ਤਲਾਸ਼ 'ਚ ਛਾਪੇਮਾਰੀ ਕਰ ਰਹੀ ਹੈ) ਇਸ ਤਰ੍ਹਾਂ ਦੀ ਕਹਾਣੀ ਲਗਭਗ 40 ਵਿਅਕਤੀਆਂ ਦੀ ਹੈ। ਜਿਨ੍ਹਾਂ ਦੀ ਦਿੱਲੀ ਦੇ ਕਰੋਲ ਬਾਗ ਖੇਤਰ 'ਚ ਇਕ ਹੋਟਲ ਵਿਊ 'ਚ ਕੌਂਸਲਿਗ ਕੀਤੀ ਗਈ ਸੀ (ਦੇਖੋ ਫੋਟੋ)

ਇਕ ਸਰਕਾਰੀ ਸਕੂਲ ਦੇ ਸੀਨੀਅਰ ਕਲਰਕ ਦਾ ਬੇਟਾ ਦੱਸਦਾ ਹੈ "ਡੈਡੀ ਦੀ ਪੈਨਸ਼ਨ ਸਾਰੀ ਇਸ ਨੇ ਲੁੱਟ ਲਈ ਹੈ। ਮੈਂ ਇਸਨੂੰ ਗ੍ਰਿਫਤਾਰ ਕਰਾਉਣ ਪਹਿਲਾਂ ਰੈਕੀ ਕੀਤੀ ਸੀ ਉਹ ਅਪਣੀ ਅਧਿਆਪਕਾ ਪਤਨੀ ਨੂੰ ਗਰਲਜ਼ ਸਕੂਲ ਛੱਡਣ ਆਇਆ ਸੀ ਕਿ ਹਰਿਆਣਾ ਪੁਲਿਸ ਨੇ ਘੇਰ ਲਿਆ।

ਸਰਪੰਚ ਸਾਹਿਬ ਵੀ ਨਾਲ ਸਨ।

"ਉਹ ਹੋਰ ਦੱਸਦਾ ਹੈ ਇਸ ਦੀ ਜਾਹਲਸਾਜ਼ੀ ਦਾ ਸ਼ਿਕਾਰ ਹਿਮਾਚਲ ਦੇ ਵੀ ਨੌਜਵਾਨ ਹੋਏ ਹਨ।" (ਹੋਰ ਵਿਸਥਾਰ ਨੂੰ ਬੰਦ ਕਰਦਾ ਹਾਂ।)



HOTEL Park view

Date: 12/10/2019

To,

HR Department

MHRD, New Delhi

Respected Madam,

This is to inform you that as per requirement of your accommodation of **56** persons we are giving you accommodation on **16th October 2019** as before we are sorry that we cannot give you any accommodation as before so we hope to see you and your candidates on **16th October 2019 by 6:00pm.**

Please send us details of all of your candidates so we can update you.

Thanking you,

**Vikram Chadha**


Managing Director

Mob.9810083294

15A/60, W.E.A., KAROL BAGH, AJMAL KHAN ROAD, BEHIND PUNJAB SWEET SHOP, NEW DELHI - 5
TEL / FAX : 91-11-2575-0303, 2575-0304, 2575-8907, 2875-1979 MOB. : 98100-83294
Website: www.besthotelindelhi.com, E-Mail: hoteparkview@hotmail.com

ਕਈ ਜਾਣਕਾਰ ਪੁੱਛ ਰਹੇ ਹਨ ਕਿ ਇਹ ਸ਼ਖਸ ਉਹ ਹੀ ਹੈ ਜਿਸ ਨੇ 'ਆਜਾਦ' 'ਤੇ 20 ਫਰਵਰੀ 2004 ਨੂੰ ਕਾਤਲਾਨਾ ਹਮਲਾ ਕੀਤਾ ਸੀ। ਜਿਸ ਨੇ ਬੇਅੰਤ ਸਿੰਘ ਦੇ ਰਾਜ 'ਚ 89 ਦੇ ਵਾਲੇ ਅਧਿਆਪਕਾਂ ਨਾਲ ਧਰੋਹ ਕੀਤਾ ਸੀ ਜਿਹੜਾ ਕਈ ਵਾਰ ਮੁਅੱਤਲ ਕੀਤਾ ਜਾਂਦਾ ਰਿਹਾ ਹੈ?

ਹਾਂ ਇਹ ਅਨਸਰ ਉਹ ਹੀ ਹੈ ਜਿਸ ਨੂੰ ਅਦਾਲਤ ਵਲੋਂ ਮਾਸਟਰ ਆਜ਼ਾਦ 'ਤੇ ਹਮਲੇ ਕਰਨ ਦੇ ਦੋਸ਼ 'ਚ 6 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ (ਸਹਿ ਦੋਸ਼ੀ ਮਨਦੀਪ ਸਮੇਤ?) ਜਿਸ ਨੂੰ ਧਾਰਾ 311-2 ਦਾ ਹਵਾਲਾ ਦਿੰਦੇ ਹੋਏ ਉਸ ਸਮੇਂ ਦੇ ਡੀਜੀਐਸ ਕਾਹਨ ਸਿੰਘ ਪੰਨੂੰ ਨੇ ਡਿਸਮਿਸ ਕਰ ਦਿੱਤਾ ਸੀ।



MHRD | Government of India
Ministry of Human Resource Development

Address: -302-C, Shastri Bhawan, New Delhi +91-11-23782698
www.mhrd.gov.in

Refrence No : 5099/2018

Date : 26/12/2018

JOINING LETTER

| | | |
|---|---|---|
| Name | : | Baljeet singh |
| Place | : | Delhi |
| Pay scale | : | 56,159 INR/- (PER MONTH) |
| Grade | : | A |
| Post | : | HR |
| Centre | : | Ropar |

Charge To be taken up to 04/Jan /2019

Following rules and regulation will be followed in your job tenure.

Duties as assigned Government employees are regularly trained in their duties and responsibilities. While the approach may vary by agency or government level, general requirements tend to be common among all departments regardless program mission. These duties and responsibilities are critical elements of organization consistency expected from every employee.

The usual working hours in central government department is 9.30 AM to 6.00 PM. There is a lunch break for half an hour usually between 1.30 PM to 2.00PM. The above schedule is for the offices which are functioning for FIVE DAYS in a week and most government offices are now functional only for five days in a week having Saturdays and Sundays as weekends. If the office is open for SIX DAYS in a week, the working hours shall be correspondingly reduced. These are official times in normal days. However, a government official has to be at the disposal of the government agency. They can be called to work on any day.

सत्यमेव जयते

Signature

**ਫਿਰ ਇਸ ਨੂੰ ਮੁੜ ਨਿਯੁਕਤ ਕਿਸ ਨੇ ਕੀਤਾ ਹੈ?**

ਇਹ ਕਾਰਨਾਮਾ ਸਿਖਿਆ ਵਿਭਾਗ ਦੇ ਅਧਿਕਾਰੀਆਂ ਨੇ ਕੈਬਨਿਟ ਮੰਤਰੀ ਧਰਮਸੌਤ ਦੇ ਦਬਾਅ ਕਾਰਨ ਕੀਤਾ ਸੀ। ਇਕ ਛੋਟੇ ਅਧਿਕਾਰੀ ਨੇ ਕਾਨੂੰਨੀ ਰਾਏ ਨੂੰ ਤਾਕ 'ਤੇ ਰੱਖ ਕੇ ਇਸ ਨੂੰ ਮੁੜ ਨਿਯੁਕਤ ਉਸ ਸਕੂਲ 'ਚ ਕੀਤਾ ਜਿੱਥੇ ਇਸ ਨੇ ਸਾਥੀ ਆਜ਼ਾਦ 'ਤੇ ਹਮਲਾ ਕੀਤਾ ਸੀ। ਇਸ ਗੈਰ ਕਾਨੂੰਨੀ ਆਰਡਰ ਨੂੰ ਵਾਪਸ ਲੈਣ ਦੀਆਂ ਅਪੀਲਾਂ ਨੂੰ ਫਾਈਲਾਂ 'ਚ ਕੈਦ ਕੀਤਾ ਹੋਇਆ ਹੈ।

ਕਿਹਾ ਜਾ ਰਿਹਾ ਕਿ ਸ਼ੈਸ਼ਨ ਕੋਰਟ ਨੇ ਹਮਲਾਵਰ ਨੂੰ ਬਰੀ ਕਰ ਦਿੱਤਾ ਹੈ।

ਜਦੋਂ ਕਿ ਕੋਰਟ ਨੇ ਦੋਸ਼ੀ ਕਰਾਰ ਦਿੰਦੇ ਹੋਏ ਮੁਲਜਮਾਂ ਨੂੰ 'ਪੜ੍ਹੇ ਲਿਖੇ' ਹੋਣ ਕਾਰਨ ਜੇਲ੍ਹ 'ਚ ਭੇਜਣਾ 'ਵਾਜਬ' ਨਹੀਂ ਸੀ ਸਮਝਿਆ ਅਤੇ ਪਰੋਬੇਸ਼ਨ ਤੇ ਰਿਹਾ ਕੀਤਾ ਸੀ।

ਇਸ ਸੰਬੰਧੀ ਸੁਪਰੀਮ ਕੋਰਟ ਦੀਆਂ ਹਦਾਇਤਾਂ ਦੀ ਅਣਦੇਖੀ ਕਰ ਦਿੱਤੀ ਗਈ। ਸਿਖਿਆ ਸਕੱਤਰ ਕ੍ਰਿਸ਼ਨ ਕੁਮਾਰ ਵੀ ਦੜ ਵੱਟ ਕੇ ਇਸ ਮਾਮਲੇ ਤੇ ਖਾਮੋਸ਼ ਰਹੇ (ਧਰਮਸੋਤ ਦੇ ਦਬਾਅ ਕਾਰਨ)

ਇਸ ਤੋਂ ਪਹਿਲਾਂ ਅਜੀਤ ਸਿੰਘ ਨੇ ਲੋਕਾਂ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਗਰਲਜ਼ ਸਕੂਲ ਖੰਨਾ ਦੇ ਲਾਗੇ ਇਕ ਅਕੈਡਮੀ ਚਲਾ ਕੇ ਠੱਗੀ ਮਾਰਨ ਦਾ ਧੰਦਾ ਸ਼ੁਰੂ ਕੀਤਾ ਸੀ। ਪੁਲਿਸ ਜ਼ਿਲ੍ਹਾ ਖੰਨਾ ਤੋਂ ਪ੍ਰਾਪਤ ਲਿਖਤੀ ਸੂਚਨਾ ਅਨੁਸਾਰ ਅੱਧੀ ਦਰਜਨ ਕੇਸ ਦਰਜ ਹੋਏ। ਇਕ ਮਾਮਲਾ ਹਾਈਕੋਰਟ ਵੀ ਪੁੱਜਿਆ। ਇਸ ਨੂੰ ਹਰੇਕ ਨੂੰ ਕੁੱਝ ਰਾਸ਼ੀ ਵਾਪਸ ਕਰਨੀ ਪਈ।

ਅਮਰਿੰਦਰ ਸਿੰਘ ਦੇ ਪਹਿਲੇ ਰਾਜ ਕਾਲ ਦੌਰਾਨ ਇਸਨੇ ਹਰਚੰਦ ਸਿੰਘ ਬਰਸਟ (ਰਾਜਸੀ ਸਕੱਤਰ) ਨੂੰ ਇਕ ਨਾਮ ਨਿਹਾਦ (ਅਧਿਆਪਕ ਯੂਨੀਅਨ ਪੰਜਾਬ ਪ੍ਰਦੇਸ਼) ਦਾ ਸਰਪ੍ਰਸਤ ਬਣਾ ਕੇ ਚਮ ਦੀਆਂ ਚਲਾਈਆਂ ਅਤੇ ਹੁਣ ਵਜ਼ੀਫਾ ਸਕੈਂਡਲ ਦਾ ਸੰਚਾਲਕ ਰਿਹਾ ਧਰਮਸੋਤ ਦੀ ਸਰਪ੍ਰਸਤੀ ਨਾਲ ਇਸ ਨੇ ਠੱਗੀਆਂ ਮਾਰਨ ਦਾ ਧੰਦਾ ਸ਼ੁਰੂ ਕੀਤਾ ਹੋਇਆ ਸੀ। ਹੁਣ ਲੋਕ ਕਹਿ ਰਹੇ ਹਨ "ਮੰਦੇ ਕਮੀ ਨਾਨਕਾ---

ਉਹ ਅਦਾਲਤਾਂ ਜੋ ਇਹੋ ਜਿਹੇ ਅਨਸਰਾਂ ਨੂੰ ਜੇਲ੍ਹ ਭੇਜਣਾ ਵਾਜਬ ਨਹੀਂ ਸੀ ਸਮਝਦੀਆਂ ਨੂੰ ਇਸ ਨੂੰ ਵੱਖ-ਵੱਖ ਜੇਲ੍ਹ ਦੇ ਦਰਸ਼ਨ ਕਰਵਾ ਰਹੀਆਂ ਹਨ।


ਇਹ ਅਜੇ ਤਸਵੀਰ ਦੇ ਕੁੱਝ ਅੰਸ ਹਨ ਬਾਕੀ ਦਾ ਇੰਤਜ਼ਾਰ ਕਰੋ।


**ਹੁਣ ਦੇਖਣਾ ਹੈ ਕਿ ਵਰਤਮਾਨ ਸਰਕਾਰ ਇਸ ਨੂੰ ਬੈਕ (ਡਿਸਮਿਸ ਡੇਟ) ਕਰਨ ਦੀ ਕਾਰਵਾਈ ਕਦੋਂ ਕਰਦੀ ਹੈ। ਕੀ ਜੇਲ੍ਹ ਬੈਠੇ ਬੰਦੇ ਨੂੰ ਮੁਅੱਤਲੀ ਭੱਤਾ ਦੇਣਾ ਠੀਕ ਹੈ।?**

**ਕੀ ਉਹਨਾਂ ਅਫਸਰਾਂ ਖਿਲਾਫ ਕਾਰਵਾਈ ਹੋਵੇਗੀ ਜੋ ਇਸ ਨੂੰ ਮਾਸਟਰ ਤੋ ਨਟਵਰ ਲਾਲ ਬਣਾਉਣ 'ਚ ਭਾਗੀਦਾਰ ਰਹੇ ਹਨ।**

(ਬਾਕੀ ਫੇਰ ਕਦੇ)

**ਜੋਗਿੰਦਰ ਆਜਾਦ 96463-35309**





ਗ਼ਦਰ ਪਾਰਟੀ ਸਥਾਪਨਾ ਦਿਵਸ ਸਮਾਗਮ

# ਕਮੇਟੀ ਮੈਂਬਰ ਵਿਜੈ ਬੰਬੇਲੀ ਨੇ ਝੁਲਾਇਆ ਗ਼ਦਰੀ ਝੰਡਾ

## ਹਰ ਘੰਟੇ ਅਰਬਾਂ ਰੁਪਏ ਵਧਦੀ ਹੈ ਧੰਨ ਕੁਬੇਰਾਂ ਦੀ ਆਮਦਨ: ਪ੍ਰਣਜੋਆਇ ਗੁਹਾ





ਜਲੰਧਰ, (ਬਲਜਿੰਦਰ ਸਿੰਘ) : ਮੁਲਕ ਦੇ ਆਜ਼ਾਦੀ ਸੰਗਰਾਮ ਵਿੱਚ ਇਨਕਲਾਬੀ ਤਵਾਰੀਖ਼ ਦਾ ਵਿਲੱਖਣ ਸਫ਼ਾ ਲਿਖਣ ਵਾਲੀ ਗ਼ਦਰ ਪਾਰਟੀ ਦਾ 109ਵਾਂ ਸਥਾਪਨਾ ਦਿਹਾੜਾ (1913-2022) ਮੁਲਕ ਦੀ ਅਜੋਕੀ ਸਥਿਤੀ, ਚੁਣੌਤੀਆਂ ਅਤੇ ਲੋਕ ਪੱਖੀ ਤਾਕਤਾਂ ਦੀ ਭੂਮਿਕਾ ਨੂੰ ਸਮਰਪਤ ਕਰਦਿਆਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿੱਚ ਜੋਸ਼-ਖਰੋਸ਼ ਨਾਲ ਮਨਾਇਆ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮਨਾਏ ਸਥਾਪਨਾ ਦਿਹਾੜੇ ਮੌਕੇ ਕਮੇਟੀ ਮੈਂਬਰ ਵਿਜੈ ਬੰਬੇਲੀ ਨੇ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਇਸ ਮੌਕੇ ਸਾਮਰਾਜਵਾਦ-ਮੁਰਦਾਬਾਦ, ਇਨਕਲਾਬ-ਜ਼ਿੰਦਾਬਾਦ, ਫ਼ਿਰਕੂ ਤਾਕਤਾਂ ਮੁਰਦਾਬਾਦ, ਲੋਕ-ਏਕਤਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਗ਼ਦਰੀ ਦੇਸ਼ ਭਗਤਾਂ ਦੀ ਕਰਨੀ ਨੂੰ ਪ੍ਰਣਾਮ ਕਰਦਿਆਂ, ਗ਼ਦਰ ਪਾਰਟੀ ਦੇ ਅਧੂਰੇ ਸੁਪਨੇ ਸਾਕਾਰ ਕਰਨ ਦਾ ਅਹਿਦ ਲਿਆ ਗਿਆ।

ਇਸ ਉਪਰੰਤ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਗੰਭੀਰ ਵਿਚਾਰ-ਚਰਚਾ ਮੌਕੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਸੀਤਲ ਸਿੰਘ ਸੰਘਾ, ਸਹਾਇਕ ਸਕੱਤਰ ਡਾ. ਪਰਮਿੰਦਰ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਵਿਜੈ ਬੰਬੇਲੀ ਅਤੇ ਸਮਾਗਮ ਦੇ ਮੁੱਖ ਵਕਤਾ ਨਾਮਵਰ ਵਿਦਵਾਨ ਪ੍ਰਣਜੋਆਇ ਗੁਹਾ ਠਾਕੁਰਤਾ ਮੌਜੂਦ ਸਨ।

ਸਮਾਗਮ 'ਚ ਬੋਲਦਿਆਂ ਵਿਜੈ ਬੰਬੇਲੀ ਨੇ ਕਿਹਾ ਕਿ ਸਾਡਾ ਮੁਲਕ ਬਹੁਪਰਤੀ-ਫੁਲਵਾੜੀ ਹੈ। ਸਿਰਫ਼ ਭੂਗੋਲਿਕ ਸਥਿਤੀ, ਅਰਥਾਤ ਮਿੱਟੀ, ਪਹਾੜਾਂ, ਜੰਗਲਾਂ, ਨਦੀਆਂ ਅਤੇ ਖਣਿਜਾਂ ਵਿੱਚ ਹੀ ਨਹੀਂ, ਸਗੋਂ ਰੁੱਤਾਂ, ਬਹੁ-ਵੰਨਗੀ ਜੀਵ-ਜੰਤੂਆ, ਬਹੁ-ਪਰਤੀ ਬਨਸਪਤੀ ਅਤੇ ਇਸ ਤੋਂ ਵੀ ਵੱਧ ਕੇ ਕੌਮਾਂ, ਕੌਮੀਅਤਾਂ, ਭਾਸ਼ਾਵਾਂ, ਬੋਲੀਆਂ, ਬਹੁ-ਧਰਮੀ, ਅਨੇਕਾਂ ਰਸਮਾਂ, ਸਭਿਆਚਾਰਾਂ ਅਤੇ ਬਹੁ-ਵੰਨਗੀ ਖਾਣਿਆਂ ਵਾਲਾ। ਭਾਵ; ਬਹੁ-ਰੰਗਾਂ ਹੈ, ਸਾਡਾ ਦੇਸ਼। ਇਹੀ; ਉਹ ਗੱਲ ਹੈ, ਜਿਹੜੀ ਕੱਟੜਪੰਥੀਆਂ, ਫਾਸ਼ੀਵਾਦੀਆਂ ਅਤੇ ਸਾਮਰਾਜਵਾਦੀਆਂ ਦੀਆਂ ਪਿੱਠੂ ਹਾਕਮ ਜਮਾਤਾਂ ਨੂੰ ਹਜ਼ਮ ਨਹੀਂ ਹੁੰਦੀ। ਉਹ ਅਨੇਕਤਾਂ ਵਿੱਚ ਏਕਤਾ ਦੀ ਬਜਾਏ ਸਾਨੂੰ ਆਪਣੇ ਸੌੜੇ ਮੁਫ਼ਾਦਾ ਖਾਤਰ ਇੱਕੋ ਰੱਸੇ ਨੂੜਨਾ ਚਾਹੁੰਦੇ ਹਨ। ਲੋਕ ਅੜ ਰਹੇ ਹਨ, ਇਸੇ ਕਰਕੇ ਉਹ ਮੁਕੰਮਲ ਸਫ਼ਲ ਨਹੀਂ ਹੋ ਰਹੇ। ਪਰ ਉਹ ਕੁਝ ਨਾ ਕੁਝ ਸਫ਼ਲ ਜ਼ਰੂਰ ਹੋ ਗਏ ਹਨ। ਸਾਡੀ ਏਨੀ ਸਦਭਾਵੀ ਅਤੇ ਲੋਕ-ਪੱਖੀ ਵਿਰਾਸਤ ਦੇ ਬਾਵਜੂਦ ਵੀ ਉਹ ਕੁਝ ਵੀ ਸਫ਼ਲ ਕਿਵੇਂ ਹੋ ਗਏ? ਗ਼ਦਰ ਪਾਰਟੀ ਦਾ ਤ੍ਰੈਅ-ਰੰਗਾਂ ਝੰਡਾ ਇਸ ਸਵਾਲ ਦਾ ਜਵਾਬ ਮੰਗਦਾ ਹੈ। ਆਓ ਪੁਖਤਾ ਜਵਾਬ ਲੱਭਣ ਲਈ ਸਿਰ ਜੋੜ ਕੇ ਬੈਠੀਏ, ਇੱਕ-ਜੁਟ ਹੋਈਏ ਅਤੇ ਲਾਮਬੰਦੀ ਕਰੀਏ।

ਵਿਚਾਰ-ਚਰਚਾ 'ਚ ਜੁੜੇ ਬੁੱਧੀਜੀਵੀਆਂ, ਲੇਖਕਾਂ, ਜਮਹੂਰੀ, ਤਰਕਸ਼ੀਲ, ਇਨਕਲਾਬੀ, ਲੋਕ-ਪੱਖੀ ਆਗੂਆਂ ਅਤੇ ਕਾਮਿਆਂ ਨੂੰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਜੀ ਆਇਆਂ ਕਿਹਾ। ਸਹਾਇਕ ਸਕੱਤਰ ਡਾ. ਪਰਮਿੰਦਰ ਨੇ ਮੁੱਖ ਵਕਤਾ ਦੇ ਬਹੁ-ਵੰਨਗੀ ਕਾਰਜ ਖੇਤਰ ਬਾਰੇ ਜਾਣ-ਪਹਿਚਾਣ ਕਰਵਾਈ।

ਮੁੱਖ ਬੁਲਾਰੇ ਪ੍ਰਣਜੋਆਇ ਗੁਹਾ ਠਾਕੁਰਤਾ ਨੇ ਕਿਹਾ ਕਿ ਅਸੀਂ ਮੁਲਕ ਦੀ ਅਜੋਕੀ ਸਥਿਤੀ ਉਪਰ ਅੱਜ ਜਦੋਂ ਚਰਚਾ ਕਰਨ ਲਈ ਸਿਰ ਜੋੜਕੇ ਬੈਠੇ ਹਾਂ ਤਾਂ ਉਸ ਸਮੇਂ ਅਡਾਨੀ ਦੀ ਪ੍ਰਤੀ ਘੰਟਾ ਆਮਦਨ 90 ਕਰੋੜ ਰੁਪਿਆ ਦਾ ਵਾਧਾ ਹੋ ਰਿਹਾ ਹੈ, ਦੂਜੇ ਬੰਨੇ ਵਿਸ਼ਵ ਗੁਰੂ ਹੋਣ ਦੇ ਦਾਅਵੇਦਾਰ ਕਹਾਉਂਦੇ ਹਾਕਮਾਂ ਦੇ ਰਾਜ ਅੰਦਰ ਭੁੱਖ, ਨੰਗ, ਗਰੀਬੀ 90 ਪ੍ਰਤੀਸ਼ਤ ਤੋਂ ਵੀ ਵੱਧ ਭਾਰਤੀਆਂ ਨੂੰ ਮੌਤ ਦੇ ਜਬਾੜਿਆਂ ਵਿੱਚ ਧੱਕਿਆ ਜਾ ਰਿਹਾ ਹੈ। ਜਮਹੂਰੀਅਤ ਦੀਆਂ ਕਹਾਣੀਆਂ ਸੁਣਾਉਣ ਵਾਲੇ ਮੁਲਕ ਦੇ ਇੱਕ ਦੋ ਰਾਜਨੀਤੀ ਵਾਲਿਆਂ ਅਤੇ ਇੱਕ-ਦੋ ਧੰਨ ਕੁਬੇਰਾਂ ਨੇ ਮੁਲਕ ਦੇ ਸਾਰੇ ਕੁਦਰਤੀ ਸਰੋਤਾਂ ਅਤੇ ਆਮਦਨ ਉਪਰ ਜੱਫਾ ਮਾਰ ਲਿਆ ਹੈ। ਪ੍ਰੋ. ਪ੍ਰਣਜੋਆਇ ਨੇ ਤੱਥਾਂ ਦੇ ਹਵਾਲੇ ਸਹਿਤ ਦੱਸਿਆ ਕਿ ਭਾਜਪਾ ਹਕੂਮਤ ਵਿਧਾਨ ਸਭਾਵਾਂ ਜਾਂ ਲੋਕ ਸਭਾ ਚੋਣਾਂ 'ਚ ਅਨੇਕਾਂ ਯੁਗਤਾਂ ਵਰਤਕੇ ਜਿੱਤ ਦਰਜ ਕਰਾ ਜਾਂਦੀ ਹੈ ਜਦ ਕਿ ਵੋਟ ਪ੍ਰਤੀਸ਼ਤ ਅਤੇ ਲੋਕ ਮਨਾਂ ਦੀ ਦਸ਼ਾ ਪੱਖੋਂ ਬਹੁ ਗਿਣਤੀ ਵਸੋਂ ਭਾਜਪਾ ਦੀ ਵਿਚਾਰਧਾਰਾ, ਨੀਤੀਆਂ ਅਤੇ ਅਮਲਕਾਰੀ ਦੇ ਉਲਟ ਖੜ੍ਹੀ ਹੈ।

ਪੰਡਾਲ 'ਚੋਂ ਡਾ. ਜੇ.ਐਸ.ਵਧਵਾ, ਡਾ. ਮੈਡਮ ਰਾਣਾ ਪ੍ਰੀਤ ਗਿੱਲ, ਡਾ. ਜਗਜੀਤ ਚੀਮਾ, ਡਾ. ਸੈਲੇਸ਼, ਪੱਤਰਕਾਰ ਅਨੁਰਾਗ, ਸਾਹਿਲ ਆਜ਼ਾਰ ਵਿਦਿਆਰਥੀ, ਮਾਸਟਰ ਮਦਨ ਲਾਲ ਬੁਲੋਵਾਲ ਨੇ ਵੱਖ-ਵੱਖ ਵਿਸ਼ਿਆਂ 'ਤੇ ਸੁਆਲ ਕੀਤੇ ਜਿਨ੍ਹਾਂ ਨੇ ਪ੍ਰਣਜੋਆਇ ਨੇ ਸਾਰਥਕ ਜਵਾਬ ਦਿੱਤੇ।


ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਅਮੋਲਕ ਸਿੰਘ ਨੇ ਮਤੇ ਪੇਸ਼ ਕੀਤੇ, ਜਿਨ੍ਹਾਂ 'ਚ ਮੰਗ ਕੀਤੀ ਗਈ ਕਿ ਬੁੱਧੀਜੀਵੀਆਂ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕੀਤਾ ਜਾਏ। ਜਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕੀਤਾ ਜਾਵੇ। ਫ਼ਿਰਕੂ ਫਾਸ਼ੀ ਹੱਲੇ, ਭੜਕਾਹਟ ਅਤੇ ਫ਼ਿਰਕੂ ਨਫ਼ਰਤੀ ਪ੍ਰਚਾਰ ਹੱਲੇ ਬੰਦ ਕੀਤੇ ਜਾਣ। ਲੋਕਾਂ ਦੀ ਸਮਾਜੀ, ਨਿੱਜੀ ਅਤੇ ਸਭਿਆਚਾਰਕ ਜ਼ਿੰਦਗੀ 'ਚ ਦਖਲ ਅੰਦਾਜ਼ੀ ਅਤੇ ਖਲਲ ਪਾ ਕੇ ਸੌੜੇ ਰਾਜਨੀਤਕ ਹਿੱਤ ਵਟੋਰਨਾ ਬੰਦ ਕੀਤਾ ਜਾਏ। ਕਿਸਾਨ ਅੰਦੋਲਨ 'ਚ ਰਹਿੰਦੀਆਂ ਅਤੇ ਪ੍ਰਵਾਨ ਸ਼ੁਦਾ, ਮੰਗਾਂ ਦੀ ਪੂਰਤੀ ਕੀਤੀ ਜਾਏ। ਭਰੇ ਪੰਡਾਲ ਨੇ ਹੱਥ ਖੜ੍ਹੇ ਕਰਕੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ।

ਵਿਚਾਰ-ਚਰਚਾ 'ਤੇ ਸਮੇਟਵੀਂ ਟਿੱਪਣੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਹਕੂਮਤੀ ਦਹਿਸ਼ਤਗਰਦੀ ਵਿਰੁੱਧ ਸਿਰਫ਼ ਸ਼ਬਦੀ ਪ੍ਰਤੀਰੋਧ ਨਾ ਕੀਤਾ ਜਾਵੇ ਸਗੋਂ ਜੱਥੇਬੰਦਕ ਲਾਮਬੰਦੀ ਕੀਤੀ ਜਾਵੇ।

ਇਸ ਵਿਚਾਰ-ਚਰਚਾ 'ਚ ਜਿਥੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਵੱਡੀ ਗਿਣਤੀ ਵਿੱਚ ਸ਼ਾਮਲ ਸਨ, ਉਥੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ, ਜਮਹੂਰੀ ਕਿਸਾਨ ਸਭਾ, ਕਿਰਤੀ-ਕਿਸਾਨ ਯੂਨੀਅਨ, ਇਫਟੂ, ਤਰਕਸ਼ੀਲ ਸੁਸਾਇਟੀ ਪੰਜਾਬ, ਜਮਹੂਰੀ ਅਧਿਕਾਰ ਸਭਾ, ਪ੍ਰੋਗਰੈਸਿਵ ਲੇਖਕ ਸੰਘ, ਸਾਹਿਤ ਸਭਾ ਜਲੰਧਰ, ਫੁਲਕਾਰੀ ਸਾਹਿਤ ਸਭਾ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ, ਐਨ.ਆਰ.ਆਈ. ਤੇ ਪੱਤਰਕਾਰ ਭਾਈਚਾਰਾ, ਫ਼ਿਲਮ, ਸਾਹਿਤ ਅਤੇ ਰੰਗ-ਮੰਚ ਨਾਲ ਜੁੜੀਆਂ ਸੰਸਥਾਵਾਂ ਦੇ ਕਾਰਕੁੰਨਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ।

ਇਸ ਭਰਵੇਂ ਸਮਾਗਮ ਦੀ ਮੰਚ ਸੰਚਾਲਨ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਈ।













# Employment rights justice denied to thousands of BC Workers

**By Pamela Charron and David Fairey**



For decades, the BC Employment Standards Branch has not effectively enforced the Employment Standards Act, meaning thousands of workers are denied their legal rights, a new report that we co-wrote with the BC Employment Standards Coalition shows.

Complaints take between 18 months to three years to resolve; the Branch doesn't proactively investigate employers, industries and sectors with a history of violations, particularly in the gig economy; and staffing and budgets are inadequate to enforce the Act are some of our findings.

The Employment Standards Act outlines the minimum standards of employment that most BC workers are entitled to. It sets out employment conditions like minimum wage, minimum and maximum hours of work, overtime pay, parental leave, paid sick leave, vacations with pay and statutory holidays with pay.

Our report, Justice Denied: The Systemic Failure to Enforce BC Employment Standards, exposes some of the most serious failures of the Branch to effectively, efficiently and fairly enforce the Act. These failures result in thousands of workers being denied their employment rights, in particular the timely recovery of unpaid wages due to employer wage theft.

Employer wage theft is when employers do not pay their employees the wage rates and wage-related benefits that are mandated by law or contracts of employment.

Our report shows Branch failures that include:

- inaccessible offices, inconvenient hours of operation and a lack of informed procedural advice that can be barriers to employees having their complaints addressed.

- poor communication with complainants and their advocates or advising complainants to withdraw legitimate complaints without conducting proper investigations.

- clearly favouring employers in practices and procedures.

- procedural unfairness in investigating and adjudicating complaints. These include claimants being denied oral hearings in cases involving disputed facts, complex issues and evidence, or where there is a need for Branch staff to test evidence or decide credibility issues.

Once elected in 2001, the BC Liberal government cut the Employment Standards Branch budget by 57 per cent over the next 10 years, closed eight regional offices, reduced enforcement staff by 51 per cent and created significant administrative barriers to the filing of complaints. Proactive investigations were terminated and employee complaints declined dramatically, something that hasn't changed substantially since the NDP was elected in 2017.

The Branch budget, staff resources and complaint handling practices have not been restored to pre-2001 levels even though the Ministry of Labour's recent mandates and Branch service plan objectives call for the establishment of a modern employment standards system that is applied and enforced fairly.

In its most recent service plan, Ministry of Labour objectives include creating and enforcing "strong and fair labour laws and standards that respond to the rise of the gig economy and increased precarious work, update and modernize BC Labour Laws, ensure that labour laws are communicated and enforced through effective, client-centered service delivery, prioritize the processing of complaint files to improve service delivery for workers and employers."

However, our Justice Denied report demonstrates the ministry has failed to act on these objectives and the Director of Employment Standards is not able to carry out their statutory mandate to ensure all employees receive the minimum employment standards to which they are entitled. The report explains that the director needs the resources and ministry direction to undertake a comprehensive program of proactive workplace investigation as the BC Law Institute recommended in a 2018 review of the Branch.

In the Justice Denied report, the BC Employment Standards Coalition estimates the Branch budget needs to be doubled to effectively and efficiently carry out its mandate and achieve its stated objectives. This is the first step towards addressing the enforcement crisis of employment standards in BC. Incredibly, the provincial government's 2022/23 budget does not include an increase in the Ministry of Labour budget for the next three years, which signals a growing enforcement crisis for the foreseeable future that will continue to harm workers.

# ਫਿਰਕੂ ਹਮਲਿਆਂ ਨੂੰ ਰੋਕਣ ਲਈ ਅਗਾਂਹਵਧੂ ਤਾਕਤਾਂ ਆਪਣਾ ਫਰਜ਼ ਪਛਾਣਨ : ਜਮਹੂਰੀ ਅਧਿਕਾਰ ਸਭਾ

**- ਬੂਟਾ ਸਿੰਘ -**

ਅੱਜ ਪ੍ਰੈੱਸ ਬਿਆਨ ਜਾਰੀ ਕਰਕੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਦਿੱਲੀ ਅਤੇ ਹੋਰ ਰਾਜਾਂ ਵਿਚ ਭਗਵੀਆਂ ਭੀੜਾਂ ਵੱਲੋਂ ਮੁਸਲਿਮ ਫਿਰਕੇ ਵਿਰੁੱਧ ਨਫ਼ਰਤ ਭੜਕਾਉਣ ਅਤੇ ਫਿਰਕੂ ਹਿੰਸਕ ਹਮਲੇ ਕਰਨ ਦੇ ਘਟਨਾਕ੍ਰਮ ਉੱਪਰ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾਵਾਂ ਆਪਮੁਹਾਰੇ ਦੰਗੇ ਨਹੀਂ ਬਲਕਿ ਗਿਣੀ-ਮਿੱਥੀ ਯੋਜਨਾਬੱਧ ਹਿੰਸਾ ਹੈ ਜਿਸ ਦਾ ਮਨੋਰਥ ਮੁਸਲਿਮ ਫਿਰਕੇ ਨੂੰ ਦਹਿਸ਼ਤਜ਼ਦਾ ਕਰਨਾ, ਉਨ੍ਹਾਂ ਦੇ ਧਾਰਮਿਕ ਸਥਾਨਾਂ, ਘਰਾਂ ਅਤੇ ਦੁਕਾਨਾਂ/ਕਾਰੋਬਾਰਾਂ ਨੂੰ ਜਲਾ ਕੇ ਉਨ੍ਹਾਂ ਨੂੰ ਆਰਥਕ ਤੌਰ 'ਤੇ ਨੁਕਸਾਨ ਪਹੁੰਚਾਉਣਾ ਅਤੇ ਘੱਟਗਿਣਤੀ ਸਮੂਹ ਉੱਪਰ ਬਹੁਗਿਣਤੀਵਾਦੀ ਧੌਂਸ ਥੋਪਣਾ ਹੈ। ਇਨ੍ਹਾਂ ਹੌਲਨਾਕ ਹਮਲਿਆਂ 'ਚ ਮੁਸਲਿਮ ਲੋਕਾਂ ਦੀਆਂ ਜਾਇਦਾਦਾਂ ਅਤੇ ਮਸਜਿਦਾਂ ਆਦਿ ਦੀ ਸਾੜਫੂਕ, ਮੁਸਲਮਾਨਾਂ ਉੱਪਰ ਹਮਲਿਆਂ ਲਈ ਭੀੜਾਂ ਦੀ ਲਾਮਬੰਦੀ ਅਤੇ ਅਗਵਾਈ ਦਾ ਉਸੇ ਤਰ੍ਹਾਂ ਦਾ ਨਿਸ਼ਚਿਤ ਨਮੂਨਾ ਸਾਹਮਣੇ ਆਇਆ ਹੈ ਜਿਵੇਂ ਗੁਜਰਾਤ ਕਤਲੇਆਮ (2002), ਮੁਜ਼ੱਫਰਨਗਰ (ਅਗਸਤ-ਸਤੰਬਰ 2013), ਉੱਤਰ-ਪੂਰਬੀ ਦਿੱਲੀ ਹਿੰਸਾ (2020) ਅਤੇ ਮੁਸਲਿਮ ਵਿਰੋਧੀ ਹੋਰ ਹਿੰਸਕ ਘਟਨਾਵਾਂ 'ਚ ਹਮਲੇ, ਭੰਨਤੋੜ ਅਤੇ ਸਾੜਫੂਕ ਦੌਰਾਨ ਨੋਟ ਕੀਤਾ ਗਿਆ ਸੀ।

ਸਭਾ ਸਮਝਦੀ ਹੈ ਕਿ ਪਿਛਲੇ ਸਾਲਾਂ ਤੋਂ ਆਰ.ਐੱਸ.ਐੱਸ. ਪਰਿਵਾਰ ਦੀਆਂ ਜਥੇਬੰਦੀਆਂ ਵੱਲੋਂ ਮੁਸਲਮਾਨਾਂ ਦੇ ਨਮਾਜ ਪੜ੍ਹਨ, ਪਹਿਰਾਵੇ, ਖਾਣ-ਪੀਣ, ਨਾਗਰਿਕਤਾ, ਦੇਸ਼ ਪ੍ਰਤੀ ਵਫ਼ਾਦਾਰੀ ਅਤੇ ਜਨਸੰਖਿਆ ਵਰਗੇ ਸਵਾਲਾਂ ਉੱਪਰ ਫਿਰਕੂ ਬਿਰਤਾਂਤ ਪ੍ਰਚਾਰ ਕੇ ਅਤੇ ਧਰਮ ਸੰਸਦਾਂ ਤੇ ਹੋਰ ਮੰਚਾਂ ਤੋਂ ਲਗਾਤਾਰ ਜ਼ਹਿਰੀਲਾ ਪ੍ਰਚਾਰ ਕਰਕੇ ਮੁਸਲਿਮ ਫਿਰਕੇ ਵਿਰੁੱਧ ਯੋਜਨਾਬੱਧ ਤਰੀਕੇ ਨਾਲ ਫਿਰਕੂ ਮਾਹੌਲ ਸਿਰਜਿਆ ਗਿਆ ਜਿਸ ਨੂੰ ਹੁਣ ਬਹਾਨੇ ਬਣਾ ਕੇ ਉਨ੍ਹਾਂ ਉੱਪਰ ਹਮਲਿਆਂ ਲਈ ਵਰਤਿਆ ਜਾ ਰਿਹਾ ਹੈ। ਕੁਝ ਸਮਾਂ ਪਹਿਲਾਂ ਮੁਸਲਿਮ ਲੜਕੀਆਂ ਦੇ ਸਕੂਲਾਂ-ਕਾਲਜਾਂ ਵਿਚ ਹਿਜਾਬ ਪਹਿਨਣ ਨੂੰ ਮੁੱਦਾ ਬਣਾਇਆ ਗਿਆ ਤਾਂ ਜੋ ਉਨ੍ਹਾਂ ਨੂੰ ਪੜ੍ਹਾਈ ਤੋਂ ਬਾਹਰ ਕੀਤਾ ਜਾ ਸਕੇ। ਫਿਰ 'ਕਸ਼ਮੀਰ ਫ਼ਾਈਲਜ਼' ਫਿਲਮ ਦੇ ਬਹਾਨੇ ਕਸ਼ਮੀਰੀ ਪੰਡਤਾਂ ਦੇ ਉਜਾੜੇ ਅਤੇ ਹਿਜ਼ਰਤ ਦੇ ਸੰਤਾਪ ਨੂੰ ਫਿਰਕੂ ਪਾਲਾਬੰਦੀ ਲਈ ਵਰਤਿਆ ਗਿਆ। ਹੁਣ ਭਗਵੇਂ ਆਗੂ ਰਾਮਨੌਮੀ, ਹਨੂਮਾਨ ਜੈਅੰਤੀ ਆਦਿ ਮੌਕਿਆਂ 'ਤੇ ਧਾਰਮਿਕ ਜਲੂਸਾਂ ਦੇ ਬਹਾਨੇ ਫਿਰਕੂ ਹਜੂਮ ਇਕੱਠੇ ਕਰਕੇ ਮਸਜਿਦਾਂ ਉੱਪਰ ਭਗਵੇਂ ਝੰਡੇ ਲਹਿਰਾ ਰਹੇ ਹਨ। ਵੱਖ-ਵੱਖ ਰਾਜਾਂ ਵਿਚ ਮਸਜਿਦਾਂ ਅੱਗੇ ਲਾਊਡ ਸਪੀਕਰ ਲਗਾ ਕੇ ਉੱਚੀ ਉੱਚੀ ਹਨੂਮਾਨ ਚਾਲੀਸਾ ਪੜ੍ਹਨ ਦੇ ਭੜਕਾਊ ਸੱਦੇ ਦਿੱਤੇ ਜਾ ਰਹੇ ਹਨ। ਬੌਧਿਕ, ਚਿੰਤਨਸ਼ੀਲ ਅਦਾਰੇ ਸੰਘ ਦੇ ਖ਼ਾਸ ਨਿਸ਼ਾਨੇ 'ਤੇ ਹਨ, ਇਸੇ ਤਹਿਤ ਮਾਸਾਹਾਰੀ ਖਾਣੇ ਨੂੰ ਮੁੱਦਾ ਬਣਾ ਕੇ ਜੇ.ਐੱਨ.ਯੂ. 'ਚ ਮੁੜ ਹਿੰਸਕ ਹਮਲਾ ਕੀਤਾ ਗਿਆ ਹੈ।

ਸਭਾ ਇਸ ਤੱਥ ਉੱਪਰ ਜ਼ੋਰ ਦੇਣਾ ਚਾਹੁੰਦੀ ਹੈ ਕਿ ਹਮਲਾਵਰ ਭਗਵੇਂ ਗਰੁੱਪਾਂ ਦੇ ਪ੍ਰਵੇਸ਼ ਤੋਂ ਪਹਿਲਾਂ ਜਿੱਥੇ ਲੋਕ ਸ਼ਾਂਤਮਈ ਰਹਿ ਰਹੇ ਹੁੰਦੇ ਹਨ ਉੱਥੇ ਨਿਸ਼ਚਿਤ ਯੋਜਨਾ ਤਹਿਤ ਕੁਝ ਸਥਾਨਕ ਸ਼ਰਾਰਤੀ ਅਨਸਰਾਂ ਅਤੇ ਬਾਹਰਲੇ ਹਜੂਮ ਤੋਂ ਹਿੰਸਾ ਕਰਵਾ ਕੇ ਮੁਸਲਮਾਨਾਂ ਨੂੰ ਜਵਾਬੀ ਭੜਕਾਹਟ ਲਈ ਉਕਸਾਇਆ ਜਾਂਦਾ ਹੈ ਅਤੇ ਫਿਰ ਇਸ ਬਹਾਨੇ ਉਨ੍ਹਾਂ ਦੇ ਧਾਰਮਿਕ ਸਥਾਨ, ਘਰ ਅਤੇ ਕਾਰੋਬਾਰ ਜਲਾ ਦਿੱਤੇ ਜਾਂਦੇ ਹਨ। ਪਿਛਲੇ ਦਿਨੀਂ ਕਰੌਲੀ (ਰਾਜਸਥਾਨ), ਖਰਗੋਨ (ਮੱਧ ਪ੍ਰਦੇਸ਼), ਖੰਭਾਤ (ਗੁਜਰਾਤ), ਜਹਾਂਗੀਰਪੁਰੀ (ਦਿੱਲੀ) ਅਤੇ ਹੋਰ ਰਾਜਾਂ ਵਿਚ ਇਸੇ ਤਰ੍ਹਾਂ ਹਿੰਸਾ ਭੜਕਾਈ ਗਈ ਅਤੇ ਹਿੰਸਾ ਦੇ ਕੇਸ ਵੀ ਮੁੱਖ ਤੌਰ 'ਤੇ ਮੁਸਲਮਾਨਾਂ ਵਿਰੁੱਧ ਹੀ ਦਰਜ ਕੀਤੇ ਗਏ ਹਨ। ਕਰੌਲੀ 'ਚ 62 ਜਾਇਦਾਦਾਂ ਦੀ ਭੰਨਤੋੜ ਹੋਈ ਜਿਨ੍ਹਾਂ ਵਿੱਚੋਂ 59 ਦੁਕਾਨਾਂ ਮੁਸਲਮਾਨਾਂ ਦੀਆਂ ਸਨ। ਯੂਪੀ, ਮੱਧ ਪ੍ਰਦੇਸ਼ ਆਦਿ ਰਾਜਾਂ ਵਿਚ ਪੁਲਿਸ ਅਤੇ ਪ੍ਰਸ਼ਾਸਨ ਵੱਲੋਂ ਇਹ ਇਲਜ਼ਾਮ ਲਗਾ ਕੇ ਮੁਸਲਮਾਨਾਂ ਦੇ ਘਰ ਅਤੇ ਦੁਕਾਨਾਂ ਬੁਲਡੋਜ਼ਰਾਂ ਨਾਲ ਢਾਹ ਦਿੱਤੇ ਗਏ ਕਿ ਉਨ੍ਹਾਂ ਨੇ ਰਾਮ ਨੌਵੀਂ ਦੇ ਜਲੂਸਾਂ ਦੌਰਾਨ ਹਿੰਸਾ ਕੀਤੀ ਸੀ। ਹਕੀਕਤ ਇਹ ਹੈ ਕਿ ਇਹ ਇਲਾਕੇ ਹਿੰਸਾ ਵਾਲੇ ਇਲਾਕਿਆਂ ਤੋਂ ਕਾਫ਼ੀ ਦੂਰੀ 'ਤੇ ਹਨ। ਜਦਕਿ ਮੱਧ ਪ੍ਰਦੇਸ਼ ਵਿਚ ਰਾਮਨੌਮੀ ਦੇ ਸ਼ੋਭਾ ਯਾਤਰਾ ਸਮਾਗਮਾਂ 'ਚ ਭਾਜਪਾ ਆਗੂ ਕਪਿਲ ਮਿਸ਼ਰਾ ਦੀ ਮੌਜੂਦਗੀ ਇਸ ਦਾ ਸਬੂਤ ਹੈ ਕਿ ਇਹ ਭਾਜਪਾ ਅਤੇ ਇਸ ਨਾਲ ਜੁੜੇ ਅਨਸਰਾਂ ਦੀ ਤੈਅਸ਼ੁਦਾ ਸਾਜ਼ਿਸ਼ ਸੀ। ਦਿੱਲੀ ਹਿੰਸਾ ਸਮੇਂ ਵੀ ਭੜਕਾਊ ਭਾਸ਼ਣ ਰਾਹੀਂ ਭੀੜਾਂ ਨੂੰ ਮੁਸਲਮਾਨਾਂ ਉੱਪਰ ਹਮਲਿਆਂ ਲਈ ਉਕਸਾਉਣ ਅਤੇ ਲਾਮਬੰਦ ਕਰਨ ਦੇ ਸੂਤਰਧਾਰ ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਆਦਿ ਭਗਵੇਂ ਆਗੂ ਸਨ। ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ, ਸਗੋਂ ਦਿੱਲੀ ਪੁਲਿਸ ਵੱਲੋਂ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਧਾਰਮਿਕ ਸਦਭਾਵਨਾ ਲਈ ਕੰਮ ਕਰ ਰਹੇ ਕਾਰਕੁੰਨ ਅਤੇ ਵਿਦਿਆਰਥੀ ਯੂ.ਏ.ਪੀ.ਏ. ਲਗਾ ਕੇ ਜੇਲ੍ਹਾਂ ਵਿਚ ਡੱਕ ਦਿੱਤੇ ਗਏ। ਹੁਣ ਦਿੱਲੀ ਪੁਲਿਸ ਵੱਲੋਂ ਧਰਮ ਸੰਸਦ ਵਿਚ ਭੜਕਾਊ ਭਾਸ਼ਣ ਦੇਣ ਵਾਲਿਆਂ ਨੂੰ ਵੀ ਕਲੀਨ ਚਿੱਟ ਦੇ ਦਿੱਤੀ ਗਈ ਹੈ ਜਦਕਿ ਉਨ੍ਹਾਂ ਵਿਰੁੱਧ ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਔਰਤਾਂ ਨਾਲ ਬਲਾਤਕਾਰਾਂ ਦੇ ਸੱਦੇ ਦੇਣ ਵਾਲੇ ਭਾਸ਼ਣ ਜਨਤਕ ਤੌਰ 'ਤੇ ਮੌਜੂਦ ਹਨ। ਪੁਲਿਸ-ਪ੍ਰਸ਼ਾਸਨ ਦੀ ਇਹ ਪੱਖਪਾਤੀ ਭੂਮਿਕਾ ਉਨ੍ਹਾਂ ਉੱਪਰ ਬਹੁਗਿਣਤੀਵਾਦੀ ਫਿਰਕੂ ਸੋਚ ਦੇ ਡੂੰਘੇ ਪ੍ਰਭਾਵ ਅਤੇ ਸੰਵਿਧਾਨਕ ਫ਼ਰਜ਼ਾਂ ਤੋਂ ਕਿਨਾਰਾਕਸ਼ੀ ਦਾ ਨਤੀਜਾ ਹੈ। ਇਹ ਹੋਰ ਵੀ ਖ਼ਤਰਨਾਕ ਰੁਝਾਨ ਹੈ ਕਿ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਖ਼ੁਦ ਹੀ ਜੱਜ ਬਣ ਕੇ ਅਦਾਲਤੀ ਪ੍ਰਕਿਰਿਆ ਨੂੰ ਟਿੱਚ ਸਮਝ ਰਹੇ ਹਨ ਅਤੇ ਸੱਤਾਧਾਰੀ ਧਿਰ ਦੇ ਮੋਹਰੇ ਬਣ ਕੇ ਮੁਸਲਮਾਨਾਂ ਨੂੰ ਦਬਾਉਣ ਲਈ ਗ਼ੈਰਅਦਾਲਤੀ ਸਜ਼ਾਵਾਂ ਖ਼ੁਦ ਹੀ ਤੈਅ ਕਰਕੇ ਅਮਲ 'ਚ ਵੀ ਲਿਆ ਰਹੇ ਹਨ।

ਸਭਾ ਸਮਝਦੀ ਹੈ ਕਿ ਇਹ ਆਰ.ਐੱਸ.ਐੱਸ.-ਭਾਜਪਾ ਦੇ ਆਪਣੇ ਹਿੰਦੂ ਰਾਸ਼ਟਰ ਦੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾਉਣ ਲਈ ਫਿਰਕੂ ਧਰੁਵੀਕਰਨ ਕਰਨ, ਇਸ ਦੇ ਪਰਦੇ ਹੇਠ ਦੇਸ਼ ਦੇ ਅਮੀਰ ਕੁਦਰਤੀ ਵਸੀਲੇ, ਸਰਕਾਰੀ ਜਾਇਦਾਦਾਂ ਅਤੇ ਕਿਰਤ ਸ਼ਕਤੀ ਬੇਸ਼ਰਮੀ ਨਾਲ ਕਾਰਪੋਰੇਟਾਂ ਦੇ ਹਵਾਲੇ ਕਰਦੇ ਜਾਣ ਅਤੇ ਦੇਸ਼ ਦੇ ਲੋਕਾਂ ਦਾ ਧਿਆਨ ਕਾਰਪੋਰੇਟ ਪੱਖੀ ਵਿਕਾਸ ਮਾਡਲ ਵੱਲੋਂ ਲਿਆਂਦੀ ਤਬਾਹੀ, ਡੂੰਘੇ ਆਰਥਿਕ ਸੰਕਟ ਅਤੇ ਪ੍ਰਸ਼ਾਸਨਿਕ ਬਦਇੰਤਜ਼ਾਮੀ ਤੋਂ ਪਾਸੇ ਹਟਾਉਣ ਦੀ ਬੇਹੱਦ ਖ਼ਤਰਨਾਕ ਯੋਜਨਾ ਹੈ। ਇਹ ਤਾਕਤਾਂ ਸਾਡੇ ਦੇਸ਼ ਦੀ ਅਮੀਰ ਸਮਾਜਿਕ-ਸੱਭਿਆਚਾਰਕ ਵੰਨ-ਸੁਵੰਨਤਾ, ਭਾਈਚਾਰਕ ਸਾਂਝ ਅਤੇ ਉਨ੍ਹਾਂ ਜਮਹੂਰੀ ਕਦਰਾਂ-ਕੀਮਤਾਂ ਨੂੰ ਨਸ਼ਟ ਕਰ ਰਹੀ ਹਨ ਜੋ ਇਸ ਦੇਸ਼ ਦੀ ਅਸਲ ਪਛਾਣ ਅਤੇ ਸਾਂਝਾ ਵਿਰਸਾ ਹੈ।

ਸਭਾ ਦੇਸ਼ ਦੇ ਸਮੂਹ ਧਰਮਨਿਰਪੱਖ, ਅਮਨਪਸੰਦ ਲੋਕਾਂ ਨੂੰ ਸੁਚੇਤ ਕਰਦੀ ਹੈ ਕਿ ਇਸ ਖ਼ਤਰਨਾਕ ਮਨਸੂਬੇ ਨੂੰ ਉਨ੍ਹਾਂ ਨੂੰ ਖ਼ੁਦ ਹੀ ਇਕਜੁੱਟ ਹੋ ਕੇ ਰੋਕਣਾ ਹੋਵੇਗਾ। ਵਿਰੋਧੀ ਧਿਰ ਦੀਆਂ 13 ਪਾਰਟੀਆਂ ਨੇ ਇਸ ਮਾਮਲੇ 'ਚ ਮਹਿਜ਼ ਰਸਮੀਂ ਨਿਖੇਧੀ ਕਰਦਾ ਬਿਆਨ ਜਾਰੀ ਕੀਤਾ ਹੈ। ਦੇਸ਼ ਉੱਪਰ ਮੰਡਰਾ ਰਹੇ ਐਨੇ ਵਿਕਰਾਲ ਸੰਕਟ ਦੇ ਸਮੇਂ ਫਾਸ਼ੀਵਾਦੀ ਤਾਕਤਾਂ ਅੱਗੇ ਗੋਡੇ ਟੇਕਣ, ਚੁੱਪ ਬੈਠੇ ਰਹਿਣ ਅਤੇ ਕੋਈ ਠੋਸ ਰਾਜਨੀਤਕ ਵਿਰੋਧ ਲਾਮਬੰਦ ਨਾ ਕਰਨ ਦੀ ਉਨ੍ਹਾਂ ਦੀ ਰਾਜਨੀਤਕ ਇੱਛਾ ਸ਼ਕਤੀ ਦੀ ਕਮਜ਼ੋਰੀ ਨੂੰ ਸਾਨੂੰ ਪਛਾਣਨਾ ਚਾਹੀਦਾ ਹੈ। ਦੇਸ਼ ਨੂੰ ਬਚਾਉਣ ਲਈ ਜਾਗਦੀਆਂ ਜ਼ਮੀਰਾਂ ਵਾਲੇ ਜਾਗਰੂਕ ਹਿੱਸਿਆਂ ਨੂੰ ਖ਼ੁਦ ਅੱਗੇ ਆਉਣਾ ਚਾਹੀਦਾ ਹੈ ਅਤੇ ਸਮੂਹ ਦੱਬੇਕੁਚਲੇ, ਮਜ਼ਲੂਮ ਅਤੇ ਲੁੱਟੇਪੁੱਟੇ ਲੋਕਾਂ ਨੂੰ ਇਕਜੁੱਟ ਤੇ ਲਾਮਬੰਦ ਕਰਨਾ ਚਾਹੀਦਾ ਹੈ।

ਸਭਾ ਆਪਣੀਆਂ ਸਮੂਹ ਇਕਾਈਆਂ ਅਤੇ ਮੈਂਬਰਾਂ ਨੂੰ ਜਿੱਥੇ ਵੀ, ਜਿਸ ਰੂਪ 'ਚ ਵੀ ਸੰਭਵ ਹੋਵੇ ਹੋਰ ਧਰਮਨਿਰਪੱਖ ਜਮਹੂਰੀ ਤਾਕਤਾਂ ਦੇ ਸਹਿਯੋਗ ਨਾਲ ਇਨ੍ਹਾਂ ਹਮਲਿਆਂ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕਰਨ ਦੀ ਅਪੀਲ ਕਰਦੀ ਹੈ।

# ਭਾਰਤ ਦਾ ਰੇਲਵੇ ਮਹਿਕਮਾ ਧਨਾਢਾਂ ਦੇ ਹੱਥ

**ਸਿਮਰਨ**

ਪਿਛਲੇ ਦਿਨਾਂ ਵਿੱਚ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਰੇਲਵੇ ਨੂੰ ਵੇਚਣ ਦੇ ਇਲਜ਼ਾਮਾਂ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਸਰਕਾਰ ਦੀ ਰੇਲਵੇ ਦਾ ਨਿੱਜੀਕਰਨ ਕਰਨ ਦਾ ਕੋਈ ਇਰਾਦਾ ਨਹੀਂ ਹੈ। ਪਿਛਲੇ ਸਾਲ ਪਿਯੂਸ਼ ਗੋਇਲ ਜੋ ਕਿ ਉਸ ਸਮੇਂ ਰੇਲ ਮੰਤਰੀ ਸੀ ਦਾ ਵੀ ਅਜਿਹਾ ਹੀ ਬਿਆਨ ਸਾਹਮਣੇ ਆਇਆ ਸੀ ਕਿ ਰੇਲਵੇ ਭਾਰਤੀ ਸਰਕਾਰ ਲਈ ਬਹੁਤ ਮਹੱਤਵਪੂਰਨ ਖੇਤਰ ਹੈ ਅਤੇ ਸਰਕਾਰ ਇਸ ਦਾ ਕਦੀ ਨਿੱਜੀਕਰਨ ਨਹੀਂ ਕਰੇਗੀ। ਇਸ ਲੇਖ ਦਾ ਮਕਸਦ ਇਨ੍ਹਾਂ ਬਿਆਨਾਂ ਦੀ ਘੋਖ ਪੜਤਾਲ ਕਰਕੇ ਇਹ ਜਾਨਣਾ ਹੈ ਕਿ ਸਾਡੇ "ਮਾਣਯੋਗ" ਮੰਤਰੀ ਜੀ 'ਤੇ ਰੇਲਵੇ ਨੂੰ ਵੇਚਣ ਵਰਗੇ "ਬੇਬੁਨਿਆਦ" ਇਲਜਾਮ ਕਿਉਂ ਲਾਏ ਜਾ ਰਹੇ ਹਨ? ਨਿੱਜੀਕਰਨ ਦੀ ਗੱਲ ਕਰੀਏ ਤਾ ਇਹ ਗੱਲ ਕਿਸੇ ਤੋਂ ਵੀ ਲੁਕੀ ਨਹੀਂ ਹੋਈ ਕਿ ਭਾਰਤੀ ਜਨਤਾ ਪਾਰਟੀ ਜਦੋਂ ਦੀ ਸੱਤ੍ਹਾ ਵਿੱਚ ਆਈ ਹੈ, ਇਸ ਨੇ ਨਿੱਜੀਕਰਨ ਦੇ ਰੱਥ ਨੂੰ ਹੋਰ ਤੇਜ਼ ਹੀ ਕੀਤਾ ਹੈ। ਸਰਕਾਰੀ ਅਦਾਰਿਆਂ ਨੂੰ ਘਾਟੇ ਦਾ ਸੌਦਾ ਦੱਸ ਕੇ ਸਸਤੀਆਂ ਕੀਮਤਾਂ ਉੱਤੇ ਧੜਾ-ਧੜ ਧਨਾਢਾਂ ਨੂੰ ਵੇਚਿਆ ਜਾ ਰਿਹਾ ਹੈ।

ਰੇਲਵੇ ਦਾ ਖੇਤਰ ਵੀ ਸਰਕਾਰ ਦੀ ਇਸ 'ਸਰਮਾਏਦਾਰਾਂ ਦੀ ਸੇਵਾ ਕਰੋ' ਮੁਹਿੰਮ ਦਾ ਹਿੱਸਾ ਬਣ ਚੁੱਕਿਆ ਹੈ। ਸਰਕਾਰ ਦੀ ਰੇਲ ਨੀਤੀਆਂ ਵੱਲ ਝਾਤ ਮਾਰਕੇ ਵੇਖਣ 'ਤੇ ਪਤਾ ਲੱਗਦਾ ਹੈ ਕਿ ਪਿਛਲੇ ਸਮੇਂ ਵਿੱਚ ਰੇਲਵੇ ਦੇ ਬਹੁਤ ਸਾਰੇ ਕੰਮ ਨਿੱਜੀ ਕੰਪਨੀਆਂ ਤੋਂ ਠੇਕੇ 'ਤੇ ਕਰਵਾਏ ਜਾ ਰਹੇ ਹਨ। ਜਿਵੇਂ ਕਿ ਸਟੇਸ਼ਨਾਂ ਦੀ ਸਫਾਈ, ਭੁਗਤਾਨ ਤੇ ਵਰਤੋਂ ਪਖਾਨਿਆਂ, ਅਰਾਮ ਕਮਰਿਆਂ, ਪਾਰਕਿੰਗ, ਪਲੇਟਫਾਰਮ ਸੰਭਾਲ਼ ਤੇ ਹੋਰ ਸੇਵਾਵਾਂ ਨਿੱਜੀ ਕੰਪਨੀਆਂ ਦੇ ਹੱਥਾਂ ਵਿੱਚ ਸੌਂਪੀਆਂ ਗਈਆਂ ਹਨ। ਪਰ ਇਨ੍ਹਾਂ ਨੀਤੀਆਂ ਖਿਲਾਫ ਸਮੇਂ-ਸਮੇਂ 'ਤੇ ਸਰਕਾਰ ਨੂੰ ਦੇਸ਼ ਦੇ ਵੱਡੇ ਤਬਕੇ ਵਲੋਂ ਆਲੋਚਨਾ ਅਤੇ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲਈ ਲੋਕ ਅਵਾਜ਼ ਤੋਂ ਡਰਦੇ ਹੋਏ ਸਰਕਾਰ ਨਿੱਜੀਕਰਨ ਦੇ ਨਵੇਂ-ਨਵੇਂ ਢੰਗਾਂ ਦੀ ਭਾਲ਼ ਕਰਦੀ ਰਹੀ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਿਛਲੇ ਸਾਲ ਅਗਸਤ ਮਹੀਨੇ ਵਿੱਚ ਕੌਮੀ ਮੁਦਰੀਕਰਨ ਪਾਇਪਲਾਇਨ ਦੀ ਘੋਸ਼ਣਾ ਕੀਤੀ। ਇਸ ਤਹਿਤ ਸਰਕਾਰ 2022 ਤੋਂ 2025 ਵਿਚਕਾਰ ਦਰਜ਼ਨਾਂ ਸਰਕਾਰੀ ਮਹਿਕਮਿਆਂ ਅਧੀਨ ਆਉਣ ਵਾਲ਼ੀਆਂ ਜਾਇਦਾਦਾਂ ਨੂੰ ਨਿੱਜੀ ਕੰਪਨੀਆਂ ਨੂੰ ਠੇਕੇ 'ਤੇ ਦੇ ਕੇ 6 ਲੱਖ ਕਰੋੜ ਤੋਂ ਵੱਧ ਦੀ ਮੁਦਰਾ ਇਕੱਠੀ ਕਰੇਗੀ। ਇਸ ਵਿੱਚ ਆਉਣ ਵਾਲ਼ੇ ਖੇਤਰ ਹਨ, ਸੜਕਾਂ (27%), ਰੇਲ਼ਵੇ (25%), ਬਿਜਲੀ ਪੈਦਾਵਾਰ (15%), ਕੁਦਰਤੀ ਗੈਸ ਤੇ ਪਾਇਪਲਾਇਨ (8%), ਦੂਰ ਸੰਚਾਰ (6%) ਆਦਿ।

ਰੇਲਵੇ ਤੋਂ ਇਸ ਨੀਤੀ ਅਧੀਨ 1,52,496 ਕਰੋੜ ਰੁਪਏ ਕਮਾਉਣ ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਅਧੀਨ 400 ਰੇਲਵੇ ਸਟੇਸ਼ਨ, 90 ਮੁਸਾਫਰ ਗੱਡੀਆਂ, 265 ਰੇਲ਼ਵੇ ਸ਼ੈੱਡ, 15 ਰੇਲਵੇ ਸਟੇਡੀਅਮ ਤੇ ਕੁੱਝ ਚੁਣੀਆਂ ਗਈਆਂ ਕਲੋਨੀਆਂ ਨਿੱਜੀ ਮਾਲਕਾਂ ਨੂੰ ਠੇਕੇ 'ਤੇ ਦਿੱਤੀਆਂ ਜਾਣਗੀਆਂ। ਭਾਵੇਂ ਇਸ ਨੀਤੀ ਦਾ ਐਲਾਨ 2021 'ਚ ਹੋਇਆ ਸੀ ਪਰ ਇਸ ਨੂੰ 2016 ਤੋਂ ਹੀ ਲਾਗੂ ਕੀਤਾ ਜਾ ਰਿਹਾ ਹੈ। ਸਾਲ 2017 ਵਿੱਚ 400 ਰੇਲਵੇ ਸਟੇਸ਼ਨਾਂ ਨੂੰ 45 ਸਾਲਾਂ ਲਈ ਠੇਕੇ 'ਤੇ ਦੇਣ ਦੀ ਮਨਜ਼ੂਰੀ ਦਿੱਤੀ ਗਈ। ਸਾਲ 2020 ਵਿੱਚ 109 ਰੇਲ ਮਾਰਗਾਂ ਤੇ 151 ਮੁਸਾਫਰ ਗੱਡੀਆਂ ਨੂੰ ਨਿੱਜੀ ਕੰਪਨੀਆਂ ਵੱਲੋਂ ਚਲਾਏ ਜਾਣ ਦੀ ਮਨਜ਼ੂਰੀ ਦਿੱਤੀ ਗਈ। ਇਹ ਹੋਰ ਕੁੱਝ ਨਹੀਂ ਸਗੋਂ ਇਹਨਾਂ ਅਦਾਰਿਆਂ ਦਾ ਅੰਸ਼ਕ ਨਿੱਜੀਕਰਨ ਹੀ ਹੈ ਜਿਸਤੋਂ ਅੱਗੇ ਵਧਕੇ ਆਉਣ ਵਾਲ਼ੇ ਸਮੇਂ ਵਿੱਚ ਇਨ੍ਹਾਂ ਦਾ ਪੂਰੀ ਤਰ੍ਹਾਂ ਨਿੱਜੀਕਰਨ ਕੀਤਾ ਜਾਵੇਗਾ। ਸਰਕਾਰ ਲਗਾਤਾਰ ਅਲੱਗ-ਅਲੱਗ ਨਾਮਾਂ ਹੇਠ ਨਿੱਜੀਕਰਨ ਕਰਨ 'ਤੇ ਤੁਲੀ ਹੋਈ ਹੈ ਕਦੀ ਇਹ ਜਨਤਕ-ਨਿੱਜੀ ਭਾਈਵਾਲੀ ਦੇ ਨਾਂ 'ਤੇ ਕੀਤਾ ਜਾਂਦਾ ਹੈ ਅਤੇ ਹੁਣ ਮੁੱਦਰੀਕਰਨ ਦੀ ਨੀਤੀ ਦੇ ਨਾਂ 'ਤੇ। ਪਹਿਲਾਂ ਵੀ ਸਰਕਾਰ ਦਾ ਇਹ ਤਰਕ ਸੀ ਕਿ ਨਿੱਜੀ ਹੱਥਾਂ 'ਚ ਜਾਣ ਦੇ ਨਾਲ਼ ਇਹਨਾਂ ਖੇਤਰਾਂ ਦਾ ਵਿਕਾਸ ਹੋਵੇਗਾ, ਰੁਜ਼ਗਾਰ ਦੇ ਮੌਕੇ ਵਧਣਗੇ। ਪਰ ਹੋਇਆ ਇਸਤੋਂ ਬਿਲਕੁਲ ਉਲਟਾ, ਰੁਜ਼ਗਾਰ ਵੱਡੇ ਪੱਧਰ 'ਤੇ ਘਟਿਆ, ਕਾਮਿਆਂ ਦੀ ਆਰਥਿਕ ਸੁਰੱਖਿਆ ਘਟੀ ਅਤੇ ਕਿਰਤ ਕਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਕਰਦੇ ਹੋਏ ਕਾਮਿਆਂ ਦੇ ਬਚੇ-ਖੁਚੇ ਹੱਕਾਂ 'ਤੇ ਡਾਕਾ ਮਾਰਿਆ ਗਿਆ ਹੈ। ਸਰਕਾਰ ਇੱਕ ਪਾਸੇ ਲੋਕਾਂ ਤੋਂ ਸਰਕਾਰੀ ਸਹੂਲਤਾ ਖੋਹ ਰਹੀ ਹੈ, ਦੂਜੇ ਪਾਸੇ ਠੇਕੇ 'ਤੇ ਭਾਰਤੀਆਂ ਹੋ ਰਹੀਆਂ ਹਨ। ਜਿਸ ਨਾਲ਼ ਰੁਜ਼ਗਾਰ ਦਾ ਸੰਕਟ ਵੀ ਖੜ੍ਹਾ ਹੋ ਰਿਹਾ ਹੈ।

ਦੂਜੇ ਪਾਸੇ ਗੋਦੀ ਮੀਡੀਆ ਜਿਸ ਦਾ ਕੰਮ ਹੀ ਹੁਣ ਸਰਕਾਰ ਦੀ ਹਰ ਨੀਤੀ ਦੇ ਹੱਕ ਵਿੱਚ ਵਿਚਾਰਧਾਰਕ ਅਧਾਰ ਤਿਆਰ ਕਰਨਾ ਹੈ, ਲਗਾਤਾਰ ਇਸ ਨੀਤੀ ਦੇ ਹੱਕ ਵਿੱਚ ਦਲੀਲਾਂ ਪੇਸ਼ ਕਰਦਾ ਨਹੀਂ ਥੱਕਦਾ। ਇਸ ਵੱਲੋਂ ਦੋ ਮੁੱਖ ਤਰਕ ਜਿਹੜੇ ਲੋਕਾਂ ਦੇ ਮਨਾਂ ਵਿੱਚ ਵਸਾਏ ਗਏ ਹਨ ਉਹ ਹਨ:

1 ) ਬਿਨਾਂ ਸਰਕਾਰੀ ਜਾਇਦਾਦਾਂ ਦੀ ਮਾਲਕੀ ਗਵਾਏ ਇਹ ਸਰਕਾਰ ਨੂੰ ਪੈਸੇ ਕਮਾਉਣ ਵਿੱਚ ਮਦਦ ਕਰੇਗਾ, ਜਿਸ ਨਾਲ਼ ਸਰਕਾਰ ਨੁਕਸਾਨ ਝੱਲ ਰਹੇ ਇਨ੍ਹਾਂ ਸਰਕਾਰੀ ਅਦਾਰਿਆਂ ਦੀ ਮਦਦ ਕਰ ਸਕਦੀ ਹੈ।

2 ) ਨਿੱਜੀ ਕੰਪਨੀਆਂ ਸਰਕਾਰੀ ਅਦਾਰਿਆਂ ਤੋਂ ਵੱਧ ਕੁਸ਼ਲ ਤੇ ਉਪਜਾਊ ਹੋਣ ਕਾਰਨ ਇਨ੍ਹਾਂ ਅਸਾਸਿਆਂ ਦੀ ਬਿਹਤਰ ਵਰਤੋਂ ਕਰ ਸਕਦੀ ਹੈ।

ਆਓ ਇੱਕ-ਇੱਕ ਕਰਕੇ ਦੇਖੀਏ ਕਿ ਇਹ ਤਰਕ ਕਿੰਨੇ ਕੁ ਸਹੀ ਨੇ।

ਪਹਿਲੇ ਤਰਕ ਦੀ ਗੱਲ ਕਰੀਏ ਤਾਂ ਇਹ ਗੱਲ ਆਮ ਹੀ ਸੁਣਨ ਨੂੰ ਮਿਲ਼ ਜਾਂਦੀ ਹੈ ਕਿ ਭਾਰਤੀ ਰੇਲ ਦੇ ਨੁਕਸਾਨ ਵਿੱਚ ਹੋਣ ਦਾ ਵੱਡਾ ਕਾਰਨ ਹੈ ਇਸ ਦਾ ਸਸਤੇ ਹੋਣਾ ਕਿਉਂਕਿ ਮੁਸਾਫਰ ਗੱਡੀਆਂ ਦੇ ਕਿਰਾਏ 'ਤੇ ਸਰਕਾਰ ਆਪਣੀ ਲਾਗਤ ਦਾ 57% ਹੀ ਵਸੂਲਦੀ ਹੈ। ਇਸ ਲਈ ਇਸ ਅਦਾਰੇ ਨੂੰ ਨੁਕਸਾਨ ਵਿੱਚੋਂ ਕੱਢਣ ਲਈ ਜੇਕਰ ਮਹਿੰਗੀਆਂ ਗੱਡੀਆਂ ਵੀ ਚੱਲਦੀਆਂ ਹਨ ਤਾਂ ਇਹ ਕਦਮ ਇਸ ਅਦਾਰੇ ਲਈ ਮੱਦਦਗਾਰ ਹੀ ਸਾਬਿਤ ਹੋਵੇਗਾ। ਪਰ ਇਹ ਗੱਲ ਪ੍ਰਚਾਰਨ ਵਾਲ਼ੇ ਲੋਕ ਇਹ ਤੱਥ ਨੂੰ ਭੁੱਲ ਜਾਂਦੇ ਹਨ ਕਿ ਸਰਕਾਰ ਦਾ ਕੰਮ ਮੁਨਾਫਾ ਕਮਾਉਣਾ ਨਹੀਂ ਸਗੋਂ ਲੋਕਾਂ ਦੀ ਸੇਵਾ ਕਰਨਾ ਅਤੇ ਉਨ੍ਹਾਂ ਨੂੰ ਸਹੂਲਤਾਂ ਮੁਹੱਈਆ ਕਰਵਾਉਣਾ ਹੁੰਦਾ ਹੈ। ਉਂਝ ਵੀ ਇਹ ਸਰਕਾਰਾਂ ਟੈਕਸਾਂ ਦੇ ਰੂਪ ਵਿੱਚ ਲੋਕਾਂ ਕੋਲ਼ੋਂ ਕਰੋੜਾਂ ਰੁਪਏ ਵਸੂਲਦੀਆਂ ਹਨ ਜਿਨ੍ਹਾਂ ਦਾ ਮਕਸਦ ਹੀ ਲੋਕਾਂ ਨੂੰ ਸੰਚਾਰ, ਸਿੱਖਿਆ, ਸਿਹਤ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੋਣਾ ਚਾਹੀਦਾ ਹੈ। ਪਰ ਇਹ ਮੀਡੀਆਂ ਹਮੇਸ਼ਾਂ ਸਰਕਾਰ ਦੇ ਕਿਰਦਾਰਾਂ ਉੱਤੇ ਸਵਾਲ ਚੁੱਕਣ ਦੀ ਥਾਂ ਲੋਕਾਂ ਨੂੰ ਹੀ ਮੁਫਤਖੋਰ ਕਹਿ ਕੇ ਭੰਡਦਾ ਹੈ। ਇਹ ਗੱਲ ਵੀ ਜੱਗ ਜਾਹਿਰ ਹੈ ਕਿ ਇਹ ਸਰਮਾਏਦਾਰ ਜਦ ਵੀ ਆਲ਼-ਜੰਜਾਲ਼ ਉੱਤੇ ਨਿਵੇਸ ਕਰਨ ਦੀ ਬਾਰੀ ਆਉਂਦੀ ਹੈ ਤਾਂ ਬਹੁਤੀ ਵਾਰ ਪਿੱਛੇ ਹਟ ਜਾਂਦੇ ਹਨ ਕਿਉਂਕਿ ਇਸ ਖੇਤਰ ਵਿੱਚੋਂ ਮੁਨਾਫੇ ਬਹੁਤ ਲੰਬੇ ਸਮੇਂ ਬਾਅਦ ਹੀ ਮਿਲ਼ਣੇ ਸ਼ੁਰੂ ਹੁੰਦੇ ਹਨ। ਸਰਮਾਏਦਾਰ ਉਨ੍ਹਾਂ ਖੇਤਰਾਂ ਵਿੱਚ ਹੀ ਨਿਵੇਸ਼ ਕਰਨ ਨੂੰ ਤਰਜੀਹ ਦਿੰਦੇ ਹਨ ਜਿੱਥੋਂ ਛੇਤੀ ਤੋਂ ਛੇਤੀ ਵੱਧ ਤੋਂ ਵੱਧ ਮੁਨਾਫਾ ਕਮਾਇਆ ਜਾ ਸਕੇ। ਪਰ ਰੇਲਵੇ ਬੁਨਿਆਦੀ ਖੇਤਰ ਹੋਣ ਕਰਕੇ ਸਰਕਾਰ ਇਸ 'ਤੇ ਨਿਵੇਸ਼ ਕਰਦੀ ਹੈ। ਹੁਣ ਇਨ੍ਹਾਂ ਧਨਾਢਾਂ ਤੋਂ ਪੈਸੇ ਲੈਕੇ ਇਹਨਾਂ ਢਾਂਚੇ ਨੂੰ ਵਰਤਣ ਦੀ ਮਨਜ਼ੂਰੀ ਦੇਣ ਦਾ ਸਿੱਧਾ-ਸਿੱਧਾ ਮਤਲਬ ਹੈ ਕਿ ਇਸ ਢਾਂਚੇ ਨੂੰ ਬਣਾਉਣ ਅਤੇ ਦੇਖ-ਰੇਖ ਦਾ ਬੋਝ ਸਾਰਾ ਸਰਕਾਰ ਮਤਲਬ ਕਿ ਆਮ ਲੋਕਾਂ ਦੇ ਮੋਢਿਆਂ 'ਤੇ ਆਵੇਗਾ ਅਤੇ ਇਹ ਧਨਾਢ, ਲੋਕਾਂ ਦੇ ਸਿਰਾਂ 'ਤੇ ਚੜ੍ਹ ਕੇ ਮੋਟੇ ਮੁਨਾਫੇ ਖੱਟਣਗੇ।

ਦੂਜੇ ਤਰਕ ਦੀ ਗੱਲ ਕਰੀਏ ਤਾਂ ਇਹ ਵਿਚਾਰ ਕਿ 'ਨਿੱਜੀ ਮਾਲਕੀ ਵਾਲ਼ੇ ਅਦਾਰੇ ਸਰਕਾਰੀ ਅਦਾਰਿਆਂ ਤੋਂ ਬਿਹਤਰ ਹੁੰਦੇ ਹਨ' ਵੀ ਸਮਾਜ ਦੇ ਪੋਰ-ਪੋਰ ਵਿੱਚ ਵਸਿਆ ਹੋਇਆ ਹੈ ਜਾਂ ਸਹੀ ਕਹਿਣਾ ਹੋਵੇ ਤਾਂ ਹਾਕਮ ਜਮਾਤ ਦੇ ਲਗਾਤਾਰ ਪ੍ਰਚਾਰ ਰਾਹੀਂ ਵਸਾਇਆ ਗਿਆ ਹੈ। ਅਸਲ ਵਿੱਚ ਜਿਹੜੀ ਕੁਸ਼ਲਤਾ ਦੀ ਗੱਲ ਕੀਤੀ ਜਾਂਦੀ ਹੈ ਉਹ ਹੋਰ ਕੁੱਝ ਨਹੀਂ ਸਗੋਂ ਇਨ੍ਹਾਂ ਅਦਾਰਿਆਂ ਦੇ ਮਜ਼ਦੂਰਾਂ ਤੇ ਮੁਲਾਜਮਾਂ ਦੀ ਬੇਕਿਰਕ ਅਤੇ ਬਰਬਰ ਲੁੱਟ ਹੀ ਹੁੰਦੀ ਹੈ। ਇਹ



ਤੱਥ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਨਿੱਜੀ ਕੰਪਨੀਆਂ ਕਿਸ ਤਰੀਕੇ ਨਾਲ਼ ਸਾਰੇ ਕਿਰਤ ਕਨੂੰਨਾਂ ਨੂੰ ਛਿੱਕੇ ਟੰਗ ਕੇ ਆਪਣੇ ਮੁਲਾਜ਼ਮਾਂ ਤੋਂ ਨਿਗੂਣੀਆਂ ਤਨਖਾਹਾਂ ਤੇ ਕਿੰਨੇ-ਕਿੰਨੇ ਘੰਟੇ ਕੰਮ ਕਰਵਾਉਂਦੀਆਂ ਹਨ, ਨਾ ਹੀ ਰੁਜ਼ਗਾਰ ਦੀ ਸੁਰੱਖਿਆ ਅਤੇ ਨਾ ਹੀ ਕੋਈ ਹੋਰ ਸਹੂਲਤ ਉਨ੍ਹਾਂ ਨੂੰ ਦਿੱਤੀ ਜਾਂਦੀ ਹੈ। ਇਸੇ ਲਈ ਬਹੁਤੇ ਨੌਜਵਾਨਾਂ ਦਾ ਸੁਪਨਾ ਵੀ ਹਮੇਸ਼ਾਂ ਨਿੱਜੀ ਖੇਤਰ ਦੀ ਥਾਵੇਂ ਸਰਕਾਰੀ ਖੇਤਰ ਵਿੱਚ ਨੌਕਰੀ ਲੈਣ ਦਾ ਹੀ ਹੁੰਦਾ ਹੈ। ਦੂਜੇ ਪਾਸੇ ਇਨ੍ਹਾਂ ਦੀ ਕੁਸ਼ਲਤਾ ਦਾ ਵੱਡਾ ਰਾਜ ਇਸ ਤੱਥ ਵਿੱਚ ਵੀ ਹੈ ਕਿ ਇਹ ਕੰਪਨੀਆਂ ਆਪਣੀਆਂ ਸੇਵਾਵਾਂ ਤੇ ਜਿਣਸਾਂ ਦੇ ਅਜਿਹੇ ਭਾਅ ਵਸੂਲਦੀਆਂ ਹਨ ਜਿਹਨਾਂ ਨਾਲ਼ ਵੱਧ ਤੋਂ ਵੱਧ ਮੁਨਾਫਾ ਹੋ ਸਕੇ। ਰੇਲਵੇ ਦੇ ਮਾਮਲੇ ਵਿੱਚ ਮੁਨਾਫੇ ਨੂੰ ਕੇਂਦਰ ਵਿੱਚ ਰੱਖਣ ਵਾਲ਼ੀ ਇਸ 'ਕੁਸ਼ਲਤਾ' ਨਾਲ਼ ਦੇਸ਼ ਦੀ ਅਬਾਦੀ ਦਾ ਗਿਣਨਯੋਗ ਹਿੱਸਾ ਕੁਸ਼ਲਤਾ ਨਾਲ਼ ਰੇਲ ਸੇਵਾਵਾਂ ਤੋਂ ਹੀ ਵਾਂਝਾ ਹੋ ਜਾਵੇਗਾ। ਇਸ ਮੁਨਾਫਾ ਅਧਾਰਿਤ ਢਾਂਚੇ ਦੀ ਨੈਤਿਕਤਾ ਸਿਰਫ਼ ਤੇ ਸਿਰਫ਼ ਮੁਨਾਫਾ ਕਮਾਉਣਾ ਹੈ, ਇਸ ਲਈ ਇੱਥੇ ਕੁਸ਼ਲਤਾ ਵੀ ਮੁਨਾਫੇ ਤੋਂ ਹੀ ਮਿੱਥੀ ਜਾਂਦੀ ਹੈ ਨਾ ਕਿ ਇਸਤੋਂ ਕਿ ਅਬਾਦੀ ਦੇ ਕਿੰਨੇ ਵੱਡੇ ਹਿੱਸੇ ਨੂੰ ਕੋਈ ਸੇਵਾ ਉਪਲਬਧ ਕਰਾਈ ਜਾ ਸਕੀ। ਬਾਕੀ ਜੇ ਨਫੇ ਨੁਕਸਾਨ ਤੋਂ ਹੀ ਕੁਸ਼ਲਤਾ ਮਾਪਣੀ ਹੈ ਤਾਂ ਵੀ ਹਰ ਸਾਲ ਸਰਕਾਰੀ ਅਦਾਰਿਆਂ ਤੋਂ ਕਈ ਗੁਣਾਂ ਵੱਧ ਨਿੱਜੀ ਅਦਾਰੇ ਘਾਟੇ ਵਿੱਚ ਜਾਂਦੇ ਹਨ ਤੇ ਬੰਦ ਹੁੰਦੇ ਹਨ, ਦੇਸ਼ ਦੇ ਵੱਡੇ ਤੋਂ ਵੱਡੇ ਸਰਮਾਏਦਾਰ ਸਿਰ ਵੀ ਸੈਂਕੜਿਆਂ ਕਰੋੜਾਂ ਰੁਪਏ ਦਾ ਕਰਜਾ ਹੈ. ਅਸਲ ਵਿੱਚ ਕੁਸ਼ਲਤਾ ਦਾ ਜੋ ਪੈਮਾਨਾ ਸਾਡੇ ਉੱਤੇ ਥੋਪਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਉਹ ਸਰਮਾਏਦਾਰਾਂ ਦੇ ਹਿੱਤਾਂ ਵਿੱਚ ਭੁਗਤਦਾ ਹੈ ਪਰ ਦੇਸ਼ ਦੀ ਬਹੁਗਿਣਤੀ ਕਿਰਤੀ ਲੋਕਾਈ ਲਈ ਇਹ ਵਧੇਰੇ ਬਦਹਾਲੀ ਦੀ ਹੀ ਦਸਤਕ ਹੈ।

**ਅੰਤ ਵਿੱਚ** : ਸੰਨ 1991 ਵਿੱਚ ਉਸ ਸਮੇਂ ਵਿੱਤ ਮੰਤਰੀ ਮਨਮੋਹਨ ਸਿੰਘ ਨੇ ਭਾਰਤ ਅੰਦਰ ਸੰਸਾਰੀਕਰਨ-ਉਦਾਰੀਕਰਨ-ਨਿੱਜੀਕਰਨ ਦੀਆਂ ਨੀਤੀਆਂ ਦੀ ਸ਼ੁਰੂਆਤ ਕੀਤੀ ਸੀ। ਪਿਛਲੇ ਤਿੰਨ ਦਹਾਕਿਆਂ ਦੌਰਾਨ ਕੇਂਦਰ ਅਤੇ ਸੂਬਿਆਂ ਵਿੱਚ ਰਹੀਆਂ ਸਾਰੀਆਂ ਪਾਰਟੀਆਂ ਦੀਆਂ ਸਰਕਾਰਾਂ ਨੇ ਸਰਮਾਏਦਾਰਾਂ ਨੂੰ ਜਨਤਕ ਅਦਾਰਿਆਂ ਨੂੰ ਵਰਤ ਕੇ ਅਥਾਹ ਮੁਨਾਫਾ ਕਮਾਉਣ ਅਤੇ ਫਿਰ ਇਹਨਾਂ ਅਦਾਰਿਆਂ ਨੂੰ ਹੀ ਹੜੱਪ ਕਰ ਜਾਣ ਵਿੱਚ ਸਰਮਾਏਦਾਰਾਂ ਦੀ ਮਦਦ ਕੀਤੀ ਹੈ, ਪਰ ਹਿੰਦੂਤਵੀ ਫਿਰਕੂ ਫਾਸੀਵਾਦੀ ਪਾਰਟੀ ਭਾਜਪਾ ਦੀ ਸਰਕਾਰ ਇਹ ਖੇਡ ਸਭ ਤੋਂ ਬੇਸ਼ਰਮ ਢੰਗ ਨਾਲ਼ ਖੇਡ ਰਹੀ ਹੈ। ਬਜਟ ਘਾਟੇ ਨੂੰ ਪੂਰਨ ਲਈ ਸਰਮਾਏਦਾਰਾਂ ਉੱਤੇ ਟੈਕਸ ਵਧਾਉਣ ਦੀ ਥਾਂ ਸਰਕਾਰ ਕਿਰਤੀ ਲੋਕਾਂ ਉੱਤੇ ਤਰ੍ਹਾਂ-ਤਰ੍ਹਾਂ ਦੇ ਟੈਕਸ ਵਧਾ ਕੇ, ਸਹੂਲਤਾਂ ਵਾਪਿਸ ਲੈ ਕੇ, ਜਨਤਕ ਅਦਾਰਿਆਂ ਨੂੰ ਵੇਚਣ ਦੇ ਰਾਹ ਤੁਰੀ ਹੋਈ ਹੈ। ਨਿੱਜੀਕਰਨ ਦੀ ਨੀਤੀ ਕਾਰਨ ਜਿੱਥੇ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੇ ਅਥਾਹ ਧਨ-ਦੌਲਤ ਹਾਸਿਲ ਕੀਤੀ ਹੈ ਉੱਥੇ ਵੱਡੇ ਪੱਧਰ ਉੱਤੇ ਕਾਮਿਆਂ ਨੂੰ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਹੈ, ਨਵੇਂ ਰੁਜ਼ਗਾਰ ਪੈਦਾ ਹੋਣ ਦੀ ਥਾਂ ਰੁਜ਼ਗਾਰ ਵਿੱਚ ਕਮੀ ਆਈ ਹੈ, ਗਰੀਬ ਲੋਕਾਂ ਨੂੰ ਸਰਕਾਰੀ ਸਹੂਲਤਾਂ ਤੋਂ ਹੱਥ ਧੋਣਾ ਪਿਆ ਹੈ, ਲੋਕਾਂ ਦੀ ਜ਼ਿੰਦਗੀ ਹੋਰ ਭੈੜੀ ਹੋਈ ਹੈ। ਲੋਕ ਰੋਹ ਨੂੰ ਮੱਠਾ ਪਾਉਣ ਲਈ, ਲੋਕਾਂ ਦੇ ਧਿਆਨ ਨੂੰ ਇਸ ਮੁੱਦੇ ਤੋਂ ਹਟਾਉਣ ਲਈ ਫਿਰਕਾਪ੍ਰਸਤੀ ਦੀ ਹਨ੍ਹੇਰੀ ਝੁਲਾਈ ਗਈ ਹੈ, ਲੋਕ ਤਾਕਤ ਨੂੰ ਕੁਚਲਣ ਲਈ ਜਾਬਰ ਸੱਤ੍ਹਾ ਦੇ ਦੰਦ ਹੋਰ ਤਿੱਖੇ ਕੀਤੇ ਗਏ ਹਨ। ਇਸ ਬਾਰੇ ਕੋਈ ਭੁਲੇਖਾ ਨਹੀਂ ਰਹਿ ਗਿਆ ਹੈ ਕਿ ਨਿੱਜੀਕਰਨ ਦੀ ਨੀਤੀ ਘੋਰ ਲੋਕ ਵਿਰੋਧੀ ਹੈ ਅਤੇ ਇਸਦਾ ਡੱਟਕੇ ਜ਼ੋਰਦਾਰ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਅੱਜ ਸਮੇਂ ਦੀ ਲੋੜ ਹੈ ਕਿ ਹਰ ਖੇਤਰ ਦੇ ਕਿਰਤੀ ਲੋਕ ਜਥੇਬੰਦ ਹੋਣ ਅਤੇ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਖਿਲਾਫ ਸੰਘਰਸ਼ ਵਿੱਢਣ।


ਲਲਕਾਰ 'ਚੋਂ ਧੰਨਵਾਦ ਸਹਿਤ

---

# 'ਕੀ ਖਾਣਾ ਲੋੜੀਏ' ਪੁਸਤਕ ਬਾਰੇ ਵਿਚਾਰ

ਭਾਰਤ ਅਤੇ ਪੰਜਾਬ ਵੀ, ਦੁਨੀਆਂ ਦੇ ਉਨ੍ਹਾਂ ਖਿੱਤਿਆਂ ਵਿਚੋਂ ਇਕ ਬਣ ਚੁੱਕਾ ਹੈ ਜਿਥੇ ਮੋਟਾਪਾ, ਸ਼ੂਗਰ, ਉਚ ਰਕਤਚਾਪ (ਬਲੱਡ ਪ੍ਰੈਸ਼ਰ), ਦਿਲ ਦੀਆਂ ਬਿਮਾਰੀਆਂ ਇਕ ਵੱਡੀ ਜਨਤਕ ਸਿਹਤ ਸਮੱਸਿਆ ਬਣ ਚੁੱਕੀਆਂ ਹਨ ਅਤੇ ਇਸ ਦੇ ਰੋਗੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਨ੍ਹਾਂ ਬਿਮਾਰੀਆਂ ਦੇ ਵਧਣ ਦੇ ਕਾਰਨ ਅਤੇ ਇਨ੍ਹਾਂ ਤੋਂ ਬਚਣ ਦੇ ਉਪਾਅ ਦੇ ਰੂਪ ਵਿਚ ਅਤੇ ਆਮ ਰੂਪ ਵਿਚ ਚੰਗੀ ਸਿਹਤ ਬਣਾਈ ਰੱਖਣ ਲਈ ਭੋਜਨ ਦਾ ਵਿਸ਼ਾ ਲਗਭਗ ਹਰੇਕ ਘਰ, ਹਰੇਕ ਵੱਡੀ ਛੋਟੀ ਮਹਿਫ਼ਲ-ਮੁਲਾਕਾਤ ਵਿਚ ਗੱਲਬਾਤ ਦਾ ਵਿਸ਼ਾ ਬਣ ਹੀ ਜਾਂਦਾ ਹੈ ਅਤੇ ਫਿਰ ਅਨੇਕਾਂ ਕਿਸਮ ਦੇ ਨੁਸਖ਼ੇ, ਫਾਰਮੂਲੇ, ਪੈਥੀਆਂ, ਖ਼ੁਰਾਕ ਨਾਲ ਜੁੜੀਆਂ ਮਿੱਥਾਂ ਅਤੇ ਇਥੋਂ ਤੱਕ ਕਿ ਤਾਂਤਰਿਕ ਕਿਸਮ ਦੇ ਸੁਝਾਵਾਂ ਦਾ ਹੜ੍ਹ ਜਿਹਾ ਆ ਜਾਂਦਾ ਹੈ ਪਰ ਜੇ ਗੱਲਬਾਤ ਕਰਨ ਵਾਲਿਆਂ ਨੇ ਵਿਸ਼ੇ ਬਾਰੇ ਕੋਈ ਵਿਗਿਆਨਕ ਜਾਣਕਾਰੀ ਹਾਸਲ ਨਾ ਕੀਤੀ ਹੋਵੇ ਤਾਂ ਅਜਿਹੀ ਗੱਲਬਾਤ ਨਾ ਸਿਰਫ਼ ਕੁਝ ਮਿੰਟਾਂ ਵਿਚ ਹੀ ਅਕਾਊ ਅਤੇ ਜਾਭਾਂ ਦਾ ਭੇੜ ਬਣ ਕੇ ਰਹਿ ਜਾਂਦੀ ਹੈ, ਸਗੋਂ ਇਹ ਲੋਕਾਂ ਨੂੰ ਕੋਈ ਉਸਾਰੂ ਯਤਨ ਕਰਨ ਵੱਲ ਪ੍ਰੇਰਿਤ ਕਰਨ ਦਾ ਜ਼ਰੀਆ ਵੀ ਨਹੀਂ ਬਣ ਪਾਉਂਦੀ। ਡਾ. ਦਰਸ਼ਨ ਖੇੜੀ ਦੀ ਹਥਲੀ ਪੁਸਤਕ ਅਜਿਹੀ ਗੱਲਬਾਤ ਵਿਚ ਵਿਗਿਆਨਕ ਰੰਗ ਭਰ ਸਕਣ ਦੀ ਭੂਮਿਕਾ ਨਿਭਾਉਣ ਵਿਚ ਚੰਗਾ ਯੋਗਦਾਨ ਪਾ ਸਕਦੀ ਹੈ। ਕਿਤਾਬ ਜ਼ਿਆਦਾ ਲੰਬੀ ਨਹੀਂ ਹੈ, ਆਮ ਭਾਸ਼ਾ ਵਿਚ ਸਮਝ ਆਉਣ ਵਾਲੀ ਸ਼ੈਲੀ ਵਿਚ ਲਿਖੀ ਗਈ ਹੈ, ਇਸ ਲਈ ਲਗਭਗ ਹਰ ਕੋਈ ਇਸ ਨੂੰ ਪੜ੍ਹ ਸਕਦਾ ਹੈ ਤੇ ਵਾਰ ਵਾਰ ਪੜ੍ਹ ਸਕਦਾ ਹੈ।

ਕਿਤਾਬ ਜਿਵੇਂ ਕਿ ਖੁਦ ਨੂੰ 'ਕੀ ਖਾਣਾ ਲੋੜੀਏ?' ਕਹਿ ਕੇ ਸੰਬੋਧਤ ਹੁੰਦੀ ਹੈ, ਇਸ ਲਈ ਕਿਤਾਬ ਇਸ ਬਾਰੇ ਅੱਛੀ ਖਾਸੀ ਜਾਣਕਾਰੀ ਮੁਹੱਈਆ ਕਰਦੀ ਹੈ। ਕਿਹੜੇ ਖਾਧ ਪਦਾਰਥ ਖਾਣੇ ਚਾਹੀਦੇ ਹਨ, ਕਿਹੜੇ ਨਹੀਂ ਖਾਣੇ ਚਾਹੀਦੇ, ਕਿੰਨੀ ਮਾਤਰਾ ਵਿਚ ਖਾਣੇ ਚਾਹੀਦੇ ਹਨ, ਕਿਹੜੀ ਖੁਰਾਕੀ ਤੱਤਾਂ ਦੀ ਮਨੁੱਖੀ ਸਰੀਰ ਨੂੰ ਕਿੰਨੀ ਲੋੜ ਹੁੰਦੀ ਹੈ ਤੇ ਇਹ ਤੱਤ ਕਿਸ ਖਾਧ ਪਦਾਰਥ ਵਿਚੋਂ ਮਿਲਣਗੇ, ਇਨ੍ਹਾਂ ਸਵਾਲਾਂ ਬਾਰੇ ਤਾਂ ਇਹ ਕਿਤਾਬਚਾ ਦੱਸਦਾ ਹੀ ਹੈ, ਪਰ ਨਾਲ ਹੀ ਇਨ੍ਹਾਂ ਜਵਾਬਾਂ ਪਿਛੇ ਵਿਗਿਆਨਕ ਤਰਕ ਜਾਂ ਆਧਾਰ ਕੀ ਹੈ, ਇਸ ਦੀ ਵੀ ਚਰਚਾ ਕਰਦਾ ਹੈ। ਇਸ ਤਰ੍ਹਾਂ ਇਹ ਇਕ ਉਪਦੇਸ਼ ਨਹੀਂ ਬਣਦਾ, ਸਗੋਂ ਪੜ੍ਹਨ ਵਾਲੇ ਦੇ ਦਿਮਾਗ ਨੂੰ ਖੁਰਾਕ ਵਿਗਿਆਨ ਪੜ੍ਹਨ ਦੀ




ਜਾਗ ਲਾਉਂਦਾ ਹੈ, ਬਹੁਤ ਸਾਰੀਆਂ ਖੁਰਾਕੀ ਮਿੱਥਾਂ ਨੂੰ ਤੋੜਦਾ ਹੈ। ਕਿਤਾਬ ਦੇ ਅੰਤ ਵਿਚ ਸਵਾਲਾਂ-ਜਵਾਬਾਂ ਦੇ ਰੂਪ ਵਿਚ ਇਕ ਹਿੱਸਾ ਜੋੜਿਆ ਗਿਆ ਹੈ, ਜੋ ਬੇਹੱਦ ਦਿਲਚਸਪ ਹੈ, ਇਹ ਸਾਰੇ ਹੀ ਸਵਾਲ ਕਿਸੇ ਨਾ ਕਿਸੇ ਰੂਪ ਵਿਚ ਹਰੇਕ ਪਾਠਕ ਦੇ ਮਨ ਵਿਚ ਹੁੰਦੇ ਹਨ। ਲੇਖਕ ਨੇ ਪਾਠਕਾਂ ਨੂੰ ਨਵੇਂ ਸਵਾਲ ਪੇਸ਼ ਕਰਨ ਲਈ ਵੀ ਕਿਹਾ ਹੈ, ਉਮੀਦ ਹੈ ਕਿ ਕਿਤਾਬ ਦੇ ਨਵੇਂ ਐਡੀਸ਼ਨ ਵਿਚ ਨਵੇਂ ਸਵਾਲ ਤੇ ਨਵੇਂ ਜਵਾਬ ਵੀ ਪੜ੍ਹਨ ਨੂੰ ਮਿਲਣਗੇ।

ਪਰ ਇਹ ਕਿਤਾਬ ਇਸ ਤੋਂ ਕੁਝ ਵਧਕੇ ਹੈ। ਜਿਵੇਂ ਸਾਡੇ ਸਮਾਜ ਵਿਚ ਬਹੁਤ ਸਾਰੀਆਂ ਮਿੱਥਾਂ ਭੋਜਨ ਨੂੰ ਲੈ ਕੇ ਪਾਈਆਂ ਜਾਂਦੀਆਂ ਹਨ, ਉਵੇਂ ਹੀ ਕੁਝ ਆਧੁਨਿਕ ਮਿੱਥਾਂ ਵੀ ਸਾਡੇ "ਵਿਰਾਸਤੀ ਮਿੱਥਾਂ" ਦੇ ਖਜ਼ਾਨੇ ਵਿਚ ਜੁੜ ਚੁੱਕੀਆਂ ਹਨ। "ਵਿਰਾਸਤੀ ਮਿੱਥਾਂ" ਦੇ ਉਪਜਣ ਅਤੇ ਸਦੀਆਂ ਤੱਕ ਬਣੇ ਰਹਿਣ ਦਾ ਕਾਰਨ ਵਿਗਿਆਨਕ ਵਿਕਾਸ ਦੀ ਅਣਹੋਂਦ ਜਾਂ ਇਸ ਦਾ ਬੇਹੱਦ ਮੁਢਲੇ ਪੱਧਰ ਉਤੇ ਹੋਣਾ ਅਤੇ ਬਹੁਤੇ ਮਾਮਲਿਆਂ ਵਿਚ ਇਨ੍ਹਾਂ ਮਿੱਥਾਂ ਦਾ ਧਾਰਮਿਕ ਗੀਤੀ-ਰਿਵਾਜਾਂ ਦਾ ਹਿੱਸਾ ਬਣ ਜਾਣਾ ਸੀ, ਪਰ ਆਧੁਨਿਕ ਮਿੱਥਾਂ ਉਸ ਸਮੇਂ ਬਣੀਆਂ (ਜਾਂ ਬਣਾਈਆਂ ਗਈਆਂ) ਹਨ ਜਦੋਂ ਵਿਗਿਆਨਕ ਚੋਖਾ ਵਿਕਾਸ ਕਰ ਚੁੱਕਾ ਹੈ। ਫਿਰ ਇਹ ਮਿੱਥਾਂ ਕਿਵੇਂ ਕਾਇਮ ਹੋ ਗਈਆਂ? ਇਸ ਸਵਾਲ ਦਾ ਜਵਾਬ ਵੀ ਇਸ ਕਿਤਾਬਚੇ ਵਿਚ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੱਖੋਂ ਇਹ ਕਿਤਾਬ ਨਿਵੇਕਲੀ ਹੈ, ਕਿਉਂਕਿ ਭੋਜਨ ਸਬੰਧੀ ਜਿਹੜੀਆਂ ਕਿਤਾਬਾਂ ਪੰਜਾਬੀ ਵਿਚ ਉਪਲਬਧ ਹਨ, ਉਹ ਇਸ ਪੱਖ ਉਤੇ ਬਹੁਤ ਘੱਟ ਚਾਨਣਾ ਪਾਉਂਦੀਆਂ ਹਨ। ਚਰਚਾ ਦੌਰਾਨ ਲੇਖਕ ਕਈ ਹੋਰ ਕਿਤਾਬਾਂ, ਲੇਖਕਾਂ ਬਾਰੇ ਦਿਲਚਸਪ ਜਾਣਕਾਰੀ ਦਿੰਦਾ ਹੈ, ਜਿਸ ਨਾਲ ਵਿਸ਼ੇ ਵਿਚ ਦਿਲਚਸਪੀ ਰੱਖਣ ਵਾਲੇ ਪਾਠਕਾਂ ਨੂੰ ਹੋਰ ਵਧੇਰੇ ਪੜ੍ਹਨ ਲਈ ਉਤਸ਼ਾਹ ਅਤੇ ਦਿਸ਼ਾ ਮਿਲਦੀ ਹੈ।

ਡਾ. ਦਰਸ਼ਨ ਖੇੜੀ ਨੂੰ ਇਸ ਕਿਤਾਬ ਦੇ ਦੂਸਰੇ ਐਡੀਸ਼ਨ ਤੱਕ ਦੀ ਯਾਤਰਾ ਤੱਕ ਪੁੱਜਣ ਲਈ ਵਧਾਈਆਂ। ਇਸ ਆਸ ਨਾਲ ਕਿ ਇਹ ਕਿਤਾਬ ਨਾ ਸਿਰਫ਼ ਆਪਣੇ ਪਹਿਲੇ ਅਵਤਾਰ ਵਾਂਗ ਸੰਖੇਪਤਾ ਤੇ ਸਰਲਤਾ ਵੀ ਬਣਾਈ ਰੱਖੇਗ, ਸਗੋਂ ਇਸ ਦਾ ਨਵਾਂ ਐਡੀਸ਼ਨ ਨਵੇਂ ਪਾਠਕਾਂ ਨੂੰ ਤਾਂ ਖਿੱਚੇਗਾ ਹੀ, ਪਹਿਲਾ ਐਡੀਸ਼ਨ ਪੜ੍ਹ ਚੁੱਕੇ ਪਾਠਕਾਂ ਲਈ ਵੀ ਕੁਝ ਨਵੀਆਂ ਜਾਣਕਾਰੀਆਂ ਲੈ ਕੇ ਆਵੇਗਾ। ਕਿਤਾਬ ਤਿਆਰ ਕਰਨ ਵਾਲੀ ਸਮੁੱਚੀ ਟੀਮ ਨੂੰ ਸ਼ੁਭ ਇੱਛਾਵਾਂ!

**ਡਾ. ਅੰਮ੍ਰਿਤਪਾਲ ਸਿੰਘ**
**ਐਮ.ਡੀ. ਮੈਡੀਸਨ**

ਛੱਤੀਸਗੜ੍ਹ 'ਚ ਡਰੋਨ ਹਮਲੇ

# ਲੋਕਤੰਤਰ ਦੀ ਰਾਖੀ ਲਈ ਕੌਮੀ ਮੁਹਿੰਮ ਦਾ ਬਿਆਨ

## ਕੀ ਕੇਂਦਰ ਅਤੇ ਛੱਤੀਸਗੜ੍ਹ ਸਰਕਾਰਾਂ ਸੁਕਮਾ ਅਤੇ ਬੀਜਾਪੁਰ ਦੇ ਜੰਗਲਾਂ 'ਚ ਕਰੇਟਰਾਂ ਅਤੇ ਬੰਬਾਂ ਦੀ ਰਹਿੰਦ-ਖੂੰਹਦ ਬਾਰੇ ਸਪਸ਼ਟ ਕਰਨਗੀਆਂ?





ਅਸੀਂ ਉਨ੍ਹਾਂ ਹਵਾਈ ਹਮਲਿਆਂ ਦੀਆਂ ਖ਼ਬਰਾਂ/ਰਿਪੋਰਟਾਂ ਤੋਂ ਬਹੁਤ ਚਿੰਤਤ ਹਾਂ ਜਿਨ੍ਹਾਂ ਵਿਚ ਦੋਸ਼ ਲਗਾਇਆ ਗਿਆ ਹੈ ਕਿ ਬੋਟੇਟੋਂਗ ਅਤੇ ਮੇਟਾਗੁਡਮ (ਉਸੂਰ ਬਲਾਕ), ਦੂਲੇਦ, ਸਕਲਰ, ਪੋਟੇਮੰਗੀ (ਕੌਂਟਾ ਬਲਾਕ) ਸਮੇਤ ਬੀਜਾਪੁਰ ਅਤੇ ਸੁਕਮਾ ਜ਼ਿਲ੍ਹਿਆਂ ਦੇ ਪਿੰਡਾਂ ਵਿਚ 14-15 ਅਪ੍ਰੈਲ 2022 ਵਿਚਕਾਰਲੀ ਰਾਤ ਨੂੰ ਐਸੇ ਸਾਧਨਾਂ ਵੱਲੋਂ ਹਵਾਈ ਬੰਬਾਰੀ ਕੀਤੀ ਗਈ ਹੈ ਜਿਨ੍ਹਾਂ ਬਾਰੇ ਨਿਸ਼ਚਿਤ ਨਹੀਂ ਕਿਹਾ ਜਾ ਸਕਦਾ। (ਰਿਪੋਰਟਾਂ ਦੀ ਅੰਸ਼ਕ ਸੂਚੀ ਇੱਥੇ ਨੱਥੀ ਹੈ)।

ਬੋਟੇਟੋਂਗ ਪਿੰਡ, ਮੇਟਾਗੁੜਾ ਅਤੇ ਹੋਰ ਥਾਵਾਂ 'ਤੇ ਜਾ ਕੇ ਪੱਤਰਕਾਰਾਂ ਵੱਲੋਂ ਜੋ ਤਸਵੀਰਾਂ ਲਈਆਂ ਗਈਆਂ ਉਨ੍ਹਾਂ ਵਿਚ ਜੰਗਲਾਂ ਵਿਚ ਹਥਿਆਰਾਂ ਦੇ ਵਿਸਫੋਟਕਾਂ ਅਤੇ ਟੋਇਆਂ ਦੇ ਨਿਸ਼ਾਨਾਂ ਦੇ ਨਾਲ-ਨਾਲ ਤਬਾਹ ਹੋਏ ਜੰਗਲ ਦਾ ਕਵਰ ਦਿਖਾਇਆ ਗਿਆ ਹੈ। ਉਨ੍ਹਾਂ 'ਚ ਪਿੰਡ ਵਾਸੀਆਂ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਜੰਗਲ ਵਿੱਚੋਂ ਧਮਾਕੇ ਦੀਆਂ ਆਵਾਜ਼ਾਂ ਆਈਆਂ ਅਤੇ ਅੱਗ ਦੀਆਂ ਲਾਟਾਂ ਦੇਖੀਆਂ ਗਈਆਂ ਸਨ।

ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਜੰਗਲ "ਬੇਅਬਾਦ" ਨਹੀਂ ਹਨ। ਇਸ ਵਕਤ ਮਹੂਆ ਇਕੱਠਾ ਕਰਨ ਦਾ ਸੀਜਨ ਜ਼ੋਰਾਂ 'ਤੇ ਹੈ ਜਦੋਂ ਪਿੰਡ ਵਾਸੀ, ਖ਼ਾਸ ਕਰਕੇ ਔਰਤਾਂ ਅਤੇ ਬੱਚੇ ਦਿਨ ਤਪਣ ਤੋਂ ਪਹਿਲਾਂ ਪਹਿਲਾਂ ਮਹੂਆ ਇਕੱਠਾ ਕਰਨ ਲਈ ਸਵੇਰੇ ਸਾਝਰੇ (3 ਵਜੇ) ਉੱਠ ਕੇ ਜੰਗਲਾਂ 'ਚ ਜਾਂਦੇ ਹਨ। ਲੋਕ ਗੈਰ-ਲੱਕੜੀ ਵਾਲੀਆਂ ਜੰਗਲੀ ਵਸਤਾਂ ਇਕੱਠੀਆਂ ਕਰਨ, ਆਪਣੇ ਪਸ਼ੂ ਚਾਰਨ, ਇਸ਼ਨਾਨ ਵਗੈਰਾ ਲਈ ਜੰਗਲਾਂ ਵਿਚ ਲਗਾਤਾਰ ਜਾਂਦੇ ਹਨ। ਆਮ ਲੋਕਾਂ ਦੇ ਜੰਗਲਾਂ 'ਚ ਵਿਆਪਕ ਆਉਣ-ਜਾਣ ਨੂੰ ਦੇਖਦੇ ਹੋਏ, ਜੰਗਲਾਂ 'ਤੇ ਹਵਾਈ ਹਮਲੇ ਨਾਗਰਿਕਾਂ ਵਿਰੁੱਧ ਦੁਸ਼ਮਣਾਂ ਵਾਂਗ ਹਮਲਾ ਕਰਨ ਬਣਦੇ ਹਨ।

ਪੁਲਿਸ ਕਥਿਤ ਬੰਬ ਧਮਾਕੇ ਨੂੰ ਅੰਜਾਮ ਦੇਣ ਲਈ ਡਰੋਨ ਦੀ ਵਰਤੋਂ ਤੋਂ ਇਨਕਾਰ ਕਰ ਰਹੀ ਹੈ। ਫਿਰ ਵੀ, ਉਨ੍ਹਾਂ ਨੂੰ ਇਹ ਤਾਂ ਸਪਸ਼ਟ ਕਰਨਾ ਹੀ ਪਵੇਗਾ ਕਿ ਜੰਗਲ ਵਿਚ ਕ੍ਰੇਟਰਾਂ ਅਤੇ ਤਾਰਾਂ ਅਤੇ ਹੋਰ ਵਿਸਫੋਟਕ ਅਸਲੇ ਦੀ ਰਹਿੰਦ-ਖੂੰਹਦ ਕਿੱਥੋਂ ਆਈ। ਇਹ ਮਹੱਤਵਪੂਰਨ ਹੈ ਕਿ ਅਧਿਕਾਰੀ ਵਰਤੇ ਗਏ ਅਸਲੇ ਦੀ ਕਿਸਮ ਅਤੇ ਅਜਿਹੇ ਹਮਲਿਆਂ ਦੇ ਕਾਰਨਾਂ ਨੂੰ ਸਪਸ਼ਟ ਕਰਨ। ਗੌਰਤਲਬ ਹੈ ਕਿ 2010 ਵਿਚ ਤਤਕਾਲੀ ਏਅਰ ਚੀਫ਼ ਮਾਰਸ਼ਲ ਨੇ ਕਿਹਾ ਸੀ ਕਿ "ਫ਼ੌਜਾਂ ਨੂੰ ਸੀਮਤ ਜਾਨੀ ਨੁਕਸਾਨ ਦੀ ਸਿਖਲਾਈ ਨਹੀਂ ਦਿੱਤੀ ਜਾਂਦੀ। ਸਾਡੇ ਕੋਲ ਜੋ ਹਥਿਆਰ ਹਨ, ਉਹ ਸਰਹੱਦ ਪਾਰ ਦੇ ਦੁਸ਼ਮਣ ਲਈ ਹਨ। ਇਸ ਲਈ, ਮੈਂ ਨਕਸਲੀ ਸਮੱਸਿਆ ਵਰਗੀਆਂ ਸਥਿਤੀਆਂ ਵਿਚ ਹਵਾਈ ਫ਼ੌਜ ਦੀ ਵਰਤੋਂ ਕਰਨ ਦੇ ਹੱਕ ਵਿਚ ਨਹੀਂ ਹਾਂ। (ਦ ਹਿੰਦੂ, 7 ਅਪ੍ਰੈਲ 2010) ਵਿਡੰਬਨਾ ਇਹ ਹੈ ਕਿ ਇਹ ਹੁਣ ਜਾਪਦਾ ਹੈ ਕਿ ਅਜਿਹਾ ਹੋ ਗਿਆ ਹੈ, ਹਾਲਾਂਕਿ ਇਹ ਸਾਫ਼ ਨਹੀਂ ਹੈ ਕਿ ਹਵਾਈ ਫ਼ੌਜ ਇਸ ਵਿਚ ਸ਼ਾਮਲ ਸੀ ਜਾਂ ਨਹੀਂ। ਬੇਗੁਨਾਹ ਆਦਿਵਾਸੀਆਂ ਦੇ ਘਾਤਕ ਗੋਲਾ-ਬਾਰੂਦ ਅਤੇ ਆਧੁਨਿਕ ਹਮਲਿਆਂ ਦਾ ਸ਼ਿਕਾਰ ਹੋਣ ਦੇ ਖ਼ਤਰੇ ਦੀ ਵਿਆਖਿਆ "ਜੰਗ ਵਿਚ ਹੋਣ ਵਾਲੇ ਆਮ ਨਾਗਰਿਕਾਂ" ਦੇ ਨੁਕਸਾਨ ਵਜੋਂ ਨਹੀਂ ਕੀਤੀ ਜਾ ਸਕਦੀ। ਅਜਿਹੀਆਂ ਕਾਰਵਾਈਆਂ ਨੂੰ ਤੁਰੰਤ ਬੰਦ ਕਰਨ ਦੀ ਲੋੜ ਹੈ ਜਿਨ੍ਹਾਂ 'ਚ ਆਮ ਨਾਗਰਿਕਾਂ ਦੇ ਨੁਕਸਾਨ ਦੀ ਸੰਭਾਵਨਾ ਹੈ।

ਇਹ ਘਟਨਾ ਹੇਠ ਲਿਖੇ ਸਵਾਲ ਖੜ੍ਹੇ ਕਰਦੀ ਹੈ:

1. ਕੇਂਦਰ ਅਤੇ ਰਾਜ ਕਿਸ ਕਾਨੂੰਨ ਦੇ ਤਹਿਤ ਡਰੋਨਾਂ ਜਾਂ ਹੋਰ ਸਾਧਨਾਂ ਨਾਲ ਇਨ੍ਹਾਂਖੇਤਰਾਂ ਵਿਚ ਹਵਾਈ ਹਮਲੇ ਕਰ ਰਹੇ ਹਨ ਜਿਸ ਦੇ ਦੋਸ਼ ਲੱਗੇ ਹਨ?

2. ਜੇਕਰ ਆਸਮਾਨ ਵਿੱਚੋਂ ਸੁੱਟੇ ਗਏ ਘਾਤਕ ਗੋਲਾ-ਬਾਰੂਦ ਦੇ ਸਬੂਤ ਹਨ, ਤਾਂ ਸਰਕਾਰ ਹੁਣ ਇਸ ਗੱਲ ਤੋਂ ਮੁੱਕਰ ਨਹੀਂ ਸਕਦੀ ਕਿ ਛੱਤੀਸਗੜ੍ਹ ਵਿਚ ਜੋ ਕੁਝ ਹੋ ਰਿਹਾ ਹੈ, ਉਹ ਇਕ 'ਗੈਰ-ਅੰਤਰਰਾਸ਼ਟਰੀ ਹਥਿਆਰਬੰਦ ਲੜਾਈ' ਹੈ ਨਾ ਕਿ ਸਿਰਫ਼ 'ਕਾਨੂੰਨ ਵਿਵਸਥਾ' ਦੀ ਸਮੱਸਿਆ। ਜੈਨੇਵਾ ਕਨਵੈਨਸ਼ਨਾਂ ਦਾ ਕਾਮਨ ਆਰਟੀਕਲ 3, ਜਿਸ ਉੱਪਰ ਭਾਰਤ ਨੇ ਸਹੀ ਪਾਈ ਹੋਈ ਹੈ, ਨਾਗਰਿਕਾਂ ਨਾਲ ਅਣਮਨੁੱਖੀ ਵਿਵਹਾਰ ਦੀ ਮਨਾਹੀ ਕਰਦਾ ਹੈ। ਇਸ ਤੋਂ ਇਲਾਵਾ, ਭਾਰਤ ਨੂੰ ਜੈਨੇਵਾ ਕਨਵੈਨਸ਼ਨਾਂ ਦੇ ਵਧੀਕ ਪ੍ਰੋਟੋਕੋਲ ਉੱਪਰ ਦਸਤਖ਼ਤ ਕਰਨੇ ਚਾਹੀਦੇ ਹਨ ਜੋ ਨਾਗਰਿਕ ਦੀ ਰੱਖਿਆ ਦਾ ਵਿਸਤਾਰ ਕਰਦੇ ਹਨ। ਕਿਸੇ ਵੀ ਹਾਲਤ ਵਿਚ, ਭਾਰਤ ਹਥਿਆਰਾਂ ਦੀ ਅੰਨ੍ਹੇਵਾਹ ਵਰਤੋਂ ਨੂੰ ਰੋਕਣ ਲਈ ਰਵਾਇਤੀ ਅੰਤਰਰਾਸ਼ਟਰੀ ਕਾਨੂੰਨ ਦਾ ਪਾਬੰਦ ਹੈ।

3. ਜੇਕਰ ਸਰਕਾਰ ਇਹ ਕਹਿ ਰਹੀ ਹੈ ਕਿ ਹਵਾਈ ਹਮਲੇ ਦੀਆਂ ਰਿਪੋਰਟਾਂ ਮਾਓਵਾਦੀ ਪ੍ਰਚਾਰ ਹੈ, ਤਾਂ ਉਹ ਸੁਤੰਤਰ ਜਾਂਚ ਦਾ ਹੁਕਮ ਕਿਉਂ ਨਹੀਂ ਦਿੰਦੀ ਜਾਂ ਇਸ 'ਤੇ ਵਾਈਟ ਪੇਪਰ ਜਾਰੀ ਕਿਉਂ ਨਹੀਂ ਕਰਦੀ?

ਅਸੀਂ ਮੰਗ ਕਰਦੇ ਹਾਂ ਕਿ ਕੇਂਦਰ ਅਤੇ ਰਾਜ ਸਰਕਾਰਾਂ-

1. ਛੱਤੀਸਗੜ੍ਹ ਜਾਂ ਕਿਸੇ ਹੋਰ ਆਦਿਵਾਸੀ ਖੇਤਰ ਵਿਚ ਕੋਈ ਹਵਾਈ ਹਮਲਾ ਨਾ ਕਰਨ।

2. ਸੁਰੱਖਿਆ ਕੈਂਪਾਂ, ਝੂਠੇ ਮੁਕਾਬਲਿਆਂ ਅਤੇ ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਦਾ ਵਿਰੋਧ ਕਰ ਰਹੇ ਪਿੰਡਾਂ ਦੇ ਲੋਕਾਂ ਨਾਲ ਗੱਲਬਾਤ ਕੀਤੀ ਜਾਵੇ।

3. ਸੁਰੱਖਿਆ ਬਲਾਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਸਵਾਲ ਨੂੰ ਸੰਬੋਧਿਤ ਹੋਇਆ ਜਾਵੇ। ਨਿਆਂਇਕ ਜਾਂਚ, ਸੀਬੀਆਈ, ਐੱਨਐੱਚਆਰਸੀ ਅਤੇ ਸੁਪਰੀਮ ਕੋਰਟ ਵੱਲੋਂ ਇਕ ਤੋਂ ਵਧੇਰੇ ਜਾਂਚਾਂ ਦੇ ਸੱਪਸ਼ਟ ਨਤੀਜਿਆਂ ਦੇ ਬਾਵਜੂਦ ਕਿ ਛੱਤੀਸਗੜ੍ਹ ਵਿਚ ਸੁਰੱਖਿਆ ਬਲਾਂ ਵੱਲੋਂ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ ਕੀਤੀ ਗਈ ਹੈ, ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਸ਼ੁਰੂਆਤ ਦੇ ਤੌਰ 'ਤੇ, ਸਰਕਾਰ ਨੂੰ ਸਰਕੇਗੁੜਾ ਅਤੇ ਇਦਸਮੇਟਾ ਵਿਚ ਸੁਰੱਖਿਆ ਬਲਾਂ ਵੱਲੋਂ ਕੀਤੇ ਸਮੂਹਿਕ ਕਤਲੇਆਮ ਦਾ ਸ਼ਿਕਾਰ ਹੋਏ ਨਿਰਦੋਸ਼ ਲੋਕਾਂ ਅਤੇ ਤਾੜਮੇਤਲਾ, ਤਿਮਾਪੁਰਮ ਅਤੇ ਮੋਰਪੱਲੀ ਵਿਚ ਸਮੂਹਿਕ ਅੱਗਜਨੀ, ਬਲਾਤਕਾਰ ਅਤੇ ਕਤਲ ਦੇ ਪੀੜਤਾਂ ਨੂੰ ਨਿਆਂ ਪ੍ਰਦਾਨ ਕਰਨਾ ਚਾਹੀਦਾ ਹੈ। ਸੁਰੱਖਿਆ ਬਲਾਂ ਦੁਆਰਾ ਕਤਲਾਂ, ਜਿਨਸੀ ਸ਼ੋਸ਼ਣ ਅਤੇ ਬਲਾਤਕਾਰਾਂ ਦੇ ਜੋ ਮਾਮਲੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਅਦਾਲਤਾਂ ਦੇ ਧਿਆਨ ਵਿੱਚ ਲਿਆਂਦੇ ਗਏ ਹਨ, ਉਨ੍ਹਾਂ 'ਚ ਮੁਕੱਦਮੇ ਚਲਾਏ ਜਾਣ।

4. ਸੁਰੱਖਿਆ ਬਲਾਂ ਦੀਆਂ ਹੋਰ ਬਟਾਲੀਅਨਾਂ ਲਗਾ ਕੇ ਅਤੇ ਸੁਰੱਖਿਆ ਕੈਂਪ ਬਣਾ ਕੇ ਬਸਤਰ ਦਾ ਫ਼ੌਜੀਕਰਨ ਕਰਨਾ ਬੰਦ ਕੀਤਾ ਜਾਵੇ।

5. ਸੁਪਰੀਮ ਕੋਰਟ ਦੁਆਰਾ 2011 ਵਿਚ ਦਿੱਤੇ ਨਿਰਦੇਸ਼ ਅਨੁਸਾਰ ਡੀ.ਆਰ.ਜੀ. (ਜ਼ਿਲ੍ਹਾ ਰਿਜ਼ਰਵ ਗਾਰਡ) ਭੰਗ ਕੀਤੇ ਜਾਣ, ਜਿਸ ਵਲੋਂ ਮਾਓਵਾਦੀਆਂ ਦੇ ਖਿਲਾਫ਼ ਅੱਤਵਾਦ ਵਿਰੋਧੀ ਕਾਰਵਾਈਆਂ ਵਿਚ ਐੱਸ.ਪੀ.ਓ. (ਵਿਸ਼ੇਸ਼ ਪੁਲਿਸ ਅਫ਼ਸਰਾਂ) ਅਤੇ ਆਤਮ-ਸਮਰਪਣ ਕਰ ਚੁੱਕੇ ਨਕਸਲੀਆਂ ਦੀ ਵਰਤੋਂ ਕਰਨ 'ਤੇ ਪਾਬੰਦੀ ਲਗਾਈ ਸੀ।

6. ਸੀਪੀਆਈ (ਮਾਓਵਾਦੀ) ਨਾਲ ਸ਼ਾਂਤੀ ਵਾਰਤਾ ਸ਼ੁਰੂ ਕੀਤੀ ਜਾਵੇ।

ਹਸਤਾਖ਼ਰੀ ਜਥੇਬੰਦੀਆਂ ਅਤੇ ਸ਼ਖਸੀਅਤਾਂ:

1. ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀਯੂਸੀਐੱਲ), ਵੀ ਸੁਰੇਸ਼ ਜਨਰਲ ਸਕੱਤਰ

2. ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵਿਮੈਨ, ਐਨੀ ਰਾਜਾ, ਜਨਰਲ ਸਕੱਤਰ

3. ਹਿਊਮਨ ਰਾਈਟਸ ਫੋਰਮ (ਐੱਚਆਰਐੱਫ), ਗੁਟਾ ਰੋਹਿਤ

4. ਛੱਤੀਸਗੜ੍ਹ ਬਚਾਓ ਅੰਦੋਲਨ, (ਸੀਬੀਏ), ਬੇਲਾ ਭਾਟੀਆ

5. ਨੈਸ਼ਨਲ ਅਲਾਇੰਸ ਆਫ ਪੀਪਲਜ਼ ਮੂਵਮੈਂਟ (ਐੱਨਏਪੀਐੱਮ), ਅਰੁੰਧਤੀ ਧੁਰੂ, ਮੀਰਾ ਸੰਘਮਿਤਰਾ

6. ਆਲ ਇੰਡੀਆ ਪ੍ਰਾਗਰੈਸਿਵ ਵਿਮੈਨਜ਼ਐਸੋਸੀਏਸ਼ਨ (ਏਪਵਾ), ਕਵਿਤਾ ਕਰਿਸ਼ਨਨ

7. ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਪੀਯੂਡੀਆਰ), ਦੀਪਿਕਾ ਟੰਡਨ ਅਤੇ ਸ਼ਹਾਨਾ ਚੈਟਰਜੀ (ਸਕੱਤਰ)

8. ਨਿਊ ਟਰੇਡ ਯੂਨੀਅਨ ਇਨੀਸ਼ੀਏਟਿਵ (ਐੱਨਟੀਯੂਆਈ), ਗੌਤਮ ਮੋਦੀ

9. ਆਲ ਇੰਡੀਆ ਲੌਇਰਜ਼ ਐਸੋਸੀਏਸ਼ਨ ਫਾਰ ਜਸਟਿਸ, (ਏਆਈਐੱਲਏਜੇ), ਕਲਿਫਟਨ ਡੀ ਰੋਜ਼ਰੀਓ

10. ਸਹੇਲੀ, ਵਾਨੀ ਸੁਬਰਾਮਨੀਅਮ 11. ਝਾਰਖੰਡ ਜਨਅਧਿਕਾਰ ਮਹਾਸਭਾ, ਸਿਰਾਜ ਦੱਤਾ 12. ਪੱਛਿਮ ਬੰਗਾ ਖੇਤ ਮਜ਼ਦੂਰ ਸੰਮਤੀ (ਪੀਬੀਕੇਐੱਮਐੱਸ) ਅਨੁਰਾਧਾ ਤਲਵਾੜ 13. ਪੀਪਲਜ਼ ਵਾਚ, ਹੈਨਰੀ ਟਿਫਗਨੇ 14. ਮੰਥਨ ਲਾਅ, ਅਵਾਨੀ ਚੌਕਸੀ 15. ਸਿਟੀਜ਼ਨ ਫਾਰ ਜਸਟਿਸ ਐਂਡ ਪੀਸ, ਤੀਸਤਾ ਸੀਤਲਵਾੜ 16. ਬਾਰਗੀ ਬਾਂਧ ਵਿਸਥਾਪਿਤ ਏਵਮ ਪ੍ਰਭਾਵਿਤ ਸੰਘ, ਐੱਮਪੀ, ਰਾਜ ਕੁਮਾਰ ਸਿੰਘ 17. ਖ਼ਣਨ ਵਿਰੋਧੀ ਸੰਘਰਸ਼ ਸੰਮਤੀ, ਰਾਜਸਥਾਨ, ਕੈਲਾਸ਼ ਮੀਣਾ, 18. ਡੋਮੈਸਟਿਕ ਵਰਕਰਜ਼ ਯੂਨੀਅਨ, ਕਰਨਾਟਕਾ, ਐੱਸਆਰ ਸੇਲੀਆ, 19. ਪਰਿਆਵਰਣ ਸੁਰੱਕਸ਼ਾ ਸੰਮਤੀ, ਗੁਜਰਾਤ,ਕ੍ਰਿਸ਼ਨਕਾਂਤ ਚੌਹਾਨ 20. ਜਨ ਜਾਗਰਣ ਸ਼ਕਤੀ ਸੰਗਠਨ, ਬਿਹਾਰ, ਅਸ਼ੀਸ਼ ਰੰਜਨ 21. ਵਿਮੈਨ ਅਗੇਂਸਟ ਸਟੇਟ ਰਿਪਰੈਸ਼ਨ ਐਂਡ ਸੈਕਸੂਅਲ ਵਾਇਲੈਂਸ, ਨਿਸ਼ਾ ਬਿਸਵਾਸ, 22. ਆਲ ਇੰਡੀਆ ਪ੍ਰਾਗਰੈਸਿਵ ਰਾਈਟਰਜ਼ ਐਸੋਸੀਏਸ਼ਨ, ਵਿਨੀਤ ਤਿਵਾੜੀ, ਕੌਮੀ ਸਕੱਤਰ, 23. ਨੰਦਿਨੀ ਸੁੰਦਰ, ਐਕਡੈਮਿਕ ਐਂਡ ਰਾਈਟਰ, 24. ਵਿਜੇਅਨ, ਐੱਮਜੇ, ਪੀਸ ਐਕਟੀਵਿਸਟ, 25. ਸੈਡਰਿਕ ਪ੍ਰਕਾਸ਼, ਪ੍ਰਸ਼ਾਂਤ, 26. ਆਕਾਰ ਪਟੇਲ, ਹਿਊਮੈਨ ਰਾਈਟਸ ਐਕਟੀਵਿਸਟ ਐਂਡ ਰਾਈਟਰ, 27. ਜੋਤੀ ਐੱਸਜੇ, ਰਾਈਟ ਟੂ ਫੂਡ ਐਕਟੀਵਿਸਟ, 28. ਜੌਹਨ ਦਿਆਲ, ਰਾਈਟਰ, ਜਰਨਲਿਸਟ, 29. ਡਾਕਟਰ ਫਰੇਜ਼ਰ ਮੈਸਕਾਰੇਨਸ, ਐੱਸਜੇ, ਐਕਡੈਮਿਕ ਐਡਮਿਨਿਸਟ੍ਰੇਟਰ, 30. ਬ੍ਰਿਨਲ ਡੀਸੂਜਾ, ਐਕਡੈਮਿਕ ਐਂਡ ਐਕਟੀਵਿਸਟ

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਨੰਦਿਨੀ ਸੁੰਦਰ : 9868076756, ਬੇਲਾ ਭਾਟੀਆ : 9479045421, ਵੀ. ਸੁਰੇਸ਼: 9444231497, ਕਵਿਤਾ ਸ੍ਰੀਵਾਸਤਵ: 9351562965

# ਬਹਾਦਰੀ ਸਾਬਤ ਕਰਨ ਲਈ ਲੜਣਾ ਜ਼ਰੂਰੀ ਨਹੀਂ.......

ਪਿਛਲੇ ਕੁੱਝ ਸਾਲਾਂ ਤੋਂ ਪੰਜਾਬੀ, ਖਾਸਕਰ ਸਿੱਖ ਭਾਈਚਾਰੇ ਵਿੱਚ ਬਸਤੀਵਾਦੀ ਰਹਿੰਦ ਖੂੰਹਦ ਨੂੰ ਗੌਰਵਸਾਲੀ ਬਣਾਉਣ ਦੀ ਹੋੜ ਤਹਿਤ ਸਾਮਰਾਜਵਾਦੀ ਦੇਸਾਂ ਦੀ ਆਪਸੀ ਲੁੱਟਖੋਹ ਕਾਰਨ ਲੜੀ ਗਈ ਪਹਿਲੀ ਸੰਸਾਰ ਜੰਗ ਦੇ ਸੈਨਿਕਾਂ ਨੂੰ ਹੀਰੋ ਬਣਾਉਣ ਦੀ ਇਕ ਮੁਹਿੰਮ ਚਲੀ ਹੋਈ ਹੈ। ਨਿਰਸੰਦੇਹ ਸਿੱਖ ਕੌਮ ਇਕ ਬਹਾਦਰ ਕੌਮ ਹੈ, ਪਰ ਸਾਰਾਗੜੀ ਅਤੇ ਚਮਕੌਰ ਦੀ ਗੜੀ ਵਿੱਚ ਬਹੁਤ ਵੱਡਾ ਫਰਕ ਹੈ। ਇਕ ਕਿਸੇ ਦੀ ਮਾਤ-ਭੂਮੀ ਤੇ ਕਬਜਾ ਜਮਾ ਗਏ ਬੈਠੇ ਟੋਡੀਆਂ ਦੇ ਸੈਨਿਕਾਂ ਦੀ ਪਠਾਣਾਂ ਹੱਥੋਂ ਕਤਲ ਹੋਣ ਦੀ ਕਹਾਣੀ ਹੈ ਤੇ ਦੂਸਰੀ ਆਪਣੀ ਹੀ ਧਰਤੀ ਤੇ ਮੁੱਠੀ ਭਰ ਸਿੰਘਾਂ ਦੀ ਮੁਗਲਾਂ ਦੇ ਘੇਰੇ ਵਿੱਚ ਲੜਦਿਆਂ ਸਹੀਦ ਹੋਣ ਦੀ ਗਾਥਾ ਹੈ। ਇਸ ਅੰਧ-ਭਗਤੀ ਨੂੰ ਉਦੋਂ ਬਲ ਮਿਲਿਆ ਜਦੋਂ ਇੰਗਲੈਂਡ ਦੀ ਹਕੂਮਤ ਨੇ ਮੁਸਲਮਾਨਾਂ ਦੇ ਮੁਕਾਬਲੇ ਵਫਾਦਾਰੀ ਦਾ (ਗੋਰਾ-ਭਗਤੀ) ਦਾ ਬਿੰਬ ਘੜਣ ਲਈ ਇਕ ਬ੍ਰਿਟਿਸ ਸਿੱਖ ਫੌਜੀ ਦਾ ਬੁੱਤ ਇੰਗਲੈਂਡ ਵਿੱਚ ਸਥਾਪਿਤ ਕਰ ਦਿੱਤਾ। ਉਸ ਆਲਮੀ ਜੰਗ ਵਿੱਚ ਬਹੁਤ ਸਾਰੀਆਂ ਕੌਮਾਂ ਦੇ ਲੋਕ ਯੂਨੀਅਨ ਜੈਕ ਦੀ ਸਲਾਮਤੀ ਲਈ ਲੜੇ ਸਨ। ਪਰ ਸਾਡੇ ਗੁਲਾਮ ਲੋਕਾਂ ਦੀ ਗੁਲਾਮ ਮਾਨਸਿਕਤਾ ਜਾਗ ਪਈ ਤੇ ਉਨ੍ਹਾਂ ਨੇ ਗਦਰੀ ਬਾਬਿਆਂ ਦੀ ਉਸ ਵੇਲੇ ਦੀ ਕੁਰਬਾਨੀਆਂ ਭਰੀ ਗਾਥਾ ਦੇ ਬਰਾਬਰ ਹੀ ਭਾੜੇ ਦੇ ਸੈਨਿਕਾਂ ਦੇ ਸੋਹਲੇ ਗਾਉਣੇ ਸੁਰੂ ਕਰ ਦਿੱਤੇ। ਕਿਸੇ ਖਿੱਤੇ ਵਿੱਚ ਰਹਿੰਦਿਆਂ ਇਹ ਮਤਲਬ ਨਹੀਂ ਕਿ ਉੱਥੋਂ ਦੀ ਹਕੂਮਤ ਦੀ ਹਰ ਗੱਲ ਅੱਖਾਂ ਮੀਟ ਕੇ ਮੰਨੀ ਜਾਏ। ਸੂਰਮਤਾਈ ਸਿਰਫ ਹੱਦਾਂ ਤੇ ਮਰ ਕੇ ਹੀ ਪ੍ਰਵਾਨ ਨਹੀਂ ਚੜਦੀ, ਮਨੁੱਖਤਾ ਦੇ ਘਾਣ ਵਿੱਚ ਸਾਮਿਲ ਹੋਣ ਨਾਲੋਂ ਮੂੰਹ ਵਿਚੋਂ ਨਿਕਲਿਆ 'ਇਨਕਾਰ' ਸਬਦ ਵੀ ਬਹਾਦਰੀ ਦੀ ਗੂੰਜ ਹੁੰਦਾ ਹੈ। ਅੱਜ ਦੁਨੀਆਂ ਵੀਅਤਨਾਮ ਯੁੱਧ ਵਿੱਚ ਲੜੇ ਲੱਖਾਂ ਫੌਜੀਆਂ ਵਿੱਚੋਂ ਸਾਇਦ ਕਿਸੇ ਇਕ ਫੌਜੀ ਦਾ ਨਾਮ ਵੀ ਨਾ ਜਾਣਦੀ ਹੋਵੇ, ਪਰ ਮੁਹੰਮਦ ਅਲੀ ਦਾ ਨਾਮ ਮੁੱਕੇਬਾਜੀ ਕਰਕੇ ਹੀ ਨਹੀਂ, ਉਸਦੇ ਨਾਬਰ ਅਤੇ ਅਜਾਦ ਸੁਭਾਅ ਕਰਕੇ ਸਦਾ ਅਮਰ ਰਹੇਗਾ। ਉਸਦਾ ਪਹਿਲਾ ਨਾਮ  ਸੀ, ਪਰ ਇਸਲਾਮ ਧਾਰਨ ਕਰਨ ਤੋਂ ਬਾਅਦ ਉਹ ਕਿਹਾ ਕਰਦਾ ਸੀ ਕਿ  ਇਕ ਗੁਲਾਮ ਦਾ ਨਾਮ ਹੈ, ਉਹ ਮੁਹੰਮਦ ਅਲੀ ਹੈ।

ਅੱਜ ਦੇ ਦਿਨ 28 ਅਪ੍ਰੈਲ 1967 ਨੂੰ ਆਪਣੇ ਕੈਰੀਅਰ ਦੇ ਸਿਖਰਲੇ ਦਿਨਾਂ ਵਿੱਚ ਉਸ ਨੇ ਅਮਰੀਕਨ ਆਰਮੀ ਦਾ ਹਿੱਸਾ ਬਣਨ ਤੋਂ ਇਨਕਾਰ ਕੀਤਾ ਸੀ। ਉਸ ਵੇਲੇ ਵੀਅਤਨਾਮ ਯੁੱਧ ਦੇ ਚੱਲਦੇ ਅਮਰੀਕਨ ਆਰਮੀ ਵਿੱਚ ਜਬਰਦਸਤੀ ਭਰਤੀ ਕੀਤੀ ਜਾਂਦੀ ਸੀ। ਉਹ ਵੀਅਤਨਾਮ ਜੰਗ ਦੇ ਵਿਰੁਧ ਕਹਿੰਦਾ ਹੈ......."ਨਹੀਂ, ਮੈਂ ਦਸ ਹਜ਼ਾਰ ਮੀਲ ਦੂਰ ਲੋਕਾਂ ਨੂੰ ਕਤਲ ਕਰਨ ਅਤੇ ਮਚਾਉਣ ਲਈ ਮਦਦ ਕਰਨ ਨਹੀਂ ਜਾਵਾਂਗਾ। ਇਹ ਆਲਮੀ ਪੱਧਰ ਉੱਤੇ ਗੋਰੇ ਗ਼ਾਲਬਾਂ ਦਾ ਗ਼ੈਰ-ਗੋਰੇ ਲੋਕਾਂ ਉੱਤੇ ਦਾਬਾ ਜਾਰੀ ਰੱਖਣ ਦੀ ਮਦਦ ਵਰਗਾ ਕੰਮ ਹੈ। ਅੱਜ ਉਹ ਸਮਾਂ ਹੈ ਜਦੋਂ ਇਸ ਭੈੜੇ ਇਨਸਾਫ਼ ਦਾ ਅੰਤ ਹੋ ਜਾਣਾ ਚਾਹੀਦਾ ਹੈ। "ਇਹ ਲੋਕ 'ਅਮਰੀਕੀ ਹੁਕਮਰਾਨ' ਕਿਉਂ ਮੈਨੂੰ ਹੁਕਮ ਦਿੰਦੇ ਹਨ ਕਿ ਮੈਂ ਫ਼ੌਜੀ ਵਰਦੀ ਪਾਵਾਂ ਅਤੇ ਘਰ ਤੋਂ ਦਸ ਹਜ਼ਾਰ ਮੀਲ ਦੂਰ ਜਾ ਕੇ ਵੀਅਤਨਾਮ ਦੇ ਪੀਲੇ ਲੋਕਾਂ ਉੱਤੇ ਬੰਬਾਂ ਅਤੇ ਗੋਲੀਆਂ ਦੀ ਵਾਛੜ ਕਰਾਂ। ਜਦੋਂ ਕਿ ਤੁਸੀਂ ਲੂਈਸਵਿਲੇ ਵਿੱਚ ਸਾਡੇ ਸਿਆਹਫ਼ਾਮ ਲੋਕਾਂ ਨਾਲ ਕੁੱਤਿਆਂ ਵਰਗਾ ਵਰਤਾਉ ਕਰਦੇ ਹੋ। ਉਹਨਾਂ ਨੂੰ ਬੁਨਿਆਦੀ ਮਨੁੱਖੀ ਹਕੂਕ ਦੇਣ ਤੋਂ ਵੀ ਇਨਕਾਰੀ ਹੋ।" ਮੇਰਾ ਦੁਸ਼ਮਣ ਗੋਰਾ ਹੈ, ਵੀਅਤਨਾਮੀ ਨਹੀਂ। ਤੁਸੀਂ ਮੇਰੀ ਮੁਕਤੀ, ਇਨਸਾਫ਼ ਅਤੇ ਬਰਾਬਰੀ ਦੇ ਵਿਰੋਧੀ ਹੋ। ਤੁਸੀ ਮੇਰੇ ਘਰ ਵਿੱਚ ਮੇਰੇ ਯਕੀਨ ਅਤੇ ਹਕੂਕ ਦੀਆਂ ਧੱਜੀਆਂ ਉਡਾਕੇ ਆਸ ਕਰਦੇ ਹੋ ਕਿ ਮੈਂ ਗ਼ੈਰ-ਗੋਰੇ ਲੋਕਾਂ ਨਾਲ ਦੂਰ-ਦੁਰੇਡੇ ਦੀ ਧਰਤੀ ਉੱਤੇ ਜਾ ਕੇ ਲੜਾਂ।" ਇਸ ਤੋਂ ਪਹਿਲਾਂ ਉਹਨੇ ਤਿੰਨ ਵਾਰ ਫ਼ੌਜ ਵਿੱਚ ਭਰਤੀ ਹੋਣ ਤੋਂ ਮਨ੍ਹਾਂ ਕਰ ਦਿੱਤਾ ਸੀ। ਪੇਸ਼ੀ ਵੇਲੇ ਅਲੀ ਨੂੰ ਸਰਕਾਰੀ ਅਫ਼ਸਰ ਨੇ ਧਮਕਾਇਆ ਕਿ ਜੇਕਰ ਉਹ ਅਪਣਾ ਨਾਮ ਸੱਦੇ ਜਾਣ ਉੱਤੇ ਜਵਾਬ ਨਹੀਂ ਦੇਵੇਗਾ ਤਾਂ ਉਹਨੂੰ ਪੰਜ ਸਾਲ ਦੀ ਸਜ਼ਾ ਅਤੇ ਦਸ ਹਜ਼ਾਰ ਅਮਰੀਕੀ ਡਾਲਰ ਜੁਰਮਾਨਾ ਕੀਤਾ ਜਾਵੇਗਾ। ਧਮਕੀ ਦੇ ਬਾਵਜੂਦ ਅਲੀ ਨੇ ਨਾਮ ਸੱਦੇ ਜਾਣ ਉੱਤੇ ਕੋਈ ਜਵਾਬ ਨਹੀਂ ਦਿੱਤਾ ਸੀ। ਉਸੇ ਦਿਨ ਨਿਊਯਾਰਕ ਸਟੇਟ ਐਥਲੀਟ ਕਮਿਸ਼ਨ ਨੇ ਅਲੀ ਦਾ ਮੁੱਕੇਬਾਜੀ ਦਾ ਲਾਇਸੰਸ ਰੱਦ ਕਰ ਦਿੱਤਾ ਅਤੇ ਉਹਦਾ ਖ਼ਿਤਾਬ ਖੋਹ ਲਿਆ। ਹੋਰ ਸਹਾਦਤ ਕੀ ਹੁੰਦੀ ਹੈ? ਫਾਰਸੀ ਵਿਚ ਸਹਾਦਤ ਸਬਦ ਦੇ ਇਹ ਹੀ ਅਰਥ ਹਨ "ਸੱਚ ਲਈ ਗਵਾਹੀ ਦੇਣ ਵਾਲਾ" ਬਾਕੀ ਹਜਾਰਾਂ ਬੁੱਤਾਂ ਦੇ ਸਾਹਮਣੇ ਮੁਹੰਮਦ ਅਲੀ ਤੋਂ ਵੱਡਾ ਕੱਦ ਕਿਸੇ ਫੌਜੀ ਦਾ ਨਹੀਂ, ਜੋ ਵੀਅਤਨਾਮੀਆਂ ਹੱਥੋਂ ਮਰੇ ਹੋਣਗੇ, ਉਹ ਡਾਲਰਾਂ ਨਾਲ ਤੋਲੇ ਗਏ ਹੋਣਗੇ, ਉਹ ਹਾਰਾਂ ਨਾਲ ਲੱਦੇ ਗਏ ਹੋਣਗੇ, ਉਨ੍ਹਾ ਜੰਗੀ ਤਮਗੇ ਜਿੱਤੇ ਹੋਣਗੇ- ਪਰ ਮੁਹੰਮਦ ਅਲੀ ਵਾਂਗ ਪੂਰੀ ਦੁਨੀਆਂ ਦਾ ਦਿਲ ਨਹੀਂ ਜਿੱਤ ਸਕੇ। ਮੁਹੰਮਦ ਅਲੀ ਨੂੰ ਲਾਲ ਸਲਾਮ

-ਸਰਬਜੀਤ ਸੋਹੀ, ਆਸਟਰੇਲੀਆ

# ਗ਼ਦਰੀ ਬਾਬਾ ਅਮਰ ਸਿੰਘ ਸ਼ੇਰਪੁਰ ਕਲਾਂ (ਜਗਰਾਉਂ)

ਜਰਨੈਲ ਸਿੰਘ ਅੱਚਰਵਾਲ
905-499-4766
ਬਰੈਂਪਟਨ (ਕੈਨੇਡਾ)

ਇਕ ਸਦੀ ਤੋਂ ਉਪਰ ਦਾ ਸਮਾਂ ਹੋ ਗਿਆ ਹੈ ਜਦ ਗ਼ਦਰੀ ਬਾਬਾ ਅਮਰ ਸਿੰਘ ਇੰਜੀਨੀਅਰ ਸ਼ੇਰਪੁਰ ਕਲਾਂ (ਲੁਧਿਆਣਾ) ਬਦੇਸ਼ ਦੀ ਧਰਤੀ 'ਤੇ ਗਏ ਸਨ। ਉਸ ਸਮੇਂ ਨੂੰ ਜਾਨਣ ਲਈ ਸਮਾਜਿਕ, ਸਭਿਆਚਾਰ ਤੇ ਰਾਜਨੀਤਕ ਹਾਲਤਾਂ ਨੂੰ ਸਮਝਣਾ ਜ਼ਰੂਰੀ ਹੁੰਦਾ ਹੈ। ਪੰਜਾਬ ਦੀ ਬੜੀ ਤਰਸਯੋਗ ਹਾਲਤ ਸੀ। ਹਰ ਪਾਸੇ ਨਿਘਾਰ ਹੀ ਨਿਘਾਰ ਸੀ। ਪੈਸਾ ਦੇਖਣ ਨੂੰ ਵੀ ਨਹੀਂ ਸੀ ਮਿਲਦਾ। ਹੁਣ ਜਿਹਾ ਕੁਝ ਵੀ ਨਹੀਂ ਸੀ। ਲੋਕਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਸੀ। ਇਕ ਹੇਠਲੀ ਸ਼੍ਰੇਣੀ ਤੇ ਦੂਜੀ ਅਮੀਰ ਸ਼੍ਰੇਣੀ। ਦਰਮਿਆਨੀ ਸ਼੍ਰੇਣੀ ਦਾ ਕੋਈ ਨਾਉਂ ਨਿਸ਼ਾਨ ਵੀ ਨਹੀਂ ਸੀ। ਕਿਸਾਨਾਂ ਕੋਲ ਖੇਤੀ ਦੀ ਆਮਦਨ ਨਾ ਦੇ ਬਰਾਬਰ ਸੀ। ਕਿਸਾਨ ਸਰਕਾਰ ਦਾ ਟੈਕਸ ਉਤਾਰਨ ਤੋਂ ਡਰਦੇ ਆਪਣੀਆਂ ਜ਼ਮੀਨਾਂ ਛੱਡ ਜਾਂਦੇ ਸਨ। ਫਸਲਾਂ ਪੈਦਾ ਕਰਨ ਲਈ ਕੋਈ ਸਾਧਨ ਨਹੀਂ ਸਨ। ਪੰਜਾਬ ਦੀ ਕਿਸਾਨੀ ਕੋਲ ਗੁਰਬਤ ਤੋਂ ਖਹਿੜਾ ਛੁਡਾਉਣ ਲਈ ਦੋ ਹੀ ਸਾਧਨ ਸਨ ਜਾਂ ਤਾਂ ਉਹ ਅੰਗਰੇਜ਼ ਸਰਕਾਰ ਦੀ ਫੌਜ ਵਿਚ ਭਰਤੀ ਹੁੰਦੇ ਸਨ ਜਾਂ ਫੇਰ ਬਦੇਸ਼ ਦੀ ਧਰਤੀ ਲਈ ਪ੍ਰਵਾਸ ਕਰਦੇ ਸਨ। ਬਦੇਸ਼ ਦੀ ਧਰਤੀ 'ਤੇ ਪਹੁੰਚਣ ਵਾਲੇ ਲੋਕ ਜ਼ਿਆਦਾਤਰ ਫੌਜੀ ਹੀ ਸਨ। ਇਨ੍ਹਾਂ ਹਾਲਤਾਂ ਵਿਚ ਬਾਬਾ ਅਮਰ ਸਿੰਘ ਬਦੇਸ਼ ਚਲੇ ਗਏ।

ਬਾਬਾ ਅਮਰ ਸਿੰਘ ਦਾ ਜਨਮ ਜਗਰਾਉਂ ਦੇ ਨਜ਼ਦੀਕ ਪਿੰਡ ਸ਼ੇਰਪੁਰ ਕਲਾਂ ਵਿਖੇ ਸ੍ਰ. ਵਰਿਆਮ ਸਿੰਘ ਦੇ ਘਰ 1881 ਵਿਚ ਹੋਇਆ। ਇਹ ਤਿੰਨ ਭਰਾ ਤੇ ਦੋ ਭੈਣਾਂ ਸਨ। ਦੂਸਰੇ ਭਰਾਵਾਂ ਦਾ ਨਾਂ ਸ੍ਰ. ਰਤਨ ਸਿੰਘ ਤੇ ਸ੍ਰ. ਬਚਨ ਸਿੰਘ ਸੀ। ਬਾਬਾ ਅਮਰ ਸਿੰਘ ਦਾ ਨਾਨਕਾ ਪਿੰਡ ਸਹੌਲੀ ਸੀ। ਇਥੋਂ ਪ੍ਰਾਇਮਰੀ ਸਿੱਖਿਆ ਗ੍ਰਹਿਣ ਕੀਤੀ। ਮਿਡਲ ਤੱਕ ਦੀ ਪੜ੍ਹਾਈ ਪਿੰਡ ਗੁਜਰਵਾਲ ਤੋਂ ਪ੍ਰਾਪਤ ਕਰਕੇ ਅਗਲੀ ਪੜ੍ਹਾਈ ਲਈ ਲੁਧਿਆਣਾ ਸ਼ਹਿਰ ਜਾਣਾ ਪਿਆ। ਇਹ ਫਾਰਸੀ ਦੇ ਵੀ ਚੰਗੇ ਗਿਆਤਾ ਮੰਨੇ ਜਾਂਦੇ ਸਨ। ਫਾਰਸੀ ਦਾ ਗਿਆਨ ਪ੍ਰਾਈਵੇਟ ਹਾਸਲ ਕੀਤਾ। ਉਰਦੂ ਜ਼ੁਬਾਨ ਵਿਚ ਲਿਖੀਆਂ ਕਵਿਤਾਵਾਂ ਵਿਚ ਫਾਰਸੀ ਦੀ ਗੂੜ੍ਹੀ ਛਾਪ ਮਿਲਦੀ ਹੈ। ਕਠਨ ਹਾਲਤਾਂ ਵਿਚ ਜਿਉਂਦੇ ਲੋਕ ਸਰੀਰਕ ਪੱਖੋਂ ਤਕੜੇ ਤੇ ਇਰਾਦੇ ਦੇ ਮਜ਼ਬੂਤ ਸਨ। ਬਾਬਾ ਅਮਰ ਸਿੰਘ ਨੇ ਵੀ ਆਪਣਾ ਇਰਾਦਾ ਬਰਮਾ ਜਾਣ ਦਾ ਬਣਾ ਲਿਆ। ਸੰਨ 1901 ਵਿਚ ਬਰਮਾ ਪਹੁੰਚ ਗਏ। ਬਦੇਸ਼ ਦੀ ਧਰਤੀ 'ਤੇ ਪਹੁੰਚਣ ਦਾ ਹੀਆ ਟਾਵਾਂ-ਟੱਲਾ ਪੰਜਾਬੀ ਹੀ ਕਰਦਾ ਸੀ। ਪ੍ਰਾਈ ਧਰਤੀ 'ਤੇ ਜਦ ਕੋਈ ਆਪਣਾ ਮਿਲਦਾ ਤਾਂ ਭੜਿਆ ਕੇ ਬਾਹਾਂ ਇਕ-ਦੂਜੇ ਦੇ ਗਲ ਪੈ ਜਾਂਦੀਆਂ।

ਪੰਜਾਬ ਦੀ ਧਰਤੀ ਅੰਗਰੇਜ਼ ਸਰਕਾਰ ਵਿਰੁੱਧ ਗਰਮਾਉਣ ਲੱਗ ਗਈ ਸੀ। ਨਹਿਰਾਂ ਕੱਢਣ ਤੋਂ ਬਾਅਦ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਬਾਰਾਂ ਦੀ ਧਰਤੀ ਜ਼ਰਖੇਜ਼ ਧਰਤੀ ਬਣ ਗਈ ਸੀ। ਗੋਰਾ ਸਰਕਾਰ ਦੀ ਅੱਖ ਇਸ ਖਿੱਤੇ 'ਤੇ ਟਿੱਕ ਗਈ। ਕਈ ਤਰ੍ਹਾਂ ਦੇ ਟੈਕਸ ਕਿਸਾਨਾਂ ਸਿਰ ਮੜ੍ਹ ਦਿੱਤੇ। ਗੱਲ ਸਿਰਫ਼ ਟੈਕਸਾਂ ਤੱਕ ਸੀਮਤ ਨਾ ਰਹੀ। ਸਰਕਾਰ ਨੇ ਕੋਲੋਨੋਨਾਈਜੇਸ਼ਨ ਬਿਲ (ਸਿਰਫ਼ ਜ਼ਮੀਨ 'ਤੇ ਵਾਹੀ ਕਰਨ ਦਾ ਹੱਕ) ਕਿਸਾਨਾਂ ਸਿਰ ਮੜ੍ਹ ਦਿੱਤਾ। ਕਿਸਾਨਾਂ ਅੰਦਰ ਸਰਕਾਰ ਵਿਰੁੱਧ ਬਗਾਵਤ ਹੋਣ ਲੱਗੀ। ਇਹ ਲਹਿਰ 'ਪੱਗੜੀ ਸੰਭਾਲ' ਦੇ ਨਾਂ ਉਤੇ ਪ੍ਰਸਿੱਧ ਹੋਈ। ਬਾਬਾ ਅਜੀਤ ਸਿੰਘ (ਚਾਚਾ ਸ਼ਹੀਦ ਭਗਤ ਸਿੰਘ), ਲਾਲਾ ਹਰਦਿਆਲ ਤੇ ਲਾਲਾ ਲਾਜਪਤ ਰਾਏ ਇਸ ਦੇ ਮੁੱਖ ਲੀਡਰ ਸਨ। ਸਰਕਾਰ ਨੇ ਇਨ੍ਹਾਂ ਤਿੰਨੇ ਲੀਡਰਾਂ ਨੂੰ ਫੜ ਕੇ ਦੇਸ਼ ਨਿਕਾਲਾ ਦੇ ਕੇ ਬਰਮਾ ਦੀ ਜੇਲ੍ਹ ਵਿਚ ਡੱਕ ਦਿੱਤਾ। ਬਾਬਾ ਅਮਰ ਸਿੰਘ ਉਸ ਸਮੇਂ ਬਰਮਾ ਵਿਚ ਸਨ। ਹਿੰਦੁਸਤਾਨੀ ਲੋਕ ਦੇਸ਼ ਭਗਤਾਂ ਦੇ ਸੁਆਗਤ ਲਈ ਮਾਂਡਲੇ (ਬਰਮਾ) ਰੇਲਵੇ ਸਟੇਸ਼ਨ 'ਤੇ ਹੁੰਮ-ਹੁੰਮਾ ਕੇ ਪਹੁੰਚੇ। ਬਾਬਾ ਅਮਰ ਸਿੰਘ ਸੁਆਗਤ ਕਰਨ ਵਾਲਿਆਂ ਵਿਚ ਸ਼ਾਮਲ ਸਨ। ਬਾਬਾ ਜੀ ਦੇ ਵਿਚਾਰਾਂ ਨੂੰ ਪ੍ਰਚੰਡ ਕਰਨ ਵਿ ਇਨ੍ਹਾਂ ਦੇਸ਼ ਭਗਤਾਂ ਦਾ ਵੱਡਾ ਹਿੱਸਾ ਹੈ। ਲੋਕਾਂ ਦੇ ਮਨ ਦੀ ਤਮੰਨਾ ਦੇਸ਼ ਭਗਤਾਂ ਨਾਲ ਗੱਲਾਂ ਕਰਨ ਦੀ ਸੀ, ਪਰ ਇਹ ਪੁਲਿਸ ਹਿਰਾਸਤ ਵਿਚ ਸਨ। ਪੁਲਿਸ ਕਿਸੇ ਨਾਲ ਗੱਲਬਾਤ ਨਾ ਕਰਨ ਦਿੰਦੀ। ਇਨ੍ਹਾਂ ਲਈ ਬੋਲਣ ਦੀ ਮਨਾਹੀ ਸੀ। ਕਿਸਾਨੀ ਲਹਿਰ ਦੇ ਲੀਡਰਾਂ ਦੀ ਚੁੱਪ ਧਾਰੀ ਹੋਈ ਸੀ। ਚੁੱਪ ਦੀ ਵੀ ਬੋਲੀ ਹੁੰਦੀ ਹੈ। ਉਨ੍ਹਾਂ ਦੀ ਚੁੱਪ ਹਿੰਦੀ ਲੋਕਾਂ ਨੂੰ ਗੁਲਾਮੀ ਦੇ ਅਰਥ ਪੜ੍ਹਾ ਰਹੀ ਸੀ। ਇਸ ਪ੍ਰਤੀਕਰਮ ਵਿਚ ਲੋਕਾਂ ਦੇ ਮਨਾਂ ਅੰਦਰ ਅੰਗਰੇਜ਼ ਸਰਕਾਰ ਵਿਰੁੱਧ ਗੁੱਸੇ ਦੇ ਭਾਂਬੜ ਬਲਦੇ। ਬਾਬਾ ਅਮਰ ਸਿੰਘ ਨੇ ਦ੍ਰਿਸ਼-ਚਿੱਤਰ ਦੀ ਇਕ ਰਚਨਾ ਕੀਤੀ ਜਿਸ ਦੀਆਂ ਕੁਝ ਸਤਰਾਂ ਹਨ-

**ਮਾਂਡਲੇ ਪਕੜ ਲੇ ਆਈ ਹੈ ਸਰਕਾਰ ਤੁਮੇਂ,**
**ਦਿਲ ਕੀ ਪੁਛੋ ਨਾ ਇਧਰ ਵੇਖ ਗ੍ਰਿਫ਼ਤਾਰ ਤੁਮੇਂ।**
**ਗਾੜੀ ਆਈ ਜੋ ਸਟੇਸ਼ਨ ਤੁਮਾਰੀ,**
**ਵੇਖਤੇ ਥੇ ਵਹਾਂ ਹਸਰਤੇ ਭਰੇ ਗਮਖਾਰ ਤੁਮੇਂ।**
**ਕੁੱਛ ਨਾ ਬੋਲੇ ਨਾ ਬੁਲਾਏ ਉੱਠ ਚਲੇ ਚੁੱਪ ਕੇ,**
**ਘੋੜਾ ਗਾੜੀ ਥੀ ਖੜ੍ਹੀ ਦੇਰ ਸੇ ਤਿਆਰ ਤੁਮੇਂ।**
**ਕਿਉਂ ਹਮੇਂ ਦਰਦ ਨਾ ਹੋ ਕੌਮ ਸੀ ਮਰਨੋਂ ਵਾਲੋ,**
**ਜ਼ਿੰਦਗੀ ਮੌਤ ਹੂਈ ਐ ਸਧਰ ਤੁਮੇਂ।**

ਬਰਮਾ, ਸਿਆਮ, ਬੈਂਕਾਕ, ਕਰੀਬੀ ਟਾਪੂ ਹਨ। ਜਦ ਅੰਗਰੇਜ਼ ਸਰਕਾਰ ਨੇ ਗ਼ਦਰ ਪਾਰਟੀ ਦੇ ਸਮੁੰਦਰੀ ਰਸਤੇ ਹਿੰਦ ਜਾਣ ਦੇ ਸਾਰੇ ਬੰਦ ਕਰ ਦਿੱਤੇ ਤਾਂ ਸਮੁੰਦਰੀ ਰਸਤੇ ਭਾਰਤ ਆਉਣਾ ਅਸਾਨ ਨਾ ਰਿਹਾ। ਗ਼ਦਰ ਪਾਰਟੀ ਨੇ ਸਮੁੰਦਰ ਦਾ ਰਾਹ ਛੱਡ ਕੇ ਧਰਤੀ ਰਾਹੀਂ ਹਿੰਦ ਵਿਚ ਆਉਣ ਦੀਆਂ ਵਿਉਂਤਾਂ ਬਣਾਈਆਂ।

ਅਫ਼ਗਾਨਿਸਤਾਨ, ਈਰਾਨ, ਤਿੱਬਤ ਤੇ ਸਿਆਮ ਹੀ ਅਜਿਹਾ ਕੰਮ ਦੇ ਸਕਦੇ ਸਨ। ਇਹ ਦੇਸ਼ ਅੰਗਰੇਜ਼ ਹਕੂਮਤ ਦੀ ਜ਼ਰਖਰੀਦ ਸਨ। ਇਨ੍ਹਾਂ ਰਾਹੀਂ ਵੀ ਹਿੰਦ ਆਉਣਾ ਸੌਖਾ ਨਹੀਂ ਸੀ। ਜਾਨ ਜੋਖੋਂ ਵਿਚ ਪਾਉਣੀ ਪੈਂਦੀ ਸੀ। ਆਖਰ ਸਿਆਮ ਨੂੰ ਯੋਗ ਦੇਸ਼ ਸਮਝਿਆ ਗਿਆ। ਗ਼ਦਰ ਪਾਰਟੀ ਦੀ ਇਕਾਈ ਇਥੇ ਤਕੜੀ ਸੀ। ਇਸ ਇਕਾਈ ਦੇ ਬਾਬਾ ਅਮਰ ਸਿੰਘ ਇੰਜੀਨੀਅਰ ਸ਼ੇਰਪੁਰ, ਬਾਬਾ ਪਾਲਾ ਸਿੰਘ ਸ਼ੇਰਪੁਰ (ਲੁਧਿਆਣਾ), ਨਰੰਜਣ ਸਿੰਘ ਸੰਗਤਪੁਰਾ (ਲੁਧਿਆਣਾ), ਨਰਾਇਣ ਸਿੰਘ ਰਿਆਸਤ ਪਟਿਆਲਾ, ਚਾਲੀਆ ਰਾਮ ਸਾਹਨੇਵਾਲ (ਲੁਧਿਆਣਾ) ਆਦਿ ਗ਼ਦਰੀ ਸਰਗਰਮ ਸਨ। ਬਾਬਾ ਅਮਰ ਸਿੰਘ ਇਨ੍ਹਾਂ ਦੇ ਲੀਡਰ ਸਨ।

ਬਰਮਾ ਵਿਚ ਬਾਬਾ ਅਮਰ ਸਿੰਘ ਹੋਰਾਂ ਦਾ ਕੇਂਦਰ ਚਿਰਿੰਗਮਈ ਗੁਰਦੁਆਰਾ ਸੀ। ਇਥੋਂ ਦਾ ਗ੍ਰੰਥੀ ਵਸਾਵਾ ਸਿੰਘ ਬਾੜਾ (ਹੁਸ਼ਿਆਰਪੁਰ), ਪਾਲਾ ਸਿੰਘ ਸ਼ੇਰਪੁਰ (ਲੁਧਿਆਣਾ), ਨਰਾਇਣ ਸਿੰਘ (ਰਿਆਸਤ ਪਟਿਆਲਾ), ਚਾਲੀਆ ਰਾਮ, ਬੁੱਢਾ ਸਿੰਘ ਆਦਿ ਦੇਸ਼ ਭਗਤ ਸਨ। ਇਹ ਸਭ ਬਾਬਾ ਅਮਰ ਸਿੰਘ ਦੇ ਸਰਗਰਮ ਸਾਥੀ ਸਨ। ਬੈਂਕਾਕ ਦੀ ਗ਼ਦਰ ਪਾਰਟੀ ਨੇ ਬਰਮਾ ਨੂੰ ਹੀ ਆਪਣੀ ਇਨਕਲਾਬੀ ਰਣਭੂਮੀ ਬਣਾਉਣ ਦਾ ਫੈਸਲਾ ਕੀਤਾ ਜਿਥੇ ਸਿਆਮ ਦੀ ਹੱਦ ਟੱਪ ਕੇ ਆਸਾਨੀ ਨਾਲ ਜਾਇਆ ਜਾ ਸਕਦਾ ਸੀ। ਇਥੋਂ ਗੋਰਾ ਫੌਜ ਅੱਗੇ ਜੰਗ ਲਈ ਜਾ ਚੁੱਕੀ ਸੀ। ਪੰਜਾਬੀ ਸਿੱਖ ਫੌਜ ਦੀਆਂ ਟੁਕੜੀਆਂ ਹੀ ਰਹਿੰਦੀਆਂ ਸਨ। ਇਥੇ ਬਾਬਾ ਅਮਰ ਸਿੰਘ ਸ਼ੇਰਪੁਰ ਤੇ ਪਾਲਾ ਸਿੰਘ ਸ਼ੇਰਪੁਰ ਨੇ ਗ਼ਦਰ ਪਾਰਟੀ ਦਾ ਖੂਬ ਪ੍ਰਚਾਰ ਕੀਤਾ। ਇਹ ਹਿੰਦੀ ਫੌਜ ਨੂੰ ਮਿਲਦੇ ਤੇ ਅੰਗਰੇਜ਼ ਵਿਰੁੱਧ ਲੜਨ ਲਈ ਪ੍ਰੇਰਤ ਕਰਦੇ।

ਸਿਆਮ ਨੂੰ ਯੋਗ ਟਿਕਾਣਾ ਸਮਝਿਆ ਗਿਆ। ਗ਼ਦਰ ਪਾਰਟੀ ਦੀ ਇਕਾਈ ਤਕੜੀ ਸੀ। ਪਿਛੋਂ ਗ਼ਦਰ ਪਾਰਟੀ ਦੇ ਦਫ਼ਤਰ ਨਾਲ ਵੀ ਵਾਹ-ਵਾਸਤਾ ਜੁੜਿਆ ਹੋਇਆ ਸੀ। ਪਹਿਲੀ ਸੰਸਾਰ ਜੰਗ ਛਿੜੀ ਹੋਣ ਕਾਰਨ ਅੰਗਰੇਜ਼ ਸਰਕਾਰ ਦੇ ਵਿਰੋਧੀ ਜਰਮਨ ਦੇਸ਼ ਤੋਂ ਵੀ ਮਦਦ ਮਿਲ ਸਕਦੀ ਸੀ। ਇਸ ਲਈ ਗ਼ਦਰ ਪਾਰਟੀ ਨੇ ਆਪਣੇ ਬੰਦਿਆਂ ਨੂੰ ਆਖ ਦਿੱਤਾ ਕਿ ਉਹ ਹਿੰਦੁਸਤਾਨ ਪਹੁੰਚਣ ਲਈ ਪੰਜਾਬ ਦੀ ਥਾਂ ਸਿਆਮ ਆਇਆ ਕਰਨ। ਫਰਵਰੀ 1915 ਤੋਂ ਬਾਬਾ ਸੰਤੋਖ ਸਿੰਘ ਧਰਦਿਉ, ਪੰਡਿਤ ਸੋਹਣ ਲਾਲ, ਹਰਨਾਮ ਸਿੰਘ ਸਾਹਰੀ, ਨਰੰਜਣ ਸਿੰਘ ਬਲੋ ਅਤੇ ਪਾਲਾ ਸਿੰਘ ਸ਼ੇਰਪੁਰ ਆਦਿ ਗ਼ਦਰੀ ਬੈਂਕਾਕ ਤੋਂ ਜਾ ਕੇ ਪ੍ਰਚਾਰ ਵਿਚ ਜੁਟ ਗਏ ਸਨ। ਇਥੇ ਬਾਬਾ ਅਮਰ ਸਿੰਘ ਨੇ ਲੋਕਲ ਸਬੰਧ ਵੀ ਬਣਾ ਲਏ ਸਨ।

ਬਾਬਾ ਅਮਰ ਸਿੰਘ ਸ਼ੇਰਪੁਰ ਰਾਹੀਂ ਜਿਸ ਨੂੰ ਗ਼ਦਰ ਪਾਰਟੀ ਦੇ ਇਤਿਹਾਸ ਵਿਚ ਬਾਬੂ ਅਮਰ ਸਿੰਘ ਵੀ ਲਿਖਿਆ ਹੋਇਆ ਹੈ। ਪਹਿਲਾਂ ਜਦ ਸਿੱਖ ਆਪਣੇ ਵਾਲਾਂ ਦੇ ਪਟੇ ਬਣਾ ਲੈਂਦਾ ਸੀ ਤਾਂ ਉਸ ਨੂੰ ਆਮ ਪੰਜਾਬੀ ਬਾਬੂ ਜੀ ਕਹਿ ਕੇ ਹੀ ਸੰਬੋਧਨ ਹੁੰਦੇ ਸਨ। ਬਾਬੂ ਅਮਰ ਸਿੰਘ ਰਾਹੀਂ ਬਾਬਾ ਸੰਤੋਖ ਸਿੰਘ, ਪੰਡਿਤ ਸੋਹਣ ਲਾਲ ਪਾਠਕ ਜਰਮਨ ਕੌਂਸਲ ਨੂੰ ਮਿਲੇ ਤੇ ਉਨ੍ਹਾਂ ਤੋਂ ਸਹਾਇਤਾ ਲੈਣ ਦੀ ਗੱਲ ਪੱਕੀ ਕੀਤੀ। ਇਸ ਕੰਮ ਲਈ ਸਿਆਮ ਦੇ ਕਸਬੇ ਪਾਖੋ ਨੂੰ ਆਪਣਾ ਹੈਡਕੁਆਰਟਰ ਬਣਾਇਆ। ਉਨ੍ਹੀਂ ਦਿਨੀਂ ਸਿਆਮ ਵਿਚ ਜਰਮਨ ਇੰਜੀਨੀਅਰਾਂ ਦੀ ਨਿਗਰਾਨੀ ਹੇਠ ਰੇਲਵੇ ਲਾਈਨ ਬਣ ਰਹੀ ਸੀ। ਜਿਸ ਜਗ੍ਹਾ ਰੇਲ ਦੀ ਪਟੜੀ ਬਣ ਰਹੀ ਸੀ ਉਹ ਪਾਖੋ ਕਸਬੇ ਤੋਂ ਥੋੜ੍ਹੀ ਦੂਰ ਹੀ ਸੀ। ਪਾਖੋ ਵਿਚ ਬਾਬਾ ਅਮਰ ਸਿੰਘ ਰਹਿੰਦੇ ਸਨ। ਅਮਰ ਸਿੰਘ ਜਰਮਨ ਇੰਜੀਨੀਅਰਾਂ ਨਾਲ ਇਸ ਲਾਈਨ 'ਤੇ ਸਰਵੇਅਰ ਦਾ ਕੰਮ ਕਰਦੇ ਸਨ। ਇਨ੍ਹਾਂ ਦਾ ਘਰ ਸਿਆਮ-ਬਰਮਾ ਸਕੀਮ ਚਲਾਉਣ ਵਾਸਤੇ ਗ਼ਦਰ ਪਾਰਟੀ ਦੇ ਇਨਕਲਾਬੀਆਂ ਦਾ ਅੱਡਾ ਬਣ ਗਿਆ। ਬਾਬਾ ਅਮਰ ਸਿੰਘ ਨੇ ਇਥੋਂ ਦੇ ਜੰਗਲਾਂ ਵਿਚ ਪਾਰਟੀ ਲਈ ਹਥਿਆਰ ਵੀ ਜਮ੍ਹਾਂ ਕਰ ਲਏ ਸਨ। ਹਥਿਆਰ ਇਕੱਠੇ ਕਰਨ ਲਈ ਦੂਜੇ ਦੇਸ਼ਾਂ ਨਾਲ ਗੱਲਬਾਤ ਕਰਨੀ ਬਾਬਾ ਅਮਰ ਸਿੰਘ ਦੀ ਖਾਸ ਜ਼ਿੰਮੇਵਾਰੀ ਸੀ। ਬਾਬਾ ਰਾਮ ਰੱਖਾ ਫੌਜੀ ਟ੍ਰੇਨਿੰਗ ਦੇਣ ਲਈ ਨੀਯਤ ਕੀਤੇ ਹੋਏ ਸਨ। ਇਹ ਸਭ ਕੁਝ ਜਰਮਨ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਸੀ।

ਪਾਰਟੀ ਦੇ ਸੱਦੇ 'ਤੇ ਹੋਰ ਗ਼ਦਰੀ ਵੀ ਸਿਆਮ ਆ ਗਏ। ਬਾਬਾ ਹਰਦਿੱਤ ਸਿੰਘ ਲੰਮੇ (ਲੁਧਿਆਣਾ), ਕਪੂਰ ਸਿੰਘ ਮੋਹੀ (ਲੁਧਿਆਣਾ), ਨਰੰਜਣ ਸਿੰਘ ਸੰਗਤਪੁਰਾ (ਲੁਧਿਆਣਾ) ਤੇ ਇਕ ਅਮਰੀਕਨ ਮਿਸਟਰ ਚਾਰਲਸ ਐਲਨ ਮਨੀਲਾ (ਫਿਲਪਾਈਨ) ਤੋਂ ਹਾਂਗਕਾਂਗ ਹੁੰਦੇ ਹੋਏ ਬੈਂਕਾਕ ਪਹੁੰਚ ਗਏ। ਅੰਗਰੇਜ਼ ਸਰਕਾਰ ਨੂੰ ਵੀ ਸਿਆਮ ਰਾਹੀਂ ਹਿੰਦ ਪਹੁੰਚਣ ਬਾਰੇ ਪਤਾ ਲੱਗ ਗਿਆ। ਸਰਕਾਰ ਨੇ ਆਪਣੀ ਚੌਕਸੀ ਵਧਾ ਦਿੱਤੀ। ਇਸ ਤੋਂ ਬਾਅਦ ਹਰਦਿੱਤ ਸਿੰਘ ਲੰਮੇ, ਕਪੂਰ ਸਿੰਘ ਮੋਹੀ, ਨਰੰਜਣ ਸਿੰਘ ਸੰਗਤਪੁਰਾ, ਆਤਮਾ ਸਿੰਘ ਤੇ ਮਿਸਟਰ ਚਾਰਲਸ ਐਲਨ ਸਰਹੱਦ ਪਾਰ ਕਰਦੇ ਬਰਮਾ ਵਿਚ ਮਯਾਵਾਦੀ ਚੌਕੀ ਤੋਂ ਫੜੇ ਗਏ। ਇਨ੍ਹਾਂ ਤੋਂ ਕੁਝ ਸਮਾਂ ਬਾਅਦ 17 ਹੋਰ ਗ਼ਦਰੀ ਸਿਆਮ ਦੀ ਹੱਦ ਟੱਪਦੇ ਫੜੇ ਗਏ। ਬਾਬਾ ਅਮਰ ਸਿੰਘ ਇੰਜੀਨੀਅਰ ਸ਼ੇਰਪੁਰ ਵੀ ਇਨ੍ਹਾਂ ਦੇ ਵਿਚ ਸੀ। ਸਿਆਮ ਦੀ ਹੱਦ ਤੋਂ ਫੜੇ ਗਏ ਸਭ ਗ਼ਦਰੀਆਂ ਨੂੰ ਬਰਮਾ ਦੀ ਮੌਲਵੀਨ ਜੇਲ੍ਹ ਵਿਚ ਰੱਖਿਆ ਗਿਆ।

ਬਰਮਾ ਵਿਚ ਗ਼ਦਰੀ ਬਾਬਿਆਂ ਉਪਰ ਦੋ ਕੇਸ ਚੱਲੇ ਜੋ ਮਾਂਡਲੇ (ਬਰਮਾ) ਸਾਜ਼ਿਸ਼ ਕੇਸ ਦੇ ਨਾਂ 'ਤੇ ਮਸ਼ਹੂਰ ਹੋਏ। ਇਹ ਮੁਕੱਦਮੇ ਵੀ ਲਾਹੌਰ ਵਾਂਗੂੰ 'ਹਿੰਦ ਰਖਸ਼ਾ' ਕਾਨੂੰਨ ਹੇਠ ਵਿਸ਼ੇਸ਼ ਅਦਾਲਤਾਂ ਮੁਕੱਰਰ ਕਰਕੇ ਚਲਾਏ ਗਏ। ਇਨ੍ਹਾਂ ਦੋਸ਼ੀਆਂ 'ਤੇ ਗਵਾਹੀ ਦੇਣ ਲਈ ਗਵਾਹ ਵੀ ਲਾਹੌਰ ਸਾਜ਼ਿਸ਼ ਕੇਸ ਵਾਲੇ ਗਦਾਰਾਂ ਨੂੰ ਰੱਖਿਆ ਗਿਆ। ਇਹ ਸਨ ਮੂਲਾ ਸਿੰਘ ਮੀਰਾਂਕੋਟੀ ਤੇ ਨਵਾਬ ਖਾਨ ਹਲਵਾਰਾ ਜੋ ਗ਼ਦਰ ਪਾਰਟੀ ਦੇ ਅੰਦਰੋਂ ਹੀ ਗਵਾਹ ਬਣੇ ਸਨ। ਇਨ੍ਹਾਂ ਤਾਂ ਗਵਾਹੀ ਵੀ ਪੰਜਾਬ ਤੋਂ ਲਿਜਾ ਕੇ ਦਿਵਾਈ ਸੀ। ਇਨ੍ਹਾਂ ਨੇ ਪਹਿਲਾਂ ਫੜੇ ਗਏ ਗ਼ਦਰੀ ਦੋਸ਼ੀਆਂ ਦੇ ਦੋਸ਼ ਨੂੰ ਹੀ ਦੁਹਰਾ ਕੇ ਗਵਾਹੀ ਦਿੱਤੀ ਸੀ। ਦੋਸ਼ ਸੀ ਹਿੰਦੁਸਤਾਨ ਜਾ ਕੇ ਗ਼ਦਰ ਕਰਨ ਦਾ ਪ੍ਰਚਾਰ ਕਰਨਾ ਤੇ ਫੰਡ ਇਕੱਠਾ ਕਰਨਾ। ਗ਼ਦਰੀ ਸਰਗਰਮੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਰਨਾਮ ਸਿੰਘ ਆਦਿ ਗ਼ਦਰੀਆਂ ਨੇ ਬਰਮਾ ਦੀ ਪੰਜਾਬੀ ਫੌਜ ਵਿਚ ਗ਼ਦਰ ਦਾ ਪ੍ਰਚਾਰ ਕੀਤਾ। ਪੰਡਿਤ ਸੋਹਣ ਲਾਲ ਪਾਠਕ ਬਾਰੇ ਕਿਹਾ ਕਿ ਇਸ ਨੇ ਮੇਮਿਓ ਵਿਚ ਫੌਜੀਆਂ ਨੂੰ ਬਗਾਵਤ ਵਿਚ ਸ਼ਾਮਲ ਹੋਣ ਲਈ ਉਤਸ਼ਾਹਤ ਕੀਤਾ। ਇਸਤਗਾਸੇ ਦੀ ਰਿਪੋਰਟ ਵਿਚ ਲਿਖਿਆ ਗਿਆ ਕਿ ਗ਼ਦਰੀਆਂ ਨੇ ਉਤਰੀ ਸਿਆਮ ਰੇਲਵੇ ਲਾਈਨ ਦੇ ਆਸ-ਪਾਸ ਗੁਰੀਲਾ ਟ੍ਰੇਨਿੰਗ ਦੇਣ ਦੀ ਸਕੀਮ ਬਣਾਈ ਜਿਸ ਵਿਚ ਜਰਮਨ ਇਨਸਟਰੱਕਟਰਾਂ ਨੇ ਟ੍ਰੇਨਿੰਗ ਦੇਣੀ ਸੀ ਅਤੇ ਇਥੋਂ ਬਰਮਾ 'ਤੇ ਹਮਲਾ ਕਰਨਾ ਸੀ। ਗ਼ਦਰੀਆਂ ਵਿਰੁੱਧ ਦੋ ਗਵਾਹ ਹੋਰ ਵੀ ਭੁਗਤਾਏ ਗਏ। ਮਾਂਡਲੇ ਕੇਸਾਂ ਅੰਦਰ ਕੁੱਲ 70 ਦੇਸ਼ ਭਗਤਾਂ ਨੂੰ ਸ਼ਾਮਲ ਕੀਤਾ ਗਿਆ ਸੀ।

ਪਹਿਲੇ ਮਾਂਡਲੇ (ਬਰਮਾ) ਕੇਸ ਅੰਦਰ 13 ਇਨਕਲਾਬੀਆਂ ਨੂੰ ਸਜ਼ਾਵਾਂ ਹੋਈਆਂ। ਇਨ੍ਹਾਂ ਵਿਚੋਂ 6 ਨੂੰ ਫਾਂਸੀ, ਇਕ ਨੂੰ ਫਾਂਸੀ ਬਦਲ ਕੇ ਉਮਰ ਕੈਦ, ਛੇ ਹੋਰ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਹੋਈਆਂ। ਜੇ ਥੋੜ੍ਹਾ ਵਿਸਥਾਰ 'ਚ ਵੇਖਣਾ ਹੋਵੇ-

1. ਪਾਲਾ ਸਿੰਘ ਪਿਤਾ ਜੈਮਲ ਸਿੰਘ ਪਿੰਡ ਸ਼ੇਰਪੁਰ ਕਲਾਂ, ਜਗਰਾਓਂ (ਲੁਧਿਆਣਾ) ਫਾਂਸੀ
2. ਨਿਰੰਜਣ ਸਿੰਘ ਪਿਤਾ ਜੁਆਲਾ ਸਿੰਘ ਪਿੰਡ ਸੰਗਤਪੁਰਾ, ਜਗਰਾਓਂ (ਲੁਧਿਆਣਾ) ਫਾਂਸੀ
3. ਪੰਡਿਤ ਚਾਲੀਆ ਰਾਮ ਪਿਤਾ ਸ਼ੰਕਰਦਾਸ ਪਿੰਡ ਸਾਹਨੇਵਾਲ (ਲੁਧਿਆਣਾ) ਫਾਂਸੀ
4. ਵਸਾਵਾ ਸਿੰਘ ਪਿਤਾ ਝੰਡਾ ਸਿੰਘ ਬਾੜਾ (ਹੁਸ਼ਿਆਰਪੁਰ) ਫਾਂਸੀ
5. ਹਰਨਾਮ ਸਿੰਘ ਪਿਤਾ ਲਾਭ ਸਿੰਘ ਪਿੰਡ ਸਾਹਰੀ (ਹੁਸ਼ਿਆਰਪੁਰ) ਫਾਂਸੀ
6. ਨਰੈਣ ਸਿੰਘ ਪਿਤਾ ਅਬਾਲ ਸਿੰਘ ਪਿੰਡ ਬਾਲੋ (ਬਠਿੰਡਾ) ਫਾਂਸੀ
7. ਕਿਰਪਾ ਰਾਮ ਪਿਤਾ ਬਿਰਜ ਲਾਲ ਮਾਂਗਟ (ਗੁਜਰਾਤ) ਨੂੰ ਫਾਂਸੀ ਤੋਂ ਬਦਲ ਕੇ ਉਮਰ ਕੈਦ

ਉਪਰੋਕਤ ਤੋਂ ਬਿਨਾਂ 6 ਗ਼ਦਰੀ ਬਾਬਿਆਂ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਹੋਈਆਂ।

ਬਾਬਾ ਅਮਰ ਸਿੰਘ ਸ਼ੇਰਪੁਰ ਨੂੰ ਦੂਸਰੇ ਮਾਂਡਲੇ (ਬਰਮਾ) ਕੇਸ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ ਜੋ ਬਾਅਦ ਵਿਚ ਉਮਰ ਕੈਦ ਵਿਚ ਬਦਲ ਦਿੱਤੀ ਗਈ। ਬਾਬਾ ਅਮਰ ਸਿੰਘ ਦੇ ਨਾਲ ਮੁਜਤਬਾ ਹੁਸੈਨ (ਯੂ.ਪੀ.) ਤੇ ਅਲੀ ਅਹਿਮਦ ਸਦੀਕੀ (ਯੂ.ਪੀ.) ਨੂੰ ਵੀ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ। ਇਨ੍ਹਾਂ ਦੀ ਸਜ਼ਾ ਵੀ ਬਾਅਦ ਵਿਚ ਉਮਰ ਕੈਦ ਵਿਚ ਬਦਲ ਦਿੱਤੀ। ਬਾਬਾ ਰਾਮ ਰੱਖਾ ਸਸੌਲੀ ਨੂੰ ਪਹਿਲਾਂ ਹੀ ਉਮਰ ਕੈਦ ਸੁਣਾਈ ਗਈ ਸੀ।

ਫਾਂਸੀ ਦੀ ਸਜ਼ਾ ਵਾਲੇ ਗ਼ਦਰੀ ਬਾਬਿਆਂ ਨੂੰ ਮਾਂਡਲੇ ਜੇਲ੍ਹ ਅੰਦਰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਦੂਸਰੇ ਗ਼ਦਰੀ ਬਾਬਿਆਂ ਨੂੰ ਕਾਲੇਪਾਣੀ ਅੰਡੇਮਾਨ ਜੇਲ੍ਹ ਘੱਲ ਦਿੱਤਾ। ਯਾਦ ਰੱਖਣਯੋਗ ਹੈ ਕਿ ਹਰ ਸਜ਼ਾ ਵਾਲੇ ਦੇਸ਼ ਭਗਤ ਦੀ ਜਾਇਦਾਦ ਜ਼ਬਤ ਕਰ ਲਈ ਜਾਂਦੀ ਸੀ।

ਬਾਬਾ ਅਮਰ ਸਿੰਘ ਦੀ ਜਗਰਾਉਂ ਤਹਿਸੀਲ ਦੇ ਜੋ ਮਾਂਡਲੇ ਕੇਸ ਵਿਚ ਹੋਰ ਗ਼ਦਰੀ ਬਾਬੇ ਸ਼ਾਮਲ ਸਨ, ਉਨ੍ਹਾਂ ਵਿਚ ਹਰਦਿੱਤ ਸਿੰਘ ਲੰਮੇ, ਕਪੂਰ ਸਿੰਘ ਮੋਹੀ, ਚੰਦਾ ਸਿੰਘ ਮਲਕ, ਰਤਨ ਸਿੰਘ ਮਲਕ, ਬਾਬੂ ਸਿੰਘ ਦੀਮਨਾ, ਕਾਕਾ ਸਿੰਘ ਸ਼ੇਰਪੁਰ ਕਲਾਂ ਸਨ। ਇਨ੍ਹਾਂ ਵਿਚੋਂ ਚੰਦਾ ਸਿੰਘ, ਰਤਨ ਸਿੰਘ ਤੇ ਬਾਬੂ ਸਿੰਘ ਨੂੰ ਘੱਟ ਸਜ਼ਾਵਾਂ ਹੋਈਆਂ ਸਨ।

ਮਾਂਡਲੇ ਜੇਲ੍ਹ ਅੰਦਰ ਬਾਬਾ ਅਮਰ ਸਿੰਘ, ਮੁਸਤਫਾ ਹੁਸੈਨ ਤੇ ਅਲੀ ਅਹਿਮਦ ਸਦੀਕੀ ਫਾਂਸੀ ਦੀਆਂ ਕੋਠੜੀਆਂ ਅੰਦਰ ਬੰਦ ਸਨ। ਬਾਬਾ ਅਮਰ ਸਿੰਘ ਜੇਲ੍ਹ ਅੰਦਰ ਕੋਈ ਨਾ ਕੋਈ ਕਵਿਤਾ ਲਿਖਦੇ ਰਹਿੰਦੇ ਸਨ। ਇਕ ਦਿਨ ਬਾਬਾ ਸਦੀਕੀ ਨੇ ਕਿਹਾ, "ਭਾਈ ਅਮਰ ਸਿੰਘ ਜੇ ਹੁਣ ਕਵਿਤਾ ਸੁਣਾਏ ਤਾਂ ਜਾਣੀਏ? ਬਾਬਾ ਅਮਰ ਸਿੰਘ ਜੋ ਉਸ ਸਮੇਂ ਕਵਿਤਾ ਸੁਣਾਈ, ਉਸ ਵਿਚੋਂ ਕੁਝ ਸਤਰਾਂ :

**ਬਰਮਾ ਮੇਂ ਮਾਂਡਲੇ ਕਾ ਸੁਣੋ ਅਪਨਾ ਹਾਲ ਭੀ,**
**ਜਾਰੀ ਹੈ ਫਰੰਗ ਮੇਂ ਜੰਗੋ ਜਦਾਲ ਭੀ।**
**ਅਲਜ਼ਮ ਮੇਂ ਗ਼ਦਰ ਯਹਾਂ ਲਾਏ ਗਏ ਹੈਂ ਗੁਪਤ,**
**ਕਰ ਸਕਤਾ ਨਹੀਂ ਆਪਨਾ ਦੇਖ ਭਾਲ ਭੀ।**
**ਬਰਮਾ ਮੇਂ ਫਾਂਸੀ ਦੇਤੇ ਹੈਂ ਲਾਲਾ ਸਿਆਮ ਸੇ,**
**ਬਸ ਮੁਨਸਫੀ ਯਹੀ ਹੈ ਫਰੰਗੀ ਕੀ ਚਾਲ ਭੀ।**
**ਫਾਂਸੀ ਜਾਂ ਕਾਲਾ ਪਾਣੀ ਸਜ਼ਾ ਇਸ ਸੇ ਕਮ ਨਹੀਂ,**
**ਰਖਤੇ ਹੈਂ ਪਿੰਜਰੇ ਮੇਂ ਸਦਾ ਡਾਲ ਡਾਲ ਭੀ।**
**ਹਿੰਦੁਸਤਾਨੀਓਂ ਤੁਮੇ ਮਲੂਮ ਹੋ ਨਾ ਹੋ,**
**ਦੇਸ਼ ਭਗਤ ਜਾਨੇ ਵਾਰ ਗਏ ਪਿਛਲੇ ਸਾਲ ਭੀ।**

**ਕਾਲੇ ਪਾਣੀ ਦੀ ਜੇਲ੍ਹ**

ਕਾਲੇ ਪਾਣੀ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੁਨੀਆ ਭਰ 'ਚੋਂ ਜ਼ਬਰ ਲਈ ਬਦਨਾਮ ਜੇਲ੍ਹ ਸੀ। ਜ਼ਬਰ ਵਿਰੁੱਧ ਗ਼ਦਰੀ ਬਾਬਿਆਂ ਨੇ ਇਸ ਜੇਲ੍ਹ ਨੂੰ ਲੜਾਈ ਦਾ ਮੈਦਾਨ ਬਣਾ ਦਿੱਤਾ। ਜਿੰਨੇ ਸਾਲ ਉਹ ਦੇਸ਼ ਭਗਤ ਇਸ ਜੇਲ੍ਹ ਵਿਚ ਰਹੇ ਕੋਈ ਹਫ਼ਤਾ ਜਾਂ ਦਿਨ ਅਜਿਹਾ ਨਹੀਂ ਮਿਲਦਾ ਜੋ ਸੁੱਖ ਸ਼ਾਂਤੀ ਵਿਚ ਲੰਘਿਆ ਹੋਵੇ। ਹਰ ਨਵੇਂ ਸੂਰਜ ਨਵੀਂ ਸਮੱਸਿਆ ਜਨਮ ਲੈਂਦੀ ਸੀ। ਗ਼ਦਰੀ ਬਾਬਿਆਂ ਨੇ ਕਦੇ ਵੀ ਹਾਰ ਨਾ ਮੰਨੀ। ਆਖਰ ਹਰਾਉਣ ਵਾਲੇ ਆਪ ਹਾਰ ਗਏ। ਬਾਬਿਆਂ ਦੀਆਂ ਕੁਰਬਾਨੀਆਂ ਕਾਰਨ ਅੱਜ ਉਹੀ ਜੇਲ੍ਹ ਦੇਸ਼ ਭਗਤਾਂ ਦੀ ਯਾਦਗਾਰ ਵਿਚ ਬਦਲ ਗਈ ਹੈ।

ਇਸ ਜੇਲ੍ਹ ਅੰਦਰ ਇਕੱਲੇ ਭਾਰਤ 'ਚੋਂ ਗਏ ਹੋਏ ਦੇਸ਼ ਭਗਤ ਕੈਦੀ ਨਹੀਂ ਸਨ, ਮਾਂਡਲੇ (ਬਰਮਾ) ਵਾਲੇ ਵੀ ਇਸ ਜੇਲ੍ਹ ਅੰਦਰ ਬੰਦ ਸਨ। ਬਾਬਾ ਅਮਰ ਸਿੰਘ ਭਾਰਤ ਵਿਚੋਂ ਗਿਆ ਹੋਇਆ ਗਦਰੀ ਨਹੀਂ ਸੀ। ਇਹ ਮਾਂਡਲੇ (ਬਰਮਾ) ਦੀ ਜੇਲ੍ਹ ਵਿਚੋਂ ਗਿਆ ਹੋਇਆ ਕੈਦੀ ਸੀ। ਦੂਸਰੇ ਮਾਂਡਲੇ ਕੇਸ ਵਾਲੇ ਵੀ ਇਸੇ ਜੇਲ੍ਹ ਵਿਚ ਘੱਲੇ ਸਨ। ਹਿੰਦੁਸਤਾਨ ਵਿਚੋਂ ਫੜੇ ਹੋਏ ਗ਼ਦਰੀ ਬਾਬੇ ਇਨ੍ਹਾਂ ਤੋਂ ਪਹਿਲਾਂ ਜੇਲ੍ਹ ਅੰਦਰ ਗਏ ਹੋਏ ਸਨ। ਇਨ੍ਹਾਂ ਨੂੰ ਜੇਲ੍ਹ ਅੰਦਰ ਬਗਾਵਤ ਕਰਨ ਬਾਰੇ ਤਾਂ ਅੰਗਰੇਜ਼ ਸਰਕਾਰ ਨੇ ਕਦੇ ਸੋਚਿਆ ਵੀ ਨਹੀਂ ਸੀ। ਜੋ ਦੇਸ਼ ਭਗਤਾਂ ਨਨੇ ਕਰ ਵਿਖਾਇਆ। ਜੇਲ੍ਹ ਅੰਦਰ ਪਹਿਲੀ ਹੜਤਾਲ ਬਾਬਾ ਪਰਮਾਨੰਦ ਝਾਂਸੀ ਨੂੰ ਬੁਰੀ ਤਰ੍ਹਾਂ ਕੁੱਟਣ ਤੋਂ ਹੋਈ ਸੀ। ਇਸ ਸਮੇਂ ਬਾਬਾ ਅਮਰ ਸਿੰਘ ਤੇ ਦੂਸਰੇ ਮਾਂਡਲੇ ਕੇਸ ਵਾਲੇ ਕੈਦੀ ਕਾਲੇ ਪਾਣੀ ਦੀ ਸੈਲੂਲਰ ਜੇਲ੍ਹ ਵਿਚ ਪਹੁੰਚੇ ਨਹੀਂ ਸਨ। ਇਸ ਤੋਂ ਬਾਅਦ ਜਿੰਨੀਆਂ ਵੀ ਬਗਾਵਤਾਂ ਜੇਲ੍ਹ ਅੰਦਰ ਹੋਈਆਂ ਸਭ ਵਿਚ ਬਾਬਾ ਅਮਰ ਸਿੰਘ ਅੱਗੇ ਹੁੰਦੇ ਸਨ। ਫਾਂਸੀ ਤੋਂ ਛੁੱਟ ਕੇ ਗਏ ਇਸ ਯੋਧੇ ਅੰਦਰ ਡਰ ਨਾਂ ਦੀ ਕੋਈ ਗੱਲ ਨਹੀਂ ਸੀ। ਹਰ ਬਗਾਵਤ ਵਿਚ ਵੱਡੀ ਤੋਂ ਵੱਡੀ ਸਜ਼ਾ ਮਿਲਦੀ ਰਹੀ ਪਰ ਬਾਬਾ ਅਮਰ ਸਿੰਘ ਸ਼ੇਰਪੁਰ ਪਿਛੇ ਦੀ ਥਾਂ ਅੱਗੇ ਵਧਦਾ ਗਿਆ। ਜੇਲ੍ਹ ਅੰਦਰ ਮਿਲਦੀਆਂ ਸਜ਼ਾਵਾਂ ਬਾਬਾ ਜੀ ਦੇਸ਼ ਭਗਤੀ ਦੀ ਸੂਰਬੀਰਤਾ ਦਾ ਪ੍ਰਮਾਣ ਬਣ ਗਈਆਂ, ਜਿਸ ਉਤੇ ਮਾਣ ਕਰਿਆਂ ਹਰ ਭਾਰਤੀ ਦਾ ਸਿਰ ਉੱਚਾ ਹੁੰਦਾ ਹੈ। ਖੜ੍ਹੀ ਹੱਥਕੜੀ, ਪੁੱਠੀ ਹਥਕੜੀ, ਬੇੜੀ, ਡੰਡਾ ਬੇੜੀ, ਸਿਕੰਜੇ 'ਚ ਬੰਨ੍ਹ ਕੇ ਨੰਗੇ ਪਿੰਡੇ ਬੈਂਤਾਂ ਦੀ ਸਜ਼ਾ, ਚੱਕੀ, ਖੜ੍ਹੀ ਚੱਕੀ, ਕੋਹਲੂ, ਮੁੰਜ ਕੁੱਟਣੀ, ਪਿੰਜਰਾ ਕੋਠੀ ਆਦਿ ਸਜ਼ਾਵਾਂ ਵਿਚੋਂ ਕੋਈ ਵੀ ਅਜਿਹੀ ਸਜ਼ਾ ਨਹੀਂ, ਜੋ ਬਾਬਾ ਅਮਰ ਸਿੰਘ ਨੂੰ ਨਾ ਮਿਲੀ ਹੋਵੇ। ਪਿੰਜਰਾ ਕੋਠੀ ਦੀ ਸਜ਼ਾ ਪੜ੍ਹ ਕੇ ਤਾਂ ਹਰ ਪਾਠਕ ਦੀਆਂ ਅੱਖਾਂ ਟੱਡੀਆਂ ਰਹਿ ਜਾਂਦੀਆਂ ਹਨ। ਇਹ ਇਕੱਲੀ ਹੀ ਨਹੀਂ, ਹਰ ਸਜ਼ਾ ਪੜ੍ਹ ਕੇ ਹੀ ਮਨ ਤੜਫ ਉੱਠਦਾ ਹੈ। ਇਹ ਸਜ਼ਾਵਾਂ ਐਨੀਆਂ ਨਿਰਦਈ ਸਨ ਕਿ ਜਿਨ੍ਹਾਂ ਅਫ਼ਸਰਾਂ ਨੇ ਸਜ਼ਾਵਾਂ ਦਿੱਤੀਆਂ ਸਨ, ਉਹ ਵੀ ਸੋਚਦੇ ਸੋਚਦੇ ਆਖਰ ਪਾਗਲ ਅਵਸਥਾ ਵਿਚ ਚਲੇ ਗਏ ਸਨ। ਕੀਤੇ ਕੁਕਰਮ ਦੀ ਸਜ਼ਾ ਉਨ੍ਹਾਂ ਨੂੰ ਭੁਗਤਣੀ ਪਈ ਸੀ। ਪਿੰਜਰਾ ਕੋਠੜੀ ਪਿੰਜਰੇ ਵਰਗੀ ਹੀ ਹੁੰਦੀ ਸੀ। ਇਸ ਕਰਕੇ ਹੀ ਇਸ ਨੂੰ ਪਿੰਜਰੇ ਦਾ ਨਾਂ ਦਿੱਤਾ ਗਿਆ ਸੀ। ਜਿਸ ਦੀ ਲੰਬਾਈ 6 ਫੁੱਟ, ਚੌੜਾਈ 3 ਫੁੱਟ ਅਤੇ ਉਚਾਈ 5 ਫੁੱਟ ਸੀ, ਇਸ ਕੋਠੜੀ ਅੰਦਰ ਕੈਦੀ ਲੰਮਾ ਤਾਂ ਪੈ ਸਕਦਾ ਸੀ ਪਰ ਖੜ੍ਹਾ ਨਹੀਂ ਸੀ ਹੋ ਸਕਦਾ। ਬਾਬਾ ਜੀ 4 ਸਾਲ ਇਸ ਕੋਠੜੀ ਵਿਚ ਰਹੀ। ਇਸ ਅੰਦਰ ਸਰੀਰ ਕੁੱਬਾ ਹੋ ਜਾਂਦਾ ਸੀ। ਬਾਬਾ ਚਤਰ ਸਿੰਘ ਵੀ ਪਿੰਜਰਾ ਕੋਠੀ ਬੰਦ ਸਨ। ਇਨ੍ਹਾਂ ਨੂੰ ਬਾਹਰ ਕਰਵਾਉਣ ਲਈ ਵੀ ਲੰਮੀਆਂ ਲੜਾਈਆਂ ਲੜਈਆਂ। ਬਾਬਾ ਚਤਰ ਸਿੰਘ ਬਾਰੇ ਤਾਂ ਬਾਬਾ ਸੋਹਣ ਸਿੰਘ ਭਕਨਾ ਨੂੰ ਮਰਨ ਵਰਤ ਵੀ ਰੱਖਣਾ ਪਿਆ ਸੀ।

ਇਕ ਦਿਨ ਆਪਣੀ ਕੋਠੜੀ ਅੰਦਰ ਬਰਾਂਡੇ ਵਿਚ ਬਾਬਾ ਅਮਰ ਸਿੰਘ ਟਹਿਲ ਰਹੇ ਸਨ। ਜੇਲਰ ਫੇਰੀ 'ਤੇ ਆਇਆ ਤਾਂ ਬਾਬਾ ਅਮਰ ਸਿੰਘ ਨੂੰ ਕਹਿਣ ਲੱਗਾ, "ਤੂੰ ਕੋਠੜੀ ਅੰਦਰ ਕਿਉਂ ਨਹੀਂ ਬੈਠਦਾ? ਬਾਹਰ ਕਿਉਂ ਟਹਿਲ ਰਿਹਾ? ਸਾਰੇ ਕੈਦੀ ਜੇਲਰ ਦੇ ਭੈੜੇ ਵਤੀਰੇ ਤੋਂ ਅੱਕੇ ਹੋਏ ਸਨ। ਅੱਗੋਂ ਬਾਬਾ ਅਮਰ ਸਿੰਘ ਬੋਲਿਆ, "ਤੈਨੂੰ ਕੀ ਤਕਲੀਫ਼ ਹੁੰਦੀ ਹੈ? ਇਹ ਮੇਰਾ ਹੱਕ ਹੈ? ਇਸ ਗੱਲ 'ਤੇ ਡੰਡਾ ਬੇੜੀ ਦੀ ਸਜ਼ਾ ਹੋਰ ਦਿੱਤੀ ਗਈ।

ਬਾਬਾ ਸ਼ੇਰ ਸਿੰਘ ਵੇਈ ਪੋਈਂ ਨੇ ਆਪਣੇ ਲਿਖਤੀ ਬਿਆਨ ਵਿਚ ਆਖਿਆ ਹੈ, (ਇਹ ਬਿਆਨ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬ੍ਰੇਰੀ ਵਿਚ ਮੌਜੂਦ ਹੈ) "ਭਾਈ ਅਮਰ ਸਿੰਘ ਸ਼ੇਰਪੁਰ ਬੜਾ ਨਿੱਡਰ ਤੇ ਖਾੜਕੂ ਬੰਦਾ ਸੀ। ਜੇਲ੍ਹ ਅਫ਼ਸਰਾਂ ਨੂੰ ਵੇਖ ਕੇ ਗਾਲਾਂ ਕੱਢਣ ਲੱਗ ਜਾਂਦਾ ਸੀ। ਉਹ ਕਹਿੰਦਾ ਮੈਂ ਇਨ੍ਹਾਂ ਦਾ ਰੋਹਬ ਨਹੀਂ ਝੱਲਣਾ ਸੀ। ਉਸ ਨੂੰ ਬਹੁਤ ਸਜ਼ਾਵਾਂ ਮਿਲੀਆਂ। ਕੋਈ ਪ੍ਰਵਾਹ ਨਾ ਕੀਤੀ।"

ਜੇਲਰ ਬੈਰੀ ਬਾਬਾ ਭਾਨ ਸਿੰਘ ਸੁਨੇਤ

ਦੇ ਮਗਰ ਬੜਾ ਪਿਆ ਹੋਇਆ ਸੀ। ਬਾਬਾ ਭਾਨ ਸਿੰਘ ਉਸ ਦੀ ਗਾਲ ਦਾ ਉੱਤਰ ਗਾਲ ਵਿਚ ਦਿੰਦਾ ਸੀ। ਬਾਬਾ ਸੁਨੇਤ ਨੂੰ ਕਈ ਵਾਰ ਕੁੱਟ ਚੁੱਕਾ ਸੀ। ਇਕ ਦਿਨ ਫੇਰ ਆਪਣੇ ਬੰਦਿਆਂ ਨੂੰ ਨਾਲ ਲੈ ਕੇ ਬਾਬਾ ਭਾਨ ਸਿੰਘ ਨੂੰ ਉਸ ਦੀ ਕੋਠੜੀ ਵਿਚ ਕੁੱਟਣ ਲੱਗ ਪਿਆ। ਜੇਲ੍ਹ ਤਿੰਨ ਮੰਜ਼ਿਲੀ ਸੀ। ਦੂਸਰੇ ਗ਼ਦਰੀ ਬਾਬੇ ਥੱਲੇ ਰੋਟੀ ਖਾਣ ਪਹੁੰਚੇ ਹੋਏ ਸਨ। ਜਦ ਇਨ੍ਹਾਂ ਨੂੰ ਬਾਬਾ ਭਾਨ ਸਿੰਘ ’ਤੇ ਪੈਂਦੀ ਕੁੱਟ ਦਾ ਪਤਾ ਲੱਗਿਆ ਤਾਂ ਇਨ੍ਹਾਂ ਜੇਲਰ ਬੇਰੀ ਨੂੰ ਲਲਕਾਰੇ ਮਾਰ ਦਿੱਤੇ। ਜਿਸ ਦੇ ਹੱਥ ਜੋ ਵੀ ਲੱਗਿਆ, ਲੈ ਕੇ ਜੇਲਰ ਨੂੰ ਕੁੱਟਣ ਲਈ ਉੱਪਰ ਜਾਣ ਨੂੰ ਵਧੇ ਤਾਂ ਉਪਰਲਾ ਰਸਤਾ ਬੰਦ ਕਰ ਦਿੱਤਾ। ਇਸ ਤਰ੍ਹਾਂ ਜੇਲਰ ਦੀ ਬਚਤ ਰਹਿ ਗਈ। ਉਸ ਦਿਨ ਬਾਬਿਆਂ ਹੱਥੋਂ ਜੇਲਰ ਦਾ ਮਰ ਜਾਣਾ ਸੁਭਾਵਿਕ ਸੀ। ਬਾਬਾ ਭਾਨ ਸਿੰਘ ਜੇਲਰ ਦੀ ਕੁੱਟ ਤੋਂ ਬਾਅਦ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਉਹ ਸ਼ਹੀਦ ਹੋ ਗਿਆ। ਇਸ ਕਾਰਵਾਈ ਵਿਰੁੱਧ ਬਾਬਾ ਅਮਰ ਸਿੰਘ ਨੂੰ ਪਿੰਜਰਾ ਕੋਠੀ ਬੰਦ ਕੀਤਾ ਸੀ। ਜਦ ਚਾਰ ਸਾਲ ਬਾਅਦ ਉਸ ਨੂੰ ਬਾਹਰ ਕੱਢਿਆ ਗਿਆ ਸੀ ਤਾਂ ਉਸ ਤੋਂ ਖੜ੍ਹਾ ਨਹੀਂ ਸੀ ਹੋਇਆ ਜਾਂਦਾ। ਸਰੀਰ ਕੁੱਬਾ ਹੋ ਗਿਆ ਸੀ।


ਨਿੱਤ-ਨਿੱਤ ਦੇ ਜਬਰ ਕਰਨ ਤੋਂ ਜੇਲ੍ਹ ਕਰਮਚਾਰੀ ਵੀ ਅੱਕ ਚੁੱਕੇ ਸਨ। ਬਾਬਿਆਂ ਨੇ ਕਿਸੇ ਹਾਲਤ ਵੀ ਹਾਰ ਨਾ ਮੰਨੀ। ਜੇਲਰ ਬੈਰੀ ਤੇ ਜੇਲ੍ਹ ਸੁਪਰਡੈਂਟ ਮਰੇ ਜੇਲ੍ਹ ਤੋਂ ਬਦਲ ਗਏ। ਨਵਾਂ ਜੇਲ੍ਹ ਸੁਪਰਡੈਂਟ ਚੰਗੇ ਸੁਭਾਅ ਦਾ ਸੀ। ਉਸ ਨੇ ਬਾਬਾ ਅਮਰ ਸਿੰਘ ਨੂੰ ਬਾਹਰ ਕਰ ਦਿੱਤਾ।

ਗ਼ਦਰੀ ਬਾਬੇ ਦਸੰਬਰ ਅਖੀਰ ਵਿਚ ਸੈਲੂਲਰ ਜੇਲ੍ਹ ਆਏ ਸਨ। ਜਿੰਨੇ ਸਾਲ ਇਥੇ ਰਹੇ ਇਸ ਜੇਲ੍ਹ ਦੀ ਕਹਾਣੀ ਅਣਮਨੁੱਖੀ ਵਰਤਾਰੇ ਦੀ ਕਹਾਣੀ ਹੈ। ਇਸ ਸਮੇਂ ਦੌਰਾਨ ਅੰਗਰੇਜ਼ ਸਰਕਾਰ ਪਹਿਲੇ ਸੰਸਾਰ ਜੰਗ (1914-19) ਵਿਚ ਜੇਤੂ ਹੋ ਗਈ। ਸਰਕਾਰ ਨੇ ਖੁਸ਼ੀ ਵਿਚ ਸਭ ਜੇਲ੍ਹਾਂ ਦੇ ਕੈਦੀਆਂ ਨੂੰ ਛੱਡਣ ਦਾ ਐਲਾਨ ਕਰ ਦਿੱਤਾ। ਜੋ ਕੈਦੀ ਕਾਲੇ ਪਾਣੀ ਦੀ ਜੇਲ੍ਹ ਅੰਦਰ ਸਜ਼ਾ ਭੁਗਤ ਰਹੇ ਸਨ। ਉਨ੍ਹਾਂ ਦੇ ਛੱਡਣ ਬਾਰੇ ਉਨ੍ਹਾਂ ਜੱਜਾਂ ਤੋਂ ਹੀ ਰਾਇ ਲਈ ਗਈ ਜਿਨ੍ਹਾਂ ਜੱਜਾਂ ਨੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਸਨ। ਜਦ ਬਾਬਾ ਅਮਰ ਸਿੰਘ ਬਾਰੇ ਬਰਮਾ ਸਰਕਾਰ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਬਾਬਾ ਅਮਰ ਸਿੰਘ ਸ਼ੇਰਪੁਰ ਕਲਾਂ, ਹਰਦਿੱਤ ਸਿੰਘ ਲੰਮੇ, ਕਪੂਰ ਸਿੰਘ ਮੋਹੀ ਤੇ ਹੋਰ ਸਾਥੀਆਂ ਨੂੰ ਛੱਡਣ ਤੋਂ ਇਨਕਾਰ ਕਰ ਦਿੱਤਾ। ਇਹ ਕਾਲੇ ਪਾਣੀ ਹੀ ਰਹੇ। ਇਸ ਤਰ੍ਹਾਂ ਜੋ ਗ਼ਦਰੀ ਜੇਲ੍ਹ ਅੰਦਰ ਹਿੰਦੁਸਤਾਨ ਵਿਚੋਂ ਗਏ ਸਨ, ਉਨ੍ਹਾਂ ਵਿਚੋਂ ਵੀ ਸਾਰੇ ਨਾ ਛੱਡੇ ਗਏ। ਸਰਕਾਰ ਦਾ ਫਾਰਮੂਲਾ ਸੀ ਜੋ ਕੈਦੀ ਉਮਰ ਕੈਦ ਵਾਲੇ ਹਨ ਤੇ ਉਹ ਕੈਦੀ ਜੋ ਡਾਕਿਆਂ ਵਿਚ ਸ਼ਾਮਲ ਸਨ, ਨਹੀਂ ਛੱਡੇ ਗਏ। ਇਹ ਕਾਲੇ ਪਾਣੀ ਜੇਲ੍ਹ ਅੰਦਰ 18 ਸਾਲ ਰਹੇ। ਜੋ ਕੈਦੀ ਜਿਸ ਜੇਲ੍ਹ ਤੋਂ ਆਇਆ ਸੀ, ਉਸ ਜੇਲ੍ਹ ਨੂੰ ਵਾਪਸ ਕਰ ਦਿੱਤੇ। ਬਾਬਾ ਅਮਰ ਸਿੰਘ ਮਾਂਡਲੇ (ਬਰਮਾ) ਜੇਲ੍ਹ ਨੂੰ ਵਾਪਸ ਗਿਆ। ਬਰਮਾ ਸਰਕਾਰ ਨੇ ਇਨ੍ਹਾਂ ਨੂੰ ਹਿੰਦੁਸਤਾਨ ਸਰਕਾਰ ਪਾਸ ਭੇਜ ਦਿੱਤਾ, ਜਿਥੋਂ 12 ਫਰਵਰੀ 1937 ਨੂੰ ਬਾਬਾ ਅਮਰ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ।

ਇਸ ਤੋਂ ਪਿਛਲੇ ਜੀਵਨ ਬਾਰੇ ਕੋਈ ਪਤਾ ਨਹੀਂ ਲੱਗ ਸਕਿਆ। ਸਿਰਫ਼ ਇਹ ਹਵਾਲਾ ਹੀ ਮਿਲਦਾ ਹੈ ਕਿ ਉਹ ਦੂਜੀ ਸੰਸਾਰ ਜੰਗ ਸਮੇਂ ਜੋ 1939 ਵਿਚ ਚਾਲੂ ਹੋਈ ਸੀ। ਉਸ ਸਮੇਂ ਫੇਰ ਸਿਆਮ ਵਿਚ ਸਨ। ਉਥੇ ਉਨ੍ਹਾਂ ਨੇ ਬਾਬਾ ਹਰੀ ਸਿੰਘ ਉਸਮਾਨ ਅਤੇ ਪ੍ਰੀਤਮ ਸਿੰਘ ਨਾਗੋਕੇ ਨਾਲ ਮਿਲ ਕੇ ਇੰਡੀਅਨ ਨੈਸ਼ਨਲ ਆਰਮੀ ਦਾ ਪਹਿਲਾ ਯੂਨਿਟ ਖੜ੍ਹਾ ਕਰ ਲਿਆ ਸੀ, ਜਿਸ ਨੂੰ ਅੱਗੇ ਜਾ ਕੇ ਜਨਰਲ ਮੋਹਣ ਸਿੰਘ ਤੇ ਨੇਤਾ ਸੁਭਾਸ਼ ਚੰਦਰ ਬੋਸ ਨੇ ਸੰਭਾਲ ਲਿਆ ਸੀ।

# ਇਨਕਲਾਬੀ ਕਿਸਾਨ ਲਹਿਰ ਦਾ ਚਮਕਦਾ ਸਿਤਾਰਾ ਸੀ ਹਰਦੀਪ ਸਿੰਘ ਗਾਲਬ

ਕੰਵਲਜੀਤ ਖੰਨਾ
94170 67344



1974 ਦੀ ਤੇਲ ਦੀ ਬਲੈਕ ਵਿਰੋਧੀ ਕਿਸਾਨ ਐਜੀਟੇਸ਼ਨ ਮੌਕੇ ਉਹ ਮਸੀਂ 4 ਕੁ ਵਰਿਆਂ ਦਾ ਸੀ । ਉਸਦੀ ਜਨਮਭੂਮੀ ਪਿੰਡ ਗਾਲਬ ਕਲਾਂ ਨੂੰ ਕਿਸਾਨੀ ਦੀ ਲੁੱਟ ਤੇ ਧੱਕੇ ਖਿਲਾਫ ਉੱਠੀ ਜਬਰਦਸਤ ਕਾਂਗ ਨੇ ਸੂਬੇ ਭਰ ਚ ਕਿਸਾਨ ਅੰਦੋਲਨ ਦੇ ਗੜ ਵਜੋਂ ਮਸ਼ਹੂਰ ਕਰ ਦਿੱਤਾ ਸੀ।20 ਫਰਵਰੀ 1974 ਦੇ ਕਿਰਤੀਆਂ ਦੇ ਤੇਲ ਦੀ ਬਲੈਕ ਵਿਰੋਧੀ ਮੁਜਾਹਰੇ ਤੇ ਚੱਲੀ ਗੋਲੀ ’ਚ ਇਸ ਪਿੰਡ ਦੇ ਸੀਰੀ ਪਿਆਰਾ ਸਿੰਘ ਗਾਲਬ ਦੀ ਸ਼ਹਾਦਤ ਨੇ ਇਸ ਪਿੰਡ ਨੂੰ ਜੀਉਂਦੇ ਜਾਗਦੇ ਪਿੰਡਾਂ ਦੀ ਮੂਹਰਲੀ ਕਤਾਰ ’ਚ ਸ਼ਾਮਲ ਕਰ ਦਿੱਤਾ ਸੀ। ਲੁੱਟੀ ਪੱਟੀ ਜਾ ਰਹੀ ਛੋਟੀ ਕਿਸਾਨੀ ਨੂੰ ਮੁਕਤੀ ਦਾ ਰਾਹ ਦਿਖਾਉਣ ਵਾਲੇ ਪੰਜਾਬ ਵਾਹੀਕਾਰਾ ਯੂਨੀਅਨ ਦੇ ਦਰਸ਼ਨ ਚਾਹਲ ਵਰਗੇ ਕਈ ਸਿਰਕੱਢ ਆਗੂ ਹੁਣ ਤੱਕ ਵਿਛੋੜਾ ਦੇ ਗਏ ਹਨ। ਪਰ ਇਸ ਪਿੰਡ ਚ ਇਨਕਲਾਬ ਦੀ ਲਾਟ ਨੂੰ ਨਿਰੰਤਰ ਬਲਦਾ ਰੱਖਿਆ ਗਿਆ। ਅੱਸੀਵਿਆਂ ਦੇ ਦੋਰ ਚ ਨੋਜਵਾਨ ਭਾਰਤ ਸਭਾ ਨੂੰ ਇਸੇ ਪਿੰਡ ਨੇ ਇਕ ਕੁਲਵਕਤੀ ਘੁਲਾਟੀਆ ਜਸਵੰਤ ਗਾਲਬ ਦਿੱਤਾ ਸੀ, ਜਿਹੜਾ ਰੋਡਵੇਜ ਦੀ ਪੱਕੀ ਨੌਕਰੀ ਛੱਡ ਇਨਕਲਾਬ ਦੀ ਮਸ਼ਾਲ ਨੂੰ ਫੜ ਲੰਮਾਂ ਸਮਾਂ ਜਿੰਦਾਬਾਦ ਦਾ ਪੈਗਾਮ ਵੰਡਦਾ ਰਿਹਾ ਸੀ। ਸੰਨ 1995 ’ਚ ਇਲਾਕੇ ਭਰ ਚ ਜਦੋਂ ਮੁੜ ਕਿਸਾਨ ਜਥੇਬੰਦੀ ਦੀ ਉਸਾਰੀ ਦਾ ਕਾਰਜ ਤੁਰਿਆ ਤਾਂ ਲੱਖੋਵਾਲ ਤੋਂ ਟੁੱਟ ਕੇ ਅੱਡ ਹੋਈ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦਾ ਭੂੰਦੜੀ, ਭਮਾਲ, ਗਾਲਬ ਕਲਾਂ, ਲੀਲਾਂ ਆਦਿ ਪਿੰਡਾਂ ਚ ਗਠਨ ਕੀਤਾ ਗਿਆ ਤਾਂ ਸਾਥੀ ਹਰਦੀਪ ਗਾਲਬ ਅਪਣੇ ਸਾਥੀ ਨਿਰਮਲ ਸਿੰਘ ਭਮਾਲ ਨਾਲ ਮੂਹਰਲੀਆਂ ਸਫਾਂ ਚ ਨਿੱਤਰਿਆ। ਛੋਟੀ ਕਿਸਾਨੀ ਦੇ ਦੁੱਖਾਂ ਦਰਦਾਂ ਨੂੰ ਨੇੜਿਓਂ ਸਮਝਣ ਵਾਲਾ ਅਤਿਅੰਤ ਸੂਖਮ ਤੇ ਦੂਰਦ੍ਰਿਸ਼ਟੀ ਦੇ ਮਾਲਕ ਹਰਦੀਪ ਨੇ ਨਿਰਮਲ ਭਮਾਲ ਦੇ ਵਿਦੇਸ਼ ਜਾਣ ਤੋਂ ਬਾਅਦ ਪੂਰੀ ਇਲਾਕੇ ਚ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੀ ਉਸਾਰੀ ਦਾ ਬੇਹੱਦ ਕਠਿਨ ਕੰਮ ਅਪਣੇ ਮੋਢਿਆਂ ਤੇ ਚੁੱਕ ਲਿਆ ਸੀ। ਹਰਦੀਪ ਗਾਲਬ ਦੀ ਅਗਵਾਈ ’ਚ ਸਿੱਧਵਾਂਬੇਟ, ਹੰਬੜਾਂ, ਜਗਰਾਂਓ, ਰਾਏਕੋਟ ਬਲਾਕਾਂ ਦੇ ਇਕ ਸੌ ਦੇ ਕਰੀਬ ਪਿੰਡਾਂ ਚ ਜਥੇਬੰਦੀ ਦੀਆਂ ਇਕਾਈਆਂ ਖੜ੍ਹੀਆਂ ਕੀਤੀਆਂ ਗਈਆਂ। ਨਿਜੀ ਕੰਮਾਂ ਕਾਰਾਂ ਨੂੰ ਪਿੱਛੇ ਛੱਡ ਜਥੇਬੰਦੀ ਦੇ ਕਾਰਜਾਂ ਨੂੰ ਮੁੱਖ ਰੱਖ ਕੇ ਚਲਣਾ ਉਸ ਦੇ ਸੁਭਾਅ ਦਾ ਅਨਿੱਖੜਵਾਂ ਅੰਗ ਸੀ। ਕਿਸੇ ਵੀ ਕੰਮ ਬਾਰੇ ਕਹਿਣ ਜਾਂ ਪੁੱਛਣ ਤੇ ਉਸ ਦਾ ਇਕੋ ਈ ਜਵਾਬ ਸੀ , ਜੀ ਹੋ ਗਿਆ ਸਾਹਿਬ, ਤੁਸੀਂ ਕਹਿ ਤਾ ਤਾਂ ਸਮਝ ਲਓ ਹੋ ਗਿਆ ਸਾਹਿਬ। ਮੇਰੇ ਲਈ ਸਾਹਿਬ ਉਸ ਦੇ ਦਿਲ ਮਨ ’ਚ ਕਿਸੇ ਡੂੰਘੀ ਥਾਂ ਵਸੇ ਆਦਰ ਸਤਿਕਾਰ ਦਾ ਇਜਹਾਰ ਸੀ। ਨਾਂਹ ਕਹਿਣਾ ਤਾਂ ਉਸਨੇ ਜਿਵੇਂ ਸਿਖਿਆ ਹੀ ਨਹੀਂ ਸੀ। ਜਥੇਬੰਦੀ ਦੇ ਕੰਮ ਨੂੰ ਕੰਮ ਸਮਝਣ ਤੇ ਕਰਨ ਦਾ ਹੀ ਸਿੱਟਾ ਸੀ ਕਿ ਕਿਸਾਨ ਆਗੂ ਮਨਜੀਤ ਧਨੇਰ ਦੀ ਰਿਹਾਈ ਲਈ ਚੱਲੇ ਲੰਮੇ ਸੰਘਰਸ਼ ’ਚ ਜਗਰਾਂਓ, ਰਾਏਕੋਟ ਇਲਾਕੇ ਨੇ ਯਾਦਗਾਰੀ ਰੋਲ ਨਿਭਾਇਆ। ਰਾਏਕੋਟ ਤੇ ਹੰਬੜਾਂ ਬਲਾਕਾਂ ਚ ਕਿਸਾਨ ਜਥੇਬੰਦੀ ਖੜੀ ਕਰਨ ’ਚ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ, ਇੰਦਰਜੀਤ ਸਿੰਘ ਧਾਲੀਵਾਲ ਅਤੇ ਸੁਖਵਿੰਦਰ ਸਿੰਘ ਹੰਬੜਾਂ ਨਾਲ ਉਸਨੇ ਅੱਡੀ ਚੋਟੀ ਦਾ ਜੋਰ ਲਾਇਆ ਸੀ। ਉਸਦਾ ਬੇਟਾ ਕੁਲਵੰਤ ਦਸਦੈ ਕਿ ਮੈਂ ਅਪਣੇ ਸਾਰੇ ਜੀਵਨ ਚ ਉਸਨੂੰ ਕਦੇ ਨਿਰਾਸ਼ ਨਹੀਂ ਸੀ ਦੇਖਿਆ, ਕਦੇ ਗੁੱਸੇ ਹੁੰਦਾ ਨਹੀਂ ਸੀ ਦੇਖਿਆ। ਉਹ ਮੈਨੂੰ ਅਪਣਾ ਦੋਸਤ ਕਿਹਾ ਕਰਦਾ ਸੀ।ਕਹਿੰਦਾ ਸੀ ਕਾਂਤੇ ਮੇਰੇ ਨਾਲ ਮਿੱਤਰਾਂ ਵਾਲਾ ਰਿਸ਼ਤੇ ਰਖਿਆ ਕਰ ,ਚੰਗਾ। ਕਿਹਾ ਕਰਦਾ ਸੀ ਖੇਤੀ ਦਾ ਬਹੁਤਾ ਬੋਝ ਨੀ ਰਖੀਦਾ। ਸੰਨ 2001 ਚ ਉਸਦੇ ਵੱਡੇ ਭਾਈ ਗੁਰਮੀਤ ਦੀ ਗੁਰਦੇ ਫੇਲ ਹੋਣ ਕਾਰਨ ਮੋਤ ਹੋ ਗਈ ਸੀ। ਉਸ ਦੀਆਂ ਦੋਹੇਂ ਧੀਆਂ ਹਰਦੀਪ ਨੇ ਅਪਣੀ ਧੀ ਵਾਂਗ ਹੀ ਵਿਆਹ ਕੇ ਤੋਰੀਆਂ ਸਨ। ਭਤੀਜੇ ਗੁਰਬਾਜ ਨੂੰ ਕਦੇ ਬਾਪ ਦਾ ਖੱਪਾ ਮਹਿਸੂਸ ਨਹੀਂ ਹੋਣ ਦਿੱਤਾ ਸੀ। ਹਰਦੀਪ ਨੂੰ ਅਪਣੇ ਦੋਹਾਂ ਪੁੱਤਾਂ ਤੇ ਅਪਣੇ ਤੋਂ ਵੀ ਵੱਧ ਭਰੋਸਾ ਤੇ ਮਾਣ ਸੀ। ਉਸ ਦੀ ਗੈਰਹਾਜ਼ਰੀ ਚ ਸੱਤ ਅੱਠ ਕਿੱਲਿਆਂ ਦੀ ਖੇਤੀ ਦਾ ਉਸਨੂੰ ਕੋਈ ਫਿਕਰ ਨਹੀਂ ਸੀ। ਉਹ ਕਿਸਾਨ ਜਥੇਬੰਦੀ ਲਈ ਇਕ ਤਰਾਂ ਦਾ ਕੁਲਵਕਤੀ ਸੀ। ਇਲਾਕੇ ਦਾ ਕੋਈ ਵੀ ਸੰਘਰਸ਼ ਉਸ ਦੀ ਅਗਵਾਈ ਤੋਂ ਬਿਨਾਂ ਅਧੂਰਾ ਸੀ। ਡੀ ਐਸ ਪੀ ਪੂਰੀ ਖਿਲਾਫ ਸੰਘਰਸ਼, ਨਸ਼ਿਆਂ ਖਿਲਾਫ ਡੇਢ ਸਾਲ ਲੰਮਾ ਜਨਤਕ ਸੰਘਰਸ਼, ਤਿੰਨ ਲੋਕ ਆਗੂਆਂ ਦੀ ਰਿਹਾਈ ਲਈ ਪਹਿਲਾਂ ਚੱਲਿਆ ਲੰਮਾ ਅੰਦੋਲਨ, ਕਿਸਾਨਾਂ ਦੀਆਂ ਕੁਰਕੀਆਂ ਖਿਲਾਫ ਸੰਘਰਸ਼, ਬੈਂਕਾਂ ਦੀ ਲੁੱਟ ਖਿਲਾਫ ਲੁਧਿਆਣੇ ਪੀ ਐਨ ਬਈ ਹੈਡ ਆਫਿਸ ਮੂਹਰੇ ਸੱਤ ਦਿਨ ਲੰਮਾਂ ਦਿਨ-ਰਾਤ ਦਾ ਸਾਂਝਾ ਕਿਸਾਨ ਧਰਨਾ, ਪ੍ਰਾਈਵੇਟ ਸਕੂਲਾਂ ਦੀ ਲੁੱਟ ਖਿਲਾਫ, ਆੜ੍ਹਤੀਆ ਦੀ ਲੁੱਟ ਖਿਲਾਫ ਅਨੇਕਾਂ ਮਸਲਿਆਂ ਤੇ ਸੰਘਰਸ਼, ਇਨਕਲਾਬੀ ਕੇਂਦਰ ਪੰਜਾਬ ਦੀ ਅਗਵਾਈ ’ਚ ਸਾਮਰਾਜੀ ਨੀਤੀਆਂ, ਬਿਜਲੀ ਬੋਰਡ ਅਤੇ ਸਰਕਾਰੀ ਅਦਾਰਿਆਂ ਦੇ ਨਿਜੀਕਰਨ ਖਿਲਾਫ ਸੰਘਰਸ਼, ਫਿਰਕੂ ਫਾਸ਼ੀਵਾਦ ਖਿਲਾਫ ਜਨਤਕ ਐਕਸ਼ਨ, ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਜਦੋਜਹਿਦ, ਫਿਰਕੂ ਤੇ ਸਰਕਾਰੀ ਦਹਿਸ਼ਤਗਰਦੀ ਖਿਲਾਫ ਸੰਘਰਸ਼ ਕਿੰਨੇ ਹੀ ਯਾਦਗਾਰੀ ਸੰਘਰਸ਼ ਉਸ ਦੇ ਜੀਵਨ ਇਤਿਹਾਸ ਦੇ ਸ਼ਾਨਦਾਰ ਪੰਨੇ ਹਨ।

ਜਗਰਾਂਓ ਰੇਲਵੇ ਸਟੇਸ਼ਨ ਤੇ ਤਿੰਨ ਕਾਲੇ ਕਨੂੰਨਾਂ ਖਿਲਾਫ ਚੱਲੇ ਸ਼ਾਨਦਾਰ ਸੰਘਰਸ਼ ਚ ਉਸਦੀ ਤੇ ਉਸਦੇ ਪਿੰਡ ਦੀ ਹਰ ਪਖੋਂ ਮੋਹਰੀ ਭੂਮਿਕਾ ਸੀ। ਉਥੇ ਲੰਗਰ ਚ ਹੀ ਇਕ ਦਿਨ ਰੋਟੀ ਛਕਦਿਆਂ ਕੁਦਰਤੀ ਮੂੰਹ ਦੇ ਅੰਦਰਲੇ ਪਾਸੇ ਦੰਦੀ ਵੱਢੀ ਗਈ। ਲਹੂ ਨਿਕਲਿਆ, ਠੰਡੇ ਪਾਣੀ ਦੀਆਂ ਕੁਰਲੀਆਂ ਕਰ ਲਈਆਂ, ਪ੍ਰਵਾਹ ਨਹੀਂ ਕੀਤੀ। ਮੂੰਹ ਦੇ ਅੰਦਰਲਾ ਜਖਮ ਹੋਲੀ ਹੋਲੀ ਨਾਸੂਰ ਬਣ ਗਿਆ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਜਦੋਂ ਪਿੰਡਾਂ ਨੂੰ ਦਿੱਲੀ ਜਾਣ ਦਾ ਸੱਦਾ ਦਿੱਤਾ ਗਿਆ ਤਾਂ ਹਰਦੀਪ ਪਹਿਲੇ ਦਿਨ ਹੀ ਅਪਣਾ ਟਰੈਕਟਰ ਟਰਾਲੀ ਲੈ ਕੇ ਮੂਹਰੇ ਜਾ ਲੱਗਿਆ। ਉਹ ਪੂਰਾ ਸਮਾਂ ਓਥੇ ਹੀ ਰਿਹਾ, ਸਿਰਫ ਇਕ ਦਿਨ ਅਪਣੇ ਨੇੜਲੇ ਰਿਸ਼ਤੇਦਾਰ ਦੀ ਮੌਤ ਤੇ ਜਦੋ ਟੀਕਰੀ ਸਟੇਜ ਤੇ ਬੈਠਿਆਂ ਨੂੰ ਸੁਨੇਹਾ ਮਿਲਿਆ ਤਾਂ ਇਹ ਪੰਜਾਬ ਅਪਣੇ ਸਹੁਰੀਂ ਕੋਠੇ ਪੋਨਾ ਪਿੰਡ ਆਇਆ ਸੀ। ਦਿੱਲੀ ਅੰਦੋਲਨ ਚ ਜਿਥੇ ਪੂਰੇ ਜਿਲੇ ਦੀ ਨਿਗਰਾਨੀ, ਦੇਖ-ਰੇਖ ਦੀ ਜਿੰਮੇਵਾਰੀ ਤਾਂ ਸੀ ਹੀ ਹਰਦੀਪ ਉਪਰ, ਪਰ ਨਾਲ ਹੀ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੂੰ ਲਿਆਉਣ, ਛੱਡਣ ਦੀ ਜਿੰਮੇਵਾਰੀ ਯਾਨਿ ਇਕ ਤਰਾਂ ਦੇ ਸੈਕਟਰੀ ਦੀ ਜਿੰਮੇਵਾਰੀ ਹਰਦੀਪ ਗਾਲਬ ਨੂੰ ਸੰਭਾਲੀ ਹੋਈ ਸੀ। ਜਨਵਰੀ ਮਹੀਨੇ ਜਦੋਂ ਅਸੀਂ ਇਨਕਲਾਬੀ ਕੇਂਦਰ ਪੰਜਾਬ ਦਾ ਜੱਥਾ ਲੈ ਕੇ ਦਿੱਲੀ ਗਏ ਤਾਂ ਹਰਦੀਪ ਦਾ ਮੂੰਹ ਇਕ ਪਾਸੇ ਸੁੱਜਿਆ ਹੋਇਆ ਸੀ, ਜਿਵੇਂ ਫੋੜਾ ਨਿਕਲਿਆ ਹੋਵੇ। ਵਾਹਵਾ ਜੋਰ ਲਾਉਣ ਤੇ ਜਦੋਂ ਟੈਸਟ ਕਰਵਾਏ ਤਾਂ ਨਾਮੁਰਾਦ ਕੈਂਸਰ ਚੋਥੀ ਸਟੇਜ ਤੇ ਪੰਹੁਚ ਚੁੱਕਾ ਸੀ। ਰਾਜੀਵ ਗਾਂਧੀ ਕੈਂਸਰ ਹਸਪਤਾਲ ਦਿੱਲੀ ਚ ਇਲਾਜ ਚੱਲਿਆ। ਅਪਰੇਸ਼ਨ ਹੋਇਆ,10,12 ਦਿਨ ਲੱਗੇ ਤੇ ਹਰਦੀਪ ਪਿੰਡ ਆ ਗਿਆ। ਇਸ ਦੋਰਾਨ ਸਾਥੀ ਹਰਦੀਪ ਦੀ ਜੀਵਨ ਸਾਥਣ ਸੁਖਵੰਤ ਹਾਰਟ ਅਟੈਕ ਦਾ ਸ਼ਿਕਾਰ ਹੋ ਗਈ। ਇਸ ਬਿਪਤਾ ਦੀ ਘੜੀ ਵੀ ਨਾ ਪਰਿਵਾਰ ਡੋਲਿਆ ਤੇ ਨਾ ਹੀ ਹਰਦੀਪ। ਉਸ ਦੇ ਵੱਡਾ ਖਰਚਾ ਝਲ ਕੇ ਸਟੰਟ ਪਵਾਇਆ ਗਿਆ। ਭੈਣ ਸੁਖਵੰਤ ਨੇ ਇਸ ਵੱਡੇ ਸਦਮੇ ’ਚ ਇਸ ਕਠਿਨ ਦੋਰ ਚ ਅਪਣੀ ਵਿਧਵਾ ਜੇਠਾਣੀ ਦੇ ਸਾਥ ਨਾਲ ਪਰਿਵਾਰ ਨੂੰ ਸੰਭਾਲਣ ਦਾ ਜਿੰਮਾ ਜੋ ਉਟਣਾ ਸੀ। ਹਰਦੀਪ ਦੀ ਸੇਵਾ ਚ ਹਰਦੀਪ ਦੀ ਪਤਨੀ ਤੇ ਭਰਜਾਈ ਨੇ ਕੋਈ ਕਸਰ ਨਹੀਂ ਛੱਡੀ। ਭੈਣ ਸੁਖਵੰਤ ਨੇ ਤਾਂ ਕਿਸਾਨ ਅੰਦੋਲਨ ’ਚ ਵੀ ਹੋਰਨਾਂ ਭੈਣਾਂ ਨਾਲ ਸ਼ਾਮਲ ਹੋ ਕੇ ਅਹਿਮ ਭੂਮਿਕਾ ਨਿਭਾਈ।

ਪਰ ਜਿਨ੍ਹਾਂ ਦੇ ਪੈਰ ਚ ਚੱਕਰ ਹੁੰਦੈ, ਜਿਨਾਂ ਦੇ ਅੰਦਰ ਲੋਕ ਮੁਕਤੀ ਲਈ ਜਿਉਣ ਦਾ ਜਨੂੰਨ ਹੁੰਦੈ ਉਹਨਾਂ ਸਾਹਮਣੇ ਕਠਿਨਾਈਆਂ ਕੋਈ ਮਾਇਨੇ ਨਹੀਂ ਰਖਦੀਆਂ ਤੇ ਹਰਦੀਪ ਫਿਰ ਕਦੇ ਕਦਾਈਂ ਮੂੰਹ ਤੇ ਰੁਮਾਲ ਵਲੇਟ ਧਰਨਿਆਂ ਚ ਆਉਣ ਲੱਗਾ। ਲੱਗਾ ਕਿ ਮੋੜਾ ਪੈ ਗਿਆ, ਖਰਚਿਆ ਬੇਅਥਾਹ ਪੈਸਾ ਤੇ ਮਿਹਨਤ ਕੰਮ ਆ ਗਈ ਹੈ। ਇਕ ਦਿਨ ਪਿੰਡ ’ਚ ਆਪ ਹੀ ਟਰਾਲੀ ਲੈ ਕੇ ਸਾਥੀਆਂ ਸੰਗ ਫੰਡ ਇਕੱਠਾ ਕਰਨ ਲਈ ਤੁਰ ਪਿਆ। ਮੀਂਹ ਚ ਭਿੱਜਿਆ ਸ਼ਰੀਰ ਜਕੜਿਆ ਗਿਆ। ਦਵਾਈ ਬੂਟੀ ਸ਼ਾਇਦ ਕੰਡਮ ਸ਼ਰੀਰ ਤੇ ਅਸਰ ਨਹੀਂ ਕਰ ਰਹੀ ਸੀ। ਦਿੱਲੀ ਦੇ ਪਹਿਲੇ ਡਾਕਟਰਾਂ ਦੀ ਰਾਇ ਨਾਲ ਦਇਆਨੰਦ ਲੁਧਿਆਣੇ ਹਸਪਤਾਲ ਤੋ ਫਿਰ ਇਲਾਜ ਸ਼ੁਰੂ ਹੋਇਆ, ਕਈ ਟੈਸਟ ਹੋਏ ,ਸੇਕੇ ਲੱਗੇ ਪਰ ਭੋਰ ਤਾਂ ਜ਼ਖ਼ਮੀ ਸੀ ਪੁੱਤਰ ਦੇ ਹੱਥਾਂ ਚ ਹੀ ਸਾਹ ਤਿਆਗ ਗਿਆ। ਵਿਛੋੜੇ ਤੋਂ ਅੱਧਾ ਘੰਟਾ ਪਹਿਲਾਂ ਹੀ ਮਨਜੀਤ ਧਨੇਰ ਹਰਦੀਪ ਕੋਲ ਬੈਠਾ ਹਾਲ ਚਾਲ ਪੁੱਛਦਾ ਗਿਆ ਸੀ । ਉਦੋਂ ਆਕਸੀਜਨ ਦੇ ਸਿਲੰਡਰ ਲੱਗੇ ਹੋਏ ਸਨ। ਆਖਰੀ ਵੇਰ ਉਸ ਨੇ ਬੇਟੇ ਕੁਲਵੰਤ ਨੂੰ ਕਿਹਾ “ਕਾਂਤੇ ਮੇਰੇ ਕੋਲ ਆ, ਮੈਨੂੰ ਘੁੱਟ ਕੇ ਜੱਫੀ ਪਾ। ਜੱਫੀ ਡਰਦਿਆਂ ਡਰਦਿਆਂ ਪਾਈ ਤਾਂ ਕਹਿੰਦਾ ਯਾਰ ਐਂ ਕਿਓਂ ਕਰਦੈਂ ਘੁੱਟ ਕੇ ਪਾ। ਪਾਪਾ ਘੁੱਟ ਕੇ ਪਾਉਣ ਨਾਲ ਤਕਲੀਫ ਹੋਊ ਥੋਨੂੰ। ਕਹਿੰਦਾ ਕੋਈ ਨੀ, ਤੂੰ ਪਾ। ਘੁੱਟ ਕੇ ਜੱਫੀ ਪਾਉਣ ਸਾਰ ਹੀ ਉਸ ਨੇ ਲੰਮਾ ਹਉਕਾ ਲਿਆ ਤੇ ਨਾਲ ਹੀ ਯੋਧਾ ਬਾਂਹ ਥੱਲੇ ਸੁੱਟ ਗਿਆ। ਕਾਂਤਾ ਯਕਦਮ ਠੰਠਬਰ ਗਿਆ ਸੀ। ਸਾਨੂੰ ਰੋਂਦੇ ਕੁਰਲਾਉਂਦਿਆਂ ਨੂੰ ਸਦਾ ਸਦਾ ਲਈ ਸਾਥੀ ਹਰਦੀਪ ਅਲਵਿਦਾ ਕਹਿ ਗਿਆ। ਤਿੰਨ ਕਾਲੇ ਖੇਤੀ ਕਨੂੰਨਾਂ ਖਿਲਾਫ ਸੰਘਰਸ਼ ’ਚ ਬੀਮਾਰ ਹੋਏ ਹਰਦੀਪ ਗਾਲਬ ਨੂੰ ਪਰਿਵਾਰ ਤੇ ਜਥੇਬੰਦੀ ਸਮੇਤ ਦੇਸ਼ ਵਿਦੇਸ਼ ਚ ਬੈਠੇ ਹਮਦਰਦਾਂ ਨੇ ਬਚਾਉਣ ਦੀ ਬੇਹੱਦ ਅਣਥੱਕ ਕੋਸ਼ਿਸ਼ ਕੀਤੀ ਪਰ ਕਾਰਪੋਰੇਟੀ ਲੁਟੇਰੇ ਪ੍ਰਬੰਧ, ਮਨੁਖ ਖਾਣੇ ਇਸ ਰਾਜ ਭਾਗ ਨੇ ਕਿਸਾਨ ਲਹਿਰ ਦਾ ਇਕ ਅਮੁੱਲਾ ਹੀਰਾ ਸਾਥੋਂ ਖੋਹ ਲਿਆ ਹੈ। ਅਤਿਅੰਤ ਸਾਊ, ਸਨਿਮਰ, ਸਿਰੜੀ, ਸਿਦਕਵਾਨ ਤੇ ਪ੍ਰਪੱਕ ਸਾਥੀ ਦਾ ਬੇਵਕਤ ਵਿਗੋਚਾ ਕਿਸਾਨ ਤੇ ਇਨਕਲਾਬੀ ਲਹਿਰ ਲਈ ਅਸਿਹ ਹੈ ਅਕਿਹ ਹੈ। ਇਨਕਲਾਬੀ ਆਗੂ ਵਜੋਂ ਵਿਕਸਿਤ ਹੋਏ ਹਰਦੀਪ ਗਾਲਬ ਚ ਰਾਜਨੀਤਕ ਤੋਰ ਤੇ ਹੋਣਹਾਰ ਆਗੂ ਦੀਆਂ ਪ੍ਰਬਲ ਸੰਭਾਵਨਾਵਾਂ ਮੌਜੂਦ ਸਨ। ਕਿਸਾਨ ਅੰਦੋਲਨ ਦੀ ਸਫਲਤਾ ਲਈ ਅਪਣਾ ਆਪ ਕੁਰਬਾਨ ਕਰ ਗਿਆ ਸਾਡਾ ਹਰਦੀਪ ਗਾਲਬ ਕਿਸਾਨ ਅੰਦੋਲਨ ਦਾ ਤਾਂ ਸ਼ਹੀਦ ਹੈ, ਉਹ ਇਨਕਲਾਬੀ ਲਹਿਰ ਦਾ ਵੀ ਸੂਰਮਾ ਸ਼ਹੀਦ ਹੈ। ਸ਼ਹੀਦ ਹਰਦੀਪ ਦੀ ਸ਼ਹਾਦਤ ਅਮਰ ਹੈ। 24 ਅਪ੍ਰੈਲ, 2022 ਨੂੰ 12 ਵਜੇ ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਦੀ ਅਗਵਾਈ ’ਚ ਹਜ਼ਾਰਾਂ ਕਿਰਤੀ ਲੋਕ ਪਿੰਡ ਗਾਲਬ ਕਲਾਂ, ਨੇੜੇ ਜਗਰਾਓਂ (ਲੁਧਿਆਣਾ) ਵਿਖੇ ਪਹੁੰਚ ਕੇ ਵਿਛੜੇ ਕਿਸਾਨ ਆਗੂ ਨੂੰ ਸ਼ਰਧਾਂਜਲੀ ਭੇਟ ਕਰਨਗੇ।

# ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ ਦੀ ਵਾਤਾਵਰਣ ਤਬਦੀਲ਼ੀ ਸਬੰਧੀ ਮਹੀਨਾਵਾਰ ਮੀਟਿੰਗ

ਸਰੀ (ਪਰਮਿੰਦਰ ਸਵੈਚ) : ਤਰਕਸ਼ੀਲ (ਰੈਸ਼ਨੇਲਿਸਟ) ਸੁਸਾਇਟੀ ਕੈਨੇਡਾ (ਸਰ੍ਹੀ) ਦੀ ਮਹੀਨਾਵਾਰ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਬਾਈ ਅਵਤਾਰ ਦੀ ਪ੍ਰਧਾਨਗੀ ਹੇਠ ਸਰ੍ਹੀ ਸੈਂਟਰਲ ਲਾਇਬਰੇਰੀ ਦੇ ਰੂਮ ਨੰਬਰ 418 ਵਿੱਚ ਹੋਈ। ਇਹ ਮੀਟਿੰਗ ਵਾਤਾਵਰਣ ਦੇ ਸਬੰਧ ਵਿੱਚ ਆ ਰਹੀਆਂ ਗੰਭੀਰ ਸਮੱਸਿਆਵਾਂ ਵਾਰੇ ਜਾਣਕਾਰੀ ਸਾਂਝੀ ਕਰਨਾ ਸੀ। ਜਿਸ ਵਿੱਚ ਤਰਕਸ਼ੀਲ ਸੁਸਾਇਟੀ ਦੇ ਨੌਜਵਾਨ ਆਗੂ ਰਾਜਵੀਰ ਚੌਹਾਨ ਨੇ ਬਹੁਤ ਹੀ ਵਿਸਥਾਰਤ ਜਾਣਕਾਰੀ ਜੋ ਹਾਲ ਹੀ ਵਿੱਚ ਵਿਗਿਆਨੀਆਂ ਨੇ ਲੋਕ ਨਸ਼ਰ ਕੀਤੀ ਹੈ, ਉਸ ਵਿੱਚੋਂ ਬਹੁਤ ਹੀ ਅਮੁੱਲੇ ਤੱਥਾਂ ਨੂੰ ਸਕਰੀਨ ਤੇ ਨਕਸ਼ਿਆਂ ਦੇ ਰਾਹੀਂ ਅੰਕੜੇ ਦਿਖਾ ਕੇ ਸਰੋਤਿਆਂ ਨਾਲ ਸਾਂਝੇ ਕੀਤਾ ਕਿਉਂਕਿ ਦੇਖਿਆ ਜਾ ਰਿਹਾ ਹੈ ਕਿ ਮਨੁੱਖ ਵਿਕਾਸ ਦੇ ਨਾਂ ਤੇ ਅੱਗੇ ਵਧ ਰਿਹਾ ਹੈ ਪਰ ਪਿੱਛੇ ਅਪਣਾ ਹੀ ਝੁੱਗਾ ਚੌੜ ਕਰਦਾ ਜਾ ਰਿਹਾ ਹੈ। ਤਰੱਕੀ ਦੇ ਨਾਂ ’ਤੇ ਆਉਣ ਵਾਲੀਆਂ ਨਸਲਾਂ ਲਈ ਖੱਡੇ ਪੁੱਟ ਰਿਹਾ ਹੈ। ਇਹ ਸਾਰਾ ਕੁੱਝ ਉੱਪਰਲੇ 15% ਅਮੀਰ ਲੋਕ ਆਪਣੇ ਨਿੱਜੀ ਮੁਨਾਫ਼ੇ ਲਈ ਮਨੁੱਖਤਾ ਦੀਆਂ ਮੁਢਲੀਆਂ ਹਵਾ, ਪਾਣੀ ਤੇ ਖੁਰਾਕ ਦੀਆਂ ਲੋੜਾਂ ਨੂੰ ਪ੍ਰਦੂਸ਼ਤ ਕਰਕੇ ਵਾਤਾਵਰਣ ਨੂੰ ਜ਼ਹਿਰੀ ਬਣਾ ਰਹੇ ਹਨ ਜਿਸ ਵਿੱਚ ਜੀਵਾਂ ਦਾ ਜ਼ਿੰਦਗੀ ਜਿਊਣਾ ਨਾਮੁਮਕਿਨ ਹੋ ਜਾਵੇਗਾ। ਸੁਸਾਇਟੀ ਦੇ ਮੈਂਬਰ ਗੁਰਮੇਲ ਗਿੱਲ ਨੇ ਵੀ ਇਸ ਵਿਸ਼ੇ ’ਤੇ ਆਪਣੇ ਵਿਚਾਰ ਸਾਂਝੇ ਕੀਤੇ, ਉਹਨਾਂ ਪੰਜਾਬ ਦੇ ਸੰਦਰਭ ਵਿੱਚੋਂ ਬੋਲਦਿਆਂ ਕਿਹਾ ਕਿ ਪੁਰਾਲ਼ੀ ਵਰਗੇ ਮੁੱਦੇ ’ਤੇ ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ ਤੇ ਸਰਕਾਰਾਂ ਵਲੋਂ ਫੈਲਾਏ ਜਾ ਰਹੇ ਪ੍ਰਦੂਸ਼ਨ ਸਬੰਧੀ ਲੋਕਾਂ ਨੂੰ ਜਾਗਰਤ ਹੋਣਾ ਪਵੇਗਾ। ਸੁਖਦੇਵ ਮਾਨ ਨੇ ਵੀ ਆਪਣੀ ਸਾਂਝ ਪਾਉਂਦਿਆਂ ਕੁੱਝ ਦਵਾਈਆਂ ਦੇ ਮਾਰੂ ਪ੍ਰਭਾਵਾਂ ਵਾਰੇ ਗੱਲਬਾਤ ਕੀਤੀ। ਸਵਾਲਾਂ ਜਵਾਬਾਂ ਵਿੱਚ ਵੀ ਇਸ ਵਿਸ਼ੇ ਦੀ ਚਿੰਤਾ ਸਪੱਸ਼ਟ ਨਜ਼ਰ ਆ ਰਹੀ ਸੀ। ਯਾਦ ਰਹੇ ਕਿ ਤਰਕਸ਼ੀਲ ਸੁਸਾਇਟੀ ਨੇ 2022 ਤੋਂ ਆਪਣੇ ਪ੍ਰੋਗਰਾਮਾਂ ਵਿੱਚ ਰੱਦੋ ਬਦਲ ਕਰਦੇ ਹੋਏ ਇਹ ਉਲੀਕਿਆ ਹੈ ਕਿ ਹਰ ਮਹੀਨੇ ਦੇ ਤੀਸਰੇ ਐਤਵਾਰ ਇੱਕ ਵਿਸ਼ੇ ਤੇ ਭਰਭੂਰ ਜਾਣਕਾਰੀ ਦਿੱਤੀ ਜਾਂਦੀ ਹੈ। ਜਿਵੇਂ ਕਿ ਜਨਵਰੀ ਵਿੱਚ ਸਮਾਜਿਕ ਚੇਤਨਾ ਬਾਰੇ, ਫਰਬਰੀ ਵਿੱਚ ਬ੍ਰਹਿਮੰਡ ਦੀ ਉਤਪਤੀ ਤੇ ਵਿਗਿਆਨਕ ਸਿਧਾਂਤਾਂ ਬਾਰੇ ਅਤੇ ਮਾਰਚ ਵਿੱਚ ਸ਼ਹੀਦ ਭਗਤ ਸਿੰਘ ਵਿਚਾਰਧਾਰਾ ਤੇ ਔਰਤ ਦਿਵਸ ਸਬੰਧੀ ਗੱਲਬਾਤ ਕੀਤੀ ਗਈ ਸੀ ਤੇ ਇਸ ਵਾਰ ਦਾ ਮੁੱਦਾ ਵਾਤਾਵਰਣ ਤਬਦੀਲੀ ਬਾਰੇ ਸੀ। ਮਈ ਵਿੱਚ ਕਿਰਤ ਦੀ ਮਹੱਤਤਾ ਤੇ ਮਈ ਦਿਵਸ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ। ਤਰਕਸ਼ੀਲ ਸੁਸਾਇਟੀ ਆਪਣੀ ਸਮਝ ਮੁਤਾਬਕ ਵਿਗਿਆਨ ਦੇ ਨਜ਼ਰੀਏ ਤੋਂ ਸਮਾਜਿਕ ਚੇਤਨਾ ਪ੍ਰਤੀ ਲੋਕਾਂ ਨੂੰ ਅਪਣਾ ਪੱਖ ਦੱਸਣ ਲਈ ਪੁਰਜ਼ੋਰ ਕੋਸ਼ਿਸ਼ਾਂ ਕਰਦੀ ਰਹਿੰਦੀ ਹੈ ਤਾਂ ਕਿ ਲੋਕ ਆਪਣੀਆਂ ਬਦਹਾਲੀ ਤੇ ਮੰਦਹਾਲੀ ਦੀਆਂ ਹਾਲਤਾਂ ਵਿੱਚੋਂ ਬਾਹਰ ਨਿਕਲਣ ਲਈ ਸੁਚੇਤ ਹੋਣ। ਇਸ ਮੀਟਿੰਗ ਵਿੱਚ ਸਾਧੂ ਸਿੰਘ ਗਿੱਲ, ਜਗਰੂਪ ਧਾਲੀਵਾਲ, ਪਰਮਿੰਦਰ ਸਵੈਚ, ਤਪਿੰਦਰ ਢਿੱਲੋਂ, ਸਰਬਜੀਤ ਓਖਲਾ, ਮਲਕੀਤ ਸਰਾਂ, ਦੀਪ ਸਿੰਘ ਤਖਾਣਬੱਧ ਤੇ ਹੋਰ ਮੈਂਬਰ ਸ਼ਾਮਲ ਹੋਏ। ਫਿਰ ਵੀ ਮੈਂਬਰਾਂ ਦੀ ਘਾਟ ਰੜਕਦੀ ਰਹੀ ਕਿਉਂਕਿ ਗੰਭੀਰ ਮੁੱਦਿਆਂ ਤੇ ਮੈਂਬਰਾਂ ਦਾ ਹਾਜ਼ਰ ਨਾ ਹੋਣਾ ਇੱਕ ਹੋਰ ਗੰਭੀਰ ਮੁੱਦਾ ਹੈ ਕਿ ਅਸੀਂ ਸਾਡੇ ਸਾਹਮਣੇ ਵਾਪਰਨ ਵਾਲੇ ਦੁਖਾਂਤ ਨੂੰ ਅੱਖੋਂ ਪਰੋਖੇ ਕਰ ਰਹੇ ਹਾਂ। ਅੰਤ ਵਿੱਚ ਇਸ ਦੋ ਘੰਟੇ ਦੀ ਸਾਰਥਕ ਗੱਲਬਾਤ ਨੂੰ ਸਮੇਟਦਿਆਂ ਪ੍ਰਧਾਨ ਬਾਈ ਅਵਤਾਰ ਨੇ ਸਭ ਦਾ ਤਹਿ ਦਿਲੋਂ ਧੰਨਵਾਦ ਕੀਤਾ।



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਰੂਸ ਤੇ ਯੂਕਰੇਨ ਵਿਚਾਲੇ ਜੰਗ ਅਤੇ ਨਾਟੋ-ਅਮਰੀਕਾ ਦੇ ਮਨਸੂਬੇ



ਰੂਸ ਵੱਲੋਂ ਯੂਕਰੇਨ ਤੇ ਕੀਤੇ ਫੌਜੀ ਹਮਲੇ ਦੇ ਲਗਪਗ ਦੋ ਮਹੀਨੇ ਹੋ ਗਏ ਹਨ। ਯੂਕਰੇਨ ਨੇ ਮਾਰਿਓਪੋਲ ਸ਼ਹਿਰ ਤੇ ਰੂਸ ਦਾ ਕਬਜ਼ਾ ਹੋ ਚੁੱਕਿਆ ਹੈ। ਪੂਰਬੀ ਯੂਕਰੇਨ ਦੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਰੂਸੀ ਸੈਨਿਕਾਂ ਦੇ ਤਾਬੜਤੋੜ ਹਮਲੇ ਜਾਰੀ ਹਨ। ਯੂਕਰੇਨ ਦੀ ਫੌਜ ਨੂੰ ਪੱਛਮੀ ਯੂਰਪੀ ਦੇਸ਼ਾਂ ਅਤੇ ਅਮਰੀਕਾ ਵੱਲੋਂ ਹਥਿਆਰਾਂ ਤੇ ਗੋਲਾ ਬਾਰੂਦ ਦੀ ਸਪਲਾਈ ਭਾਰੀ ਪੈਮਾਨੇ ਤੇ ਕੀਤੀ ਜਾ ਰਹੀ ਹੈ। ਨਾਟੋ ਦੇਸ਼ਾਂ ਵੱਲੋਂ ਰੂਸ ਵਿਰੁੱਧ ਫੌਜੀ ਅਭਿਆਸ ਜਾਰੀ ਹਨ। ਨਾਟੋ ਆਪਣੇ ਆਧੁਨਿਕ ਹਥਿਆਰਾਂ ਅਤੇ ਫੌਜ ਦੀ ਤੈਨਾਤੀ ਰੂਸ ਦੇ ਗੁਆਂਢੀ ਦੇਸ਼ਾਂ ਲਟਵੀਆ, ਲਿਥੂਆਨੀਆ, ਇਸਟਿਨਿਆਂ ਤੇ ਪੋਲੈਂਡ ਸਮੇਤ ਹੋਰ ਨਾਟੋ ਦੇਸ਼ਾਂ ਤੇ ਕਰ ਰਹੇ ਹਨ। ਅਮਰੀਕੀ ਰਾਸ਼ਟਰਪਤੀ ਜੋ ਬਾਇਡੇਨ ਚੀਨ ਨੂੰ ਧਮਕੀ ਦੇ ਚੁੱਕੇ ਹਨ ਕਿ ਰੂਸ ਦਾ ਸਾਥ ਦੇਣ ਲਈ ਉਹਨਾਂ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ। ਅਮਰੀਕਾ ਅਤੇ ਨਾਟੋ ਦੇ ਦੇਸ਼ ਰੂਸ ਤੇ ਸਖ਼ਤ ਪਾਬੰਦੀਆਂ ਲਾ ਰਹੇ ਹਨ। ਰੂਸੀ ਬੈਂਕਾਂ ਨੂੰ ਸਵਿਸ ਬੈਂਕਿੰਗ ਪ੍ਰਣਾਲੀ ਤੋਂ ਵੱਖ ਕਰ ਦਿੱਤਾ ਗਿਆ ਹੈ। ਕਈ ਨਾਟੋ ਦੇਸ਼ਾਂ ਨੇ ਰੂਸੀ ਰਾਜਨਾਇਕਾਂ ਨੂੰ ਆਪਣੇ ਦੇਸ਼ਾਂ ਚੋਂ ਕੱਢ ਦਿੱਤਾ ਹੈ। ਅਮਰੀਕੀ ਰਾਸਟਰਪਤੀ ਓਪੇਕ ਦੇਸ਼ਾਂ ਤੇ ਤੇਲ ਦੀ ਨਿਕਾਸੀ ਦੀ ਮਾਤਰਾ ਵਧਾਉਣ ਦਾ ਦਬਾਅ ਪਾ ਰਹੇ ਹਨ। ਇਹ ਓਪੇਕ ਤੋਂ ਰੂਸ ਨੂੰ ਅਲੱਗ ਕਰਨ ਦੀ ਧਮਕੀ ਦੇ ਰਹੇ ਹਨ। ਇਸੇ ਦੌਰਾਨ ਅਮਰੀਕੀ ਰਾਸਟਰਪਤੀ ਜੋ ਬੇਡੇਨ ਪੋਲੈਂਡ ਵਿਚ ਰੂਸ ਦੇ ਰਾਸ਼ਟਰਪਤੀ ਨੂੰ ਹਟਾਉਣ ਦੀ ਗੱਲ ਕਹਿ ਚੁੱਕੇ ਹਨ। ਸਮੁੱਚਾ ਨਾਟੋ ਤੇ ਅਮਰੀਕਾ ਰੂਸ ਨੂੰ ਨਾ ਸਿਰਫ ਆਰਥਿਕ ਤੌਰ ਤੇ ਤਬਾਹ ਕਰਨ ਬਲਕਿ ਫ਼ੌਜੀ ਤੌਰ ਤੇ ਵੀ ਉਸ ਨੂੰ ਖਤਮ ਕਰਨ ਦੀ ਤਿਆਰੀ ਕਰ ਰਹੇ ਹਨ। ਇਸ ਦੇ ਬਦਲੇ ਵਿਚ ਯੂਕਰੇਨ ਤੇ ਰੂਸੀ ਹਮਲੇ ਹੋਰ ਤੇਜ਼ ਹੋ ਰਹੇ ਹਨ ਇਸਦੇ ਨਾਲ ਹੀ ਰੂਸ ਵਿੱਚ ਯੂਰਪ ਦੇ ਦੇਸ਼ਾਂ ਨੂੰ ਤੇਲ ਅਤੇ ਗੈਸ ਰੂਬਲ ਵਿਚ ਵੇਚਣ ਦੀ ਸ਼ਰਤ ਲਾ ਦਿੱਤੀ ਗਈ ਹੈ। ਸੰਯੁਕਤ ਰਾਜ ਅਮਰੀਕਾ ਰੂਸ ਦੀਆਂ ਨਿੱਜੀ ਕੰਪਨੀਆਂ ਤੋਂ ਖੁਦ ਤੇਲ ਮੰਗਵਾ ਰਿਹਾ ਹੈ ਪਰ ਉਹ ਦੁਨੀਆਂ ਤੇ ਦਬਾਅ ਪਾ ਰਿਹਾ ਹੈ ਕਿ ਉਹ ਰੂਸ ਤੋਂ ਤੇਲ ਅਤੇ ਗੈਸ ਨਾ ਖ਼ਰੀਦਣ। ਸਮੁੱਚਾ ਯੂਰਪ ਰੂਸੀ ਤੇਲ ਅਤੇ ਗੈਸ ਤੇ ਕਾਫੀ ਹੱਦ ਤੱਕ ਨਿਰਭਰ ਹੈ। ਰੂਸ ਤੋਂ ਤੇਲ ਅਤੇ ਗੈਸ ਨਾ ਖਰੀਦਣ ਦੇ ਸੁਆਲ ਤੇ ਨਾਟੋ ਦੇਸ਼ਾਂ ਦੇ ਅੰਦਰ ਮੱਤਭੇਦ ਸਾਹਮਣੇ ਆ ਗਏ ਹਨ। ਹੰਗਰੀ ਨੇ ਸਪੱਸ਼ਟ ਤੌਰ ਤੇ ਕਹਿ ਦਿੱਤਾ ਹੈ ਕਿ ਉਹ ਰੂਸ ਤੋਂ ਤੇਲ ਅਤੇ ਗੈਸ ਦੀ ਖਰੀਦਦਾਰੀ ਕਰੇਂਗਾ। ਇਸ ਤਰ੍ਹਾਂ ਰੂਸ ਤੇ ਆਰਥਿਕ ਪਾਬੰਦੀ ਲਾਉਣ ਦੇ ਸੁਆਲ ਤੇ ਨਾਟੋ ਦੇਸ਼ਾਂ ਵਿਚਕਾਰ ਅਸਹਿਮਤੀ ਬਣੀ ਹੋਈ ਹੈ। ਰੂਸ ਦੇ ਹਾਕਮ ਇਸ ਸਥਿਤੀ ਨੂੰ ਸਾਂਭ ਕੇ ਰੂਸ ਤੇ ਆਪਣਾ ਹਮਲਾ ਹੋਰ ਤੇਜ਼ ਕਰ ਰਹੇ ਹਨ। ਰੂਸੀ ਹਾਕਮ ਵੀ ਦੁਨੀਆ ਭਰ ਵਿਚ ਆਪਣੇ ਸਹਿਯੋਗੀ ਖੋਜ ਰਹੇ ਹਨ। ਦੁਨੀਆਂ ਭਰ ਵਿੱਚ ਗੁੱਟਬੰਦੀ ਨਵੇਂ ਸਿਰੇ ਤੋਂ ਬਣ ਵਿਗੜ ਰਹੀ ਹੈ। ਪੱਛਮੀ ਏਸ਼ੀਆ ਦੇ ਅਰਬ ਸ਼ੇਖ ਅਤੇ ਇਜ਼ਰਾਇਲੀ ਯਹੂਦੀ ਨਸਲਵਾਦੀ ਹਾਕਮ ਅੱਜ ਤੱਕ ਅਮਰੀਕੀ ਸਾਮਰਾਜੀਆਂ ਦੇ ਆਧਾਰ ਦਾ ਕੰਮ ਕਰਦੇ ਰਹੇ ਸਨ। ਉਹ ਹੁਣ ਅਮਰੀਕੀ ਸਾਮਰਾਜੀਆਂ ਦੇ ਆਧਾਰ ਤੋਂ ਬਿਨਾਂ ਆਪਣੀ ਆਜਾਦ ਦਹਿਸਤੀ ਅਪਣਾ ਰਹੇ ਹਨ। ਇਜ਼ਰਾਈਲ ਦੀ ਹਕੂਮਤ ਨੇ ਰੂਸ ਤੇ ਲੱਗੀਆਂ ਪਾਬੰਦੀਆਂ ਦੀ ਹਮਾਇਤ ਨਹੀਂ ਕੀਤੀ ਹੈ। ਇਸੇ ਤਰ੍ਹਾਂ ਪੱਛਮੀ ਏਸ਼ੀਆ ਦੇ ਤੇਲ ਬਰਾਮਦਕਾਰ ਦੇਸ਼ਾਂ ਨੇ ਰੂਸ ਤੋਂ ਸੰਬੰਧ ਨਹੀਂ ਤੋੜੇ ਹਨ। ਭਾਰਤੀ ਹਕੂਮਤ ਨੇ ਵੀ ਰੂਸ ਤੋਂ ਤੇਲ ਅਤੇ ਗੈਸ ਨਾ ਲੈਣ ਦੀ ਅਮਰੀਕੀ ਸਾਮਰਾਜੀਆਂ ਦੀ ਸਲਾਹ ਨਹੀਂ ਮੰਨੀ ਹੈ। ਅਮਰੀਕੀ ਸਾਮਰਾਜੀ ਸੋਚਦੇ ਹਨ ਕਿ ਯੂਰਪ ਵਿੱਚ ਰੂਸ ਨੂੰ ਉਲਝਾ ਕੇ ਉਸ ਨੂੰ ਆਰਥਿਕ ਤੇ ਸੈਨਿਕ ਤੌਰ ਤੇ ਕਮਜੋਰ ਕਰ ਦੇਣਗੇ। ਇਸ ਤੋਂ ਬਾਅਦ ਉਹ ਦੱਖਣੀ ਚੀਨ ਸਾਗਰ ਵਿੱਚ ਚੀਨ ਨੂੰ ਘੇਰ ਕੇ ਉਸ ਨੂੰ ਤਬਾਹ ਕਰ ਦੇਣਗੇ। ਇਸ ਪ੍ਰਕਾਰ ਉਹ ਆਪਣੀ ਪਹਿਲੇ ਦੀ ਇੱਕ ਧਰੁਵੀ ਦੁਨੀਆਂ ਨੂੰ ਬਰਕਰਾਰ ਰੱਖ ਸਕਣਗੇ। ਰੂਸੀ ਸਾਮਰਾਜੀ ਸੋਵੀਅਤ ਸੰਘ ਦੇ ਟੁੱਟਣ ਤੋਂ ਪਿੱਛੋਂ ਆਰਥਿਕ ਤੌਰ ਤੇ ਬਹੁਤ ਕਮਜ਼ੋਰ ਹੋ ਗਏ ਸਨ ਪਰ ਫ਼ੌਜੀ ਸ਼ਕਤੀ ਦੇ ਬਤੌਰ ਉਹ ਮਜਬੂਤ ਸਨ।

ਰੂਸੀ ਸਾਮਰਾਜੀਆਂ ਦਾ ਪ੍ਰਭਾਵ ਖੇਤਰ ਲਗਾਤਾਰ ਘੱਟ ਹੁੰਦਾ ਗਿਆ ਸੀ ਪਰ ਜਿਵੇਂ ਹੀ ਉਹ ਇੱਕ ਆਰਥਿਕ ਸ਼ਕਤੀ ਵੱਲ ਅੱਗੇ ਵਧੇ, ਉਵੇਂ ਹੀ ਉਹ ਨਾਟੋ ਦੇ ਪੂਰਬ ਦੀ ਤਰਫ਼ ਹੋ ਰਹੇ ਵਿਸਥਾਰ ਦੀ ਮੁਖ਼ਾਲਫ਼ਤ ਜੋਰਦਾਰ ਤਰੀਕੇ ਨਾਲ ਕਰਨ ਲੱਗਿਆ। ਪਹਿਲਾਂ ਉਸ ਨੇ ਜਾਰਜੀਆ ਵਿੱਚ ਨਾਟੋ ਦੇ ਵਿਸਥਾਰ ਦਾ ਆਪਣੀ ਫ਼ੌਜੀ ਤਾਕਤ ਨਾਲ ਵਿਰੋਧ ਕੀਤਾ ਅਤੇ ਉਸ ਵਿੱਚ ਸਫ਼ਲ ਹੋਇਆ। ਇਸ ਤਰ੍ਹਾਂ ਯੂਕਰੇਨ ਵਿੱਚ ਜਦ ਅਮਰੀਕੀ ਸਾਮਰਾਜੀਆਂ ਨੇ ਨਵ ਨਾਜ਼ੀਵਾਦੀ ਗਰੋਹਾਂ ਨੂੰ ਹਥਿਆਰਬੰਦ ਕਰਕੇ ਉੱਥੇ ਤਖ਼ਤਾਪਲਟ ਕਰਵਾਇਆ ਉਸ ਸਮੇਂ ਵੀ ਰੂਸੀ ਸਾਮਰਾਜੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਇਸ ਤਖਤਾਪਲਟ ਦੇ ਪਿੱਛੋਂ ਹੀ ਕਰੀਮੀਆ ਵਿੱਚ ਜਨਮਤ ਸੰਗ੍ਰਹਿ (ਰਫਰੈਂਡਮ) ਕਰਵਾ ਕੇ ਉਸ ਦਾ ਰੂਸ ਵਿਚ ਰਲੇਵਾਂ ਕਰ ਲਿਆ। 2014 ਤੋਂ ਹੀ ਯੂਕਰੇਨ ਦੇ ਪੂਰਬੀ ਖੇਤਰ ਵਿਚ ਰੂਸੀ ਭਾਸ਼ਾ-ਭਾਸ਼ੀਆਂ ਦੇ ਨਾਲ ਮੱਤਭੇਦ ਤੇ ਅੱਤਿਆਚਾਰ ਹੋਣ ਲੱਗੇ ਸਨ। ਉਥੋਂ ਦੇ ਲੋਕ ਹਥਿਆਰਬੰਦ ਹੋ ਕੇ ਸੰਘਰਸ਼ ਕਰ ਰਹੇ ਸਨ। ਅੱਜ ਉਸ ਦੇ ਦੋਨਵਾਸ ਇਲਾਕੇ ਵਿਚ ਰੂਸੀ ਸਾਮਰਾਜਵਾਦੀ ਆਪਣੀ ਹਮਲੇ ਤੇਜ ਕਰ ਰਹੇ ਹਨ। ਉਥੋਂ ਦੀ ਰੂਸੀ ਭਾਸ਼ੀ ਆਬਾਦੀ ਦੀ ਉਨ੍ਹਾਂ ਨੂੰ ਹਮਾਇਤ ਵੀ ਮਿਲ ਰਹੀ ਹੈ। ਜਿਥੋਂ ਤੱਕ ਯੂਕਰੇਨ ਤੇ ਰੂਸੀ ਹਮਲੇ ਦਾ ਸੁਆਲ ਹੈ ਉਸ ਦਾ ਦੁਨੀਆਂ ਭਰ ਦੀ ਮਜ਼ਦੂਰ ਮਿਹਨਤਕਸ਼ ਜਨਤਾ ਨੂੰ ਪੁਰਜੋਰ ਵਿਰੋਧ ਕਰਨਾ ਚਾਹੀਦਾ ਹੈ,ਪਰ ਮਾਮਲਾ ਸਿਰਫ ਯੂਕਰੇਨ ਤੇ ਰੂਸੀ ਹਮਲੇ ਦਾ ਹੀ ਨਹੀਂ ਹੈ। ਦਰਅਸਲ ਇਹ ਜੰਗ ਉਸ ਵਿਆਪਕ ਸਾਮਰਾਜਵਾਦੀ ਖੇਡ ਦਾ ਹਿੱਸਾ ਹੈ ਜਿੱਥੇ ਅਮਰੀਕੀ ਸਾਮਰਾਜੀ ਆਪਣੀ ਇੱਕ ਧਰੁਵੀ ਪ੍ਰਭੂਸੱਤਾ ਦੀ ਹਾਲਤ ਨੂੰ ਬਣਾਈ ਰੱਖਣ ਲਈ ਜੀ ਤੋੜ ਕੋਸ਼ਿਸ਼ਾਂ ਕਰ ਰਹੇ ਹਨ। ਅਤੇ ਜਿੱਥੇ ਰੂਹ ਸਾਮਰਾਜਵਾਦੀ ਚੀਨ ਅਤੇ ਦੁਨੀਆਂ ਦੀਆਂ ਹੋਰ ਸ਼ਕਤੀ ਦੇ ਨਾਲ ਮਿਲ ਕੇ ਅਮਰੀਕੀ ਸਾਮਰਾਜਵਾਦੀਆਂ ਦੀ ਇਕ ਧਰੁਵੀ ਦੁਨੀਆਂ ਦੀ ਚਾਹਤ ਨੂੰ ਬਦਲਣਾ ਚਾਹੁੰਦੇ ਹਨ ਅਤੇ ਇਸ ਨੂੰ ਬਦਲਣ ਲਈ ਜ਼ੋਰਦਾਰ ਸੰਘਰਸ਼ ਕਰ ਰਹੇ ਹਨ। ਉਹ ਇਹ ਸਭ ਇੱਕ ਧਰੁਵੀ ਦੁਨੀਆ ਬਣਾਉਣ ਦੀ ਜੱਦੋਜਹਿਦ ਕਰ ਰਹੇ ਹਨ। ਉਹ ਇਹ ਸਭ ਸਾਮਰਾਜਵਾਦੀ ਵਿਸ਼ਵ ਵਿਵਸਥਾ ਦੇ ਤਹਿਤ ਹੀ ਕਰ ਰਹੇ ਹਨ। ਇਸ ਨਾਲ ਸਾਮਰਾਜਵਾਦ ਪੂੰਜੀਵਾਦ ਤੇ ਕੋਈ ਸੱਟ ਨਹੀਂ ਵਜਦੀ।

ਰੂਸੀ ਸਾਮਰਾਜਵਾਦੀ ਉਸੀ ਤਰ੍ਹਾਂ ਨਾਲ ਵਿਸ਼ਵੀਕਰਨ ਨਿੱਜੀਕਰਨ ਉਦਾਰੀਕਰਨ ਦੇ ਸਮਰਥਕ ਹਨ ਜਿਸ ਤਰ੍ਹਾਂ ਨਾਲ ਅਮਰੀਕੀ ਸਾਮਰਾਜਵਾਦੀ ਅਤੇ ਉਨ੍ਹਾਂ ਦੇ ਯੂਰਪੀ ਸਹਿਯੋਗੀ ਸਮਰਥਕ ਹਨ। ਯੂਕਰੇਨ ਦੀ ਹਕੂਮਤ ਅਮਰੀਕੀ ਸਾਮਰਾਜੀਆਂ ਦੇ ਹੱਥ ਦਾ ਖਿਡੌਣਾ ਬਣ ਗਈ ਹੈ। ਇਹੀ ਵਜ੍ਹਾ ਹੈ ਕਿ ਯੂਕਰੇਨ ਦੇ ਰਾਸ਼ਟਰਪਤੀ ਬਾਰ ਬਾਰ ਆਪਣਾ ਸਟੈਂਡ ਬਦਲਦੇ ਰਹਿੰਦੇ ਹਨ। ਕਦੇ ਉਹ ਰੂਸ ਨਾਲ ਸਮਝੌਤਾ ਵਾਰਤਾ ਵਿਚ ਨਾਟੋ ਵਿੱਚ ਸ਼ਾਮਲ ਨਾ ਹੋਣ ਦਾ ਵਾਅਦਾ ਕਰਦੇ ਹਨ ਤਾਂ ਕਦੀ ਉਹ ਉਹ ਕਹਿੰਦੇ ਹਨ ਕਿ ਜੇ ਯੂਕਰੇਨ ਨਾਟੋ ਦਾ ਮੈਂਬਰ ਹੁੰਦਾ ਤਾਂ ਉਸ ਨੂੰ ਰੂਸ ਦੇ ਹਮਲੇ ਦਾ ਸ਼ਿਕਾਰ ਨਹੀਂ ਹੋਣਾ ਪੈਂਣਾ ਸੀ। ਉਹ ਨਾਟੋ ਦੀ ਮੈਂਬਰ ਸ਼ਿਪ ਹਾਸਿਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਅਮਰੀਕੀ ਸਾਮਰਾਜਵਾਦੀ ਅਤੇ ਉਸ ਦੇ ਨਾਟੋ ਸਹਿਯੋਗੀ ਜੇਲਿੰਸਕੀ ਨੂੰ ਧਮਕੀ ਦਿੰਦੇ ਹਨ, ਉਨ੍ਹਾਂ ਨੂੰ ਉਕਸਾਉਂਦੇ ਹਨ ਤਾਂ ਉਦੋਂ ਉਹ ਕਹਿਣ ਲੱਗਦੇ ਹਨ ਕਿ ਜਦੋਂ ਤੱਕ ਯੂਕਰੇਨ ਚੋਂ ਰੂਸ ਦੀ ਸੈਨਾ ਬਾਹਰ ਨਹੀਂ ਹੋ ਜਾਂਦੀ ਉਦੋਂ ਤੱਕ ਰੂਸ ਦੇ ਨਾਲ ਕੋਈ ਸਮਝੌਤਾ ਨਹੀਂ ਹੋਵੇਗਾ ਅਤੇ ਉਹ (ਯੂਕਰੇਨੀ) ਅਖੀਰਲੇ ਦਮ ਤਕ ਲੜਨਗੇ। ਜੈਲੇਂਸਕੀ ਦੀਆਂ ਇਹ ਆਪਸੀ ਵਿਰੋਧੀ ਹਾਲਤਾਂ ਹੀ ਦੱਸਦੀਆਂ ਹਨ ਕਿ ਉਹ ਅਮਰੀਕੀ ਸਾਮਰਾਜ ਦੇ ਹੱਥਾਂ ਦਾ ਖਿਡੌਣਾ ਬਣਿਆ ਹੋਇਆ ਹੈ। ਅੱਜ ਅਮਰੀਕੀ ਸਾਮਰਾਜਵਾਦੀ ਦੁਨੀਆ ਤੇ ਉਨ੍ਹਾਂ ਆਰਥਿਕ ਦਬਦਬਾ ਨਹੀਂ ਰੱਖਦੇ ਜਿੰਨਾ ਦੂਜੀ ਸੰਸਾਰ ਜੰਗ ਦੇ ਠੀਕ ਬਾਅਦ ਤੋਂ ਉਹ ਪੂੰਜੀਵਾਦੀ ਦੁਨੀਆਂ ਤੇ ਰੱਖਦੇ ਸਨ। ਸੋਵੀਅਤ ਸੰਘ ਦੇ ਟੁੱਟਣ ਤੋਂ ਪਿੱਛੋਂ ਸੋਵੀਅਤ ਸਾਮਰਾਜਵਾਦੀਆਂ ਦੀ ਤਾਕਤ ਖਿੰਡ ਗਈ ਸੀ। ਇਸ ਤੋਂ ਪਿੱਛੋਂ ਅਮਰੀਕੀ ਸਾਮਰਾਜਵਾਦੀ ਦੁਨੀਆਂ ਦੀ ਇਕਮਾਤਰ ਵਿਸ਼ਵ ਦੀ ਪ੍ਰਭੂ ਸੱਤਾਕਾਰੀ ਆਰਥਿਕ ਸ਼ਕਤੀ ਬਣੇ ਹੋਏ ਸਨ, ਪਰ 2008 ਤੋਂ ਬਾਅਦ ਦੇ ਆਰਥਿਕ ਸੰਕਟ 'ਇਸ ਤੋਂ ਪਿੱਛੋਂ ਦੀ ਕੋਰੋਨਾ ਮਹਾਂਮਾਰੀ ਨੇ ਉਸ ਦੀ ਆਰਥਿਕ ਹਾਲਤ ਨੂੰ ਕਮਜੋਰ ਕਰ ਦਿੱਤਾ। ਇਸ ਦੌਰਾਨ ਚੀਨ ਦਾ ਅਰਥਚਾਰਾ ਅੱਗੇ ਵਧਦਾ ਗਿਆ। ਅਮਰੀਕੀ ਸਾਮਰਾਜਵਾਦੀਆਂ ਨੂੰ ਆਰਥਿਕ ਖੇਤਰ ਵਿੱਚ ਲੰਮੇ ਦਾਅ ਤੋਂ ਚੀਨ ਤੋਂ ਵੱਡਾ ਖਤਰਾ ਮਹਿਸੂਸ ਹੋਣ ਲੱਗਿਆ। ਇਸ ਨਾਲ ਨਿਬੜਣ ਲਈ ਉਸ ਨੇ ਚੀਨ ਦੇ ਨਾਲ ਵਪਾਰਕ ਯੁੱਧ ਛੇੜ ਦਿੱਤਾ। ਚੀਨ ਦੇ ਕਈ ਸਾਲਾਂ ਦੀ ਬਰਾਮਦਕਾਰੀ ਤੇ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ, ਪਰ ਇਸ ਨਾਲ ਉਹ ਚੀਨ ਨੂੰ ਅੱਗੇ ਵਧਣ ਤੋਂ ਨਹੀਂ ਰੋਕ ਸਕਿਆ। ਇੱਧਰ ਰੂਸ ਵੀ ਆਰਥਿਕ ਤੌਰ ਤੇ ਆਪਣੇ ਪੁਰਾਣੇ ਸੰਕਟ ਚੋਂ ਉੱਭਰ ਚੁੱਕਾ ਸੀ। ਦੁਨੀਆਂ ਦੀ ਪੱਧਰ ਤੇ ਹੋਰ ਵੀ ਘਟਨਾਵਾਂ ਅਮਰੀਕੀ ਸਾਮਰਾਜਵਾਦ ਦੀ ਕਮਜੋਰ ਹੁੰਦੀ ਹਾਲਤ ਦੱਸ ਰਹੀਆਂ ਸਨ। ਰੂਸ,ਚੀਨ,ਭਾਰਤ,ਬਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਨੂੰ ਮਿਲਾ ਕੇ ਬਰਿਕਸ ਵਰਗਾ ਸੰਗਠਨ ਬਣਾ ਕੇ ਆਪਣੀ ਆਰਥਿਕ ਸਹਿਕਾਰਤਾ ਨੂੰ ਵਧਾਉਣ ਲੱਗੇ। ਇਸੇ ਤਰ੍ਹਾਂ ਸ਼ਿੰਘਾਈ ਸਹਿਕਾਰੀ ਸੰਗਠਨ ਵਿਚ ਮੱਧ ਏਸ਼ੀਆ ਦੇ ਦੇਸ਼ਾਂ, ਰੂਸ, ਚੀਨ ਤੇ ਪਿੱਛੋਂ ਕਈ ਦੇਸ਼ ਭਾਰਤ, ਪਾਕਿਸਤਾਨ ਅਤੇ ਇਰਾਨ ਆਏ। ਰੂਸ ਨੇ ਵੀ ਯੂਰੇਸ਼ਿਆਈ ਦੇਸ਼ਾਂ ਦਾ ਇੱਕ ਸੰਘ ਬਣਾਇਆ। ਦੱਖਣੀ ਅਮਰੀਕੀ ਦੇਸ਼ਾਂ ਨੇ ਆਪਣੇ ਆਪਸੀ ਆਰਥਿਕ ਸਹਿਯੋਗ ਨੂੰ ਵਧਾਉਣ ਲਈ ਸੰਘ ਬਣਾਇਆ। ਇਸ ਸਾਰੇ ਕੁੱਝ ਨਾਲ ਵਿਸ਼ਵ ਵਪਾਰ ਵਿੱਚ ਅਤੇ ਆਰਥਿਕ ਸਬੰਧਾਂ ਵਿੱਚ ਅਮਰੀਕੀ ਸਾਮਰਾਜੀਆਂ ਦੇ ਇੱਕੋ ਇੱਕ ਬੋਲਬਾਲੇ ਨੂੰ ਧੱਕਾ ਲੱਗਿਆ। 2008 ਪਿੱਛੋਂ ਦੇ ਆਰਥਿਕ ਸੰਕਟ ਵਿੱਚ ਉਲਝੇ ਅਮਰੀਕੀ ਸਾਮਰਾਜੀਆਂ ਨੂੰ ਸੈਨਿਕ ਤੌਰ 'ਤੇ ਵੀ ਕਈ ਥਾਵਾਂ ਤੇ ਮੂੰਹ ਦੀ ਖਾਣੀ ਪਈ ਸੀਰੀਆ ਵਿੱਚ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਉਹ ਅਸਦ ਸਰਕਾਰ ਨੂੰ ਸੱਤਾ ਤੋਂ ਲਾਂਭੇ ਨਹੀਂ ਕਰ ਸਕੇ। ਸੀਰੀਆ ਵਿੱਚ ਰੂਸੀ ਸਾਮਰਾਜਵਾਦੀ ਅਸਦ ਸਰਕਾਰ ਦੀ ਹਮਾਇਤ ਵਿੱਚ ਫ਼ੌਜੀ ਕਾਰਵਾਈ ਕਰ ਰਹੇ ਸਨ। ਇਸ ਤਰ੍ਹਾਂ ਅਫਗਾਨਿਸਤਾਨ 'ਚ ਵੀਹ ਸਾਲ ਤੱਕ ਕਬਜ਼ੇ ਦੀਆਂ ਕੋਸ਼ਿਸ਼ਾਂ ਤੋਂ ਪਿੱਛੋਂ ਵੀ ਉਨ੍ਹਾਂ ਨੂੰ ਬੇਆਬਰੂ ਹੋ ਕੇ ਆਪਣੀ ਫੌਜ ਹਟਾਉਣੀ ਪਈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਅਮਰੀਕੀ ਸਾਮਰਾਜੀ ਆਪਣਾ ਫ਼ੌਜੀ ਦਬਦਬਾ ਦੁਨੀਆ ਭਰ ਵਿੱਚ ਲਗਾਤਾਰ ਖੋਂਹਦੇ ਗਏ। ਆਰਥਿਕ ਅਤੇ ਫ਼ੌਜੀ ਦਬਦਬਾ ਕਮਜੋਰ ਹੋਣ ਦੇ ਨਾਲ ਹੀ ਉਨ੍ਹਾਂ ਦਾ ਰਾਜਨੀਤਕ ਦਬਦਬਾ ਵੀ ਕਮਜੋਰ ਪਿਆ।

ਇਹ ਤੱਥ ਸਹੀ ਹੈ ਕਿ ਅਮਰੀਕੀ ਸਾਮਰਾਜਵਾਦ ਹੁਣ ਵੀ ਅਰਥਚਾਰੇ ਦੇ ਤੌਰ ਤੇ ਸਭ ਤੋਂ ਵੱਡਾ ਅਰਥਚਾਰਾ ਹੈ। ਉਸ ਦੀ ਫ਼ੌਜੀ ਤਾਕਤ ਵੀ ਵੱਡੀ ਹੈ,ਪਰ ਉਹ ਨੂੰ ਉਸ ਦੇ ਇੱਕ ਧਰੁਵੀ ਪ੍ਰਭੂਤਵ ਦੀ ਹਾਲਤ ਲਗਾਤਾਰ ਕਮਜੋਰ ਹੋਈ ਹੈ। ਦੁਨੀਆ ਬਹੁਤਧਰੁਵੀ ਹੋਣ ਵੱਲ ਵਧ ਰਹੀ ਹੈ। ਇਹ ਸੰਗਰਾਮੀ ਦੌਰ ਹੈ। ਬਹੁਧਰੁਵੀ ਦੁਨੀਆ ਬਣਨ ਦੀਆਂ ਹਾਲਤਾਂ ਤਿਆਰ ਹੋ ਚੁੱਕੀਆਂ ਹਨ।

ਪਰ ਕੋਈ ਵੀ ਸਾਮਰਾਜਵਾਦੀ ਆਪਣੀ ਪ੍ਰਭੂਤਵਕਾਰੀ ਸਥਿਤੀ ਨੂੰ ਖ਼ਤਮ ਨਹੀਂ ਹੋਣ ਦੇਣਾ ਚਾਹੇਗਾ। ਅਮਰੀਕੀ ਸਾਮਰਾਜਵਾਦੀ ਦੀ ਹਾਲਤ ਵੀ ਇਸ ਤੋਂ ਕੋਈ ਵੱਖਰਾ ਨਹੀਂ ਹੈ। ਰੂਸ ਵੱਲੋਂ ਯੂਕਰੇਨ ਦੇ ਹੰਭਲੇ ਨੂੰ ਉਕਸਾ ਕੇ ਫਿਲਹਾਲ ਅਮਰੀਕੀ ਸਾਮਰਾਜਵਾਦੀ ਨਾਟੋ ਦੇ ਦੇਸ਼ਾ ਨੂੰ ਇੱਕਜੁੱਟ ਕਰਨ ਵਿੱਚ ਸਫ਼ਲ ਹੋ ਗਏ ਹਨ। ਇਸ ਤੋਂ ਪਹਿਲਾਂ ਜਰਮਨੀ ਨੂੰ ਫੌਜ ਰੁਕਣ ਦੀ ਇਜਾਜ਼ਤ ਨਹੀਂ ਸੀ। ਮੌਜੂਦਾ ਹਮਲੇ ਨੇ ਜਰਮਨੀ ਨੂੰ ਵੀ ਫੌਜ ਰੱਖਣ ਵਿੱਚ ਮੱਦਦ ਕੀਤੀ ਹੈ। ਕਦੇ ਨਾ ਕਦੇ ਯੂਰਪ ਦੀਆਂ ਅਲੱਗ ਅਲੱਗ ਸਾਮਰਾਜਵਾਦੀ ਤਾਕਤਾਂ ਨਾਟੋ ਤੋਂ ਪਾਸੇ ਆਪਣੀ ਯੂਰਪੀ ਫੌਜ ਬਣਾ ਸਕਦੀਆਂ ਹਨ, ਜੋ ਕਿ ਫ਼ੌਜੀ ਤੌਰ ਤੇ ਅਮਰੀਕੀ ਸਾਮਰਾਜਵਾਦੀਆਂ ਨੂੰ ਚਣੌਤੀ ਦੇ ਸਕੇਗੀ। ਅਮਰੀਕੀ ਸਾਮਰਾਜਵਾਦੀ ਆਪਣੇ ਆਲੇ ਦੁਆਲੇ ਨਾਟੋ ਦੇਸ਼ਾਂ ਨੂੰ ਇੱਕਜੁਟ ਕਰ ਕੇ ਆਧੁਨਿਕ ਹਥਿਆਰਾਂ ਨਾਲ ਲੈਸ ਕਰ ਰਹੇ ਹ। ਇਸਦੇ ਨਾਲ ਹੀ ਉਹ ਯੂਕੇ ਦੇ ਸੈਨਕਾਂ ਨੂੰ ਅਧੁਨਿਕ ਹਥਿਆਰਾਂ ਦਾ ਦੀ ਸਿਖਲਾਈ ਦੇ ਰਹੇ ਹਨ। ਇਹ ਵੀ ਕਿਹਾ ਜਾ ਰਿਹਾ ਹੈ ਯੂਕਰੇਨ ਦੇ ਅੰਦਰ ਅਮਰੀਕਾ ਤੇ ਨਾਟੋ ਦੇ ਫੌਜੀ ਅਧਿਕਾਰੀ ਯੁੱਧ ਵਿੱਚ ਲੱਗੇ ਹੋਏ ਹਨ। ਮਾਰੀਓਪੋਲ ਵਿਚ ਕਈ ਯੂਰਪੀ ਫ਼ੌਜੀ ਨਾਜ਼ੀਵਾਦੀ ਅਜੋਬ ਬਟਾਲੀਅਨ ਦੇ ਨਾਲ ਲੜਦੇ ਦੇਖੇ ਗਏ ਹਨ। ਉਨ੍ਹਾਂ ਵਿੱਚੋਂ ਕਈ ਗ੍ਰਿਫ਼ਤਾਰ ਵੀ ਹੋਏ ਹਨ। ਰੂਸੀ ਸਾਮਰਾਜਵਾਦੀ ਲਗਾਤਾਰ ਇਹ ਕਹਿ ਰਹੇ ਹਨ ਕਿ ਯੂਕਰੇਨ ਵਿੱਚ ਨਾਟੋ ਦੇ ਫੌਜੀ ਜੇ ਉਤਾਰੇ ਗਏ ਤਾਂ ਇਹ ਨਾਟੋ ਦੀ ਰੂਸ ਵਿਰੁੱਧ ਜੰਗ ਹੋਵੇਗੀ। ਤਦ ਰੂਸ ਨਾਟੋ ਅਤੇ ਅਮਰੀਕਾ ਤੇ ਆਪਣੇ ਪਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ। ਰੂਸ ਕੋਲ ਦੁਨੀਆਂ ਦੇ ਸਭ ਤੋਂ ਜ਼ਿਆਦਾ ਪ੍ਰਮਾਣੂ ਹਥਿਆਰ ਹਨ। ਜੇ ਨਾਟੋ ਅਤੇ ਅਮਰੀਕੀ ਸਾਮਰਾਜਵਾਦੀ ਇਸ ਯੁੱਧ ਵਿੱਚ ਸਿੱਧੇ ਉਤਰੇ ਤਾਂ ਪ੍ਰਮਾਣੂ ਯੁੱਧ ਦਾ ਖਤਰਾ ਮੌਜੂਦ ਹੈ। ਇਹ ਖ਼ਤਰਾ ਕਿਸੇ ਦੂਰ ਭਵਿੱਖ ਦੀ ਗੱਲ ਨਹੀਂ ਹੈ। ਇਹ ਗੱਲ ਸੁਭਾਵਿਕ ਹੈ ਕਿ ਕੋਈ ਵੀ ਸਾਮਰਾਜਵਾਦੀ ਆਪਣਾ ਵਿਨਾਸ਼ ਨਹੀਂ ਚਾਹੇਗਾ ਇਸ ਲਈ ਇਹ ਪਰਮਾਣੂ ਯੁੱਧ ਤਕ ਨਹੀਂ ਜਾਣਾ ਚਾਹੁੰਣਗੇ। ਪਰ ਸੰਸਾਰਕ ਪ੍ਰਭੂਤਵ ਨੂੰ ਬਚਾਈ ਰੱਖਣ ਦੀ ਖਾਹਸ਼ ਅਤੇ ਬਹੁ-ਧਰੂਵੀ ਦੁਨੀਆਂ ਕਾਇਮ ਕਰਨ ਦੀ ਚਾਹਤ ਦੀ ਵਸਤੂਗਤ ਰਫਤਾਰ ਸਾਮਰਾਜਵਾਦੀਆਂ ਨੂੰ ਪਰਮਾਣੂ ਯੁੱਧ ਵੱਲ ਧੱਕ ਸਕਦੀ ਹੈ। ਇਸ ਟਕਰਾਅ ਦਾ ਇੱਕ ਪੱਖ ਚੀਨ ਵੀ ਹੈ। ਚੀਨ ਤਾਈਵਾਨ ਨੂੰ ਆਪਣਾ ਹਿੱਸਾ ਮੰਨਦਾ ਹੈ ਅਤੇ ਦੁਨੀਆ ਦੇ ਜ਼ਿਆਦਾਤਰ ਦੇਸ਼ ਇਸ ਨੂੰ ਸਹੀ ਮੰਨਦੇ ਵੀ ਹਨ। ਦੂਜੇ ਪਾਸੇ ਅਮਰੀਕੀ ਸਾਮਰਾਜਵਾਦੀ ਤਾਈਵਾਨ ਨੂੰ ਆਧੁਨਿਕ ਹਥਿਆਰਾਂ ਨਾਲ ਲੈਸ ਕਰ ਰਹੇ ਹਨ। ਤਾਈਵਾਨ ਵਿੱਚ ਅਮਰੀਕੀ ਸਾਮਰਾਜਵਾਦੀ ਅਧੁਨਿਕ ਟੈਂਕ ਤੇ ਮਿਜ਼ਾਈਲ ਪ੍ਰਣਾਲੀ ਸਥਾਪਤ ਕਰ ਰਹੇ ਹਨ। ਚੀਨ ਦੇ ਹਾਕਮ ਯੂਕੇ ? ਨੇ ਯੁੱਧ ਵਿੱਚ ਅਮਰੀਕਾ ਤੇ ਨਾਟੋ ਦੇ ਫਸੇ ਹੋਣ ਦੀ ਹਾਲਤ ਵਿੱਚ ਤਾਇਵਾਨ ਤੇ ਕਬਜਾ ਕਰਨ ਦੀ ਲੜਾਈ ਲੜ ਸਕਦੇ ਹਨ। ਇਸ ਨਾਲ ਨਿਬੜਨ ਲਈ ਅਮਰੀਕੀ ਸਾਮਰਾਜਵਾਦੀ ਦੱਖਣੀ ਚੀਨ ਸਾਗਰ ਵਿਚ ਚੀਨ ਨੂੰ ਘੇਰਨ ਦੇ ਲਈ ਆਸਟ੍ਰੇਲੀਆ, ਜਾਪਾਨ ਤੇ ਭਾਰਤ ਨਾਲ ਜੰਗੀ ਮਸ਼ਕਾਂ ਕਰ ਚੁੱਕੇ ਹਨ ਅਤੇ ਕਵਾਡ ਨਾਮਕ ਫੌਜੀ ਗੁੱਟ ਬਣਾ ਚੁੱਕੇ ਹਨ।

ਕੁਲ ਮਿਲਾ ਕੇ ਦੁਨੀਆ ਬਹੁਤਧਰੂਵੀ ਹੋਣ ਵੱਲ ਵਧ ਰਹੀ ਹੈ। ਮੌਜੂਦਾ ਯੂਕਰੇਨ ਯੁੱਧ ਦਾ ਚਾਹੇ ਜੋ ਮਰਜ਼ੀ ਸਿੱਟਾ ਨਿਕਲੇ ਪਰ ਦੇਰ ਸਵੇਰ ਦੁਨੀਆਂ ਬਹੁਧਰੂਵੀ ਹੋਵਗੀ ਪਰ ਇਹ ਦੁਨੀਆਂ ਵੀ ਸਾਮਰਾਜਵਾਦੀ ਪੂੰਜੀਵਾਦੀ ਦੁਨੀਆਂ ਹੀ ਹੋਵੇਗੀ। ਦੁਨੀਆਂ ਦੀ ਮਜਦੂਰ ਮਿਹਨਤਕਸ਼ ਆਬਾਦੀ ਦੀ ਮੁਕਤੀ ਇਸ ਬਹੁਧਰੁਵੀਬਦੁਨੀਆਂ ਦੇ ਬਣਨ ਨਾਲ ਵੀ ਨਵੀਂ ਹੋਵੇਗੀ ਇਹ ਸਾਮਰਾਜਵਾਦੀ ਯੁੱਧਾਂ ਅਤੇ ਦਖਲਅੰਦਾਜ਼ੀ ਵਿਰੁੱਧ ਮਜ਼ਦੂਰ ਮਿਹਨਤਕਸ਼ ਆਵਾਂਮਾਂ ਦੇ ਮੁਕਤੀਗਾਮੀ ਸੰਘਰਸ਼ਾਂ ਨਾਲ ਪੂੰਜੀ ਨੂੰ ਸੱਤਾ ਤੋਂ ਲਾਂਭੇ ਕਰਕੇ ਹੀ ਹੋਵੇਗੀ ਅਤੇ ਬਹੁਧਰੁਵੀ ਦੁਨੀਆਂ ਦੇ ਬਣਨ ਵਿੱਚ ਸਾਮਰਾਜੀ ਦੇਸ਼ਾ ਵਿਚਕਾਰ ਟਕਰਾਅ ਅਤੇ ਅੰਤਰ ਵਿਰੋਧਾਂ ਦੀ ਵਰਤੋਂ ਕਰਨ ਦਾ ਮੌਕਾ ਮਜ਼ਦੂਰ ਜਮਾਤ ਨੂੰ ਮਿਲੇਗਾ

(ਕਰਟਸੀ ਨਾਗਰਿਕ ਅਪ੍ਰੈਲ 2022)



## ਵਿਸ਼ਵ ਪੁਸਤਕ ਦਿਵਸ 'ਤੇ ਵਿਸ਼ੇਸ਼

# ਸਾਡੇ ਲਈ ਜੇਲ੍ਹ 'ਚ ਸੜ ਰਹੇ ਪ੍ਰੋਫੈਸਰ ਦੀ ਕਿਤਾਬ ਤੋਹਫ਼ੇ ਵਜੋਂ ਖ਼ਰੀਦਣਾ ਕਿਉਂ ਜ਼ਰੂਰੀ ਹੈ

*[ਵਿਸ਼ਵ ਪੁਸਤਕ ਦਿਵਸ ਦੇ ਮੌਕੇ ਲਿਖਿਆ ਇਹ ਲੇਖ ਪ੍ਰੋਫੈਸਰ ਸਾਈਬਾਬਾ ਦੀ ਛਪੀ ਤਾਜ਼ਾ ਕਿਤਾਬ ਦੇ ਰੂਬਰੂ ਕਰਵਾਉਂਦਾ ਹੈ। ਕੈਨੇਡਾ ਤੋਂ ਮਸ਼ਹੂਰ ਪੱਤਰਕਾਰ ਗੁਰਪ੍ਰੀਤ ਸਿੰਘ ਰੈਡੀਕਲ ਦੇਸੀ ਦੇ ਬਾਨੀ ਹਨ ਅਤੇ ਸਾਰਸੀਆ ਸਟ੍ਰੇਟ ਲਈ ਲਗਾਤਾਰ ਲਿਖਦੇ ਹਨ। ਉਨ੍ਹਾਂ ਨੇ ਬਾਲੀਵੁੱਡ ਦੀ ਅਦਾਕਾਰਾ ਕਰੀਨਾ ਕਪੂਰ ਬਾਰੇ ਲਿਖੀ ਆਪਣੀ ਹਾਲੀਆ ਕਿਤਾਬ ਵਿਚ ਭਾਰਤ 'ਚ ਬਣ ਰਹੇ ਜ਼ਹਿਰੀਲੇ ਰਾਜਨੀਤਕ ਮਾਹੌਲ ਅਤੇ ਫਿਲਮ ਸਨਅਤ ਉੱਪਰ ਇਸ ਦੇ ਖ਼ਤਰਨਾਕ ਅਸਰਾਂ ਬਾਰੇ ਮਹੱਤਵਪੂਰਨ ਖੁਲਾਸੇ ਕੀਤੇ ਹਨ।]*

**-ਗੁਰਪ੍ਰੀਤ ਸਿੰਘ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

ਹਾਲ ਹੀ ਵਿਚ ਪ੍ਰਕਾਸ਼ਿਤ ਸੰਗ੍ਰਹਿ ਤੁਸੀਂ ਮੇਰੇ ਰਾਹ ਤੋਂ ਏਨਾ ਡਰਦੇ ਕਿਉਂ ਹੋ? ਹਰ ਉਸ ਵਿਅਕਤੀ ਨੂੰ ਲਾਜ਼ਮੀ ਪੜ੍ਹਨਾ ਚਾਹੀਦਾ ਹੈ ਜੋ ਅਜੇ ਵੀ ਦੁਨੀਆ ਦੇ ਅਖਾਉਤੀ ਸਭ ਤੋਂ ਵੱਡੇ ਲੋਕਤੰਤਰ ਦੀਆਂ ਮਿੱਥਾਂ ਵਿਚ ਵਿਸ਼ਵਾਸ ਰੱਖਦਾ ਹੈ।

ਇਹ ਪ੍ਰੋਫੈਸਰ ਜੀ.ਐਨ ਸਾਈਬਾਬਾ ਵੱਲੋਂ ਜੇਲ੍ਹ 'ਚ ਲਿਖੀਆਂ ਕਵਿਤਾਵਾਂ ਅਤੇ ਚਿੱਠੀਆਂ ਦਾ ਸੰਗ੍ਰਹਿ ਹੈ। ਸਰੀਰਕ ਤੌਰ 'ਤੇ ਅਪਾਹਜ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਸਾਈਬਾਬਾ ਅਣਮਨੁੱਖੀ ਹਾਲਤਾਂ ਵਿਚ ਕੈਦ ਹਨ। ਕਿਤਾਬ ਦੱਸਦੀ ਹੈ ਕਿ ਕਿਵੇਂ ਭਾਰਤ ਵਿਚ ਕਿਸੇ ਨੂੰ ਸਿਰਫ਼ ਸੱਤਾ ਨੂੰ ਸਵਾਲ ਕਰਨ 'ਤੇ ਹੀ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ।

ਸਾਈਬਾਬਾ ਨੂੰ ਪਹਿਲੀ ਵਾਰ 2014 ਵਿਚ ਆਦਿਵਾਸੀਆਂ ਦੇ ਹੱਕਾਂ ਦੀ ਵਕਾਲਤ ਕਰਨ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਆਦਿਵਾਸੀਆਂ ਨੂੰ ਖਣਨ ਉਦਯੋਗ ਵੱਲੋਂ ਭਾਰਤੀ ਰਾਜ ਦੀ ਹਮਾਇਤ ਨਾਲ ਉਨ੍ਹਾਂ ਦੀਆਂ ਰਵਾਇਤੀ ਜ਼ਮੀਨਾਂ ਤੋਂ ਬੇਦਖ਼ਲ ਕੀਤਾ ਜਾ ਰਿਹਾ ਹੈ। ਪ੍ਰੋਫੈਸਰ ਸਾਈਬਾਬਾ ਇਸ ਦਾ ਵਿਰੋਧ ਕਰਨ ਦੇ ਨਾਲ ਨਾਲ ਮੌਜੂਦਾ ਸੱਜੇ-ਪੱਖੀ ਹਿੰਦੂ ਰਾਸ਼ਟਰਵਾਦੀ ਸਰਕਾਰ ਦੇ ਅਧੀਨ ਧਾਰਮਿਕ ਘੱਟ-ਗਿਣਤੀਆਂ 'ਤੇ ਵੱਧ ਰਹੇ ਅਤਿਆਚਾਰਾਂ ਵਿਰੁੱਧ ਵੀ ਆਵਾਜ਼ ਉਠਾਉਂਦੇ ਸਨ।

ਸਾਈਬਾਬਾ ਉੱਪਰ ਮੁੱਖ ਤੌਰ 'ਤੇ ਜਮਾਤੀ ਯੁੱਧ ਲੜ ਰਹੇ ਕਮਿਊਨਿਸਟ ਬਾਗ਼ੀਆਂ ਦੇ ਕਰਕੇ ਮਾਓਵਾਦੀ ਹਮਦਰਦ ਹੋਣ ਦਾ ਠੱਪਾ ਲਗਾਇਆ ਗਿਆ ਸੀ, ਜੋ ਆਦਿਵਾਸੀ ਖੇਤਰਾਂ ਵਿਚ ਸਰਗਰਮ ਹਨ।

2017 'ਚ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਮਹਾਂਮਾਰੀ ਦੇ ਦੌਰਾਨ ਵਾਰ-ਵਾਰ ਜ਼ਮਾਨਤ ਦੇਣ ਤੋਂ ਇਨਕਾਰ ਕੀਤਾ ਗਿਆ। ਇੱਥੋਂ ਤੱਕ ਕਿ ਉਸ ਨੂੰ ਆਪਣੀ ਬੀਮਾਰ ਮਾਂ ਨੂੰ ਮਿਲਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ, ਜੋ ਬਾਦ ਵਿਚ ਆਪਣੇ ਪੁੱਤਰ ਦਾ ਆਖ਼ਰੀ ਵਾਰ ਮੂੰਹ ਵੇਖੇ ਬਿਨਾਂ ਹੀ ਚਲਾਣਾ ਕਰ ਗਈ ਸੀ। ਸਾਈਬਾਬਾ ਨੂੰ ਆਪਣੀ ਮਾਂ ਦੀਆਂ ਅੰਤਿਮ ਰਸਮਾਂ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ। ਇਹ ਸਭ ਉਸ ਦੇ ਕਮਰ ਤੋਂ ਹੇਠਾਂ ਅਪਾਹਜ ਹੋਣ ਅਤੇ ਕਈ ਸਿਹਤ ਸਮੱਸਿਆਵਾਂ ਤੋਂ ਪੀੜਤ ਹੋਣ ਦੇ ਬਾਵਜੂਦ ਕੀਤਾ ਗਿਆ।

ਤੁਸੀਂ ਮੇਰੇ ਰਾਹ ਤੋਂ ਏਨਾ ਡਰਦੇ ਕਿਉਂ ਹੋ ਸੰਗ੍ਰਹਿ (ਜੋ ਸਪੀਕਿੰਗ ਟਾਈਗਰ ਦੁਆਰਾ ਛਾਪਿਆ ਗਿਆ ਹੈ) ਉਸ ਦੇ ਜੇਲ੍ਹ ਦੇ ਹਾਲਾਤ ਅਤੇ ਉਸ ਦੇ ਆਪਣੀ ਪਤਨੀ, ਵਸੰਤਾ ਤੋਂ ਨਿਰੰਤਰ ਵਿਛੋੜੇ ਦੇ ਨਾਲ-ਨਾਲ ਆਪਣੇ ਅਧਿਆਪਨ ਦੇ ਕਿੱਤੇ ਬਾਰੇ ਉਸ ਦੇ ਹੇਰਵੇ ਦੀ ਸਮਝ ਪ੍ਰਦਾਨ ਕਰਦਾ ਹੈ। ਉਸ ਵੱਲੋਂ ਆਪਣੇ ਸਾਥੀ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਲਿਖੀ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਉਹ ਆਪਣੇ ਕਲਾਸ ਰੂਮ ਲਈ ਕਿੰਨਾ ਝੂਰਦਾ ਹੈ।

ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਜੇਲ ਪ੍ਰਸ਼ਾਸਨ ਨੇ ਸੈਂਸਰਸ਼ਿਪ ਦੇ ਮੁੱਦਿਆਂ ਕਾਰਨ ਅਕਸਰ ਉਸ ਨੂੰ ਅਤੇ ਉਸ ਦੀ ਪਤਨੀ ਨੂੰ ਆਪਣੀ ਮਾਂ ਬੋਲੀ ਤੇਲਗੂ ਵਿਚ ਚਿੱਠੀਆਂ ਦਾ ਆਦਾਨ-ਪ੍ਰਦਾਨ ਕਰਨ ਦੀ ਇਜਾਜ਼ਤ ਵੀ ਨਹੀਂ ਦਿੱਤੀ। ਇਹ ਇਸ ਦੇ ਬਾਵਜੂਦ ਕੀਤਾ ਗਿਆ ਕਿ ਤੇਲਗੂ ਭਾਰਤੀ ਹੈ ਨਾ ਕਿ ਬਦੇਸ਼ੀ ਭਾਸ਼ਾ।


ਅੰਗਰੇਜ਼ੀ ਸਾਹਿਤ ਦਾ ਅਧਿਆਪਕ ਹੋਣ ਕਰਕੇ ਉਸ ਨੇ ਆਪਣੀ ਰਚਨਾਤਮਕ ਲੇਖਣੀ ਨੂੰ ਕਦੇ ਵੀ ਤਿਲਾਂਜਲੀ ਨਹੀਂ ਦਿੱਤੀ ਅਤੇ ਜੇਲ੍ਹ ਤੋਂ ਬਾਹਰ ਦੇ ਸਿਆਸੀ ਹਾਲਾਤ ਦੀ ਉਹ ਪੂਰੀ ਜਾਣਕਾਰੀ ਰੱਖਦਾ ਹੈ। ਮਿਸਾਲ ਵਜੋਂ, ਉਸਨੇ ਅੰਜੁਮ ਨੂੰ ਇੱਕ ਪੱਤਰ ਲਿਖਿਆ, ਜੋ ਕਿ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਦੇ ਨਵੇਂ ਨਾਵਲ, ਅਪਾਰ ਖੁਸ਼ੀਆਂ ਦਾ ਦਰਬਾਰ ਦੀ ਇਕ ਕੇਂਦਰੀ ਪਾਤਰ ਹੈ। ਅਰੁੰਧਤੀ ਰਾਏ ਆਪਣੀਆਂ ਲਿਖਤਾਂ ਅਤੇ ਜਨਤਕ ਭਾਸ਼ਣਾਂ ਰਾਹੀਂ ਸਾਈਬਾਬਾ ਦੇ ਹੱਕ ਲਗਾਤਾਰ ਆਵਾਜ਼ ਉਠਾਉਂਦੀ ਆ ਰਹੀ ਹੈ। ਉਸ ਨੇ ਕੁਝ ਕਾਰਕੁੰਨ ਦੋਸਤਾਂ ਲਈ ਕਵਿਤਾਵਾਂ ਵੀ ਲਿਖੀਆਂ ਜੋ ਉਸ ਦੇ ਜੇਲ੍ਹ ਸਮੇਂ ਦੌਰਾਨ ਚਲਾਣਾ ਕਰ ਗਏ ਸਨ। ਇੱਕ ਆਦਿਵਾਸੀਆਂ ਨੂੰ ਸਮਰਪਿਤ ਹੈ ਜੋ ਸਦੀਆਂ ਤੋਂ ਪ੍ਰਮੁੱਖ ਹਿੰਦੂ ਸਮਾਜ ਦੀ ਸੱਤਾ ਅਤੇ ਧੌਂਸ ਦਾ ਵਿਰੋਧ ਕਰ ਰਹੇ ਹਨ।

ਉਸ ਦੀ ਪਤਨੀ ਵਸੰਤਾ ਦੇ ਲਿਖੇ ਪ੍ਰਭਾਵਸ਼ਾਲੀ ਤੁਆਰਫ਼ ਤੋਂ ਇਹ ਪਤਾ ਲੱਗਦਾ ਹੈ ਕਿ ਉਸ ਦੀ ਵਿਚਾਰਧਾਰਾ ਨੂੰ ਕਿਸ ਨੇ ਘੜਿਆ ਅਤੇ ਉਹ ਅਧਿਆਪਕ ਵਜੋਂ ਪੜ੍ਹਾਉਣ ਅਤੇ ਮਨੁੱਖੀ ਹੱਕਾਂ ਦੇ ਰਾਖੇ ਵਜੋਂ ਕੰਮ ਕਰਨ ਲਈ ਕਿੰਨਾ ਜੋਸ਼ ਭਰਪੂਰ ਰਿਹਾ ਹੈ। ਤੁਆਰਫ਼ ਉਨ੍ਹਾਂ ਦੇ ਰਿਸ਼ਤੇ ਦੇ ਮੁੱਢ ਬੱਝਣ ਦੀ ਕਹਾਣੀ ਦੱਸਦਾ ਹੈ ਅਤੇ ਇਹ ਵੀ ਇਹ ਰਿਸ਼ਤਾ ਬਦਲਾਓ ਅਤੇ ਇਕ ਨਿਆਂਪੂਰਨ ਸਮਾਜ ਲਈ ਸੰਘਰਸ਼ ਦੇ ਸਾਲਾਂ ਵਿਚ ਕਿਵੇਂ ਪਰਪੱਕ ਹੋਇਆ ਹੈ। ਇਹ ਇਸ ਗੱਲ ਦੇ ਵੇਰਵੇ ਦਿੰਦਾ ਹੈ ਕਿ ਕਿਵੇਂ ਸਾਈਬਾਬਾ ਆਪਣੇ ਬਚਪਨ ਵਿਚ ਹੀ ਪੋਲੀਓ ਕਾਰਨ ਅਪਾਹਜ ਹੋ ਗਿਆ ਸੀ ਅਤੇ ਕਿਵੇਂ ਉਸ ਨੇ ਆਪਣੀ ਪੜ੍ਹਾਈ ਪੂਰੀ ਕਰਨ ਲਈ ਤਮਾਮ ਮੁਸ਼ਕਲਾਂ ਨਾਲ ਸਖ਼ਤ ਮਿਹਨਤ ਕਰਕੇ ਮੱਥਾ ਲਾਇਆ। ਅੰਤ ਵਿਚ ਕਿਵੇਂ ਉਹ ਬੇਆਵਾਜ਼ਾਂ ਦੀ ਆਵਾਜ਼ ਬਣਿਆ। ਵਸੰਤਾ ਨੇ ਇਸ ਗੱਲ 'ਤੇ ਵੀ ਚਾਨਣਾ ਪਾਇਆ ਹੈ ਕਿ ਗ੍ਰਿਫ਼ਤਾਰੀ ਦੌਰਾਨ ਕੀਤੀ ਧੱਕੇਸ਼ਾਹੀ ਨਾਲ ਕਿਵੇਂ ਉਸ ਦੀ ਵ੍ਹੀਲਚੇਅਰ ਟੁੱਟ ਗਈ ਸੀ ਜੋ ਉਸ ਦਾ ਵੱਡਾ ਸਹਾਰਾ ਸੀ। ਇਕ ਰਾਜਨੀਤਿਕ ਕੈਦੀ ਦੀ ਦਰਦਨਾਕ ਹਾਲਤ ਬਾਰੇ ਬਿਰਤਾਂਤ ਹੋਣ ਤੋਂ ਇਲਾਵਾ, ਉਸ ਦੀਆਂ ਕਵਿਤਾਵਾਂ ਉਨ੍ਹਾਂ ਲੋਕਾਂ ਨੂੰ ਉਮੀਦ ਦਿੰਦੀਆਂ ਹਨ ਜਿਨ੍ਹਾਂ ਨੂੰ ਸਮਾਜੀ ਨਿਆਂ ਲਈ ਆਪਣੀ ਲੜਾਈ ਵਿਚ ਐਨੀ ਜ਼ਿਆਦਾ ਰਾਜਕੀ ਹਿੰਸਾ ਅਤੇ ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਈਬਾਬਾ ਅਜਿਹੀ ਬੇਕਿਰਕੀ ਦਾ ਸਾਹਮਣਾ ਕਿਵੇਂ ਬੁਲੰਦ ਹੌਸਲੇ ਨਾਲ ਕਰ ਰਿਹਾ ਹੈ, ਇਸ ਦਾਸਤਾਂ ਤੋਂ ਉਨ੍ਹਾਂ ਤੰਦਰੁਸਤ ਸਰੀਰਾਂ ਵਾਲਿਆਂ ਅਤੇ ਚੰਗਾ ਜੀਵਨ ਜੀਣ ਵਾਲਿਆਂ ਨੂੰ ਆਸ਼ਾਵਾਦੀ ਬਣੇ ਰਹਿਣ ਅਤੇ ਆਪਣੀ ਆਜ਼ਾਦੀ ਅਤੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦੇ ਹੋਏ ਉਸ ਦੇ ਮਿਸ਼ਨ ਨੂੰ ਅੱਗੇ ਵਧਾਉਣ ਦੀ ਪ੍ਰੇਰਣਾ ਲੈਣੀ ਚਾਹੀਦੀ ਹੈ।

23 ਅਪ੍ਰੈਲ ਦੇ ਦਿਨ, ਜੋ ਕਿ ਵਿਸ਼ਵ ਪੁਸਤਕ ਦਿਵਸ ਹੈ, ਆਓ ਆਪਾਂ ਪ੍ਰੋਫੈਸਰ ਸਾਈਬਾਬਾ ਦੀ ਇਹ ਕਿਤਾਬ ਆਪਣੇ ਲਈ ਤੋਹਫ਼ੇ ਵਜੋਂ ਖ਼ਰੀਦਣ ਬਾਰੇ ਵਿਚਾਰ ਕਰੀਏ। ਆਓ ਆਪਾਂ ਉਸ ਨਾਲ ਅਤੇ ਹੋਰ ਰਾਜਨੀਤਕ ਕੈਦੀਆਂ ਨਾਲ ਇਕਮੁੱਠਤਾ ਪ੍ਰਗਟਾਈਏ ਜਿਨ੍ਹਾਂ ਦੇ ਹੱਕ ਨਵੀਂ ਦਿੱਲੀ ਦੇ ਤਖ਼ਤ 'ਤੇ ਕਾਬਜ਼ ਜਾਬਰਾਂ ਵੱਲੋਂ ਦਰੜੇ ਜਾ ਰਹੇ ਹਨ।

# ਬਾਂਝ

**ਪ੍ਰਭਜੋਤ ਸਿੰਘ ਤੱਗੜ**



ਚਾਰ ਧੀਆਂ ਪਿੱਛੋਂ ਹੋਏ ਮੁੰਡੇ ਦੀ ਲੋਹੜੀ ਤੇ ਸਰਪੰਚਣੀ ਨੇ ਪਿੰਡ ਦੇ ਢੂਢ ਸੌ ਟੱਬਰਾਂ ਚ ਬਰਫ਼ੀ ਦੇ ਡੱਬੇ ਵੰਡੇ ਸੀ, ਤੇ ਓਸੇ ਸਪੁੱਤਰ ਦੇ ਵਿਆਹ ਤੇ ਗਰੀਬ ਪਰਿਵਾਰ ਦੀ ਧੀ ਲਭ ਕੇ ਓਨਾ ਕੋਲੋਂ ਪੰਜ ਲੱਖ ਰੋਟੀ ਰੋਟੀ ਤੇ ਲਵਾਇਆ ਸੀ। ਅਖੇ ਲੈਣਾ ਅਸੀਂ ਕੁਝ ਨਹੀਂ ਬਸ ਬਰਾਤ ਨੂੰ ਰੋਟੀ ਵਧੀਆ ਕਰਦਿਓ। ਵਾਰਿਸ ਦੀ ਭੁੱਖ ਰੱਖਣ ਵਾਲੀ ਸਰਪੰਚਣੀ ਨੇ ਗਰੀਬ ਘਰੋਂ ਆਈ ਧੀ ਨੂੰ ਪਹਿਲੇ ਦਿਨੋਂ ਔਲਾਦ ਜੰਮਣ ਤੇ ਜੋਰ ਲਾ ਦਿੱਤਾ ਤੇ ਅਜੇ ਪੁੱਤ ਵਿਆਹੇ ਨੂੰ ਛੇ ਮਹੀਨੇ ਤਾਂ ਪੂਰੇ ਵੀ ਨੀ ਸੀ ਹੋਏ ਕੇ ਔਲਾਦ ਪਿੱਛੇ ਮੇਹਣੇ ਮਾਰਨੇ ਸ਼ੁਰੂ ਕਰ ਦਿੱਤੇ। ਆਵਦੇ ਪਿੰਡ ਦੇ ਸਾਧ ਸੰਤ ਤੇ ਨਾ ਕੋਈ ਜੋਗੀ ਛੱਡਿਆ ਜਿਥੇ ਆਵਦੀ ਨੂੰਹ ਨੂੰ ਨਾ ਲੈਕੇ ਗਈ ਹੋਵੇ। ਹਰੇਕ ਨੇ ਆਵਦੇ ਆਵਦੇ ਨੁਸਖੇ ਦੇ ਦੇਣੇ ਤੇ ਧੀ ਵਿਚਾਰੀ ਨੇ ਘਰ ਦੇ ਖੂੰਜਿਆਂ ਵਿਚ ਵੜ ਕਿ ਰੋਂਦੇ ਰਹਿਣਾ। ਸਰਪੰਚਣੀ ਦਾ ਪੁੱਤ ਪਟਿਆਲੇ ਯੂਨੀਵਰਸਿਟੀ ਚ ਬੀ ਏ ਕਰਨ ਬਹਾਨੇ ਪਿਛਲੇ ਸਤ ਸਾਲਾਂ ਤੋਂ ਘਰੋਂ ਪੈਸੇ ਲੈ ਕੇ ਐਸ਼ ਦੀ ਜਿੰਦਗੀ ਜਿਊ ਰਿਹਾ ਸੀ। ਘਰਵਾਲੀ ਵਲੋਂ ਦੁਖ ਸਾਂਝਾ ਕਰਨ ਤੇ ਐਨਾ ਕਹਿੰਦਾ ਹੋਇਆ ਕਾਲਜ ਨੂੰ ਤੁਰ ਗਿਆ ਕ ਜਨਾਨੀਆਂ ਆਪਸ ਚ ਨਬੇੜ ਲਵੋ ਜੇ ਕਮੀ ਤੇਰੇ ਚ ਹੈ ਤਾਂ ਮੈਂ ਕੀ ਕਰ ਸਕਦਾ।

ਗ਼ਰੀਬਣੀ ਨਾ ਆਵਦੇ ਗਰੀਬ ਪਿਓ ਨੂੰ ਦੱਸ ਸਕਦੀ ਸੀ। ਇਕ ਦਿਨ ਹਿੰਮਤ ਕਰ ਕੇ ਪਿਓ ਨੂੰ ਫੋਨ ਲਾਇਆ ਤਾਂ ਪਿਓ ਨੇ ਪਹਿਲਾ ਈ ਇੱਕ ਗੱਲ ਪੁੱਛੀ ਕੇ ਸੁਖ ਸਾਂਦ ਤਾਂ ਹੈ ਜੋ ਤਿੰਨ ਸਾਲ ਚ ਪਹਿਲੀ ਵਾਰ ਫੋਨ ਕੀਤਾ। ਪਿਓ ਨੂੰ ਇਕ ਦਮ ਨਾ ਸੀ ਦੱਸਣਾ ਚਾਹੁੰਦੀ ਇਸ ਲਈ ਸਭ ਸੁਖ ਸਾਂਦ ਐ ਕਹਿ ਕੇ ਜਵਾਬ ਦਿਤਾ। ਗੱਲਾਂ ਹੁੰਦੀਆਂ ਚ ਪਿਓ ਨੇ ਕਿਹਾ ਕਿ "ਕੁੜੇ ਮੈਂ ਤਾਂ ਡਰ ਈ ਗਿਆ ਸੀ ਕੇ ਕਿਤੇ ਕੋਈ ਔਖ ਈ ਨਾ ਆ ਖੜੀ ਹੋਈ ਹੋਵੇ ਜੋ ਧੀ ਰਾਣੀ ਨੇ ਅੱਜ ਅਚਾਨਕ ਫੋਨ ਲਾ ਲਿਆ ਅਜੇ ਤਾਂ ਬਰਾਤ ਨੂੰ ਖਵਾਏ ਪੰਜ ਪੰਜ ਸੌ ਦੇ ਨੋਟਾਂ ਦਾ ਈ ਕਰਜਾ ਨੀ ਉਤਰਿਆ"।

ਐਨੀ ਗੱਲ ਸੁਣਦਿਆਂ ਹੋਲੋ ਹੋਲੋ ਕਰਦੀ ਨੇ ਫੋਨ ਦਾ ਰਸਿਵਰ ਧਰ ਦਿੱਤਾ ਤੇ ਰੋਣ ਲੱਗ ਪਈ। ਐਨੇ ਨੂੰ ਸੱਸ ਨੇ ਆ ਕੇ ਝਿੜਕ ਮਾਰੀ ਕੇ ਮੂੰਹ ਹੱਥ ਧੋ ਕੇ ਬਾਹਰ ਆ ਜਾਵੇ ਵਿੱਚੋਲਾ ਆਯਾ ਕੋਈ ਗੱਲ ਕਰਨੀ ਹੈ ਜਰੂਰੀ। ਸੱਸ ਨੇ ਆਵਦੇ ਪੁੱਤ ਨੂੰ ਵੀ ਕਾਲਜੋ ਛੇਤੀ ਸੱਦ ਲਿਆ ਸੀ। ਜਦ ਨੂੰ ਧੀ ਨੇ ਆਪਣਾ ਆਪ ਸਵਾਰ ਦੇ ਹੋਏ ਪਾਣੀ ਲੈ ਕੇ ਵੇਹੜੇ ਚ ਜਾਂਦੀ ਹੈ ਤਾਂ ਦੇਖਦੀ ਐ ਕਿ ਰਿਸ਼ਤੇ ਚ ਦੂਰ ਦਾ ਭਰਾ ਲਗਦਾ ਵਿੱਚੋਲਾ ਤੇ ਸਰਪੰਚਣੀ ਦਾ ਪੁੱਤ ਜਕੱੜ ਮਾਰ ਰਹੇ ਨੇ। ਪਾਣੀ ਧਰ ਕੇ ਰਸੋਈ ਵਲ ਨੂੰ ਵਧਦੀ ਹੋਈ ਧੀ ਨੂੰ ਓਹਦੀ ਸੱਸ ਨੇ ਕੁੜੱਤਣ ਭਰੇ ਬੋਲ ਨਾਲ ਕਿਹਾ ਕੇ ਰਹਿਣ ਦੇ ਚਾਹ ਨੂੰ ਆ ਕੇ ਏਥੇ ਖੜੀ ਹੋਜਾ, ਓਦੇ ਮੂੰਹ ਘੁਮਾਉਣ ਦੀ ਦੇਰ ਸੀ ਕੇ ਸਿਖਿਆ ਸਿਖਾਇਆ ਵਿੱਚੋਲਾ ਬੋਲਿਆ ਕੇ ਕਿ ਗੱਲ ਕੁੜੀਏ ਕੱਲਾ ਰਸੋਈ ਦਾ ਈ ਸੁਖ ਦੇਣ ਆਈ ਐ ਏਥੇ? ਹੋਰ ਵੀ ਤਾਂ ਜਿੰਮੇਵਾਰੀਆਂ ਹੁੰਦੀਆਂ ਨੇ ਟੱਬਰ ਨੂੰ ਖੁਸ਼ ਕਰਨ ਨੂੰ। ਹੰਝੂ ਆ ਦਾ ਘੁਟ ਭਰਦੀ ਨੇ ਬਸ ਹਾਂ ਚ ਸਿਰ ਹਿਲਾਇਆ। ਇਕ ਮਿੰਟ ਚੁਪ ਰਹਿਣ ਤੋਂ ਬਾਅਦ ਸੱਸ ਨੇ ਕਿਹਾ ਕੇ "ਮਹੀਨੇ ਦੋ ਦਿੱਤੇ ਤੈਨੂੰ ਮਹਾਰਾਣੀਏ ਦੁੱਧ ਘਿਓ ਫਲ ਮੇਵਾ ਜਿਹੜਾ ਕੁਝ ਖਾਣਾ ਮੂੰਹ ਚੋ ਕੱਢ ਓਹੀ ਆਊ ਆਥਣੇ ਘਰੇ ਪਰ ਦੋ ਮਹੀਨਿਆਂ ਚ ਖੁਸ਼ ਖ਼ਬਰੀ ਸਣਾ। ਨਹੀਂ ਫੇਰ ਨਾ ਕਹੀਂ ਕੇ ਟਿੰਡ ਫੋੜੀ ਚਕਾ ਕੇ ਘਰ ਨੂੰ ਤੋਰਤੀ। ਇਨ੍ਹਾਂ ਕਹਿੰਦੇ ਹੋਏ ਸੱਸ ਉਠ ਕੇ ਤੁਰਦੀ ਬਣੀ। ਤੇ ਉਹ ਵਿਚਾਰੀ ਬੁੱਤ ਬਣੀ ਓਥੇ ਦੀ ਓਥੇ ਖੜੀ ਰਿਹਗੀ।

ਸਰਪੰਚਣੀ ਦੇ ਜਾਣ ਮਗਰੋਂ ਓਹਦਾ ਘਰਵਾਲਾ ਵਿਚੋਲੇ ਨੂੰ ਕਹਿਣ ਲਗਾ "ਦੇਖੀ ਕੀਤੇ ਬੇਬੇ ਦਾ ਕਿਹਾ ਸੱਚ ਈ ਨਾ ਮੰਨ ਲਈ" ਸੁਣਦਿਆਂ ਬੁੱਤ ਬਣ ਕੇ ਖੜੀ ਦੇ ਜਿਵੇਂ ਕਾਲਜੇ ਠੰਡ ਪੈ ਗਈ ਹੋਵੇ। ਪਰ ਅਗਲੇ ਸ਼ਬਦ ਜਦੋਂ ਆਵਦੇ ਘਰਵਾਲੇ ਦੇ ਸੁਣੇ ਤਾਂ ਜਿਵੇਂ ਜਿਉਂਦੇ ਜੀ ਹੀ ਮਾਰ ਗਈ ਹੋਵੇ। ਕਹਿੰਦਾ "ਦੇਖੀ ਕੀਤੇ ਬੇਬੇ ਦਾ ਕਿਹਾ ਸੱਚ ਈ ਨਾ ਮੰਨ ਲਈ, ਮੇਰਾ ਗਰੀਬ ਦਾ ਔਖਾ ਹੋਜੂ, ਖਚਰੀ ਹਾਸੀ ਹੱਸਦੇ ਘਰਵਾਲਾ ਤੇ ਵਿਚੋਲੇ ਇਕ ਦੂਜੇ ਦੇ ਮੋਢਿਆਂ ਤੇ ਥਾਪੀ ਦੇ ਕੇ ਹੱਸਦੇ ਹੋਏ ਉਠ ਕੇ ਚਲੇ ਗਏ। ਤੇ ਧੀ ਵਚਾਰੀ ਦਾ ਜਿਵੇਂ ਰਬ ਵੀ ਦੁਸ਼ਮਣ ਬਣ ਗਿਆ ਹੋਵੇ।

ਹੁਣ ਉਸਦੇ ਦਿਨ ਰਾਤ ਰਬ ਨੂੰ ਵਾਸਤੇ ਪਾਉਂਦੀ ਦੇ ਲੰਘਣ ਲਗੇ। ਜੀਓ ਹੀ ਕਿਸੇ ਨੁਸਖੇ ਦਾ ਪਤਾ ਲਗਣਾ ਝੱਟ ਓਹੀ ਦਵਾਈ ਬੂਟੀ ਖਾਣ ਲੱਗ ਪੈਣੀ। ਐਨੀਆਂ ਦਵਾਇਆ ਜੜੀਆਂ ਬੂਟਿਆਂ ਖਾ ਕੇ ਸ਼ਰੀਰ ਦਾ ਬੁਰਾ ਹਾਲ ਕਰਲਿਆ ਸੀ। ਜਿਹੜਾ ਮੂੰਹ ਗਰੀਬ ਵੇਹੜੇ ਚ ਕਦੇ ਮੁਰਝਾਇਆ ਨੀ ਸੀ ਝੁਰੜੀਆਂ ਦੀ ਥਾਂ ਲੈ ਗਿਆ।

ਪਰ ਰਬ ਨੇ ਓਹਦੀ ਇਕ ਵੀ ਨਾ ਸੁਣੀ। ਦੋ ਮਹੀਨੇ ਪੂਰੇ ਹੋਣ ਤੋਂ ਦਸ ਦਿਨ ਪਹਿਲਾਂ ਸੱਸ ਨੇ ਫੇਰ ਵਿਚੋਲੇ ਨੂੰ ਬੁਲਾਇਆ ਤੇ ਆਪਣੇ ਪੁੱਤ ਵਾਸਤੇ ਹੋਰ ਰਿਸ਼ਤਾ ਲੱਭਣ ਨੂੰ ਕਿਹਾ। ਦੋ ਮਹੀਨਿਆ ਤੋਂ ਰੋਂਦੀ ਦਾ ਅੱਜ ਨਾ ਮੰਨ ਭਰਿਆ ਨਾ ਹੀ ਅੱਖਾਂ 'ਚੋਂ ਹੰਝੂ ਆਯਾ ਕੋਈ, ਜੂਠੇ ਭਾਂਡੇ ਚਕਣ ਲਗੀ ਵਲ ਇਸ਼ਾਰਾ ਕਰਦਿਆਂ ਵਿਚੋਲੇ ਨੇ ਕਿਹਾ ਕੇ ਏਦਾ ਕੀ ਕਰਨਾ ਫੇਰ! ਸੱਸ ਨੇ ਜਵਾਬ ਦਿੱਤਾ ਕੋਈ ਨਾ ਤੂੰ ਏਦੀ ਛੱਡ ਖੂਹ ਚ ਨੀ ਸੁੱਟ ਦੇ ਇਨੂ, ਗੱਲ ਚੱਲ ਰਹੀ ਆ ਕੀਤੇ, ਕਿਸੇ ਨਾ ਕਿਸੇ ਦੇ ਲੜ ਲਾ ਦਿਆਂਗੇ। ਜੇ ਹਾਂ ਹੋਗੀ ਤਾਂ ਏਦੇ ਪਿਓ ਨੂੰ ਬੁਲਾ ਕੇ ਦਸ ਦਵਾਂਗੇ। ਵਿਚੋਲੇ ਨੇ ਕਿਹਾ ਜੇ ਓਹੋ ਨਾ ਮੰਨੇ? ਤਾਂ ਸੱਸ ਕਹਿਣ ਲੱਗੀ ਫੇਰ ਲੈ ਜਾਣ "ਬਾਂਝ" ਨੂੰ ਸਾਨੂੰ ਕੇਹੜਾ ਠੇਕਾ ਲਿਆ।

ਏਨੀਆਂ ਗੱਲਾਂ ਕਰ ਕੇ ਵਿੱਚੋਲਾ ਉਠ ਕੇ ਜਾਣ ਲੱਗਿਆ ਤਾਂ ਪੁੱਤ ਕਹਿੰਦਾ ਬਾਈ ਕੰਮ ਛੇਤੀ ਕਰੀਂ ਬਾਹਲੇ ਦਿਨ ਨੀ ਨਿਕਲਣੇ ਕੱਲੇ ਦੇ। ਦੰਦ ਕੱਢ ਦਾ ਵਿੱਚੋਲਾ ਦਰਵਾਜੇ ਵੱਲ ਨੂੰ ਤੇ ਸੱਸ ਆਵਦੇ ਕਮਰੇ ਵਲ ਨੂੰ ਤੁਰ ਪਈ। ਉਮੀਦ ਦੀਆਂ ਨਜ਼ਰਾਂ ਨਾਲ ਜਦ ਘਰਵਾਲੇ ਵਲ ਝਾਕੀ ਤਾਂ ਉਹ ਵੀ ਢੋਲ ਵਾਂਗੂ ਸਿਰ ਮਾਰਦਾ ਹੋਇਆ ਮੂੰਹ 'ਚ ਬੁੜਬੜਾਉਂਦਾ "ਸਾਲੀ ਬਾਂਝ" ਕਹਿੰਦਾ ਹੋਇਆ ਚਲਾ ਗਿਆ। ਦੋ ਮਹੀਨੇ ਤੋਂ ਚਾਰ ਦਿਨ ਲੰਘਣ ਦੇ ਬਾਦ ਸਰਪੰਚਣੀ ਆਵਦੀ ਨੂੰਹ ਨੂੰ ਲੈ ਕੇ ਆਵਦੇ ਘਰੋਂ ਵਿਚੋਲੇ ਦੇ ਘਰ ਨੂੰ ਤੁਰੀ। ਪਹੁੰਚਦਿਆ ਨੂੰ ਕੁੜੀ ਦਾ ਗਰੀਬ ਬਾਪ ਤੇ ਮਾਂ ਨੀਵੀਂ ਪਾਈ ਟੁੱਟੀ ਮੰਜੀ ਤੇ ਬੈਠੇ। ਮਾਂ ਦੀਆਂ ਅੱਖਾਂ ਰੋ ਰੋ ਕੇ ਇੰਝ ਸੁਜੀਆਂ ਪਈਆਂ ਸੀ ਜਿਵੇਂ ਕੀਰਨੇ ਪਾ ਕੇ ਹਟੀ ਹੋਵੇ। ਐਨੇ ਨੂੰ ਦਰਵਾਜੇ ਇਕ ਮਰ੍ਹਤੀ ਆਣ ਖੜੀ ਹੋਈ। ਵਿਚੋਂ ਅਧਖੜ ਉਮਰ ਦਾ ਤਾਜ਼ਾ ਦਾੜੀ ਮਨਾਈ ਬੰਦਾ ਤੇ ਉਸਦਾ ਭਰਾ ਉਤਰਦਾ ਹੈ ਜਿਹੜੇ ਕਿ ਰਿਸ਼ਤੇ ਚ ਸਰਪੰਚਣੀ ਦੇ ਸ਼ਰੀਕੇ ਚ ਲਗਦੇ ਚਾਚੇ ਦੇ ਮੁੰਡੇ ਸੀ। ਸਰਪੰਚਣੀ ਨੇ ਕੁੜੀ ਦੇ ਗਰੀਬ ਮਾਂ ਪਿਓ ਨੂੰ ਦਾੜ੍ਹੀ ਮੁੰਨੀ ਬੰਦੇ ਵਲ ਹੱਥ ਕਰਦਿਆਂ ਕਿਹਾ ਕਿ ਇਹ ਹੈ ਭਾਈ ਮੁੰਡਾ ਦੇਖਲੋ ਗੱਲ ਬਾਤ ਜੋ ਕਰਨੀ ਆ ਕਰਲੋ। ਮਾਂ ਦੇ ਮੂੰਹੋਂ ਸ਼ਬਦ ਨਿਕਲਣ ਈ ਵਾਲੇ ਸੀ ਕਿ ਪਿਓ ਨੇ ਨੀਵੀਂ ਪਾਇ ਪਵਾਈ ਚ ਹੱਥ ਬੰਨਦੇ ਸਰਪੰਚਣੀ ਨੂੰ ਕਿਹਾ "ਭੈਣ ਜੀ ਤੁਸੀ ਵੀ ਚਾਰ ਧੀਆਂ ਵਿਆਹੀਆਂ ਨੇ ਤੁਸੀ ਕੇਹੜਾ ਮਾੜਾ ਘਰ ਲਭਿਆ ਹੋਣਾ, ਧੀ ਬਣਾ ਕੇ ਰੱਖੀ ਤੁਸੀ ਵੀ ਤਾਂ ਸਾਡੀ ਧੀ ਜੋ ਘਰ ਦੇਖਿਆ ਸਾਨੂੰ ਮਨਜੂਰ ਆ। ਜੇਬ ਚ ਹੱਥ ਪਾਉਂਦੇ ਪਿਓ ਨੂੰ ਰੋਕਦਿਆਂ ਸਰਪੰਚਣੀ ਨੇ ਕਿਹਾ ਕੇ ਜੇ ਸਾਡੀ ਧੀ ਆ ਤਾਂ ਸ਼ਗਨ ਵੀ ਅਸੀਂ ਪਾਵਾਂਗੇ, ਨਾਲ ਮੇਹਣਾ ਮਾਰਦੇ ਕਿਹਾ ਕਿ ਜਿੰਨਾ ਤੁਸੀ ਸ਼ਗਨ ਪਾਉਣ ਲੱਗੇ ਹੋਵੋਂਗੇ ਓਨੇ ਦਾ ਤਾਂ ਮੇਰੇ ਭਰਾ ਜਵਾਕਾਂ ਦੇ ਖਾਣ ਨੂੰ ਫਲ ਲੈ ਆਏ ਨੇ ਆਉਂਦੇ ਹੋਏ।

ਗਰੀਬ ਪਿਓ ਨੇ ਹੱਥ ਬੰਨ੍ਹ ਕੇ ਸਬਰ ਦਾ ਘੁਟ ਪੀ ਲਿਆ। ਮੱਝ ਕੱਟੀ ਲੈਣ ਆਏ ਵਪਾਰੀ ਨੂੰ ਵੀ ਐਨਾ ਕ ਟੈਮ ਲਗ ਏ ਜਾਂਦਾ ਜਿੰਨੇ ਸਮੇ ਤੋਂ ਘੱਟ ਸਮੇ ਚ ਸਰਪੰਚਣੀ ਨੇ ਨੂੰਹ ਓਨਾ ਨਾਲ ਤੋਰ ਦਿੱਤੀ। ਕੁੜੀ ਨੂੰ ਲਿਜਾਣ ਮਗਰੋਂ ਸਰਪੰਚਣੀ ਨੇ ਕੁੜੀ ਦੇ ਮਾਂ ਪਿਓ ਨੂੰ ਦਸਿਆ ਕਿ ਆ ਜਿਸ ਨਾਲ ਥੋੜੀ ਕੁੜੀ ਲੜ ਲਾਈ ਆ ਇਹਦੀ ਘਰਵਾਲੀ ਬਚੇ ਨੂੰ ਜਨਮ ਦਿੰਦੀ ਮਾਰ ਗਈ ਸੀ ਤੇ ਬੱਚਾ ਵੀ ਨਹੀਂ ਸੀ ਬਚਿਆ। ਮਾਂ ਨੇ ਸਰਪੰਚਣੀ ਤੋਂ ਪੁਛਿਆ ਕਿ ਉਸਦਾ ਦਵਾਰਾ ਵਿਆਹ ਕਿਉਂ ਨੀ ਕੀਤਾ ਓਸੇ ਉਮਰ ਚ। ਹੱਕੀ ਬੱਕੀ ਹੋਈ ਸਰਪੰਚਣੀ ਦੇ ਬੁਲ ਥਰ ਥਰਾਉਣ ਲਗੇ ਤਾਂ ਵਿਚੋਲੇ ਨੇ ਗੱਲ ਬੋਚੀ ਤੇ ਕਿਹਾ ਲੱਗਾ ਕਿ ਹੁਣ ਤੁਹਾਡੇ ਕੁੜਮ ਨੇ ਆਪੇ ਪੁੱਛਦੇ ਰਹਿਣਾ। ਪਰ ਗੱਲ ਵਿਚੋਂ ਇਹ ਸੀ ਕ ਸਰਪੰਚਣੀ ਨੇ ਆਵਦੇ ਪੇਕਿਆਂ ਦੀ ਜ਼ਮੀਨ ਦੇ ਲਾਲਚ ਵਿਚ ਉਸਦਾ ਮੁੜ ਕੇ ਵਿਆਹ ਹੋਣ ਏ ਨੀ ਸੀ ਦਿੱਤਾ ਤੇ ਆਵਦੀ ਨੂੰਹ ਇਸ ਲਈ ਲੜ ਲਾਈ ਕਿਓਂਕਿ ਉਹ ਬਾਂਝ ਸੀ ਤੇ ਔਲਾਦ ਦਾ ਸੁਖ ਕਦੇ ਵੀ ਓਨਾ ਨੂੰ ਨਹੀਂ ਸੀ ਦੇ ਸਕਦੀ ਤੇ ਨਾ ਹੀ ਓਨਾ ਦੀ ਜਮੀਨ ਦਾ ਵਾਰਿਸ।

ਏਨੀਆਂ ਗੱਲਾਂ ਸੁਣਦਿਆਂ ਧੀ ਦੇ ਗਰੀਬ ਮਾਂ ਪਿਓ ਸਾਈਕਲ ਚਕ ਕੇ ਜਾਣ ਲੱਗੇ। ਜਾਂਦੇ ਜਾਂਦੇ ਧੀ ਦੀ ਮਾਂ ਨੇ ਸਰਪੰਚਣੀ ਦੀ ਵਿਚੋਲੇ ਨਾਲ ਹੁੰਦੀ ਇਹ ਗੱਲ ਸੁਣੀ ਕੇ ਕੁੜੀ ਆਲਿਆ ਨੂੰ ਕਹਿ ਦਵੇ ਕੇ ਅਗੇ ਆਉਂਦੇ ਵਾਰ ਨੂੰ ਸਾਡੇ ਮੁੰਡੇ ਨੂੰ ਦੇਖਣ ਆ ਜਾਣ ਨਾਲ ਓਦੋਂ ਤੱਕ ਘਰੇ ਪਾਠ ਕਰਵਾ ਲੈਣ ਗੇ ਘਰੋਂ ਗ੍ਰਹਿ ਜੇ ਟਲ ਗਿਆ ਹੈ।

ਆਉਂਦੇ ਹੀ ਕੁਛ ਕ ਦਿਨਾਂ ਬਾਅਦ ਸਰਪੰਚਣੀ ਨੇ ਆਵਦੇ ਮੁੰਡੇ ਦਾ ਰਿਸ਼ਤਾ ਨੇੜੇ ਦੇ ਪਿੰਡ ਦੇ ਇਕ ਪੰਚਾਇਤ ਮੈਂਬਰ ਦੀ ਕੁੜੀ ਨਾਲ ਪੱਕਾ ਕਰਨ ਲੱਗੀ। ਵਿਆਹ ਜਲਦੀ ਮੰਗਣ ਤੇ ਮੈਂਬਰ ਨੇ ਆਪਣੇ ਕੁੜੀ ਦੀ ਪੜਾਈ ਪੂਰੀ ਹੋਣ ਵਾਸਤੇ ਇਕ ਸਾਲ ਬਾਅਦ ਵਿਆਹ ਕਰਨ ਦਾ ਸਮਾਂ ਮੰਗਿਆ ਤੇ ਨਾਲ ਹੀ ਇਹ ਵੀ ਕਿਹਾ ਕ ਉਹ ਪੱਕਾ ਫੈਸਲਾ ਆਪਣੀ ਕੁੜੀ ਦਾ ਫੈਸਲਾ ਪੁੱਛ ਕੇ ਹੀ ਕਰੇਗਾ। ਨਾ ਚਾਹੁੰਦੇ ਹੋਏ ਵੀ ਸਰਪੰਚਣੀ ਨੂੰ ਮੰਨਣਾ ਪਿਆ। ਮੈਂਬਰ ਦੇ ਪੜਤਾਲ ਕਰਨ ਤੇ ਸਰਪੰਚਣੀ ਨੇ ਸਭ ਸੱਚ ਦਸਿਆ ਕੇ ਪਹਿਲਾਂ ਵਾਲੀ ਨੂੰਹ ਬਾਂਝ ਸੀ ਤੇ ਬੋਹਤ ਇਲਾਜ ਕਰਾਉਣ ਦੇ ਬਾਦ ਵੀ ਮਾਂ ਬਣਨ ਦੇ ਕਾਬਿਲ ਨਹੀਂ ਸੀ। ਹੋਰ ਗੱਲਾਂ ਕਰਦਿਆਂ ਨਵੇਂ ਬਣੇ ਕੁੜਮਾਂ ਦੀ ਸਕੀਰੀ ਸਰਪੰਚਣੀ ਦੇ ਪੇਕਿਆਂ ਚ ਨਿਕਲ ਆਯੀ ਤੇ ਇਸ ਗੱਲ ਦਾ ਫਾਇਦਾ ਚਕਦਿਆਂ ਸਰਪੰਚਣੀ ਨੇ ਪੈਰ ਤੇ ਪਾਣੀ ਨਾ ਪੈਣ ਦਿੱਤਾਂ ਤੇ ਮੈਂਬਰ ਤੋਂ ਹਾਂ ਕਰਾ ਕੇ ਹੀ ਉੱਠਣ ਦਿਤਾ।

ਸਮਾਂ ਚਾਲੇ ਚਲਿਆ ਤੇ ਰਿਸ਼ਤਾ ਕਰਨ ਤੋਂ ਛੇ ਕੁ ਮਹੀਨਿਆਂ ਬਾਅਦ ਸਰਪੰਚਣੀ ਦੇ ਪੇਕਿਆਂ ਚ ਇਕ ਵਿਆਹ ਆਇਆ ਤੇ ਮਾਂ ਪੁੱਤ ਵਿਆਹ ਦੇਖਣ ਚਲੇ ਗਏ ਸਰਪੰਚਣੀ ਦੇ ਮੁੰਡੇ ਦੀ ਹੋਣ ਵਾਲੀ ਘਰ ਵਾਲੀ ਵੀ ਉਸੇ ਵਿਆਹ ਤੇ ਆਪਣੇ ਸਾਰੇ ਪਰਿਵਾਰ ਨਾਲ ਆਯੀ ਹੋਈ ਸੀ ਆਪਣੀ ਨਵੀਂ ਨੂੰਹ ਨੂੰ ਦੇਖਦਿਆਂ ਹੀ ਨਾਲ ਦੇ ਸੋਫੇ ਤੋਂ ਓਦੇ ਮਾਂ ਪਿਓ ਕੋਲੋ ਉਠਾ ਕੇ ਸਰਪੰਚਣੀ ਨੇ ਆਪਣੇ ਨਾਲ ਬਿਠਾ ਲਿਆ ਤੇ ਪਿਆਰ ਕਰਨ ਲੱਗੀ। ਐਨੇ ਨੂੰ ਜਿਨ੍ਹਾਂ ਦੇ ਘਰ ਵਿਆਹ ਸੀ ਓਹਨਾ ਦੇ ਮੋਚੀ ਨੇ ਆ ਕਿਹਾ ਕੇ ਪ੍ਰੋਨਿਆਂ ਨੂੰ ਕੋਈ ਲੱਡੂ ਜਲੇਬੀ ਧਰੋ ਚਾਹ ਪਿਆਯੋ। ਆਪਣੀ ਨਵੀਂ ਨੂੰਹ ਨੂੰ ਗਰਮੋ ਗਰਮੀ ਹੋਈ ਦੇਖ ਸਰਪੰਚਣੀ ਨੇ ਕਿਹਾ ਚਾਹ ਨੀ ਮੇਰੀ ਧੀ ਨੂੰ ਤਾਂ ਸ਼ਕਾਂਜਵੀ ਦਿਓ ਸ਼ਕਾਂਜਵੀ ਹਸਦਾ ਹੋਇਆ ਘਰ ਦਾ ਮੋਚੀ ਕਹਿੰਦਾ ਹੁਣੇ ਭੇਜਦਾ ਜੀ। ਕਮਰੇ ਤੋਂ ਬਾਹਰ ਜਾਂਦਾ ਮੋਚੀ ਕਿਸੇ ਨੂੰ ਹਾਕ ਮਾਰਦਾ ਕਹਿ ਗਿਆ ਕਿ ਭਾਈ ਆਹ ਕਮਰੇ ਚ ਸ਼ਕਾਂਜਵੀ ਭੇਜਿਓ ਛੇਤੀ ਦੇਣੇ। ਦਸ ਮਿੰਟ ਬਾਅਦ ਪੰਜ ਛੇ ਮਹੀਨੇ ਦੀ ਗਰਭਵਤੀ ਔਰਤ ਸੱਤ ਅੱਠ ਸ਼ਕਾਂਜਵੀ ਦੇ ਗਿਲਾਸ ਲੈ ਕੇ ਕਮਰੇ ਚ ਆਈ ਤੇ ਆਉਂਦਿਆਂ ਹੀ ਸਰਪੰਚਣੀ ਦੇ ਪੈਰੀਂ ਹੱਥ ਲੈ ਕੇ ਕਿਹਾ "ਸਤ ਸ਼੍ਰੀ ਅਕਾਲ ਮੰਮੀ"। ਨਾਲ ਬੈਠੀ ਭੂਆ ਤੋਂ ਜਦ ਮੈਂਬਰ ਨੇ ਪੁੱਛਿਆ ਕ ਇਹ ਔਰਤ ਸਰਪੰਚਣੀ ਨੂੰ ਮੰਮੀ ਕਿਉਂ ਕਹਿ ਰਹੀ ਹੈ ਤਾਂ ਉਸਨੇ ਦੱਸਿਆ ਕਿ ਸ਼ਕਾਂਜਵੀ ਫੜਾਉਣ ਆਯੀ ਔਰਤ ਇਸਦੇ ਮੁੰਡੇ ਦੀ ਪਹਿਲੀ ਘਰਵਾਲੀ ਸੀ। ਹੁਣ ਸਰਪੰਚਣੀ ਦੀਆਂ ਅੱਖਾਂ ਉਸਦੇ ਵਧੇ ਹੋਏ ਢਿੱਡ ਤੋਂ ਨੀ ਸੀ ਹਟ ਰਹੀਆਂ। ਤੇ ਉਸਦੇ ਕੁੜਮ ਕੁੜਮਣੀ ਦੀਆਂ ਸਰਪੰਚਣੀ ਦੇ ਮੁੰਡੇ ਤੋਂ।

# ਕੰਮੀਆ-ਦੇ-ਵਿਹੜੇ-ਦਾ-ਮੱਘਦਾ-ਸੂਰਜ-ਸੰਤ-ਰਾਮ-ਉਦਾਸੀ

ਸੰਤ ਰਾਮ ਉਦਾਸੀ (20 ਅਪ੍ਰੈਲ 1939– 6 ਨਵੰਬਰ 1986) ਪੰਜਾਬੀ ਕਵੀ ਅਤੇ ਗੀਤਕਾਰ ਸੀ। ਉਹ ਆਪਣੇ ਗੀਤ ਆਪ ਹੇਕ ਨਾਲ ਗਾਉਣ ਵਾਲੇ ਕ੍ਰਾਂਤੀਕਾਰੀ ਕਵੀ ਦੇ ਤੌਰ ਤੇ ਜਾਣਿਆ ਜਾਂਦਾ ਹੈ।

ਜਨਮ: 20 ਅਪਰੈਲ 1939
ਪਿੰਡ ਰਾਇਸਰ ਜ਼ਿਲ੍ਹਾ ਬਰਨਾਲਾ
ਮੌਤ:6 ਨਵੰਬਰ 1986 (ਉਮਰ ਸੰਤਾਲੀ ਸਾਲ) ਬਰਨਾਲਾ
ਕਾਰਜ-ਖੇਤਰ:ਕਵਿਤਾ
ਰਾਸਟਰੀਅਤਾ:ਭਾਰਤੀ
ਭਾਸਾ:ਪੰਜਾਬੀ
ਕਾਲ:1960-86
ਵਿਸਾ:ਦੱਬੇ ਕੁਚਲੇ ਲੋਕਾਂ ਬਾਰੇ
ਸਾਹਿਤਕ-ਲਹਿਰ:ਨਕਸਲਬਾੜੀ

**ਜੀਵਨ**

ਸੰਤ ਰਾਮ ਉਦਾਸੀ ਦਾ ਜਨਮ ਪਿੰਡ ਰਾਏਸਰ ਜ਼ਿਲ੍ਹਾ ਬਰਨਾਲਾ ਵਿਖੇ ਇੱਕ ਗਰੀਬ ਦਲਿਤ ਪਰਿਵਾਰ ਵਿੱਚ ਹੋਇਆ ਸੀ। ਉਨ੍ਹੀਂ ਦਿਨੀਂ, ਦਲਿਤ ਲੋਕਾਂ ਦੀ ਸਮਾਜਿਕ, ਆਰਥਿਕ ਅਤੇ ਮਾਨਸਿਕ ਲੁਟ ਸਿੱਖਰਾਂ ਤੇ ਸੀ। ਦਲਿਤਾਂ ਨੂੰ ਦੂਹਰੀ ਗੁਲਾਮੀ ਦਾ ਜੀਵਨ ਭੋਗਣਾ ਪੈਂਦਾ ਸੀ। ਨੀਵੀਂ ਜਾਤ ਦੇ ਲੋਕ ਉਚੀ ਜਾਤ ਦੇ ਭਾਂਡਿਆ ਨੂੰ ਭਿੱਟ ਚੜ੍ਹ ਜਾਣ ਦਾ ਡਰੋਂ ਹੱਥ ਨਹੀਂ ਲਾ ਸਕਦੇ ਸੀ। ਦੂਜੀਆਂ ਦਸਤਕਾਰ ਜਾਤਾਂ, ਨਾਈ, ਛੀਂਬੇ, ਝਿਊਰ, ਤਰਖਾਣ ਆਦਿ ਆਪਣੇ ਕਿੱਤੇ ਕਰਕੇ ਰੋਜੀ ਕਮਾਉਣ ਲਈ ਆਜ਼ਾਦ ਸਨ, ਜਦ ਕਿ ਗੈਰ ਹੁਨਰੀ ਜਾਤ ਲਈ ਜਿਮੀਂਦਾਰਾਂ ਦੇ ਖੇਤਾਂ ਵਿੱਚ ਪਸ਼ੂਆਂ ਵਾਂਗ ਕੰਮ ਕਰਨਾ, ਉਨ੍ਹਾਂ ਦੇ ਘਰੀਂ ਗੋਹਾ ਕੂੜਾ ਤੱਕ ਕਰਨਾ ਪੈਂਦਾ ਸੀ। ਭਾਵੇਂ ਚਮਿਆਰ ਜਾਤ ਨੂੰ ਨੀਵੀਂ ਜਾਤ ਵਰਗੀ ਜਲਾਲਤ ਦਾ ਸਾਹਮਣਾ ਕਰਨਾ ਪੈਂਦਾ ਸੀ ਪਰ ਚਮੜੇ ਦਾ ਕੰਮ ਕਰਦੇ ਹੋਣ ਕਰਕੇ ਕੱਚਾ ਮਾਲ ਮੁਫਤ ਮਿਲਣ ਕਾਰਨ ਆਰਥਿਕ ਤੌਰ ਆਪਣੇ ਵਿਕਾਸ ਵਲ ਤੇਜ ਗਤੀ ਨਾਲ ਵਧੀ ਹੈ। ਅਜਿਹੇ ਹਾਲਤ ਵਿੱਚ ਸੰਤ ਰਾਮ ਉਦਾਸੀ ਦਾ ਬਚਪਨ ਬੀਤਿਆ।

**ਪੜ੍ਹਨਾ-ਤੇ-ਲਿਖਣਾ**

ਸੰਤ ਰਾਮ ਉਦਾਸੀ ਨੇ ਘੋਰ ਗਰੀਬੀ ਵਿੱਚ ਪੜ੍ਹਾਈ ਜਾਰੀ ਰੱਖੀ। ਹੋਰ ਉਸ ਸਮੇਂ ਦਲਿਤਾਂ ਦੇ ਮੁੰਡਿਆਂ ਲਈ ਸਿਰਫ ਸੀਰੀ ਰਲਣ ਤੋਂ ਸਿਵਾ ਹੋਰ ਸੋਚਿਆ ਵੀ ਨਹੀ ਜਾਂਦਾ ਸੀ। ਪਰ ਉਦਾਸੀ ਨੂੰ ਆਜਾਦੀ ਉਪਰੰਤ ਹੋਏ ਵਿਦਿਅਕ ਪਸਾਰ ਸਦਕਾ ਪੜ੍ਹਨ ਦਾ ਮੌਕਾ ਮਿਲ ਗਿਆ।

**ਨਕਸਲੀ-ਲਹਿਰ-ਦੇ-ਸੰਗ**

ਇਹਨਾਂ ਸਮਾਜਿਕ, ਆਰਥਿਕ ਪ੍ਰਸਥਿਤੀਆਂ ਦੇ ਗੁੰਝਲਦਾਰ ਉਤਰਾਵਾ ਚੜਾਵਾ ਰਾਹੀ ਹੀ ਸੰਤ ਰਾਮ ਉਦਾਸ ਦਾ ਅਨੁਭਵ ਪ੍ਰਵਾਨ ਚੜ੍ਹਿਆ ਹੈ। ਉਸਨੂੰ ਅੱਖਾ ਖੋਲਣ ਤੋਂ ਲੈ ਕੇ ਅੰਤਲੀ ਘੜੀ ਤੱਕ ਇਹ ਜਾਤੀ ਕੋਹੜ ਦਾ ਵਿਤਕਰਾ ਹੰਢਾਉਣ ਪਿਆ। ਜਾਤੀ ਵਿਰਕੇ ਨੇ ਉਦਾਸੀ ਦੇ ਮਨ ਤੇ ਡੂੰਘਾ ਪ੍ਰਭਾਵ ਪਾਇਆ। 1964 ਤੋਂ 1968 ਦੌਰਾਨ ਉਸਨੇ ਮਾਰਕਸ, ਏਂਗਲਜ, ਲੈਨਿਨ, ਗੋਰਕੀ, ਲੂਸਨ, ਜੂਲੀਅਸ ਫਿਊਚਕ, ਸੋਲੋਖੋਵ, ਤੁਰਗਨੇਵ ਅਤੇ ਤਾਲਸਤਾਏ ਆਦਿ ਲੇਖਕਾਂ ਦੀਆਂ ਕਿਰਤਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਨੂੰ ਵਿਗਿਆਨਕ ਢੰਗ ਨਾਲ ਘੋਖਿਆ। 1967 ਵਿਚ ਨਕਸਲਬਾੜੀ ਲਹਿਰ ਦੇ ਲਾਲ ਉਭਾਰ ਨੇ ਇਸ ਕਵੀ ਦਾ ਰੋਮ ਰੋਮ ਵਿੰਨ੍ਹ ਦਿੱਤਾ। 13 ਅਗਸਤ, 1971 ਨੂੰ ਸਾਹਿਤ ਸਭਾ, ਨਕੋਦਰ ਵੱਲੋਂ ਪੰਜਾਬ ਪੱਧਰ ਦਾ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਉਦਾਸੀ ਪੰਜਾਬ ਪੱਧਰ ਦੇ ਕਵੀ ਦੇ ਤੌਰ 'ਤੇ ਉੱਭਰਿਆ।1965 ਦੇ ਦੌਰ ਤੋਂ ਬਾਅਦ ਸੰਤ ਰਾਮ ਉਦਾਸੀ ਨੇ ਆਪਣੀ ਸਮਾਜਕ, ਰਾਜਸੀ ਸੋਝ ਰਾਹੀ ਇਹ ਅਨੁਭਵ ਕਰ ਲਿਆ ਸੀ ਕਿ ਭਾਰਤ ਅੰਦਰ ਕੰਮ ਕਰ ਰਹੀਆਂ ਅਖੋਤੀ ਕਮਿਊਨਿਸਟ ਪਾਰਟੀਆਂ ਸਮਾਜਿਕ ਤਬਦੀਲੀ ਦੀ ਜਾਮਨੀ ਨਹੀ ਭਰ ਸਕਦੀਆਂ। ਆਪਣੇ ਲੋਕਾਂ ਦੀ ਮੁਕਤੀ ਦੇ ਸੁਪਨੇ ਵੇਖਣ ਦਾ ਚਾਹਵਾਨ, ਸੰਤ ਰਾਮ ਉਦਾਸੀ ਨਕਸਲਬਾੜੀ ਲੋਕ ਯੁੱਧ ਦਾ ਇੱਕ ਦ੍ਰਿੜ ਸਿਪਾਹੀ ਸੀ। ਸੰਤ ਰਾਮ ਉਦਾਸੀ ਦਾ ਜੀਵਨ ਇੰਨੇ ਵਿਸਾਲ ਕੈਨਵਸ ਵਿੱਚ ਫੈਲਿਆ ਹੋਇਆ ਹੈ ਲੋਕ ਮੁਕਤੀ ਦੇ ਜੁਝਾਰੂ ਸਿਪਾਹੀ ਨੂੰ ਜਿੱਥੇ ਹਕੂਕਤ ਨੇ ਸਰੀਰਕ ਤੌਰ 'ਤੇ ਆਪਣੇ ਜ਼ੁਲਮਾਂ ਦਾ ਸ਼ਿਕਾਰ ਬਣਾਇਆ। ਉਥੇ ਉਸਨੂੰ ਹੋਰ ਮਾਨਸਿਕ ਤਸੀਹੇ ਵੀ ਦਿੱਤੇ ਗਏ। ਦਲਿੱਤ ਪਰਿਵਾਰ ਦੇ ਹੋਣ ਕਾਰਨ ਉਦਾਸੀ ਕੋਲ ਰੋਜੀ ਦਾ ਵਸੀਲਾ ਵੀ ਸਿਰਫ ਸਕੂਲ ਮਲਾਜਮਤ ਹੀ ਸੀ। ਜਿਸ ਰਾਹੀਂ ਉਹ ਟੱਬਰ ਦਾ ਪੇਟ ਪਾਲਦਾ ਸੀ। ਉਹ ਉੱਚ ਕੋਟੀ ਦਾ ਕਵੀ, ਸਿਪਾਹੀ ਤੇ ਜਿੰਮੇਵਾਰ ਇਨਸਾਨ ਸੀ।



**ਗ੍ਰਿਫਤਾਰੀ**

ਸੰਤ ਰਾਮ ਉਦਾਸੀ ਦੀ ਗ੍ਰਿਫਤਾਰੀ 11-1-71 ਨੂੰ ਹੁੰਦੀ ਹੈ। ਉਸਨੂੰ ਬਹਾਦਰ ਸਿੰਘ ਵਾਲਾ ਦੀ ਪੁਲੀਸ ਦੇ ਸਪੈਸ਼ਲ ਸਟਾਫ ਨੇ ਗ੍ਰਿਫਤਾਰ ਕਰ ਲਿਆ। ਉਦਾਸੀ ਭਾਵੇਂ ਪਾਸ ਵਾਂਗ ਸ਼ਹੀਦ ਹੋ ਕੇ ਧਰੂ ਤਾਰੇ ਵਾਂਗ ਤਾ ਨਹੀਂ ਚਮਕ ਸਕਿਆ ਪਰ ਸਮੇਂ ਦਾ ਸੱਚ ਉਸ ਕੋਲ ਸੀ। ਪਰ ਜਦ ਇਸ ਵਕਤ ਦੀ ਗਰਦ ਗੁਬਾਰ ਬੈਠਕੇ ਇਤਿਹਾਸ ਨਿਖਰੇਗਾ ਤਾਂ ਉਦਾਸੀ ਦਾ ਸਹੀ ਮੁਲਾਕਣ ਹੋ ਸਕੇਗਾ। ਕਿਉਂਕਿ ਇਨਕਲਾਬੀ ਲਹਿਰ ਨੂੰ ਵਿਕਸਤ ਕਰਨ ਦਾ ਸੁਆਲ ਅੱਜੀ ਵੀ ਪਹਾੜ ਵਾਂਗ ਮੂੰਹ ਅੱਡੀ ਖੜ੍ਹਾ ਹੈ।

**ਕੈਨੇਡਾ-ਫੇਰੀ**

ਸੰਨ 1979 ਵਿੱਚ ਸੰਤ ਰਾਮ ਉਦਾਸੀ ਇੰਡੀਅਨ ਪੀਪਲਜ ਐਸੋਸੀਏਸਨ ਇਨ ਨਾਰਥ ਅਮਰੀਕਾ (ਇਪਾਨਾ) ਦੇ ਸੱਦੇ 'ਤੇ ਕੈਨੇਡਾ ਆਇਆ। ਇਸ ਫੇਰੀ ਦੌਰਾਨ ਉਦਾਸੀ ਨੇ ਕੈਨੇਡਾ ਦੇ ਸੂਬੇ ਬ੍ਰਿਟਿਸ ਕੋਲੰਬੀਆ ਦੇ ਵੱਖ ਵੱਖ ਸਹਿਰਾਂ ਵਿੱਚ ਆਪਣੇ ਪ੍ਰੋਗਰਾਮ ਕੀਤੇ। ਇਸ ਹੀ ਸਮੇਂ ਇਪਾਨਾ ਨੇ ਸੰਤ ਰਾਮ ਉਦਾਸੀ ਦੇ ਗੀਤਾ ਦਾ ਇਕ ਰਿਕਾਰਡ ਤਿਆਰ ਕਰਵਾਇਆ, ਅਤੇ ਉਸ ਦਾ ਨਾਂ ਰੱਖਿਆ 'ਸੰਤ ਰਾਮ ਉਦਾਸੀ ਦੇ ਗੀਤ (Revolutionary songs from India)। ਇਸ ਰਿਕਾਰਡ ਦੇ ਕਵਰ ਉੱਤੇ ਹੇਠ ਲਿਖੇ ਸ਼ਬਦ ਲਿਖੇ ਹੋਏ ਹਨ:

ਸੰਤ ਰਾਮ ਉਦਾਸੀ ਲੋਕਾਂ ਦਾ ਆਦਮੀ ਅਤੇ ਕਵੀ ਹੈ। ਉਸਦਾ ਜਨਮ ਪੰਜਾਬ ਵਿੱਚ ਇਕ ਬੇਜਮੀਨੇ "ਦਲਿਤ" ਪਰਿਵਾਰ ਦੇ ਘਰ ਹੋਇਆ। ਭਾਰਤੀ ਲੋਕਾਂ ਦੀਆਂ ਇਨਕਲਾਬੀ ਜੱਦੋਜਹਿਦਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੇ ਨਾਲ ਨਾਲ ਉਦਾਸੀ ਨੇ ਇਹਨਾਂ ਜੱਦੋਜਹਿਦਾਂ ਵਿੱਚ ਆਪਣੀ ਕਵਿਤਾ ਨਾਲ ਵੀ ਯੋਗਦਾਨ ਪਾਇਆ ਹੈ। ਉਸ ਦੇ ਸਿਆਸੀ ਵਿਚਾਰਾਂ ਕਰਕੇ ਭਾਰਤੀ ਸਟੇਟ ਵਲੋਂ ਉਸ ਨੂੰ ਕਈ ਵਾਰੀ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਉੱਤੇ ਅੰਨਾ ਤਸੱਦਦ ਢਾਹਿਆ ਗਿਆ ਜਿਸ ਕਾਰਨ ਉਸ ਦੀਆਂ ਅੱਖਾਂ ਦੀ ਲੋਅ ਬਹੁਤ ਬੁਰੀ ਤਰ੍ਹਾਂ ਘੱਟ ਗਈ ਹੈ।

ਉਦਾਸੀ ਦੇ ਗੀਤ ਭਾਰਤੀ ਲੋਕਾਂ ਦੀ ਜੱਦੋ-ਜਹਿਦ ਅਤੇ ਹੌਂਸਲੇ ਦਾ ਜਸਨ ਮਨਾਉਂਦੇ ਹਨ। ਉਹ ਕਿਸਾਨਾਂ, ਮਜਦੂਰਾਂ, ਔਰਤਾਂ ਅਤੇ ਸਾਰੇ ਦੱਬੇ ਕੁਚਲੇ ਲੋਕਾਂ ਦੇ ਗੀਤ ਗਾਉਂਦਾ ਹੈ। ਉਹ ਲੋਕਾਂ ਦੀਆਂ ਦੱਬੀਆਂ, ਕੁਚਲੀਆਂ ਹਾਲਤਾਂ ਦੇ, ਜਗਰੀਰਦਾਰਾਂ, ਸੂਦਖੋਰਾਂ ਅਤੇ ਅਮੀਰਾਂ ਵਲੋਂ ਹੁੰਦੀ ਲੁੱਟ-ਖਸੁੱਟ ਪ੍ਰਤੀ ਨਫਰਤ ਦੇ ਅਤੇ ਲੋਕਾਂ ਵਲੋਂ ਆਪਣੀ ਅਜ਼ਾਦੀ ਵਾਸਤੇ ਹਥਿਆਰਬੰਦ ਘੋਲ ਕਰਨ ਦੇ ਬੁਲੰਦ ਇਰਾਦਿਆਂ ਦੇ ਗੀਤ ਗਾਉਂਦਾ ਹੈ। ਇਨ੍ਹਾਂ ਗੀਤਾਂ ਦਾ ਸੋਮਾ ਭਾਰਤੀ ਲੋਕਾਂ ਦੇ ਸਭਿਆਚਾਰ ਦੇ ਨਾਲ ਨਾਲ ਨਕਸਲਬਾੜੀ ਦਾ ਇਨਕਲਾਬੀ ਘੋਲ ਵੀ ਹੈ; ਇਹ ਗੀਤ ਭਾਰਤ ਦੇ ਨਵਜਮਹੂਰੀ ਇਨਕਲਾਬ ਦੇ ਗੀਤ ਹਨ।

ਜਦੋਂ ਉਦਾਸੀ ਕੈਨੇਡਾ ਵਿੱਚ ਸੀ ਉਸ ਸਮੇਂ ਬ੍ਰਿਟਿਸ ਕੋਲੰਬੀਆ ਵਿੱਚ ਖੇਤ ਮਜਦੂਰਾਂ ਨੂੰ ਯੂਨੀਅਨ ਵਿੱਚ ਜਥੇਬੰਦ ਕਰਨ ਦੀ ਲਹਿਰ ਚੱਲ ਰਹੀ ਸੀ। ਇਹਨਾਂ ਮਜਦੂਰਾਂ ਵਿੱਚ ਬਹੁਤ ਮਜਦੂਰ ਭਾਰਤ ਤੋਂ ਆਏ ਨਵੇਂ ਅਵਾਸੀ ਸਨ। ਇਸ ਲਹਿਰ ਬਾਰੇ ਪ੍ਰਸਿੱਧ ਡਾਕੂਮੈਂਟਰੀ ਫਿਲਮਕਾਰ ਆਨੰਦ ਪਟਵਰਧਨ ਨੇ ਇਕ ਫਿਲਮ ਬਣਾਈ। ਉਸ ਨੇ ਆਪਣੀ ਫਿਲਮ ਦਾ ਨਾਂ 'ਉੱਠਣ ਦਾ ਵੇਲਾ (Time to Rise)' ਰੱਖਿਆ ਜਿਹੜਾ ਕਿ ਸੰਤ ਰਾਮ ਉਦਾਸੀ ਦੇ ਮਸਹੂਰ ਗੀਤ ਉੱਠਣ ਦਾ ਵੇਲਾ 'ਤੇ ਆਧਾਰਤ ਹੈ।

ਇਸ ਹੀ ਫੇਰੀ ਦੌਰਾਨ ਬ੍ਰਿਟਿਸ ਕੋਲੰਬੀਆ ਦੇ ਇਕ ਛੋਟੇ ਜਿਹੇ ਸ਼ਹਿਰ ਪੋਰਟ ਅਲਬਰਨੀ ਵਿੱਚ ਉਦਾਸੀ ਦੇ ਪ੍ਰੋਗਰਾਮ ਦੀ ਫਿਲਮ 8 ਮਿਲੀ ਮੀਟਰ ਦੇ ਕੈਮਰੇ ਨਾਲ ਬਣਾਈ ਗਈ। ਇਹ ਫਿਲਮ ਸੰਨ 2014 ਵਿੱਚ ਸਾਹਮਣੇ ਆਈ। ਸਾਇਦ ਉਦਾਸੀ ਦੀ ਰਿਕਾਰਡ ਹੋਈ ਇਹ ਇਕੋ ਇਕ ਫਿਲਮ ਹੈ।

**ਰਚਨਾਵਾਂ**

ਲਹੂ ਭਿੱਜੇ ਬੋਲ (ਕਾਵਿ ਸੰਗ੍ਰਹਿ)
ਚੌ-ਨੁਕਰੀਆਂ ਸੀਖਾਂ (ਕਾਵਿ ਸੰਗ੍ਰਹਿ)
ਸੈਨਤਾਂ (ਕਾਵਿ ਸੰਗ੍ਰਹਿ)
ਕੰਮੀਆਂ ਦਾ ਵਿਹੜਾ (ਕਾਵਿ ਸੰਗ੍ਰਹਿ)
ਪ੍ਰਸਿੱਧ-ਗੀਤ
ਵਸੀਅਤ
ਅਧੂਰੀ ਸਵੈ ਗਾਥਾ।
ਓ ਲੈ ਆ ਤੰਗਲੀ।
ਚਿੱਠੀਆ ਵੰਡਣ ਵਾਲਿਆ।
ਵਰ ਕਿ ਸਰਾਪ।
ਦਿੱਲੀਏ ਦਿਆਲਾ ਦੇਖ।
ਕਾਲਿਆ ਕਾਵਾਂ ਵੇ।
ਹੁਣ ਤੁਹਾਡੀ ਯਾਦ ਵਿੱਚ।
ਇੱਕ ਸਰਧਾਂਜਲੀ - ਇੱਕ ਲਲਕਾਰ।
ਮਾਵਾਂ ਠੰਡੀਆਂ ਛਾਵਾਂ।
ਚਿੱਤ ਨਾ ਡੁਲਾਈਂ ਬਾਬਲਾ।
ਹੋਕਾ।
ਹਨ੍ਹੇਰੀਆਂ ਦੇ ਨਾਮ।
ਪੱਕਾ ਘਰ ਟੋਲੀਂ ਬਾਬਲਾ।
ਅੰਮੜੀ ਨੂੰ ਤਰਲਾ।
ਕੈਦੀ ਦੀ ਪਤਨੀ ਦਾ ਗੀਤ।
ਕਾਵਿ ਨਮੂਨਾ ਸੋਧੋ

**ਵਸੀਅਤ**

ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ ਰੇਤੇ
'ਚ ਨਾ ਰਲਾਇਓ।
ਮੇਰੀ ਵੀ ਜਿੰਦਗੀ ਕੀ ?
ਬਸ ਬੂਰ ਸਰਕੜੇ ਦਾ
ਆਹਾਂ ਦਾ ਸੇਕ ਕਾਫੀ,
ਤੀਲੀ ਬੇਸਕ ਨਾ ਲਾਇਓ।
ਹੋਣਾ ਨਹੀਂ ਮੈ ਚਾਹੁੰਦਾ
ਸੜ ਕੇ ਸਵਾਹ ਇਕੇਰਾਂ,
ਜਦ ਜਦ ਢਲੇਗਾ ਸੂਰਜ
ਕਣ ਕਣ ਮੇਰਾ ਜਲਾਇਓ।
ਵਲਗਣ ਚ ਕੈਦ ਹੋਣਾ
ਸਾਡੇ ਨਹੀਂ ਮੁਆਫਕ,
ਯਾਰਾਂ ਦੇ ਵਾਂਗ ਅਰਥੀ
ਸੜਕਾਂ ਤੇ ਹੀ ਜਲਾਇਓ।
ਜੀਵਨ ਤੋਂ ਮੌਤ ਤਾਈਂ
ਆਉਂਦੇ ਬੜੇ ਚੁਰਾਹੇ
ਜਿਸ ਦਾ ਹੈ ਪੰਧ ਬਿਖੜਾ
ਓਸੇ ਹੀ ਰਾਹ ਲਿਜਾਇਓ।
ਮੇਰੀ ਮੌਤ ਤੇ ਨਾ ਰੋਇਓ,
ਮੇਰੀ ਸੋਚ ਨੂੰ ਬਚਾਇਓ।
ਮੇਰੇ ਲਹੂ ਦਾ ਕੇਸਰ
ਰੇਤੇ 'ਚ ਨਾ ਰਲਾਇਓ।

**ਆਖਰੀ-ਸਮਾਂ**

ਹਜ਼ੂਰ ਸਾਹਿਬ ਵਿਖੇ ਹੋਏ ਕਵੀ ਦਰਬਾਰ ਤੋਂ ਵਾਪਸ ਆਉਂਦੇ ਹੋਏ 06 ਨਵੰਬਰ 1986 ਨੂੰ ਰਸਤੇ ਵਿੱਚ ਰੇਲਗੱਡੀ ਵਿੱਚ ਹੀ ਉਨ੍ਹਾਂ ਆਖਰੀ ਸਾਹ ਲਿਆ। ਉਨ੍ਹਾਂ ਦੇ ਪਰਿਵਾਰ ਨੂੰ ਇਸ ਬਾਰੇ ਜਾਣਕਾਰੀ 3 ਦਿਨ ਬਾਅਦ ਮਿਲੀ। ਉਦਾਸੀ ਜੀ ਭਾਵੇਂ ਜਿਸਮਾਨੀ ਤੌਰ 'ਤੇ ਜੱਗ ਤੋਂ ਰੁਖਸਤ ਹੋ ਗਏ ਨੇ ਪਰ ਆਪਣੀਆ ਲਿਖਤਾਂ ਰਾਹੀ ਅੱਜ ਵੀਂ ਜਿੰਦਾ ਹਨ ਅਤੇ ਚੇਤਨਾ ਪੈਦਾ ਕਰ ਰਹੇ ਹਨ।

## ਪੀਲੀ ਪੱਗ ਵਾਲਾ ਪੱਤਾ ਖੂਬ ਚੱਲਿਆ

ਪੀਲੀ ਪੱਗ ਵਾਲਾ ਪੱਤਾ ਖੂਬ ਚੱਲਿਆ,
ਭਗਤ ਸਿੰਆਂ ਚਲਾ ਦੇ ਚਰਖਾ!

ਰੰਗ ਸਿਆਸਤਾਂ ਤੇ ਧਰਮਾਂ ਨੇ ਰੋਕ ਲਏ!
ਕਿਹੜਾ ਰੰਗ ਰੰਗਾ ਸੋਹਣਿਆ!!

ਗਾਂਧੀ ਚਰਖਾ ਚੱਲੇਗਾ ਗੁਜਰਾਤ 'ਚ
ਭਗਤ ਸਿਓ ਪੰਜਾਬ ਚੱਲ ਗਿਆ।

ਰਾਜ ਸਤਾ ਦੀ ਪੂਛ ਹੇਠ ਦੱਬ ਗਈ,
ਸਾਡੀ ਦਸਤਾਰ ਸੋਹਣਿਆ।

ਅਸੀਂ ਗੱਲਾਂ ਦਾ ਕੜਾਹ ਕਰੀ ਜਾਨੇ ਐ,
ਗੋਰਿਆਂ ਨੂੰ ਖਬਰ ਕਰੋ।

ਢਾਈ ਕਰੋੜ 'ਚ ਪਈ ਐ ਸੌਹ ਚੁੱਕਣੀ,
ਖੋਲ੍ਹਤਾ ਖਜ਼ਾਨਾ ਲੋਕਾਂ ਲਈ।

"ਰੋਡ ਸੋਅ" ਸਾਡੀ ਆਦਤ ਨੀ ਛੱਡਦੇ,
ਰੋਡਵੇਜ਼ ਲਿਆਓ ਘੇਰ ਕੇ!!

ਅਸੀਂ ਧੰਨਵਾਦੀ ਦੌਰੇ ਸੁਰੂ ਕਰਤੇ,
ਸਕੂਲਾਂ ਵਿੱਚ ਛਾਪੇ ਮਾਰ ਮਾਰਕੇ!!

ਜਦੋਂ ਕਬਰਾਂ ਚ ਲੱਤਾਂ ਹੋਈਆਂ ਸਾਡੀਆਂ,
ਲੱਤ ਮਾਰੀ ਪੈਨਸ਼ਨ ਨੂੰ!!

"ਦਿੱਲੀ ਮਾਡਲ" ਪੰਜਾਬ ਹੋਇਆ ਰੰਗਲਾਂ,
ਲੰਘੋਂ ਸਾਡੀ ਲੱਤ ਹੇਠ ਦੀ।

\- ਜਗਸੀਰ ਜੀਦਾ

## ਬੁਲਡੋਜ਼ਰ

ਜੋ ਸਾਡੇ ਤੋਂ ਰੋਜ਼ ਗੁਜ਼ਰਦੇ
ਪਰ ਨਾ ਬਣਦੀ ਕਦੇ
ਇਨ੍ਹਾਂ ਦੀ ਖ਼ਬਰ ਕੋਈ
ਪਰ ਹੁਣ ਜਿਵੇਂ ਨਿਸ਼ੰਗ ਹੋ ਕੇ ਆਏ
ਜਾਪੇ ਤਾਂਹੀਓ ਇਹ ਚਰਚਾ ਹੈ ਹੋਈ
ਬੁਲਡੋਜ਼ਰ ਤਾਂ ਸਾਨੂੰ
ਜਿੰਦਗੀ 'ਚ ਰੋਜ਼
ਨਵੀਂ ਵੰਨਗੀ ਦੇ ਟੱਕਰਦੇ ਹਨ
ਸਾਡੇ ਵਰਤਮਾਨ ਤੇ ਭਵਿੱਖ ਦੇ
ਹਰ ਰਾਹ 'ਚ ਖੜ੍ਹੇ
ਜੋ ਸਾਡੇ ਜੁਆਕਾਂ ਦੀ
ਹਰ ਨਿੱਕੀ ਤੋਂ ਨਿੱਕੀ
ਖ਼ੁਸ਼ੀ 'ਤੇ ਚੜ੍ਹੇ
ਸਾਡੇ ਮਾਪਿਆਂ ਦੀਆਂ ਦਵਾਈਆਂ
ਦੇ ਰਾਹਾਂ 'ਤੇ ਚੱਲਦੇ
ਦਿਨ ਤਿਉਹਾਰ ਮਾਨਣ ਦੀ
ਹਰ ਰੀਝ ਤੋਂ ਲੈ ਕੇ
ਸਾਡੇ ਹਰ ਸੁਪਨੇ ਦੇ ਸਾਹਾਂ 'ਤੇ ਚੱਲਦੇ
ਸਾਡੀ ਤਾਂ ਹਰ ਉਮੰਗ ਹਰ ਸੱਧਰ ਹੀ
ਇਨ੍ਹਾਂ ਹੇਠ ਆਉਂਦੀ ਰਹੀ ਹੈ ਤੇ
ਸਾਡੀ ਸਾਰੀ ਹਸਤੀ ਦੇ ਵਾਂਗ ਹੀ
ਆਪਣਾ ਮੁਕਾਮ ਪਾਉਂਦੀ ਰਹੀ ਹੈ
ਪਰ ਸਾਨੂੰ ਇਹ
ਕਿਰਤ ਦਾ ਵਰ ਹੈ
ਕਿ ਇਨ੍ਹਾਂ ਅਣਦਿਖਦੇ ਬੁਲਡੋਜ਼ਰਾਂ ਹੇਠ
ਲਤਾੜੇ ਜਾਣ ਮਗਰੋਂ ਵੀ
ਅਸੀਂ ਟੁੱਟੀਆਂ ਸੱਧਰਾਂ ਨੂੰ
ਫਿਰ ਜੋੜ ਲੈਂਦੇ ਹਾਂ
ਰੁੱਸੀਆਂ ਰੀਝਾਂ ਨੂੰ
ਵਰਾ ਕੇ ਮੋੜ ਲੈਂਦੇ ਹਾਂ
ਲੰਘ ਗਏ ਬੁਲਡੋਜ਼ਰਾਂ ਦੇ ਕਹਿਰ ਨੂੰ
ਬਸ ਦਿਲ 'ਚ ਉਤਾਰ ਲੈਂਦੇ ਹਾਂ
ਪਰ ਦਿਮਾਗੋਂ ਵਿਸਾਰ ਲੈਂਦੇ ਹਾਂ
ਤੇ ਏਸ ਨਿੱਕ ਸੁੱਕ ਨਾਲ
ਫਿਰ ਆਪਣਾ ਆਲ੍ਹਣਾ ਉਸਾਰ ਲੈਂਦੇ ਹਾਂ
ਪਰ ਤੁਹਾਥੋਂ ਕਦੇ ਇਹ ਵੀ
ਜਰ ਨਾ ਹੋਇਆ
ਆਪਣੇ ਤਖਤਾਂ ਦੀ ਸਲਾਮਤੀ ਦਾ
ਕੋਈ ਹੋਰ ਹੀਲਾ ਕਰ ਨਾ ਹੋਇਆ
ਤੁਸੀਂ ਤਾਂ ਸਾਰੇ ਹੀ
ਨਕਾਬ ਲਾਹ ਦਿੱਤੇ
ਸਾਡੇ ਮਸੀਂ ਬਣਾਏ
ਆਲ੍ਹਣੇ ਹੀ ਢਾਹ ਦਿੱਤੇ
ਉਂਜ ਇਹ ਤਖਤ
ਸਾਡੇ ਉਪਰ ਹੀ ਤਾਂ ਖੜ੍ਹੇ ਨੇ
ਸਾਡੇ ਹੀ ਲਹੂ ਤੇ ਪਸੀਨੇ ਨਾਲ
ਇਹ ਸੋਨੇ 'ਚ ਮੜ੍ਹੇ ਨੇ
ਤੇ ਜਦ ਵੀ ਕਦੇ ਡੋਲ੍ਹੇ
ਇਨ੍ਹਾਂ ਦੀ ਸਲਾਮਤੀ ਲਈ
ਇਹ ਬਲਡੋਜ਼ਰ ਸਾਡੇ ਹੀ ਉੱਪਰ
ਮੁੜ ਮੁੜ ਚੜ੍ਹੇ ਨੇ
ਇਹ ਤਾਂ ਅਸੀਂ ਹਾਂ
ਜਿਹੜੇ ਇਸ ਰਾਖ 'ਚੋਂ ਵੀ
ਜ਼ਿੰਦਗੀ ਦਾ ਤਿਣਕਾ ਤਿਣਕਾ
ਟੋਲ ਲਵਾਂਗੇ
ਜਿਉਣ ਲਈ ਬਚੇ ਖੁਚੇ
ਟੋਟੇ ਵੀ ਫੋਲ ਲਵਾਂਗੇ
ਮੁੜ ਕੇ ਧੜਕਣ ਦਾ
ਹੀਲਾ ਕਰ ਲਵਾਂਗੇ
ਇਸੇ ਮਿੱਟੀ 'ਚੋਂ ਆਸਾਂ ਦਾ
ਰੁੱਗ ਭਰ ਲਵਾਂਗੇ
ਇਉਂ ਕਹਿਰ ਦਾ ਇਹ
ਸਾਗਰ ਵੀ ਤਰ ਲਵਾਂਗੇ
ਪਰ ਜਦ ਅਸੀਂ
ਇਨ੍ਹਾਂ ਕੁਚਲੇ ਗਏ
ਆਲ੍ਹਣਿਆਂ ਦੇ ਤਿਣਕਿਆਂ ਨੂੰ
ਰੋਜ ਮਸਲੇ ਜਾਂਦੇ
ਅਰਮਾਨਾਂ ਦੀ ਅਗਨ ਭੱਠੀ 'ਚ ਪਾ ਕੇ
ਬੁਲਡੋਜ਼ਰ ਬਣਾ ਲਿਆ
ਤੇ ਤੁਹਾਡੇ ਮਹਿਲਾਂ ਦੇ ਰਾਹ ਪਾ ਲਿਆ
ਤਾਂ ਫਿਰ
ਅਹਿੰਸਾ, ਨੈਤਿਕਤਾ,
ਸੰਵਿਧਾਨ ਜਾਂ ਕਨੂੰਨ
ਦੇ ਵਾਸਤੇ ਨਾ ਪਾਉਣਾ
ਬਸ ਫਿਰ ਇਹਦੇ ਸਾਹਮਣੇ ਲਈ
ਆਪਣੇ ਤਖ਼ਤਾਂ ਦੀ ਹਸਤੀ ਦਿਖਾਉਣਾ...

\-ਪਾਵੇਲ ਕੁੱਸਾ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਸ੍ਰੀਮਤੀ ਸ਼ੇਰ ਕੌਰ ਯਾਦਗਾਰੀ ਫਰੀ ਮੈਡੀਕਲ ਕੈਂਪ ਵਿੱਚ 200 ਮਰੀਜ਼ਾਂ ਨੇ ਮੁਫਤ ਦਵਾਈਆਂ ਪ੍ਰਾਪਤ ਕੀਤੀਆਂ








ਲੁਧਿਆਣਾ (ਬਲਜਿੰਦਰ ਸਿੰਘ) : ਪ੍ਰਾਇਮਰੀ ਸਕੂਲ ਜੀਰਖ ( ਲੁਧਿਆਣਾ) ਵਿੱਖੇ ਤਰਕਸੀਲ ਆਗੂ ਜਸਵੰਤ ਜੀਰਖ ਦੀ ਜੀਵਨ ਸਾਥਣ ਸ੍ਰੀਮਤੀ ਸੇਰ ਕੌਰ ਦੀ ਯਾਦ ਵਿੱਚ ਲਗਾਏ ਪੰਜਵੇਂ ਫਰੀ ਮੈਡੀਕਲ ਕੈਂਪ ਵਿੱਚ 200 ਤੋਂ ਵੱਧ ਵੱਖ ਵੱਖ ਬਿਮਾਰੀਆਂ ਦੇ ਮਰੀਜਾਂ ਨੇ ਸ਼ਿਰਕਤ ਕੀਤੀ। ਘੱਟ ਨਿਗ੍ਹਾ ਵਾਲੇ 89 ਲੋੜਵੰਦਾ ਨੂੰ ਮੁੱਫਤ ਐਨਕਾਂ, 153 ਨੂੰ ਦਵਾਈਆਂ ਅਤੇ 12 ਮਰੀਜਾਂ ਨੂੰ ਲੈਂਜ ਲਗਾਉਣ ਲਈ ਚੁਣਿਆ ਗਿਆ। ਪੁੱਨਰਜੋਤ ਅੱਖਾਂ ਦੇ ਹਸਪਤਾਲ ਲੁਧਿਆਣਾ ਵਿੱਚ 15 ਅਪ੍ਰੈਲ ਨੂੰ ਡਾ ਰਮੇਸ (ਐਮ ਡੀ ਅੱਖਾਂ) ਵੱਲੋਂ ਇਹਨਾ ਚੁਣੇ ਗਏ ਮਰੀਜਾਂ ਦੀਆਂ ਅੱਖਾਂ ਦੇ ਲੈਂਜ ਪਾਏ ਜਾਣਗੇ। ਆਮ ਬਿਮਾਰੀਆਂ ਲਈ ਡਾ ਸੰਦੀਪ ਸਿੰਘ (ਐਮ ਬੀ ਬੀ ਐਸ , ਐਮ ਐਸ) ਅਤੇ ਡਾ ਦੀਪਕ ਬਖਸੀ ਐਮ ਬੀ ਬੀ ਐਸ ਵੱਲੋਂ ਮਰਦਾਂ, ਔਰਤਾ ਅਤੇ ਬੱਚਿਆਂ ਦੇ ਮੁਆਇਨੇ ਕਰਕੇ ਦਵਾਈਆੱ ਦਿੱਤੀਆਂ। ਇਸ ਸਮੇਂ ਜੀਰਖ ਪ੍ਰਵਾਰ ਅਤੇ ਪੰਚਾਇਤ ਵੱਲੋਂ ਡਾਕਟਰ ਸਹਿਬਾਨਾ ਅਤੇ ਸਟਾਫ ਨੂੰ ਸਨਮਾਨਤ ਵੀ ਕੀਤਾ ਗਿਆ। ਕੈਂਪ ਦੇ ਸਮੁੱਚੇ ਪ੍ਰਬੰਧ ਵਿੱਚ ਸਰਪੰਚ ਬਲਜੀਤ ਸਿੰਘ, ਮੈਂਬਰ ਮੋਹਣ ਸਿੰਘ, ਕਰਮਜੀਤ ਸਿੰਘ, ਅਵਤਾਰ ਸਿੰਘ , ਦਲਬਾਗ ਸਿੰਘ ਜੀਰਖ, ਐਡਵੋਕੇਟ ਹਰਪ੍ਰੀਤ ਜੀਰਖ, ਤਰਲੋਚਨ ਸਿੰਘ ਜੀਰਖ ਉਰਫ ਰਾਜੂ ਅਤੇ ਕਰਮਜੀਤ ਕੌਰ, ਕੁਲਦੀਪ ਕੌਰ, ਦਮਨਦੀਪ ਕੌਰ ਸਮੇਤ ਰਾਕੇਸ ਆਜਾਦ, ਅਰੁਣ ਕੁਮਾਰ, ਜਗਜੀਤ ਸਿੰਘ, ਧੀਰਜ ਸਿੰਘ ਲਲਤੋਂ ਅਤੇ ਸਨੀ ਨੇ ਅਹਿਮ ਜੁਮੇਵਾਰੀ ਨਿਭਾਈ। ਅਮਨਦੀਪ ਕੌਰ ਨੇ ਮਰੀਜਾਂ ਨੂੰ ਦਵਾਈਆਂ ਵੰਡਣ ਦੀ ਡਿਉਟੀ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਇਸ ਸਮੇਂ ਜੀਰਖ ਪ੍ਰਵਾਰ ਵੱਲੋਂ ਹਰ ਸਾਲ ਇਸ ਕੈਂਪ ਨੂੰ ਜਾਰੀ ਰੱਖਣ ਦਾ ਪ੍ਰਣ ਦੁਹਰਾਇਆ ਗਿਆ।

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair & Mobile Service Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਅਦਾਰਾ, "ਸਰੋਕਾਰਾਂ ਦੀ ਆਵਾਜ਼" ਦੀ ਅਹਿਮ ਮੀਟਿੰਗ ਹੋਈ





ਬਰੈਂਪਟਨ, (ਬਿਉਰੋ) ਅਦਾਰਾ "ਸਰੋਕਾਰਾਂ ਦੀ ਆਵਾਜ਼" ਦੀ ਅਹਿਮ ਮੀਟਿੰਗ ਮੈਨੇਜਿੰਗ ਡਾਇਰੈਕਟਰ ਸ੍ਰੀ ਦੇਵਿੰਦਰ ਸਿੰਘ ਤੂਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਐਡੀਟੋਰੀਅਲ ਬੋਰਡ, ਸਲਾਹਕਾਰ ਬੋਰਡ, ਕੈਨੇਡਾ ਵਸਦੇ ਉੱਘੇ ਪ੍ਰਗਤੀਸੀਲ ਚਿੰਤਕ ਅਤੇ ਲੇਖਕਾਂ ਨੇ ਵੀ ਹਿੱਸਾ ਲਿਆ। ਸਮਾਜਿਕ ਸਰੋਕਾਰਾਂ ਤੋਂ ਇਲਾਵਾ ਮਿਹਨਤਕਸ ਵਰਗ ਅਤੇ ਪ੍ਰਗਤੀਸੀਲ ਲਹਿਰ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ । ਸਮਾਜਿਕ ਬਰਾਬਰੀ ਅਤੇ ਲੁੱਟ ਰਹਿਤ ਸਮਾਜ ਦੀ ਚੇਤਨਤਾ ਲਈ ਸਰਗਰਮ ਰੋਲ ਅਦਾ ਕਰਨ ਦਾ ਅਹਿਦ ਦੁਹਰਾਇਆ ਗਿਆ।

ਮੀਟਿੰਗ ਦੀ ਸੁਰੂਆਤ ਵਿੱਚ ਡਾ ਇਬਰਾਹੀਮ ਕਾਵੂਰ ਦੇ ਜਨਮ ਦਿਨ ਤੇ ਉਹਨਾਂ ਦੇ ਵਿਗਿਆਨਕ ਵਿਚਾਰਾਂ ਲਈ ਯਾਦ ਕੀਤਾ ਗਿਆ। ਪੇਪਰ ਦੇ ਮੁੱਖ ਸੰਪਾਦਕ ਹਰਬੰਸ ਸਿੰਘ ਨੇ 'ਸਰੋਕਾਰਾਂ ਦੀ ਆਵਾਜ' ਦੇ ਕੰਮਾਂ ਦਾ ਵੇਰਵਾ ਅਤੇ ਲੇਖਾ ਜੋਖਾ ਦੱਸਿਆ। ਕੈਨੇਡਾ ਦੇ ਵੱਖ-ਵੱਖ ਪ੍ਰੋਵਿੰਸ ਵਿੱਚ ਵਸਦੇ ਪ੍ਰਗਤੀਸੀਲ ਮੈਂਬਰਾਂ ਅਤੇ ਪਾਠਕਾਂ ਦੀ ਪੇਪਰ ਵਿੱਚ ਸਰਗਰਮ ਯੋਗਦਾਨ ਦੀ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਕੈਨੇਡਾ ਤੋਂ ਛਪਦਾ ਇਹ ਪੇਪਰ, ਸਮਾਜਿਕ ਬਰਾਬਰੀ ਅਤੇ ਲੁੱਟ-ਰਹਿਤ ਸਮਾਜ ਦੀ ਚੇਤਨਤਾ ਦੀ ਲਹਿਰ ਦਾ ਹਿੱਸਾ ਬਣਕੇ ਹੋਰ ਵੀ ਵੱਧ ਉਤਸਾਹ ਨਾਲ ਕੰਮ ਕਰਦਾ ਰਹੇਗਾ। ਉਹਨਾਂ ਕਿਹਾ ਕਿ ਕੈਨੇਡੀਅਨ ਮਸਲਿਆਂ ਦੇ ਹੱਲ ਲਈ ਅਤੇ ਅੰਤਰ-ਰਾਸਟਰੀ ਵਿਦਿਆਰਥੀਆਂ ਦੇ ਹੱਕਾਂ ਲਈ ਵੀ ਪੇਪਰ ਆਵਾਜ਼ ਬੁਲੰਦ ਕਰਦਾ ਰਹੇਗਾ। ਪੇਪਰ ਦੇ ਸੰਪਾਦਕ ਡਾ: ਹਰਦੀਪ ਸਿੰਘ ਨੇ ਕੈਨੇਡਾ ਅਤੇ ਦੂਸਰੇ ਦੇਸਾਂ ਖਾਸ ਕਰਕੇ ਭਾਰਤ ਵਸਦੇ ਲੇਖਕਾਂ ਦੁਆਰਾ ਪੇਪਰ ਨੂੰ ਆਪਣੀਆਂ ਲਿਖਤਾਂ ਨਾਲ ਅਮੀਰ ਕਰਨ ਲਈ ਉਹਨਾਂ ਦਾ ਧੰਨਵਾਦ ਕੀਤਾ ।

ਇਸ ਮੀਟਿੰਗ ਵਿੱਚ ਪੇਪਰ ਦੇ ਸਲਾਹਕਾਰ ਅਤੇ ਉੱਘੇ ਲਿਖਾਰੀ ਪਰਮਿੰਦਰ ਸਵੈਚ ਬੀ.ਸੀ. ਪ੍ਰੋਵਿੰਸ ਤੋਂ ਖਾਸ ਤੌਰ ਤੇ ਸਾਮਿਲ ਹੋਏ। ਇੰਡਿਆ ਤੋਂ ਉੱਘੇ ਲੇਖਕ ਤਰਕਸੀਲ ਬੁੱਧੀਜੀਵੀ ਸੁਰਜੀਤ ਦੌਧਰ ਅਤੇ ਪੰਜਾਬ ਲੋਕ ਸੱਭਿਆਚਾਰ ਮੰਚ ਦੇ ਮਾਸਟਰ ਰਾਮ ਕੁਮਾਰ ਭਦੌੜ ਵੀ ਸਾਮਿਲ ਸਨ। ਇਸ ਤੋਂ ਇਲਾਵਾ ਕੈਨੇਡਾ ਤਰਕਸੀਲ ਸੁਸਾਇਟੀ ਦੇ ਆਗੂ ਨੱਛਤਰ ਸਿੰਘ ਬਦੇਸਾ, ਉੱਘੇ ਟੈਲੀਵੀਜਨ ਮੀਡੀਆਕਰਮੀ ਚਰਨਜੀਤ ਬਰਾੜ, ਪ੍ਰੋਫੈਸਰ ਸਰਮਾ ਸਾਹਿਬ ਸਾਇੰਸ ਕਾਲਜ ਜਗਰਾਉਂ, ਸੁਰਿੰਦਰ ਸਿੰਘ, ਮਾਸਟਰ ਬਲਵੀਰ ਸਿੰਘ, ਰਾਮ ਆਸਰਾ, ਗੁਰਮੀਤ ਕੌਰ, ਮਲਕੀਤ ਕੌਰ ਤੂਰ, ਜਸਪ੍ਰੀਤ ਕੌਰ ਧਾਲੀਵਾਲ ਅਤੇ ਸੁਰਜੀਤ ਖੋਟੇ ਨੇ ਵੀ ਵਿਚਾਰ ਚਰਚਾ ਵਿੱਚ ਹਿੱਸਾ ਲਿਆ।

## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

**ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।**



ਹਰਬੰਸ ਸਿੰਘ
(ਟੋਰਾਂਟੋ)
416-817-7142



ਦੇਵਿੰਦਰ ਤੂਰ
(ਟੋਰਾਂਟੋ)
416 902 9372



ਮਾਸਟਰ ਭਜਨ
(ਕੈਲਗਰੀ)
403-455-4220



ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794



ਜਸਵੀਰ ਕੌਰ ਮੰਗੂਵਾਲ
ਵਿਨੀਪੈੱਗ
204-881-4955



ਬਲਜਿੰਦਰ ਸਿੰਘ ਵੜੈਚ
(ਪੰਜਾਬ)
+91-92167-29598










## ਮੀਟਿੰਗ ਵਿਸਾਖੀ ਅਤੇ ਸੱਭਿਆਚਾਰਕ ਉਤਸਵ ਨੂੰ ਸਮਰਪਿਤ



ਕੈਲਗਰੀ ਵੂਮੇਨ ਕਲਚਰਲ ਐਸੋਸੀਏਸਨ ਦੀ ਅਪ੍ਰੈਲ 2022 ਦੀ ਮੀਟਿੰਗ 16 ਅਪ੍ਰੈਲ ਸ਼ਨਿੱਚਰਵਾਰ ਨੂੰ ਜੇਨੀਸਸ ਸੈਂਟਰ ਵਿੱਚ ਕੀਤੀ ਗਈ। ਮੀਟਿੰਗ ਵਿੱਚ ਲੱਗਭਗ 40 ਮੈਂਬਰਾਂ ਨੇ ਹਿੱਸਾ ਲਿਆ। ਮੀਟਿੰਗ ਦਾ ਆਗਾਜ਼ ਕਰਦਿਆਂ ਸਭਾ ਸਕੱਤਰ ਸੁੱਖਜੀਤਸਿਮਰਨ ਸੈਣੀ ਵੱਲੋਂ ਆਏ ਹੋਏ ਸਭਾ ਮੈਂਬਰਾਂ ਦਾ ਸਵਾਗਤ ਕੀਤਾ ਗਿਆ। ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਵੱਲੋਂ ਸਭਾ ਦੇ ਮੈਂਬਰ ਰਹੇ ਗੁਰਮੀਤ ਮੱਲੀ ਜੀ, ਜੋ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਏ ਨੂੰ ਸ਼ਰਧਾਂਜਲੀ ਭਰੇ ਸ਼ਬਦਾਂ ਨਾਲ ਯਾਦ ਕੀਤਾ ਗਿਆ। ਸਭਾ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਵੱਲੋਂ ਹਾਜ਼ਰ ਸਭਾ ਮੈਂਬਰਾਂ ਨੂੰ ਜੀ ਆਇਆ ਆਖਦਿਆਂ 1 ਮਈ 2022 ਨੂੰ ਫਾਲਕਿਨਰਿਜ ਕਿਮਊਨਟੀ ਸੈਂਟਰ ਵਿੱਚ ਆਯੋਜਿਤ ਕੀਤੇ ਜਾ ਰਹੇ ਸੱਭਿਆਚਾਰਕ ਪ੍ਰੋਗਰਾਮ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਿੱਤੀ ਗਈ। ਵੱਖ-ਵੱਖ ਕਮੇਟੀਆਂ ਬਣਾ ਕੇ ਪ੍ਰੋਗਰਾਮ ਦੀ ਕਾਰਗੁਜ਼ਾਰੀ ਸੰਬੰਧੀ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਪੰਜਾਬੀ ਭਾਈਚਾਰੇ ਦੀ ਮਾਣਮੱਤੀ ਸ਼ਖਸੀਅਤ ਤੇ ਪੰਜਾਬੀ ਨੈਸ਼ਨਲ ਮੀਡੀਆ ਗਰੁੱਪ ਦੇ ਸੰਚਾਲਕ ਰਣਜੀਤ ਸਿੱਧੂ ਮੀਟਿੰਗ ਵਿੱਚ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਏ। ਉਹਨਾਂ ਸਭਾ ਮੈਂਬਰਾਂ ਨੂੰ ਵਿਸਾਖੀ ਦੀਆਂ ਵਧਾਈਆਂ ਦਿੰਦਿਆਂ ਪੰਜਾਬੀ ਭਾਈਚਾਰੇ ਲਈ ਕੀਤੇ ਜਾਣ ਵਾਲੇ ਉਪਰਾਲੇ ਦੀ ਸ਼ਲਾਘਾ ਕੀਤੀ। ਉਹਨਾਂ ਵੱਲੋਂ ਵਿਸਾਖੀ ਦੇ ਇਸ ਖੁਸ਼ੀਆਂ ਭਰੇ ਦਿਹਾੜੇ ਤੇ ਸਭਾ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ। ਅਮਰਜੀਤ ਕੌਰ 'ਮਾਮੀ', ਭਗਵੰਤ ਕੌਰ, ਸ਼ਿੰਦਰ ਕੌਰ ਦਿਓਲ ਤੇ ਜੋਗਿੰਦਰ ਕੌਰ ਬਾਂਗਲੀ ਵੱਲੋਂ ਬੋਲੀਆਂ, ਘੋੜੀਆਂ ਤੇ ਟੱਪੇ ਗਾਏ ਗਏ। ਕੁਲਵੰਤ ਕੌਰ ਗਿੱਲ ਵੱਲੋਂ ਇੱਕ ਹੱਸ ਰਸ ਕਹਾਣੀ ਸੁਣਾਈ ਗਈ। ਹਰਚਰਨ ਕੌਰ ਬਾਸੀ ਨੇ ਵਿਸਾਖੀ ਅਤੇ ਖਾਲਸਾ ਪੰਥ ਦੀ ਸਾਜਨਾ ਬਿਆਨਦੀ ਕਵਿਤਾ 'ਉਸ ਪੰਥ ਸਜਾਇਆ ਏ' ਸੁਣਾਈ। ਸਰਬਜੀਤ ਉੱਪਲ ਨੇ ਬਹੁਤ ਹੀ ਪਿਆਰਾ ਗੀਤ 'ਆਪਣੇ ਵਿਆਹ ਨੂੰ ਕਿੰਨੇ ਸਾਲ' ਸੁਣਾਇਆ। ਬਲਜਿੰਦਰ ਕੌਰ ਗਿੱਲ ਨੇ ਸਾਰਿਆ ਨੂੰ ਨਿਮਰ ਸੁਭਾਅ ਬਾਰੇ ਦੱਸਦਿਆਂ ਸਕਾਰਾਤਮਕ ਸੋਚ ਰੱਖਣ ਬਾਰੇ ਗੱਲਬਾਤ ਕੀਤੀ। ਰਜਿੰਦਰ ਕੌਰ ਚੌਹਕਾ ਤੇ ਰਾਜਵੰਤ ਮਾਨ ਨੇ ਅਪ੍ਰੈਲ ਮਹੀਨੇ ਵਿੱਚ ਆਉਣ ਵਾਲੇ ਤਿਉਹਾਰਾਂ ਅਤੇ ਖਾਸ ਦਿਹਾੜਿਆਂ ਬਾਰੇ ਗੱਲ-ਬਾਤ ਸਾਂਝੀ ਕਰਦਿਆਂ ਵਿਸਾਖੀ ਅਤੇ ਮਹਾਵੀਰ ਜੰਯਤੀ ਦੀਆਂ ਵਧਾਈਆਂ ਦਿੱਤੀਆਂ। ਹਰਦੇਵ ਕੌਰ ਨੇ ਸੁਰੀਲੀ ਆਵਾਜ਼ ਵਿੱਚ ਭਾਵੁਕਤਾ ਭਰਿਆ ਗੀਤ ਸੁਣਾ ਸਭ ਨੂੰ ਭਾਵੁਕ ਕਰ ਦਿੱਤਾ। ਮੀਟਿੰਗ ਦੇ ਅੰਤ ਵਿੱਚ ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਅਤੇ ਗੁਰਚਰਨ ਕੌਰ ਥਿੰਦ ਵੱਲੋਂ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

## ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ ਕਹਾਣੀਕਾਰ ਨਾਵਲਕਾਰ 'ਮਹਿੰਦਰ ਸਿੰਘ ਤਤਲਾ' ਦਾ ਸਨਮਾਨ ਕੀਤਾ

**ਜ਼ੋਰਾਵਰ ਬਾਂਸਲ**



ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਪਰੈਲ ਮਹੀਨੇ ਦੀ ਮਹੀਨਾਵਾਰ ਮੀਟਿੰਗ ਤਕਰੀਬਨ ਦੋ ਸਾਲ ਦੇ ਵਕਫੇ ਬਾਅਦ ਕੋਸੋ ਹਾਲ ਵਿੱਚ ਹੋਈ। ਕੋਰੋਨਾ ਮਹਾਂਮਾਰੀ ਦਰਮਿਆਨ ਸਭਾ ਦੀਆਂ ਮੀਟਿੰਗਾ ਨਿਰਵਿਘਨ ਜ਼ੂਮ ਦੇ ਮਾਧਿਅਮ ਰਾਹੀਂ ਹੋਈਆਂ ਪਰ ਫਰਵਰੀ 2020 ਤੋ ਬਾਅਦ ਅਪਰੈਲ 2022 ਦੀ ਕੋਸੋ ਹਾਲ ਵਿੱਚ ਇਹ ਮੀਟਿੰਗ ਬਹੁਤ ਹੀ ਪ੍ਰਭਾਵਸ਼ਾਲੀ ਰਹੀ। ਜਿਸ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਪ੍ਰਧਾਨ ਦਵਿੰਦਰ ਮਲਹਾਂਸ, ਕਹਾਣੀਕਾਰ ਨਾਵਲਕਾਰ ਮਹਿੰਦਰ ਸਿੰਘ ਤਤਲਾ ਤੇ ਜੁਝਾਰੂ ਲੇਖਿਕਾ ਰਜਿੰਦਰ ਕੋਰ ਚੌਹਕਾ ਜੀ ਨੂੰ ਹਾਜ਼ਰੀਨ ਦੀਆਂ ਤਾੜੀਆਂ ਵਿੱਚ ਸੱਦਾ ਦਿੱਤਾ ਤੇ ਅਪਰੈਲ ਮਹੀਨੇ ਦੀਆਂ ਇਤਿਹਾਸਕ ਘਟਨਾਵਾਂ ਤੇ ਦਿਨਾ ਦਾ ਮਹੱਤਵ ਵੀ ਸਾਂਝਾ ਕੀਤਾ। ਜਿਨ੍ਹਾਂ ਵਿੱਚ ਵਿਸਾਖੀ ਦੀਆਂ ਮੁਬਾਰਕਾਂ, ਖਾਲਸਾ ਪੰਥ ਦਾ ਸਾਜਨਾ ਦਿਵਸ, ਜਲ੍ਹਿਆਂਵਾਲਾ ਬਾਗ ਦੀ ਘਟਨਾ ਤੇ ਡਾ.ਅੰਬੇਦਕਰ ਦੇ ਜਨਮ ਦਿਹਾੜੇ ਦਾ ਵੀ ਜ਼ਿਕਰ ਹੋਇਆ। ਸ਼ੋਕ ਮਤੇ ਸਾਂਝੇ ਕਰਦਿਆਂ ਪੰਜਾਬੀ ਦੇ ਵਿਦਵਾਨ, ਅਧਿਆਪਕ, ਅਨੁਵਾਦਕ, ਲੇਖਕ, ਪੰਜਾਬੀ ਸਾਹਿਤ ਦੇ ਥੰਮ੍ਹ ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, ਗੀਤਕਾਰ ਅਲਮਸਤ ਦੇਸਰਪੁਰੀ ਤੇ ਕੈਲਗਰੀ ਦੀਆਂ ਸਾਹਿਤਕ ਸਭਾਵਾਂ ਵਿੱਚ ਹਾਜ਼ਰ ਰਹਿਣ ਵਾਲੀ ਸ਼ਖਸੀਅਤ ਗੁਰਮੀਤ ਮੱਲ੍ਹੀ ਦੇ ਸਦੀਵੀ ਵਿਛੋੜੇ ਉੱਤੇ ਸਭਾ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਸ਼ਰਧਾ ਦੇ ਅਕੀਦੇ ਭੇਂਟ ਕੀਤੇ ਗਏ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਅਮਰਜੀਤ ਘੋਲੀਆ ਨੇ ਪਰਦੇਸੀਆਂ ਦਾ ਗੀਤ 'ਮੈਂ ਪਰਦੇਸੋ ਕਹਿ ਕੇ ਤੁਰਦਾ' ਸੁਰੀਲੀ ਆਵਾਜ਼ ਵਿੱਚ ਗਾਇਆ। ਪਹਿਲੀ ਵਾਰ ਮੀਟਿੰਗ ਵਿੱਚ ਹਾਜ਼ਰ ਹੋਈ ਪਰਮਜੀਤ ਕੌਰ ਨੇ ਆਪਣੇ ਬਾਰੇ ਜਾਣਕਾਰੀ ਦਿੱਤੀ ਤੇ ਖ਼ੁਦ ਦੀ ਲਿਖੀ ਕਵਿਤਾ 'ਕੁਝ ਸੁਪਨੇ' ਨਾਲ ਵਧੀਆ ਪ੍ਰਭਾਵ ਪਾਇਆ। ਸੁਖਜੀਤ ਸੈਣੀ ਨੇ ਹਿੰਦੀ ਦੇ ਕੁਝ ਸ਼ੇਅਰਾਂ ਦੇ ਨਾਲ-ਨਾਲ ਆਪਣੀ ਮੌਲਿਕ ਰਚਨਾ 'ਗੁਜਾਰਿਸ਼ ਲੇਖਕਾਂ ਨੂੰ' ਸੁਣਾ ਕੇ ਵਾਹ ਵਾਹ ਖੱਟੀ। ਸਕੱਤਰ ਮੰਗਲ ਚੱਠਾ ਤੇ ਤਰਲੋਚਨ ਸੈਂਭੀ ਨੇ ਵਿਸਾਖ ਮਹੀਨੇ ਦੇ ਸਬੰਧ ਵਿੱਚ ਖ਼ਾਲਸਾ ਦਿਹਾੜੇ ਨਾਲ ਸਬੰਧਤ 'ਕਲਗੀਆਂ ਵਾਲਿਆ ਵੇ' ਤੇ 'ਖਾਲਸਾ ਪੰਥ ਤਿਆਰ' ਨਾਲ ਹਾਜ਼ਰੀ ਲਵਾਈ। ਨਾਮਵਰ ਕਹਾਣੀਕਾਰ ਨਾਵਲਕਾਰ ਮਹਿੰਦਰ ਸਿੰਘ ਤਤਲਾ ਜੋ ਪੰਜਾਬ ਤੋਂ ਥੋੜ੍ਹੇ ਸਮੇਂ ਲਈ ਆਏ ਹਨ। ਉਨ੍ਹਾਂ ਨੇ ਆਪਣੀਆਂ ਲਿਖਤਾਂ ਦਾ ਜ਼ਿਕਰ ਕਰਦਿਆਂ ਕਿਹਾ-"ਥੋੜ੍ਹਾ ਲਿਖਣਾ ਤੇ ਵਧੀਆ ਲਿਖਣਾ ਬਹੁਤ ਜ਼ਰੂਰੀ ਹੈ"। ਨਛੱਤਰ ਪੁਰਬਾ, ਮਨਮੋਹਨ ਬਾਠ, ਸਰਬਜੀਤ ਉੱਪਲ, ਗੁਰਜਾਨ ਮਾਣਕ ਨੇ ਲੋਕ ਤੱਥ ਗਾ ਕੇ ਸਮਾ ਬੰਨ੍ਹਿਆ। ਜਗਦੀਸ਼ ਸਿੰਘ ਚੋਹਕਾ ਨੇ ਕਿਸਾਨੀ ਸੰਘਰਸ਼ ਵਿਚ ਬਿਤਾਇਆ ਸਮਾਂ, ਜੱਥੇਬੰਦੀਆਂ ਦੇ ਇਕੱਠ ਤੇ ਲੋਕਾਂ ਵਿੱਚ ਆਏ ਬਦਲਾਅ ਦਾ ਵਰਨਣ ਕੀਤਾ। ਉਨ੍ਹਾਂ ਦੀ ਪਤਨੀ ਰਾਜਿੰਦਰ ਕੌਰ ਚੌਹਕਾ ਨੇ ਇਸੇ ਸੰਦਰਭ ਵਿੱਚ ਹੋਰ ਜਾਣਕਾਰੀ ਸਾਂਝੀ ਕੀਤੀ। ਕਿਸਾਨੀ ਸੰਘਰਸ਼ ਵਿਚ ਔਰਤਾਂ ਵੱਲੋਂ ਪਾਏ ਗਏ ਯੋਗਦਾਨ ਦਾ ਵੀ ਜ਼ਿਕਰ ਕੀਤਾ ਤੇ ਸਭਾ ਨੂੰ ਕਿਤਾਬਾਂ ਭੇਟ ਕੀਤੀਆ। ਅਪ੍ਰੈਲ ਮਹੀਨੇ ਨਾਲ ਸਬੰਧਤ ਇਤਿਹਾਸਕ ਦਿਨਾਂ 'ਤੇ ਵੀ ਚਾਨਣਾਂ ਪਾਇਆ। ਜਗਦੇਵ ਸਿੱਧੂ, ਨੇ ਰਿਹਾਇਸ਼ੀ ਸਕੂਲਾਂ ਵਿੱਚ ਹੋਏ ਮੰਦਭਾਗੇ ਵਰਤਾਰੇ ਤੇ ਕਵਿਤਾ ਸੁਣਾਈ। ਉਨ੍ਹਾਂ ਸੁਖਵਿੰਦਰ ਤੂਰ, ਨਾਲ ਮਿਲ ਕੇ ਗਿਆਨੀ ਗੁਰਮੁੱਖ ਸਿੰਘ ਜੀ ਦੀ ਕਵੀਸ਼ਰੀ ਨਾਲ ਸਬੰਧਤ ਵਾਰਤਾਲਾਪ ਸਾਂਝਾ ਕੀਤਾ ਤੇ 'ਤੱਕ ਚੜ੍ਹਤ ਗੁਰਾਂ ਦੀ' 94 ਕਲਾ ਛੰਦ ਕਵੀਸ਼ਰੀ ਨਾਲ ਮਾਹੌਲ ਨੂੰ ਨਵੇਂ ਰੰਗ ਵਿਚ ਰੰਗ ਦਿੱਤਾ। ਸਮਾਜ ਸੇਵਾਵਾਂ ਵਿਚ ਵਧੀਆ ਯੋਗਦਾਨ ਪਾਉਣ ਵਾਲੀ ਤੇ ਦੇਸ ਪੰਜਾਬ ਮੈਗਜੀਨ ਦੀ ਪੱਤਰਕਾਰ ਰੇਮੀ ਸੇਖੋਂ ਵਿਸ਼ੇਸ਼ ਤੌਰ 'ਤੇ ਇਸ ਮੀਟਿੰਗ ਚ ਸ਼ਾਮਲ ਹੋਈ। ਉਨ੍ਹਾਂ ਤੋਂ ਇਲਾਵਾ ਸਰਬਜੀਤ ਕੰਦੋਲਾ, ਗੁਰਜੀਤ ਪੰਧੇਰ, ਗੁਰਜੀਤ ਸਿੰਘ ਜੱਸੀ, ਜੈਸਵੀ ਕੌਰ ਆਦਿ ਹਾਜ਼ਰ ਸਨ। ਤਸਵੀਰਾਂ ਰਾਹੀਂ ਮੀਟਿੰਗ ਨੂੰ ਖਾਸ ਬਣਾਉਣ ਵਿੱਚ ਰਣਜੀਤ ਸਿੰਘ ਨੇ ਵੱਡਮੁਲਾ ਯੋਗਦਾਨ ਪਾਇਆ। ਅਖੀਰ ਵਿਚ ਪ੍ਰਧਾਨ ਦਵਿੰਦਰ ਮਲਹਾਂਸ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਅਗਲੇ ਮਹੀਨੇ ਦੀ ਮੀਟਿੰਗ ਜੋ ਕਿ ਇੱਕੀ ਮਈ ਦਿਨ ਸ਼ਨੀਵਾਰ ਹੈ,ਵਿੱਚ ਸ਼ਾਮਲ ਹੋਣ ਲਈ ਸਭ ਨੂੰ ਅਪੀਲ ਕੀਤੀ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।




Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2





Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919



GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਨਾਟਕਾਂ ਅਤੇ ਗੀਤਾਂ ਭਰੀ ਰਾਤ

# ਮਿੱਟੀ ਨਾਲ ਜੁੜਿਆ ਰੰਗ ਮੰਚ ਸਦਾ ਸਫਰ ਤੇ ਰਹੇਗਾ : ਡਾ. ਸੁਰਜੀਤ ਪਾਤਰ





ਲੁਧਿਆਣਾ (ਬਲਜਿੰਦਰ ਸਿੰਘ) ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚਚ) ਵੱਲੋਂ ਬੀਤੇ 40 ਸਾਲ ਤੋਂ ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਮਨਾਈ ਜਾਂਦੀ ਨਾਟਕਾਂ ਅਤੇ ਗੀਤਾਂ ਭਰੀ ਰਾਤ ਇਸ ਵਾਰ ਕਿਸਾਨੀ ਅੰਦੋਲਨ ਵਿੱਚ ਜ਼ਿੰਦਾਂ ਵਾਰਨ ਵਾਲਿਆਂ ਨੂੰ ਸਮਰਪਤ ਕੀਤੀ ਗਈ।

ਪੰਜਾਬੀ ਭਵਨ ਲੁਧਿਆਣਾ ਦੇ ਵਿਹੜੇ ਸਜੀ ਵਿਸ਼ਾਲ ਪੁਸਤਕ ਪ੍ਰਦਰਸ਼ਨੀ ਦੇ ਪ੍ਰਵੇਸ਼ ਦੁਆਰ ਤੇ ਲੱਗੀ ਕਿਸਾਨੀ ਅੰਦੋਲਨ ਦੇ ਸ਼ਹੀਦਾਂ ਦੀ ਚਿੰਨਾਤਮਕ ਤਸਵੀਰ ਅੱਗੇ ਫੁੱਲਾਂ ਸੰਗ ਸ਼ਰਧਾਂਜਲੀ ਅਰਪਤ ਕਰਦਿਆਂ ਮੋਮਬੱਤੀਆਂ ਹੱਥਾਂ ਵਿੱਚ ਲੈ ਕੇ ਵਿਸ਼ਾਲ ਕਾਫ਼ਲਾ, ਬਲਰਾਜ ਸਾਹਨੀ ਖੁੱਲ੍ਹਾ ਰੰਗ ਮੰਚ ਅੰਦਰ ਦਾਖਲ ਹੋਇਆ। ਮਾਰਚ ਕਰਦੇ ਇਸ ਕਾਫਲੇ ਦੇ ਨਾਲ ਨਾਲ ਡਾ. ਸੁਰਜੀਤ ਪਾਤਰ ਦੀ ਆਵਾਜ਼ ਵਿੱਚ, 'ਤੂੰ ਜਗਾ ਦੇ ਮੋਮਬੱਤੀਆਂ' ਗੀਤ ਪੌਣਾਂ ਵਿੱਚ ਗੂੰਜ ਰਿਹਾ ਸੀ।


ਇਸ ਕਾਫ਼ਲੇ ਦੀ ਅਗਵਾਈ ਸੁਰਜੀਤ ਪਾਤਰ, ਰੰਗ ਕਰਮੀ ਮਨਜੀਤ ਔਲਖ, ਗੁਰਸ਼ਰਨ ਭਾਅ ਜੀ ਦੀ ਧੀ ਡਾ. ਅਰੀਤ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਵਿੱਤ ਸਕੱਤਰ ਕਸਤੂਰੀ ਲਾਲ, ਪਲਸ ਮੰਚ ਦੀ ਸੂਬਾ ਕਮੇਟੀ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਜਨਰਲ ਸਕੱਤਰ ਪ੍ਰੋ. ਜਗਮੋਹਣ ਸਿੰਘ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ ਉੱਘੇ ਕਹਾਣੀਕਾਰ ਸੁਖਜੀਤ, ਮਜ਼ਦੂਰ, ਕਿਸਾਨ, ਨੌਜਵਾਨ, ਤਰਕਸ਼ੀਲ ਜੱਥੇਬੰਦੀਆਂ ਦੇ ਆਗੂ ਅਤੇ ਕਾਮੇਂ, ਰੇਲ ਕੋਚ ਫੈਕਟਰੀ ਕਪੂਰਥਲਾ ਦੇ ਸਹੀਦ ਭਗਤ ਸਿੰਘ ਵਿਚਾਰ ਮੰਚ ਦੇ ਆਗੂ ਅਮਰੀਕ ਸਿੰਘ ਆਦਿ ਕਰ ਰਹੇ ਸਨ।

ਨਾਟਕਾਂ ਭਰੀ ਰਾਤ 'ਚ ਪ੍ਰੋ. ਵਰਿਆਮ ਸਿੰਘ ਸੰਧੂ ਦੀ ਕਹਾਣੀ ਤੇ ਅਧਾਰਤ ਕੇਵਲ ਧਾਲੀਵਾਲ ਦੁਆਰਾ ਨਾਟ ਸਿਰਜਣਾ ਅਤੇ ਨਿਰਦੇਸ਼ਨਾ ਵਿੱਚ, 'ਮੈਂ' ਰੋ ਨਾ ਲਵਾਂ ਇੱਕ ਵਾਰ, ਹਰਕੇਸ਼ ਚੌਧਰੀ ਦੁਆਰਾ ਲਿਖਿਆ ਅਤੇ ਨਿਰਦੇਸ਼ਤ 'ਪਰਿੰਦੇ ਭਟਕ ਗਏ', ਕੁਲਵੰਤ ਕੌਰ ਨਗਰ ਦਾ ਲਿਖਿਆ ਜਸਵਿੰਦਰ ਪੱਪੀ ਦਾ ਨਿਰਦੇਸ਼ਤ 'ਚਿੜੀਆਂ ਦਾ ਚੰਬਾ', ਬਲਦੇਵ ਸੜਕਨਾਮਾ ਦੇ ਨਾਵਲ ਤੇ ਅਧਾਰਤ ਹਰਵਿੰਦਰ ਦੀਵਾਨਾਂ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ 'ਬਲ਼ਦੇ ਦਰਿਆ' ਡਾ. ਸੋਮਪਾਲ ਹੀਰਾ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ, 'ਭਗਤ ਸਿੰਘ ਤੂੰ ਜ਼ਿੰਦਾ ਹੈ' ਨਾਟਕ ਖੇਡੇ ਗਏ।

**'ਮੈਂ ਰੋ ਨਾ ਲਵਾਂ ਇੱਕ ਵਾਰ' ਨਾਟਕ**

ਪਿੰਡਾਂ ਦੇ ਬੇਜ਼ਮੀਨੇ ਮਜ਼ਦੂਰਾਂ ਦੀ ਅਜੋਕੇ ਨਿਜਾਮ ਦੇ ਵੇਲਣਿਆਂ ਵਿਚ ਪੀੜੀ ਦਾ ਰਹੀ ਜ਼ਿੰਦਗੀ, ਨਸ਼ਿਆਂ ਦੀ ਮਾਰ, ਬੇਰੁਜ਼ਗਾਰੀ ਦੀ ਨਪੀੜੀ ਪਰਵਾਸ ਦੇ ਕੌੜੇ ਅੱਕ ਚੱਬਦੀ ਜੁਆਨੀ, ਨੌਜਵਾਨ ਧੀਆਂ ਦੀ ਪਰਵਾਜ਼ ਤੇ ਰੋਕਾਂ ਤੋੜਦਾ ਚਿੜੀਆਂ ਦਾ ਚੰਬਾ ਅਤੇ ਸਮਾਜਕ ਬਦਲਾਅ ਦੇ ਚਿੰਨ, ਸ਼ਹੀਦ ਭਗਤ ਸਿੰਘ ਹੋਣ ਦਾ ਅਰਥ ਆਦਿ ਵਿਸ਼ਿਆਂ 'ਤੇ ਨਾਟਕਾਂ ਨੂੰ ਖੜ੍ਹੇ ਹੋ ਕੇ ਦਰਸ਼ਕ ਤਾੜੀਆਂ ਦੀ ਗੂੰਜ ਵਿੱਚ ਦਾਦ ਦਿੰਦੇ ਰਹੇ।





ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਧਰਮਿੰਦਰ ਮਸਾਣੀ, ਨਰਗਿਸ, ਹਰਸ਼ ਬਿਲਗਾ, ਜਗਸੀਰ ਜੀਦਾ, ਦਸਤਕ ਮੰਚ ਦੇ ਮਨਦੀਪ ਅਤੇ ਸਾਥੀ, ਅੰਮ੍ਰਿਤਪਾਲ ਬਠਿੰਡਾ, ਕਸਤੂਰੀ ਲਾਲ ਆਦਿ ਨੇ ਗੀਤ ਸੰਗੀਤ ਦੇ ਰੰਗਾਂ ਨਾਲ ਰਾਤ ਨੂੰ ਚੇਤਨਾ ਦਾ ਚਾਨਣ ਵੰਡਿਆ।

ਇਸ ਰਾਤ ਨਾਮਵਰ ਨਾਟਕਕਾਰ, ਨਿਰਦੇਸ਼ਕ ਅਤੇ ਅਦਾਕਾਰ ਡਾ. ਸਾਹਿਬ ਸਿੰਘ, ਲੋਕਾਂ ਦੇ ਗ਼ਜ਼ਲਕਾਰ ਗੁਰਦਿਆਲ ਰੌਸ਼ਨ ਅਤੇ ਬਹੁ ਪੱਖੀ ਕਲਾਵੰਤੀ ਨਾਟਕਕਾਰ ਮਰਹੂਮ ਹੰਸਾ ਸਿੰਘ ਨੂੰ 'ਗੁਰਸ਼ਰਨ ਕਲਾ ਸਨਮਾਨ' ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਪੰਜਾਬ ਦੀ ਸਾਹਿਤਕ/ਸਭਿਆਚਾਰਕ ਲਹਿਰ ਵੱਲੋਂ ਡਾ. ਸੁਰਜੀਤ ਪਾਤਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਿਸਾਨ ਅੰਦੋਲਨ ਨੇ ਇੱਕ ਵਾਰ ਫਿਰ ਸਾਡੀ ਮਿੱਟੀ ਦੇ ਕਣ ਕਣ ਵਿੱਚ ਸਮੋਏ ਲੋਕ-ਪੱਖੀ, ਅਮੀਰ ਸਿਹਤਮੰਦ, ਇਤਿਹਾਸ, ਸਾਹਿਤ ਅਤੇ ਕਲਾ ਦੀ ਅਸੀਮ ਸ਼ਕਤੀ ਦਾ ਸਤੰਭ ਗੱਡਿਆ ਹੈ। ਦੁਨੀਆਂ ਦੇ ਨਕਸ਼ੇ ਤੇ ਇੱਕ ਖ਼ੂਬਸੂਰਤ ਕਵਿਤਾ ਸਿਰਜੀ ਹੈ ਇਸ ਅੰਦੋਲਨ ਨੇ। ਉਹਨਾਂ ਕਿਹਾ ਕਿ ਲੋਕ ਸਰੋਕਾਰਾਂ ਦੀ ਬਾਤ ਪਾਉਣ ਵਾਲਾ ਰੰਗ ਮੰਚ ਸਦਾ ਸਫਰ ਤੇ ਰਹਿੰਦਾ ਹੈ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁਰਸ਼ਰਨ ਭਾਅ ਦੀ ਸੋਚ ਅਤੇ ਅਮਲ ਦਾ ਸੁਮੇਲ ਅਮੀਰ ਪਰੰਪਰਾ ਵਾਲਾ ਗਰੀਬ ਰੰਗ ਮੰਚ ਭਾਈ ਲਾਲੋਆਂ ਦੇ ਫਿਕਰਾਂ ਦੀ ਬਾਂਹ ਫੜਦਾ ਸਦਾ ਸਫ਼ਰ 'ਤੇ ਰਹੇਗਾ। ਉਹਨਾਂ ਕਿਹਾ ਕਿ ਪਲਸ ਮੰਚ ਬੁੱਧੀਜੀਵੀਆਂ ਅਤੇ ਲੋਕਾਂ ਦੀ ਕਲਾ ਦੇ ਮਾਧਿਅਮ ਅਤੇ ਸੰਗਰਾਮਾ 'ਚ ਬਣਦੀ ਪ੍ਰਸਪਰ ਸਾਂਝ ਦੀ ਤੰਦ ਮਜਬੂਤ ਕਰਨ ਲਈ ਸੁਹਿਰਦ ਯਤਨ ਜਾਰੀ ਰੱਖੇਗਾ।


ਗੁਰਦਿਆਲ ਰੌਸ਼ਨ ਦੀ 'ਖੇਤਾਂ ਤੋਂ ਦਿੱਲੀ ਤੱਕ', ਪ੍ਰੋ. ਵਰਿਆਮ ਸਿੰਘ ਸੰਧੂ ਦੀ 'ਗੁਰੂ ਨਾਨਕ ਪਾਤਸਾਹ ਨੂੰ ਮਿਲਦਿਆਂ', ਅਮੋਲਕ ਸਿੰਘ ਦੀ 'ਮਿੱਟੀ ਜਾਏ ਗੀਤ' ਹਰਕੇਸ਼ ਚੌਧਰੀ ਦੀ 'ਉੱਠਣ ਦਾ ਵੇਲਾ', ਸਾਜ਼ ਹੀ ਮੇਰਾ ਹਥਿਆਰ ਹੈ ਅਨੁਵਾਦ ਮਨ ਦੀਪ ਆਦਿ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ।


ਸ਼ਾਮ 7:30 ਵਜੇ ਤੋਂ ਸਰਘੀ ਵੇਲੇ ਤੱਕ ਇਹ ਲੋਕ ਕਲਾਵਾਂ ਦਾ ਖ਼ੂਬਸੂਰਤ ਦਰਿਆ ਵਗਦਾ ਰਿਹਾ। ਜ਼ਿਕਰਯੋਗ ਹੈ ਕਿ ਨਾਟਕਾਂ ਅਤੇ ਗੀਤਾਂ ਭਰੀ ਰਾਤ ਨੇ ਇਹ ਦਰਸਾ ਦਿੱਤਾ ਕਿ ਚੌਤਰਫੀਆਂ ਚੁਣੌਤੀਆਂ ਦੇ ਬਾਵਜੂਦ ਲੋਕਾਂ ਦੀ ਨਬਜ਼ ਫੜਕੇ ਤੁਰਨ ਵਾਲਾ ਰੰਗ ਮੰਚ ਭਵਿੱਖ ਵਿੱਚ ਹੋਰ ਵੀ ਉਚੇਰੀ ਪਰਵਾਜ਼ ਭਰੇਗਾ। ਨਾਟਕਾਂ ਅਤੇ ਗੀਤਾਂ ਭਰੀ ਰਾਤ ਦਾ ਮੰਚ ਸੰਭਾਲਨ ਪਲਸ ਮੰਚ ਦੇ ਵਿੱਤ ਸਕੱਤਰ ਕਸਤੂਰੀ ਲਾਲ ਨੇ ਕੀਤਾ।








# ਬਰੈਂਪਟਨ ਕੈਨੇਡਾ ਵਿੱਚ ਵਰਕਰ ਮਈ ਦਿਵਸ




ਬਰੈਂਪਟਨ, (ਨਾਹਰ ਔਜਲਾ) : 1 ਮਈ ਦੇ ਕੌਮਾਂਤਰੀ ਮਜਦੂਰ ਦਿਹਾੜੇ ’ਤੇ ਜਸਟਿਸ ਫਾਰ ਪੀਲ ਕੋਲੀਸਨ ਵੱਲੋਂ, ਵਰਕਰਾਂ ਅਤੇ ਲੋਕਾਂ ਲਈ ਇਨਸਾਫ ਦੀ ਮੰਗ ਨੂੰ ਲੈ ਕੇ ਰੈਲੀ ਤੇ ਮਾਰਚ ਕੀਤਾ ਗਿਆ। ਮੀਂਹ ਵਾਲਾ ਮੌਸਮ ਹੋਣ ਦੇ ਬਾਵਜੂਦ ਵੀ ਕੋਈ 500 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ। ਨੌਜਵਾਨ ਬੱਚਿਆਂ ਦੀ ਵੀ ਕਾਫੀ ਗਿਣਤੀ ਸੀ।

ਹਾਜ਼ਰ ਮੈਂਬਰਾਂ ਵੱਲੋਂ ਪਲੇਅ ਕਾਰਡ ਅਤੇ ਨਾਅਰੇ ਲਗਾਕੇ ਕੈਨੇਡੀਅਨ ਵਰਕਰਾਂ ਦੀ ਹਾਲਤ ਅਤੇ ਮੰਗਾਂ ਲਈ ਵਿਖਾਵਾ ਕੀਤਾ। ਵਰਕਰਾਂ ਦੇ ਇਸ ਇਕੱਠ ਦੀਆਂ ਮੁੱਖ ਮੰਗਾਂ ਸਨ, ਬਰੈਂਪਟਨ ਦੇ ਲੋਕਾਂ ਦੀ ਲੋੜ ਮੁਤਾਬਕ ਪੂਰੀ ਸਮੱਰਥਾ ’ਚ ਕੰਮ ਕਰਦੇ ਤਿੰਨ ਹੌਸਪਿਟਲਜ ਲਈ ਪੂਰੇ ਫੰਡ ਮਹੱਈਆ ਕਰਵਾਏ ਜਾਣ।

ਓੰਟਾਰੀਓ ਦੀ ਮਿਨੀਮਮ ਵੇਜ 20 ਡਾਲਰ ਪ੍ਰਤੀ ਘੰਟਾ ਕੀਤੀ ਜਾਵੇ, ਆਮਦਨ ਮੁਤਾਬਕ ਰਿਹਾਇਸ਼ (ਅਫੋਰਡਏਬਲ ਹਾਉਸਿੰਗ) ਦਾ ਪ੍ਰਬੰਧ ਹੋਵੇ, ਵਰਕਰਾਂ ਦੀ ਸੇਫਟੀ ਸੁਰੱਖਿਆ ਦਾ ਚੰਗਾ ਪ੍ਰਬੰਧ ਤੇ ਹੋਰ ਮੰਗਾਂ ਸ਼ਾਮਲ ਸਨ। ਇਹ ਵਿਖਾਵਾ ਵਰਕਰ ਜੱਥੇਬੰਦੀਆਂ ਵੱਲੋਂ ਸੀ ਅਤੇ ਕਿਸੇ ਵੀ ਸਿਆਸੀ ਪਾਰਟੀ ਨੂੰ ਸੱਦਾ ਨਹੀਂ ਸੀ ਦਿੱਤਾ ਗਿਆ ਪਰ ਇਸ ਦੇ ਬਾਵਜੂਦ ਵੀ ਐਨ ਡੀ ਪੀ ਦੀ ਲੀਡਰ ਐਂਡਰੀਆ ਹਾਰਵੈਥ, ਐਮ ਪੀ ਪੀ, ਗੁਰਰਤਨ, ਸਾਰਾ ਸਿੰਘ ਅਤੇ ਬਰੈਂਪਟਨ ਦੇ ਰੀਜਨਲ ਕੌਂਸਲਰ ਗੁਰਪ੍ਰੀਤ ਸਿੰਘ ਢਿਲੋਂ ਨੇ ਵੀ ਹਾਜ਼ਰੀ ਲਵਾਈ। ਮੇਨਸਟਰੀਮ ਮੀਡੀਏ ਨੇ ਪ੍ਰੋਗਰਾਮ ਦੀ ਕਵਰੇਜ ਕੀਤੀ। ਬਹੁਤ ਸਾਰੇ ਬੁਲਾਰਿਆਂ ਨੇ ਸੰਬੋਧਨ ਕੀਤਾ। ਨਵੀ ਔਜਲਾ ਅਤੇ ਜੈਨੇਫਰ ਨੇ ਸਟੇਜ ਸੈਕਟਰੀ ਦੀ ਜ਼ੁੰਮੇਵਾਰੀ ਨਿਭਾਈ। ਪਹੁੰਚਣ ਵਾਲੇ ਸਾਰੇ ਦੋਸਤਾਂ ਦਾ ਧੰਨਵਾਦ ਕੀਤਾ।



















# ਕੀ ਸਾਂਝੇ ਪੰਜਾਬ ਦੀ ਹੋਣੀ 'ਪ੍ਰਵਾਨੇ' ਜਾਂ 'ਸਿੰਗਲੇ' ਵਰਗਿਆਂ ਦੇ ਹੱਥ ਛੱਡੀ ਜਾ ਸਕਦੀ ਹੈ ?

ਅਜਿਹਾ ਸਹਿਮ ਦਾ ਮਾਹੌਲ ਸੀ ਕਿ ਲੋਕ ਬਜ਼ਾਰ ਬੰਦ ਕਰਕੇ ਘਰਾਂ ਨੂੰ ਚਲੇ ਗਏ। ਜਲੂਸ ਆਪਣੇ ਰੂਟ ਮੁਤਾਬਿਕ ਬਾਰਾਂਦਰੀ ਸਮਾਪਤ ਹੋਇਆ, ਪਰ ਸ਼ਹਿਰ ਵਿੱਚ ਅਜਿਹੀਆਂ ਅਫਵਾਹਾਂ ਦਾ ਬਜ਼ਾਰ ਗਰਮ ਰਿਹਾ ਕਿ ਹਿੰਦੂ-ਸਿੱਖਾਂ ਵਿੱਚ ਦੰਗੇ ਹੋ ਗਏ ਹਨ, ਕੁਝ ਬੰਦੇ ਮਾਰੇ ਗਏ ਹਨ।ਪਰ ਅਜਿਹਾ ਕੁਝ ਨਹੀਂ ਹੋਇਆ ਸੀ ? ਪਰ ਉਸ ਦਿਨ ਤੋਂ ਬਾਅਦ ਬਹੁਤ ਕੁਝ ਵਾਪਰਨਾ ਸ਼ੁਰੂ ਹੋ ਗਿਆ ਸੀ, ਜਿਸਨੇ ਅਗਲੇ ਦਹਾਕੇ ਵਿੱਚ ਹਜਾਰਾਂ ਜਾਨਾਂ ਲੈਣੀਆਂ ਸਨ। ਕੁਝ ਖਾਸ ਰਾਜਸੀ ਮੰਤਵਾਂ ਲਈ ਦੋਨਾਂ ਭਾਈਚਾਰਿਆਂ ਵਿਚਲੇ ਕੱਟੜਪੰਥੀ ਤੇ ਹਿੰਸਕ ਟੋਲਿਆਂ ਰਾਹੀਂ ਹਾਲਾਤ ਕਿਸੇ ਖਾਸ ਦਿਸ਼ਾ ਵਿੱਚ ਲਿਜਾਣ ਵੱਲ ਧੱਕਿਆ ਜਾ ਰਿਹਾ ਸੀ। ਇੱਕ ਅਜਿਹੀ ਸ਼ਤਰੰਜ ਵਿਛਾਈ ਜਾ ਰਹੀ ਸੀ, ਜਿਸ ਬਾਰੇ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਸੀ।

29 ਮਈ, 1981 ਦੀਆਂ ਘਟਨਾਵਾਂ ਤੋਂ ਬਾਅਦ ਹਾਲਾਤ ਤੇਜੀ ਨਾਲ਼ ਬਦਲਣੇ ਸ਼ੁਰੂ ਹੋ ਗਏ ਸਨ। ਇਸ ਤੋਂ ਬਾਅਦ 17 ਮਾਰਚ, 1982 ਨੂੰ ਦਲ ਖਾਲਸਾ ਵਲੋਂ ਚੰਡੀਗੜ੍ਹ ਵਿੱਚ ਪੂਰੇ ਧੂਮ-ਧੜੱਕੇ ਨਾਲ ਪ੍ਰੈਸ ਕਾਨਫਰੰਸ ਕੀਤੀ ਗਈ, ਜਿਸ ਵਿੱਚ ਪਹਿਲਾਂ ਦਲ ਖਾਲਸਾ ਦੇ ਪੰਚ ਜਸਵੰਤ ਸਿੰਘ ਠੇਕੇਦਾਰ ਤੇ ਫਿਰ 4 ਅਪਰੈਲ, 1982 ਨੂੰ ਦਲ ਖਾਲਸਾ ਦੇ ਇੱਕ ਹੋਰ ਪੰਚ ਮਨਮੋਹਨ ਸਿੰਘ ਨੇ, ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਕੀਤੀ। ਉਨ੍ਹਾਂ ਧਮਕੀ ਦਿੱਤੀ ਕਿ ਜੇ 13 ਅਪਰੈਲ, 1982 ਤੱਕ ਸ਼ਹਿਰ ਵਿੱਚੋਂ ਤੰਬਾਕੂ, ਸ਼ਰਾਬ ਤੇ ਮੀਟ ਦੀਆਂ ਦੁਕਾਨਾਂ ਨਾ ਹਟਾਈਆਂ ਗਈਆਂ ਤਾਂ ਸਿੱਧੀ ਕਾਰਵਾਈ ਸ਼ੁਰੂ ਕਰ ਦਿੱਤੀ ਜਾਵੇਗੀ। ਇਸੇ ਸਮੇਂ ਦੌਰਾਨ ਸੰਤਾਂ ਨੇ ਆਪਣੇ ਹਥਿਆਰਬੰਦ ਪੈਰੋਕਾਰਾਂ ਨਾਲ਼ ਦਿੱਲੀ ਦੀ ਯਾਤਰਾ ਕੀਤੀ ਅਤੇ ਦਿੱਲੀ ਦੀਆਂ ਗਲ਼ੀਆਂ ਵਿੱਚ ਹਥਿਆਰਾਂ ਦੇ ਪ੍ਰਦਰਸ਼ਨ ਵਾਲ਼ੇ ਜਲੂਸ ਕੱਢੇ ਗਏ।ਦਲ ਖਾਲਸਾ ਵਲੋਂ ਆਪਣੀ ਧਮਕੀ ਨੂੰ ਅਮਲੀ ਰੂਪ ਦਿੰਦਿਆਂ 25-26 ਅਪਰੈਲ ਦੀ ਰਾਤ ਨੂੰ ਅੰਮ੍ਰਿਤਸਰ ਵਿੱਚ ਕਾਲ਼ੀ ਮਾਤਾ ਦੇ ਮੰਦਰਾਂ ਵਿੱਚ ਗਾਵਾਂ ਦੇ ਸਿਰ ਵੱਢ ਕੇ ਟੰਗ ਦਿੱਤੇ ਗਏ। ਜਿਸਦੀ ਜ਼ਿੰਮੇਵਾਰੀ ਦਲ ਖਾਲਸਾ ਦੇ ਪੰਚ ਜਸਵੰਤ ਸਿੰਘ ਠੇਕੇਦਾਰ ਨੇ ਲਈ। ਅੰਮ੍ਰਿਤਸਰ ਵਿੱਚ ਇੱਕ-ਦਮ ਤਨਾਅ ਵਧ ਗਿਆ। ਇਸ ਘਟਨਾ ਨਾਲ਼ ਹਿੰਦੂ ਭਾਈਚਾਰਾ ਪੂਰੀ ਤਰ੍ਹਾਂ ਭੜਕ ਉਠਿਆ। ਫਿਰ ਗਿਆਨੀ ਜ਼ੈਲ ਸਿੰਘ ਸਿੰਘ ਤੁਰੰਤ ਸਥਿਤੀ ਦਾ ਜਾਇਜਾ ਲੈਣ ਲਈ ਅੰਮ੍ਰਿਤਸਰ ਪਹੁੰਚੇ। ਇਸ ਤੋਂ ਬਾਅਦ ਪੈਦਾ ਹੋਏ ਹਾਲਤਾਂ ਦੇ ਮੱਦੇ ਨਜ਼ਰ ਦਿੱਲੀ ਪਹੁੰਚ ਕੇ ਅਖੀਰ ਉਸਨੂੰ ਨਾ ਚਾਹੁੰਦਿਆਂ ਹੋਇਆਂ ਵੀ ਦਲ ਖਾਲਸਾ ਤੇ ਪਾਬੰਦੀ ਲਗਾਉਣੀ ਪਈ। ਪਰ ਤੀਰ ਉਦੋਂ ਤੱਕ ਭੱਥੇ ਵਿੱਚੋਂ ਨਿਕਲ਼ ਚੁੱਕਾ ਸੀ। ਇਸ ਸਿਲਸਿਲਾ ਹਰ ਪੜਾਅ ਤੇ ਬਦ ਤੋਂ ਬਦਤਰ ਹੁੰਦਾ ਗਿਆ। ਜਿਸਦੇ ਫਲਸਰੂਪ ਜੂਨ 84 ਦਾ ਮੰਦਭਾਗਾ ਭਾਣਾ ਤੇ ਫਿਰ ਨਵੰਬਰ 84 ਦਾ ਸਿੱਖ ਕਤਲੇਆਮ ਵਾਪਰਿਆ। ਉਸ ਤੋਂ ਬਾਅਦ ਚੱਲੀ ਖਾੜਕੂ ਲਹਿਰ ਦੌਰਾਨ ਲਗਾਤਾਰ ਇੱਕ ਦਹਾਕਾ ਪੰਜਾਬ ਕਤਲੋਗਾਰਤ ਦਾ ਮੈਦਾਨ ਬਣਿਆ ਰਿਹਾ।

ਮੌਜੂਦਾ ਘਟਨਾਵਾਂ ਦਾ ਸਬੰਧ 'ਖਾਲਿਸਤਾਨ ਦਿਵਸ' ਨਾਲ਼ ਹੋਣ ਕਰਕੇ, ਇੱਥੇ 29 ਅਪਰੈਲ, 1986 ਦੇ 'ਖਾਲਿਸਤਾਨ ਐਲਾਨਨਾਮੇ' ਬਾਰੇ ਜ਼ਿਕਰ ਪਾਠਕਾਂ ਦੀ ਜਾਣਕਾਰੀ ਲਈ ਲਾਹੇਵੰਦ ਰਹੇਗਾ। ਜੂਨ, 1984 ਤੇ ਫਿਰ ਨਵੰਬਰ, 1984 ਵਿੱਚ ਵਾਪਰੀਆਂ ਮੰਦਭਾਗੀਆਂ ਘਟਨਾਵਾਂ ਤੋਂ ਬਾਅਦ ਸਿੱਖਾਂ ਵਿੱਚ ਪਾਏ ਜਾ ਰਹੇ ਰੋਸ ਤੋਂ ਬਾਅਦ ਕੁਝ ਖਾੜਕੂ ਸੁਰ ਵਾਲ਼ੀਆਂ ਜਥੇਬੰਦੀਆਂ ਵਲੋਂ ਦਮਦਮੀ ਟਕਸਾਲ ਦੀ ਅਗਵਾਈ ਵਿੱਚ 26 ਜਨਵਰੀ, 1986 ਨੂੰ ਅਕਾਲ ਤਖਤ ਤੇ 'ਸਰਬੱਤ ਖਾਲਸਾ ਸੰਮੇਲਨ' ਦਾ ਸੱਦਾ ਦਿਤਾ ਗਿਆ। ਜਿਸ ਵਿੱਚ ਭਾਰੀ ਗਿਣਤੀ ਵਿੱਚ ਨੌਜਵਾਨ ਹਾਜ਼ਿਰ ਹੋਏ। ਇਸ ਸਰਬੱਤ ਖਾਲਸਾ ਵਿੱਚ ਸਿੱਖਾਂ ਦੇ ਰਾਜਸੀ ਮਸਲਿਆਂ ਬਾਰੇ ਦਮਦਮੀ ਟਕਸਾਲ ਨਾਲ਼ ਸਬੰਧਤ ਪੰਜ ਖਾੜਕੂਆਂ ਦੀ ਇੱਕ 'ਪੰਥਕ ਕਮੇਟੀ' ਬਣਾਈ ਗਈ, ਜੋ ਆਉਣ ਵਾਲ਼ੇ ਸਮੇਂ ਵਿੱਚ ਸ਼ੁਰੂ ਹੋਣ ਵਾਲ਼ੇ ਖਾੜਕੂ ਸੰਘਰਸ਼ ਦੀ ਅਗਵਾਈ ਕਰੇਗੀ। ਇਸੇ 'ਸਰਬਤ ਖਾਲਸਾ' ਵਿੱਚ ਸਾਰੇ ਤਖਤਾਂ ਦੇ ਸ਼੍ਰੋਮਣੀ ਕਮੇਟੀ ਵਲੋਂ ਥਾਪੇ ਜਥੇਦਾਰ ਹਟਾ ਦਿੱਤੇ ਗਏ, ਸ਼੍ਰੋਮਣੀ ਕਮੇਟੀ ਭੰਗ ਕਰ ਦਿੱਤੀ ਗਈ। ਸੰਤ ਭਿੰਡਰਾਂਵਾਲ਼ਿਆਂ ਦੇ ਭਤੀਜੇ ਭਾਈ ਜਸਵੀਰ ਸਿੰਘ ਰੋਡੇ ਨੂੰ ਅਕਾਲ ਤਖਤ ਦਾ ਜਥੇਦਾਰ ਬਣਾਇਆ ਗਿਆ। ਉਸ ਵਕਤ ਉਹ ਜ਼ੇਲ੍ਹ ਵਿੱਚ ਸਨ ਤਾਂ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਅਕਾਲ ਤਖਤ ਦਾ ਐਕਟਿੰਗ ਜਥੇਦਾਰ ਬਣਾਇਆ ਗਿਆ। ਇਸ ਸਰਬੱਤ ਖਾਲਸੇ ਤੋਂ ਪਹਿਲਾਂ ਹੀ ਖਾੜਕੂਆਂ ਵਿੱਚ ਦੋ ਧਿਰਾਂ ਖੜੀਆਂ ਹੋ ਚੁੱਕੀਆਂ ਸਨ, ਇੱਕ ਧਿਰ ਭਾਰਤੀ ਸੰਵਿਧਾਨ ਅਧੀਨ 'ਆਨੰਦਪੁਰ ਦੇ ਮਤੇ ਤੇ ਸਿੱਖ ਸਟੇਟ' ਲਈ ਸੰਘਰਸ਼ ਕਰਨ ਦੇ ਹੱਕ ਵਿੱਚ ਸੀ ਅਤੇ ਦੂਜੀ ਧਿਰ ਭਾਰਤੀ ਸਟੇਟ ਨਾਲ਼ ਸਿੱਧੀ ਹਥਿਆਰਬੰਦ ਲੜਾਈ ਰਾਹੀਂ ਭਾਰਤ ਤੋਂ ਵੱਖਰਾ ਦੇਸ਼ 'ਖਾਲਿਸਤਾਨ' ਬਣਾਉਣਾ ਚਾਹੁੰਦੀ ਸੀ।ਭਾਰਤ ਵਿੱਚ ਰਹਿ ਕੇ ਸੰਘਰਸ਼ ਕਰਨ ਵਾਲ਼ੀ ਧਿਰ ਦੀ ਅਗਵਾਈ ਸੰਤ ਭਿੰਡਰਾਂਵਾਲ਼ੇ ਦੇ ਟਕਸਾਲੀ ਬੁਲਾਰੇ ਤੇ ਸੀਨੀਅਰ ਪੱਤਰਕਾਰ ਭਾਜੀ ਦਲਬੀਰ ਸਿੰਘ ਕਰ ਰਹੇ ਸਨ ਅਤੇ ਭਾਰਤ ਤੋਂ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ ਦੀ ਅਗਵਾਈ ਸਾਬਕਾ ਆਈ ਏ ਐਸ ਅਧਿਕਾਰੀ ਡਾ. ਸੋਹਣ ਸਿੰਘ ਕਰ ਰਹੇ ਸਨ। ਪਰ 'ਖਾਲਿਸਤਾਨ' ਪੱਖੀ ਧਿਰ ਸਰਬੱਤ ਖਾਲਸੇ ਵਿੱਚ ਅਜਿਹਾ ਮਤਾ ਪਾਸ ਕਰਾਉਣ ਤੋਂ ਅਸਮਰਥ ਰਹਿਣ ਤੋਂ ਬਾਅਦ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਰਾਹੀਂ 13 ਅਪਰੈਲ, 1986 ਨੂੰ ਵੈਸਾਖੀ ਮੌਕਾ ਮਤਾ ਪਾਸ ਕਰਾਉਣਾ ਚਾਹੁੰਦੀ ਸੀ, ਪਰ ਉਥੇ ਵੀ ਜਥੇਦਾਰ ਕਾਉਂਕੇ ਵਲੋਂ ਇਨਕਾਰ ਕਰਨ ਤੇ ਉਨ੍ਹਾਂ ਨੇ 29 ਅਪਰੈਲ, 1986 ਨੂੰ ਪੰਥਕ ਕਮੇਟੀ ਰਾਹੀਂ ਅਚਾਨਕ ਬੜੀ ਕਾਹਲੀ ਵਿੱਚ ਸੱਦੀ ਗੁਪਤ ਪ੍ਰੈਸ ਕਾਨਫਰੰਸ ਵਿੱਚ ਦਰਬਾਰ ਸਾਹਿਬ ਦੀ ਪ੍ਰਕਰਮਾ ਦੇ ਇੱਕ ਕਮਰੇ ਵਿੱਚ 'ਖਾਲਿਸਤਾਨ ਦਾ ਐਲਾਨ' ਕਰਵਾ ਲਿਆ।ਬੇਸ਼ਕ ਪਿਛਲੇ 36 ਸਾਲਾਂ ਵਿੱਚ ਪੰਜਾਬ ਵਿੱਚ ਇਸ 'ਖਾਲਿਸਤਾਨ ਡੇ' ਤੇ ਨਾ ਕਦੇ ਕੋਈ ਖਾਸ ਪ੍ਰੋਗਰਾਮ ਹੀ ਹੋਇਆ ਅਤੇ ਨਾ ਹੀ ਇਸ ਬਾਰੇ ਕਦੇ ਚਰਚਾ ਹੋਈ। ਪਰ 1994 ਤੋਂ ਵਿਦੇਸ਼ਾਂ ਵਿੱਚ ਕੁਝ ਥਾਵਾਂ ਤੇ ਇਹ ਦਿਨ ਕੁਝ ਲੋਕਾਂ ਵਲੋਂ ਜਰੂਰ ਮਨਾਇਆ ਜਾਂਦਾ ਰਿਹਾ ਹੈ। ਇਸ ਵਾਰ ਭਾਰਤ ਸਰਕਾਰ ਵਲੋਂ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਕਰਤਾ ਧਰਤਾ ਵਕੀਲ ਗੁਰਪਤਵੰਤ ਸਿੰਘ ਪੰਨੂੰ ਵਲੋਂ ਇੱਕ ਕਾਲ ਦਿੱਤੀ ਗਈ ਕਿ ਜਿਹੜੇ ਵਿਅਕਤੀ 29 ਅਪਰੈਲ ਨੂੰ ਡੀ ਸੀ ਦਫਤਰਾਂ ਤੇ ਖਾਲਿਸਤਾਨ ਦੇ ਝੰਡੇ ਝੁਲਾਉਣਗੇ, ਉਨ੍ਹਾਂ ਨੂੰ 12 ਘੰਟਿਆਂ ਵਿੱਚ ਸਵਾ ਲੱਖ ਅਮਰੀਕਨ ਡਾਲਰ ਵੰਡੇ ਜਾਣਗੇ। ਯਾਦ ਰਹੇ ਪੰਨੂੰ ਵਲੋਂ ਅਜਿਹੀ ਕਾਲ 26 ਜਨਵਰੀ, 2021 ਨੂੰ ਵੀ ਦਿੱਤੀ ਗਈ ਸੀ ਕਿ ਜਿਹੜਾ ਵਿਅਕਤੀ ਦਿੱਲੀ ਲਾਲ ਕਿਲ੍ਹੇ ਤੇ ਖਾਲਿਸਤਾਨ ਦਾ ਝੰਡਾ ਲਹਿਰਾਵੇਗਾ, ਉਸਨੂੰ ਢਾਈ ਲੱਖ ਅਮਰੀਕਨ ਡਾਲਰ ਦਿੱਤੇ ਜਾਣਗੇ, ਪੰਨੂੰ ਨੇ ਢਾਈ ਲੱਖ ਡਾਲਰ ਦਿੱਤੇ ਜਾਂ ਨਹੀਂ, ਬਾਰੇ ਤਾਂ ਪਤਾ ਨਹੀਂ, ਪਰ ਸੈਂਕੜੇ ਨੌਜਵਾਨਾਂ ਉਪਰ ਲਾਲ ਕਿਲ੍ਹੇ ਤੇ ਝੰਡੇ ਝੁਲਾਉਣ ਤੇ ਉਥੇ ਹੋਈ ਹਿੰਸਾ ਵਿੱਚ ਪੁਲਿਸ ਕੇਸ ਦਰਜ ਕੀਤੇ ਗਏ।ਕਈ ਨੌਜਵਾਨ ਜ਼ੇਲ੍ਹਾਂ ਵਿੱਚ ਵੀ ਬੰਦ ਹਨ। ਇਸੇ ਤਰ੍ਹਾਂ ਕੁਝ ਸਾਲ ਪਹਿਲਾਂ ਮੋਗੇ ਪੰਜਾਬ ਸਰਕਾਰ ਦੀ ਮਿੰਨੀ ਸਕੱਤਰੇਤ ਤੇ ਖਾਲਿਸਤਾਨ ਦਾ ਝੰਡਾ ਝੁਲਾਉਣ ਦੇ ਦੋਸ਼ ਵਿੱਚ ਨੌਜਵਾਨ ਜ਼ੇਲ੍ਹ ਵਿੱਚ ਹਨ। ਪੰਨੂੰ ਦੇ 29 ਅਪਰੈਲ ਵਾਲ਼ੇ ਬਿਆਨ ਤੋਂ ਬਾਅਦ ਪੰਜਾਬ ਵਿਚਲੇ 'ਸ਼ਿਵ ਸੈਨਾ' ਦੇ ਇੱਕ ਗਰੁੱਪ ਦੇ ਲੀਡਰ ਹਰੀਸ਼ ਸਿੰਗਲਾ ਨੇ ਐਲਾਨ ਕਰ ਦਿੱਤਾ ਸੀ ਕਿ ਜੇ ਕੋਈ ਉਸ ਦਿਨ 'ਖਾਲਿਸਤਾਨ ਜ਼ਿੰਦਬਾਦ' ਦੇ ਨਾਹਰੇ ਲਗਾਵੇਗਾ ਤਾਂ ਅਸੀਂ 'ਖਾਲਿਸਤਾਨ ਮੁਰਦਾਬਾਦ' ਦੇ ਨਾਹਰੇ ਮਾਰਦੇ ਪਟਿਆਲ਼ੇ

(ਸਫ਼ਾ 3 ਦੀ ਬਾਕੀ)

ਵਿੱਚ ਜਲੂਸ ਕੱਢਾਂਗੇ। ਜਿਸ ਤੋਂ ਬਾਅਦ ਖਾਲਿਸਤਾਨੀ ਧਿਰਾਂ ਵਲੋਂ ਦਮਦਮੀ ਟਕਸਾਲ ਨਾਲ਼ ਸਬੰਧਤ ਬਰਜਿੰਦਰ ਸਿੰਘ ਪ੍ਰਵਾਨਾ ਨੇ ਐਲਾਨ ਕਰ ਦਿੱਤਾ ਕਿ ਜੇ ਸ਼ਿਵ ਸੈਨਾ ਵਾਲ਼ੇ 'ਖਾਲਿਸਤਾਨ ਮੁਰਦਾਬਾਦ' ਜਲੂਸ ਕੱਢਣਗੇ ਤਾਂ ਅਸੀਂ ਅਜਿਹਾ ਨਹੀਂ ਹੋਣ ਦੇਵਾਂਗੇ ਅਤੇ ਉਸਨੇ ਨੌਜਵਾਨਾਂ ਨੂੰ ਕਿਰਪਾਨਾਂ, ਡੰਡਿਆਂ ਤੇ ਹਥਿਆਰਾਂ ਨਾਲ਼ ਲੈਸ ਹੋ ਕੇ ਗੁਰਦੁਆਰਾ ਦੂਖ ਨਿਵਾਰਨ ਪਹੁੰਚਣ ਦੀ ਕਾਲ ਵੀ ਦਿੱਤੀ ? ਜਿਸ ਤੋਂ ਬਾਅਦ 29 ਅਪਰੈਲ ਵਾਲ਼ੇ ਦਿਨ ਪਟਿਆਲ਼ੇ ਮੰਦਭਾਗੀਆਂ ਘਟਨਾਵਾਂ ਵਾਪਰੀਆਂ। ਜ਼ਰਾ ਥੋੜਾ ਜਿਹਾ, ਧਿਆਨ ਨਾਲ਼ ਸੋਚੋ ਕਿ ਕੀ ਇਹ ਘਟਨਾਵਾਂ ਉਸੇ ਤਰ੍ਹਾਂ ਤੇ ਨਹੀਂ ਵਾਪਰ ਰਹੀਆਂ, ਜਿਸ ਤਰ੍ਹਾਂ ਦੀਆਂ ਘਟਨਾਵਾਂ ਬਾਰੇ ਉਪਰ ਜ਼ਿਕਰ ਕੀਤਾ ਗਿਆ ਹੈ ? ਕੀ ਇਨ੍ਹਾਂ ਘਟਨਾਵਾਂ ਰਾਹੀਂ ਦੋ ਭਾਈਚਾਰਿਆਂ ਵਿੱਚ ਫਿਰਕੂ ਨਫਰਤ ਦਾ ਜ਼ਹਿਰ ਤੇ ਨਹੀਂ ਫੈਲਾਇਆ ਜਾ ਰਿਹਾ ? ਕੀ ਇਸ ਤਰ੍ਹਾਂ ਦੇ ਮੁੱਦਿਆਂ ਰਾਹੀਂ ਦੋਨਾਂ ਭਾਈਚਾਰਿਆਂ ਦੇ ਹਿੰਸਕ ਬਿਰਤੀ ਵਾਲ਼ੇ ਲੋਕਾਂ ਨੂੰ ਵਰਤਿਆ ਤੇ ਨਹੀਂ ਜਾ ਰਿਹਾ ਤਾਂ ਕਿ ਪੰਜਾਬ ਦਾ ਮਾਹੌਲ ਖਰਾਬ ਕਰਕੇ ਭਵਿੱਖ ਲਈ ਕੋਈ ਰਾਜਸੀ ਮੰਤਵ ਹਾਸਿਲ ਕੀਤੇ ਜਾਣ ? ਕੀ ਇਸਦਾ ਮਕਸਦ ਪੰਜਾਬ ਦੇ ਲੋਕਾਂ ਵਲੋਂ ਭਾਰੀ ਬਹੁਮਤ ਨਾਲ਼ ਚੁਣੀ 'ਆਪ' ਸਰਕਾਰ ਲਈ ਮੁਸੀਬਤਾਂ ਖੜੀਆਂ ਕਰਨਾ ਤੇ ਨਹੀਂ ? ਇੱਥੇ ਗੱਲ ਕਿਸੇ ਇੱਕ ਧਿਰ ਨੂੰ ਦੋਸ਼ ਦੇਣ ਜਾਂ ਦੂਜੀ ਨੂੰ ਬਰੀ ਕਰਨ ਦੀ ਨਹੀਂ, ਸਗੋਂ ਇਹ ਸਮਝਣ ਦੀ ਹੈ ਕਿ ਉਹ ਕਿਹੜੀਆਂ ਸ਼ਕਤੀਆਂ ਹਨ, ਜੋ ਅਜਿਹੇ ਮੁੱਦੇ ਖੜੇ ਕਰਦੀਆਂ ਹਨ, ਫਿਰ ਦੋ ਫਿਰਕਿਆਂ ਦੇ ਕੁਝ ਵਿਅਕਤੀਆਂ ਨੂੰ ਉਕਸਾ ਕਿ ਇੱਕ ਦੂਜੇ ਦੇ ਸਾਹਮਣੇ ਲਿਆ ਖੜਾ ਕਰਦੀਆਂ ਹਨ ? ਕੀ ਅਜਿਹਾ ਕੁਝ ਬਹੁਤ ਲੰਬੇ ਸਮੇਂ ਤੋਂ ਪੰਜਾਬ ਵਿੱਚ ਨਹੀਂ ਵਾਪਰ ਰਿਹਾ ?

ਇਸ ਸਬੰਧੀ ਕੁਝ ਮਹੀਨੇ ਪਹਿਲਾਂ ਲਿਖੇ ਆਰਟੀਕਲ 'ਖਾਲਿਸਤਾਨ ਦੀ ਸਾਜ਼ਿਸ਼', ਵਿਤਕਰੇ ਦਾ ਬਿਰਤਾਂਤ ਅਤੇ ਵੀਹਵੀਂ ਸਦੀ ਦੀ ਸਿੱਖ ਲੀਡਰਸ਼ਿਪ! ਵਿੱਚ ਮੈਂ ਬੜੇ ਵਿਸਥਾਰ ਵਿੱਚ ਜ਼ਿਕਰ ਕੀਤਾ ਸੀ ਕਿ ਕਿਵੇਂ ਇੱਕ ਰਾਜਸੀ ਪਾਰਟੀ ਤੇ ਕੁਝ ਲੀਡਰਾਂ ਵਲੋਂ ਆਪਣੇ ਸੌੜੇ ਰਾਜਸੀ ਮੁਫਾਦਾਂ ਲਈ ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ ਹਿੰਸਾ ਦੀ ਖੇਡ ਖੇਡੀ ਗਈ ਸੀ, ਜਿਸ ਨਾਲ਼ ਪੰਜਾਬ ਦੋ ਦਹਾਕੇ ਖ਼ੂਨ ਵਿੱਚ ਰੰਗਿਆ ਰਿਹਾ। ਖਾਲਿਸਤਾਨ ਦੇ ਐਲਾਨਨਾਮੇ ਅਤੇ ਉਸ ਤੋਂ ਪਹਿਲਾਂ 26 ਜਨਵਰੀ, 1986 ਦੇ ਸਰਬੱਤ ਖਾਲਸੇ ਬਾਰੇ ਪ੍ਰਮਾਣਿਕ ਜਾਣਕਾਰੀ ਪੱਤਰਕਾਰ ਜਸਪਾਲ ਸਿੰਘ ਸਿੱਧੂ ਆਪਣੀ ਕਿਤਾਬ 'ਸੰਤ ਭਿੰਡਰਾਂਵਾਲ਼ੇ ਦੇ ਰੂ-ਬ-ਰੂ ਜੂਨ 84 ਦੀ ਪੱਤਰਕਾਰੀ' ਵਿੱਚ ਪੰਨਾ 272-280 ਤੇ ਦਿੰਦੇ ਹਨ, ਜੋ ਕਿ ਪਾਠਕਾਂ ਲਈ ਇਸ ਮਸਲੇ ਨੂੰ ਸਮਝਣ ਲਈ ਲਾਹੇਵੰਦ ਹੋਵੇਗੀ।

'ਡਾ. ਸੋਹਣ ਸਿੰਘ ਵਲੋਂ ਉਠਾਏ 'ਖਾਲਿਸਤਾਨ' ਦੇ ਮੁਦੇ ਤੋਂ ਦਲਬੀਰ ਸਿੰਘ ਚੌਕੰਨਾ ਹੋ ਗਿਆ।ਪਰ ਉਸਦਾ ਖਾੜਕੂ ਆਗੂਆਂ ਤੋਂ ਵਿਸ਼ਵਾਸ਼ ਅਜੇ ਤਿੜਕਿਆ ਨਹੀਂ ਸੀ। ਉਸਦਾ ਭਰੋਸਾ ਬਰਕਰਾਰ ਸੀ ਕਿ 'ਸਿੱਖ ਸੰਘਰਸ਼' ਲਈ ਉਸ ਵਲੋਂ ਘੜੇ ਜਾ ਰਹੇ ਸਿਆਸੀ ਦਾਅ ਪੇਚਾਂ ਨੂੰ ਅਪਨਾਉਣ ਤੇ ਲਾਗੂ ਕਰਨ ਵਿੱਚ 'ਸਿੱਖ ਖਾੜਕੂ ਨੈਟਵਰਕ' ਉਸਦਾ ਪੂਰਾ ਸਾਥ ਦਿੰਦਾ ਰਹੇਗਾ। ਫੈਡਰੇਸ਼ਨ ਦੇ ਲੀਡਰ ਜਨਤਕ ਸਿਆਸੀ ਕਾਰਵਾਈਆਂ ਨੂੰ ਨੇਪਰੇ ਚਾੜ੍ਹਨ ਵਿੱਚ ਠੀਕ ਮੁਹਾਰਤ ਹਾਸਿਲ ਕਰ ਲੈਣਗੇ।...'

'ਸ਼ਦਲਬੀਰ ਸਿੰਘ ਅੱਗੇ ਬੋਲਿਆ: ਜਨਤਕ ਰੂਪ ਵਿੱਚ ਮਜਬੂਤ ਹੋ ਰਹੇ ਸਿੱਖ ਸੰਘਰਸ਼ ਦਾ ਭਾਵੁਕ ਨਾਹਰਿਆਂ ਨਾਲ਼ ਲੀਹੋਂ-ਲਹਿ ਜਾਣ ਦਾ ਵੱਡਾ ਖਤਰਾ ਹੈ।ਕੱਚੀ-ਭਾਵੁਕ ਸੋਝੀ ਵਾਲ਼ੇ ਸਿੱਖ ਨੌਜਵਾਨਾਂ ਦੇ ਵਧੀਆ ਕੇਡਰ ਨੂੰ ਕਦੇ ਵੀ ਕੋਈ ਸਰਕਾਰੀ ਗੋਲ਼ੀਆਂ ਸਾਹਮਣੇ ਡਾਹ ਸਕਦੈ। ਮਰਨ-ਮਾਰਨ ਨੂੰ ਉਹ ਪਹਿਲਾਂ ਹੀ ਤਿਆਰ ਬੈਠੇ ਹਨ। ਸਵਾਲ ਤਾਂ ਇਹ ਹੈ ਕਿ ਹੀਰਿਆਂ ਵਰਗੇ ਸਿੱਖ ਗੱਭਰੂਆਂ ਨੂੰ



ਐਵੇਂ ਹੀ ਬਲ਼ੀ ਨਾ ਚੜਾਅ ਦਿੱਤਾ ਜਾਵੇ, ਤੇ ਸਿੱਖ ਭਾਈਚਾਰੇ ਲਈ ਕੋਈ ਸਿਆਸੀ ਪ੍ਰਾਪਤੀ ਵੀ ਨਾ ਹੋਵੇ। ਸਿਆਸਤ ਹਠ-ਧਰਮੀ ਨਹੀਂ ਹੁੰਦੀ ਸ਼ਨਿਰੋਲ ਬਦਲਾ ਲੈਣ ਦੀ ਪ੍ਰੀਕ੍ਰਿਆ ਵੀ ਨਹੀਂ ਹੁੰਦੀ...ਘੱਟ ਤੋਂ ਘੱਟ ਨੁਕਸਾਨ ਕਰਵਾ ਕੇ ਵੱਧ ਤੋਂ ਵੱਧ ਸਿਆਸੀ ਫਾਇਦਾ ਲੈਣ ਨੂੰ ਹੀ 'ਸਟੇਟਸਮੈਨਸ਼ਿਪ' ਕਿਹਾ ਜਾਂਦਾ ਹੈ....'

'...ਡਾ. ਸੋਹਣ ਸਿੰਘ ਸਰਬੱਤ ਖਾਲਸਾ ਵਿੱਚ ਕਿਸੇ ਵੀ ਹਾਲਤ ਵਿੱਚ ਖਾਲਿਸਤਾਨ ਦੀ ਮੰਗ ਪਵਾਉਣਾ ਚਾਹੁੰਦਾ ਸੀ, ਜਿਸ ਬਾਰੇ ਸਰਬੱਤ ਖਾਲਸਾ ਤੋਂ ਇੱਕ ਰਾਤ ਪਹਿਲਾਂ ਹੋਈ ਮੀਟਿੰਗ ਵਿੱਚ ਉਸਨੇ ਖਾੜਕੂਆਂ ਸਾਹਮਣੇ ਆਪਣਾ ਵਿਚਾਰ ਰੱਖਿਆ: 'ਸਰਬੱਤ ਖਾਲਸੇ ਦੇ ਖਰੜੇ ਵਿੱਚ ਖਾਲਿਸਤਾਨ ਦਾ ਮੁੱਦਾ ਹੋਣਾ ਚਾਹੀਦਾ ਹੈ ?' ਜਿਸਦੇ ਜਵਾਬ ਵਿੱਚ ਦਲਬੀਰ ਸਿੰਘ ਨੇ ਕਿਹਾ: 'ਖਾਲਿਸਤਾਨ ਨੂੰ ਮੁੱਖ ਮੁੱਦਾ ਪੇਸ਼ ਕਰ ਲਓ, ਪਰ ਮੈਂ ਇਸਦਾ ਭਾਈਵਾਲ਼ ਨਹੀਂ ਬਣਦਾ।' ਇਹ ਕਹਿ ਕੇ ਦਲਬੀਰ ਸਿੰਘ ਕਮਰੇ ਤੋਂ ਬਾਹਰ ਜਾਣ ਲੱਗਾ ਤਾਂ ਕੁਝ ਸਿੰਘਾਂ ਨੇ ਰੋਕ ਲਿਆ। ਕਾਫੀ ਬਹਿਸਬਾਜ਼ੀ ਤੋਂ ਬਾਅਦ ਇਹ ਫੈਸਲਾ ਹੋਇਆ ਕਿ ਸੰਤ ਭਿੰਡਰਾਂਵਾਲ਼ੇ ਦਾ ਕਥਨ ਹੀ ਖਰੜੇ ਵਿੱਚ ਦਰਜ ਕੀਤਾ ਜਾਵੇ ਕਿ ਜੇ ਦਿੱਲੀ ਸਰਕਾਰ ਨੇ ਦਰਬਾਰ ਸਾਹਿਬ ਤੇ ਫੌਜ ਚੜ੍ਹਾਈ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ...।

ਇਹ ਸਾਰੀ ਜਾਣਕਾਰੀ ਦੇਣ ਤੋਂ ਭਾਵ ਇਹੀ ਹੈ ਕਿ ਬੇਸ਼ਕ ਖਾਲਿਸਤਾਨ ਦੇ ਨਾਹਰੇ ਤਾਂ ਲੰਬੇ ਸਮੇਂ ਤੋਂ ਮਾਰੇ ਜਾ ਰਹੇ ਹਨ, ਖਾਲਿਸਤਾਨ ਦੇ ਝੰਡੇ ਝੁਲਾਉਣ ਦੇ ਨਾਮ ਤੇ ਪੰਜਾਬ ਦਾ ਮਾਹੌਲ ਵੀ ਖਰਾਬ ਕੀਤਾ ਜਾ ਰਿਹਾ ਹੈ, ਪਰ ਜਿਸ ਤਰ੍ਹਾਂ ਸਿੱਖ ਲੀਡਰਸ਼ਿਪ 1947 ਤੋਂ ਪਹਿਲਾਂ ਆਪਣੇ ਰਾਜਸੀ ਨਿਸ਼ਾਨਿਆਂ ਪ੍ਰਤੀ ਸਪੱਸ਼ਟ ਨਹੀਂ ਸੀ, ਉਸੇ ਤਰ੍ਹਾਂ 47 ਤੋਂ 84 ਤੱਕ ਸਪੱਸ਼ਟ ਨਹੀਂ ਸੀ, ਫਿਰ 84 ਤੋਂ ਬਾਅਦ ਉਭਰੀ ਖਾੜਕੂ ਲੀਡਰਸ਼ਿਪ ਵੀ ਆਪਣੇ ਨਿਸ਼ਾਨੇ ਪ੍ਰਤੀ ਸਪੱਸ਼ਟ ਨਹੀਂ ਸੀ, 1995 ਤੱਕ ਖਾੜਕੂ ਮੂਵਮੈਂਟ ਖਤਮ ਹੋਣ ਤੋਂ 27 ਸਾਲ ਬਾਅਦ ਵੀ ਸਪੱਸ਼ਟ ਨਹੀਂ ਹੈ ਕਿ ਉਹ ਅਸਲ ਵਿੱਚ ਕਰਨਾ ਕੀ ਚਾਹੁੰਦੇ ਹਨ ? ਸਿੱਖ ਲੀਡਰਸ਼ਿਪ ਵਲੋਂ ਬਿਨਾਂ ਸਪੱਸ਼ਟ ਨਿਸ਼ਾਨੇ ਅਤੇ ਵਿਉਂਤਬੰਦੀ ਦੇ ਕੌਮ ਨੂੰ ਬਲਦੀ ਦੇ ਬੂਥੇ ਦੇਈ ਰੱਖਣਾ ਕਿਤਨੀ ਕੁ ਸਿਆਣਪ ਹੈ ? ਜੇ ਆਮ ਸਿੱਖਾਂ ਦੀ ਖਾਲਿਸਤਾਨ ਵਿੱਚ ਕੋਈ ਦਿਲਚਸਪੀ ਨਹੀਂ ਤਾਂ ਫਿਰ ਕਮਿਊਨਿਟੀ ਦੇ ਇੱਕ ਛੋਟੇ ਜਿਹੇ ਸੈਕਸ਼ਨ ਵਲੋਂ ਆਪਣੀ ਜਜਬਾਤੀ ਅਕਾਂਖਿਆਵਾਂ ਕਾਰਨ ਸਾਰੇ ਪੰਜਾਬ ਦੇ ਲੋਕ ਸੰਤਾਪ ਕਿਉਂ ਹੰਢਾ ਰਹੇ ਹਨ ? ਇਸ ਬਾਰੇ ਸਭ ਨੂੰ ਸਪੱਸ਼ਟ ਹੋਣ ਦੀ ਲੋੜ ਹੈ ?

ਇਸ ਸਬੰਧੀ ਸੰਤ ਭਿੰਡਰਾਂਵਾਲ਼ੇ ਦੇ ਬਹੁਤ ਨਜ਼ਦੀਕੀ ਰਹੇ ਸੀਨਅਰ ਪੱਤਰਕਾਰ ਭਾਜੀ ਦਲਬੀਰ ਸਿੰਘ ਆਪਣੀ ਕਿਤਾਬ 'ਨੇੜਿਉਂ ਡਿੱਠੇ ਸੰਤ ਭਿੰਡਰਾਂਵਾਲ਼ੇ' ਵਿੱਚ ਪੰਨਾ 153 ਤੇ ਲਿਖਦੇ ਹਨ: 'ਜੂਨ 84 ਤੇ ਨਵੰਬਰ 84 ਦੀਆਂ ਘਟਨਾਵਾਂ ਤੋਂ ਬਾਅਦ ਗੁੱਸੇ ਵਿੱਚ 'ਖਾਲਿਸਤਾਨ ਦਾ ਨਾਹਰਾ' ਇੱਕ ਕੁਦਰਤੀ ਜਿਹਾ ਪ੍ਰਤੀਕਰਮ ਤਾਂ ਦਿਸਦਾ ਸੀ, ਪਰ ਇਹ ਕੋਈ ਡੂੰਘੀ ਰਾਜਨੀਤਕ ਸੋਚ ਵਿੱਚੋਂ ਉਪਜਿਆ ਹੋਇਆ ਪੈਂਤੜਾ ਨਹੀਂ ਸੀ।' ਉਹ ਇਸੇ ਕਿਤਾਬ ਵਿੱਚ ਪੰਨਾ 206 ਤੇ ਖਾਲਿਸਤਾਨ ਬਾਰੇ ਇਵੇਂ ਲਿਖਦੇ ਹਨ: 'ਗੁਰਬਾਣੀ 'ਚੋਂ ਉਪਜੇ ਦੋ ਨਿਸ਼ਾਨਿਆਂ 'ਹਲੇਮੀ ਰਾਜ' ਅਤੇ 'ਬੇਗਮਪੁਰੇ' ਦੀ ਸਿਰਜਣਾ ਨੂੰ ਅਧਾਰ ਬਣਾ ਕੇ ਜੋ 'ਖਾਲਿਸਤਾਨ' ਦਾ ਨਿਸ਼ਾਨਾ ਚਿਤਵਿਆ ਗਿਆ ਹੈ, ਉਸ ਰਾਜ ਦੀ ਪੂਰਤੀ ਲਈ ਸਿੱਖਾਂ ਵਿੱਚ ਅਜਿਹੇ ਲੋਕ ਜਾਂ ਅਜਿਹੀ ਕੋਈ ਸੰਸਥਾ ਕਿਧਰੇ ਨਜ਼ਰ ਨਹੀਂ ਆਉਂਦੀ, ਜੋ ਇਹੋ ਜਿਹਾ ਵਧੀਆ ਰਾਜ ਅਤੇ ਸਮਾਜ ਸਿਰਜਣ ਦੇ ਯੋਗ ਹੋਵੇ ? ਬਾਕੀ ਗੁਰਬਾਣੀ ਦੇ ਪੈਂਤੜੇ ਤੋਂ ਇਸਦਾ ਕਲ਼ਾਵਾ ਸਮੁੱਚੀ ਦੁਨੀਆਂ ਬਣਦਾ ਹੈ। ਇਹ ਵੱਖਵਾਦੀ, ਨਸਲਵਾਦੀ ਅਤੇ ਭੂਗੋਲਿਕ ਨਹੀਂ।'

ਇਸ ਸਾਰੀ ਵਾਰਤਾਲਾਪ ਦਾ ਸਾਰ ਤੱਤ ਇਹੀ ਹੈ ਕਿ ਜਿੱਥੇ ਖਾਲਿਸਤਾਨ ਦਾ ਨਾਹਰਾ ਕੁਝ ਜਜਬਾਤੀ ਲੋਕ ਅਗਿਆਨਤਾ ਵਿੱਚ ਮਾਰ ਰਹੇ ਹਨ, ਉਥੇ ਇਸ ਨਾਹਰੇ ਨੂੰ ਅਧਾਰ ਬਣਾ ਕੇ ਪਿਛਲੇ 40-50 ਸਾਲਾਂ ਤੋਂ ਸਿੱਖਾਂ ਨੂੰ ਵੱਖਵਾਦੀ ਸਾਬਿਤ ਕਰਨ ਲਈ ਰਾਜਨੀਤਕ ਲੋਕ ਵਰਤ ਰਹੇ ਹਨ।ਬੇਸ਼ਕ ਸਿੱਖਾਂ ਦੀ ਬਹੁ-ਗਿਣਤੀ ਇਸ ਨਾਹਰੇ ਜਾਂ ਨਿਸ਼ਾਨੇ ਨਾਲ਼ ਬਿਲਕੁਲ ਸਹਿਮਤ ਨਹੀਂ, ਪਰ ਇੱਕ ਛੋਟੇ ਜਿਹੇ ਸੈਕਸ਼ਨ ਖਿਲਾਫ ਕੋਈ ਸਪੱਸ਼ਟ ਸਟੈਂਡ ਵੀ ਨਹੀਂ ਲੈਂਦੇ, ਜਿਸ ਕਾਰਨ ਇਹ ਨਾਹਰਾ ਸਿੱਖਾਂ ਦਾ ਖਹਿੜਾ ਨਹੀਂ ਛੱਡ ਰਿਹਾ।

ਸਿੱਖ ਵਿਦਵਾਨ ਵੀ ਇਸ ਸਬੰਧੀ ਬੜੀ ਦੁਬਿਧਾ ਦਾ ਸ਼ਿਕਾਰ ਹਨ, ਕੋਈ ਕੁਝ ਕਹਿ ਰਿਹਾ ਹੈ ਤੇ ਕੋਈ ਕੁਝ ਕਹਿ ਰਿਹਾ ਹੈ। ਪਟਿਆਲ਼ੇ ਦੀਆਂ ਘਟਨਾਵਾਂ ਦੇ ਸਬੰਧ ਵਿਚ ਸੰਤ ਭਿੰਡਰਾਂਵਾਲ਼ੇ ਦੇ ਕਰੀਬੀ ਰਹੇ ਸਿੱਖ ਵਿਦਵਾਨ ਤੇ ਸਾਬਕਾ ਆਈ ਏ ਐਸ ਗੁਰਤੇਜ ਸਿੰਘ, ਜਿੱਥੇ ਆਪਣੀ 'ਤਖਤ ਪੰਜਾਬ' ਯੂ ਟਿਊਬ ਚੈਨਲ ਤੇ ਦਿੱਤੀ ਤਾਜਾ ਇੰਟਰਵਿਊ ਵਿੱਚ ਖਾਲਿਸਤਾਨ ਨੂੰ ਸਿੱਖਾਂ ਸਿਰ ਭਾਰਤ ਦੀ ਹਿੰਦੂ ਸਟੇਟ ਵਲੋਂ ਸਿੱਖਾਂ ਨੂੰ ਕੁੱਟਣ ਲਈ ਸਿੱਖਾਂ ਸਿਰ ਮੜ੍ਹਿਆ ਨਾਹਰਾ ਦੱਸਦਾ ਹੈ, ਉਥੇ ਉਹ ਇੱਕ ਹੋਰ ਅਜੀਬ ਜਿਹਾ ਤਰਕ ਵੀ ਦਿੰਦੇ ਹਨ ਕਿ ਮੁਸਲਮਾਨ ਤਾਂ ਪਾਕਿਸਤਾਨ ਬਣਾਉਣ ਦੇ ਹੱਕ ਵਿੱਚ ਨਹੀਂ ਸਨ, ਪਰ ਹਿੰਦੂਆਂ ਨੇ ਹੀ ਉਨ੍ਹਾਂ ਸਿਰ ਵੀ ਪਾਕਿਸਤਾਨ ਮੜਿਆ ਸੀ ਤਾਂ ਕਿ ਮੁਸਲਮਾਨਾਂ ਨੂੰ ਭਾਰਤ ਵਿੱਚੋਂ ਬਾਹਰ ਕੱਢਿਆ ਜਾ ਸਕੇ ਤੇ ਭਾਰਤ ਸਿਰਫ ਹਿੰਦੂਆਂ ਦਾ ਦੇਸ਼ ਰਹਿ ਜਾਵੇ। ਜੇ ਸਾਡੇ ਇਹ ਵਿਦਵਾਨ ਸਰ ਸਈਅਦ ਅਹਿਮਦ ਖਾਨ ਬਾਰੇ ਪੜ੍ਹ ਲੈਂਦੇ ਤਾਂ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਨ੍ਹਾਂ ਨੂੰ ਦੋ ਕੌਮਾਂ (Two Nation) ਹਿੰਦੂ ਤੇ ਮੁਸਲਮਾਨ ਦੇ 'ਪਿਤਾਮਾ' ਮੰਨਿਆ ਜਾਂਦਾ ਹੈ, ਜਿਨ੍ਹਾਂ ਨੇ ਟੂ ਨੇਸ਼ਨ ਥਿਊਰੀ 19ਵੀਂ ਸਦੀ ਦੇ ਆਖਰੀ 2 ਦਹਾਕਿਆਂ ਵਿੱਚ ਦਿੱਤੀ ਸੀ। ਪਾਕਿਸਤਾਨ ਬਣਾਉਣ ਵਾਲ਼ੇ ਦੋ ਲੀਡਰਾਂ ਇਲਾਮਾ ਇਕਬਾਲ ਤੇ ਮੁਹੰਮਦ ਅਲੀ ਜਿਨਾਹ, ਉਨ੍ਹਾਂ ਤੋਂ ਹੀ ਪ੍ਰਭਾਵਤ ਹੋ ਕੇ ਮੁਸਲਮਾਨਾਂ ਲਈ ਵੱਖਰਾ ਦੇਸ਼ ਪਾਕਿਸਤਾਨ ਬਣਾਉਣ ਦੇ ਰਾਹ ਪਏ ਸਨ।

ਸੰਤ ਭਿੰਡਰਾਂਵਾਲ਼ਿਆਂ ਤੇ ਖਾੜਕੂਆਂ ਦੇ ਨਜਦੀਕੀ ਰਹੇ ਪੱਤਰਕਾਰ ਕਰਮਜੀਤ ਸਿੰਘ ਪਟਿਆਲ਼ੇ ਦੀਆਂ ਘਟਨਾਵਾਂ ਦੇ ਸੰਦਰਭ ਵਿੱਚ ਆਪਣੀ ਤਾਜਾ ਲਿਖਤ ਵਿੱਚ 'ਖਾਲਿਸਤਾਨ ਦੇ ਐਲਾਨਨਾਮੇ' ਬਾਰੇ ਇਉਂ ਲਿਖਦੇ ਹਨ: '29 ਅਪ੍ਰੈਲ, 1986 ਦਾ ਦਿਨ ਸਿੱਖ ਇਤਿਹਾਸ ਦੀ ਸ਼ਾਨਾਮੱਤੀ ਯਾਦਗਾਰ ਹੈ। ਰਾਜਨੀਤਕ ਸੋਝੀ ਦੀ ਸਿਖਰ ਹੈ। ਗੁਰਬਾਣੀ ਦੀ ਅੰਤਰੀਵ ਸਮਝ ਨੂੰ ਦਰਸਾਉਂਦੀ ਇੱਕ ਰਾਜਨੀਤਕ ਦਸਤਾਵੇਜ਼ ਹੈ।ਸਿਆਸੀ ਮੰਜ਼ਿਲ ਬਾਰੇ ਪੈਦਾ ਕੀਤੇ ਤਮਾਮ ਭੁਲੇਖਿਆਂ ਦਾ ਸਦੀਵੀ ਖ਼ਾਤਮਾ ਹੈ।

ਦੁਬਿਧਾ ਅਤੇ ਦੋਚਿਤੀ ਵਾਲੀ ਮਾਨਸਿਕਤਾ ਨੂੰ ਅਲਵਿਦਾ ਹੈ। ਜ਼ਮੀਰਾਂ ਦੇ ਜਾਗਣ ਦੀ ਨਵੀਂ ਪ੍ਰਭਾਤ ਹੈ। ਇਤਹਾਸ ਦੀ ਤੋਰ ਵਿੱਚ ਉਠਿਆ ਗਰਜਵਾਂ ਨਾਦ ਹੈ। ਇਹ ਦਿਨ ਪੂਰਵ-ਸਿੱਖ ਇਤਿਹਾਸ ਤੇ ਉੱਤਰ-ਸਿੱਖ ਇਤਿਹਾਸ ਵਿੱਚ ਵੰਡਿਆ ਗਿਆ ਹੈ।ਇਹ ਸਿੱਖ ਇਤਿਹਾਸ ਵਿੱਚ ਪਿਆ ਪਾੜ (Rupture) ਹੈ, ਜਦੋਂ ਕੌਮ ਦੀ ਜ਼ਿੰਦਗੀ ਵਿੱਚ ਸਿਫ਼ਤੀ ਤਬਦੀਲੀ (Qualitative Changes) ਦਾ ਇਕ ਨਵਾਂ ਯੁੱਗ ਆਰੰਭ ਹੁੰਦਾ ਹੈ।ਇਹ ਦਿਨ ਪਾਤਸ਼ਾਹੀ ਦਾਅਵਿਆਂ ਹਲੇਮੀ ਰਾਜ, ਖ਼ਾਲਸਾ ਰਾਜ, ਖੁਦਮੁਖਤਿਆਰੀ, Right of Self Determination ਦਾ ਅਸਲ ਆਧੁਨਿਕ ਬਦਲ ਹੈ। ਇਹ ਦਿਨ ਦਸਮੇਸ਼-ਪਿਆਰ ਦੀ ਸਿੱਖ ਇਤਿਹਾਸ ਵਿੱਚ ਸ਼ਮੂਲੀਅਤ ਅਤੇ ਪ੍ਰਵਾਨਗੀ ਦਾ ਦਿਨ ਹੈ। ਇਹ ਦਿਨ ਆਜ਼ਾਦੀ ਅਰਥਾਤ ਸਿੱਖ ਸਾਵਰਨ ਸਟੇਟ ਦਾ ਇਕ ਪਵਿੱਤਰ ਇਕਰਾਰਨਾਮਾ ਹੈ। ਇਹ ਦਿਨ ਸਿੱਖ ਪੰਥ ਦੇ ਅਸਮਾਨ 'ਤੇ ਭੂਤ, ਭਵਿੱਖ ਤੇ ਵਰਤਮਾਨ ਨੂੰ ਵੱਖਰੇ ਤੇ ਮੌਲਿਕ ਨਜ਼ਰੀਏ ਤੋਂ ਵੇਖਣ ਦਾ ਨਵਾਂ ਸੂਰਜ ਚੜ੍ਹਿਆ ਹੈ। ਇਹ ਦਿਨ ਹਿੰਦ-ਪੰਜਾਬ ਦੀ ਜੰਗ ਦਾ ਐਲਾਨਨਾਮਾ ਹੈ। ਖ਼ਾਲਿਸਤਾਨ ਦੀਆਂ ਗੱਲਾਂ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ। ਵੀਹਵੀਂ ਸਦੀ ਦੇ ਕਈ ਦੌਰਾਂ ਵਿੱਚ ਖ਼ਾਲਿਸਤਾਨ ਦੀ ਰੀਝ ਸ਼ਬਦਾਂ ਵਿੱਚ ਉਤਰਦੀ ਰਹੀ ਹੈ, ਪਰ ਉਹ ਰੀਝ ਕਦੇ ਵੀ ਵੱਡੀ ਲਹਿਰ ਨਹੀਂ ਸੀ ਬਣ ਸਕੀ। ਖ਼ਾਲਿਸਤਾਨ ਦਾ ਜਜ਼ਬਾ ਕੌਮ ਦੇ ਜਜ਼ਬੇ ਵਿੱਚ ਤਬਦੀਲ ਨਹੀਂ ਸੀ ਹੋ ਸਕਿਆ। ਪਰ 29 ਅਪ੍ਰੈਲ ਦੇ ਇਤਿਹਾਸਕ ਐਲਾਨਨਾਮੇ ਪਿਛੋਂ ਖ਼ਾਲਿਸਤਾਨ ਦੀ ਹਕੀਕਤ ਨੇ, ਖ਼ਾਲਿਸਤਾਨ ਦੇ ਸੰਕਲਪ ਨੇ, ਖਾਲਿਸਤਾਨ ਦੇ ਜਜ਼ਬੇ ਨੇ "ਦਿਲਾਂ ਤੋਂ ਦਿਮਾਗ਼ਾਂ ਵੱਲ ਸਫ਼ਰ ਕਰਨਾ ਸ਼ੁਰੂ ਕਰ ਦਿੱਤਾ ਸੀ।' ਅਜਿਹੇ ਵਿਦਵਾਨਾਂ ਦੇ ਖ਼ੂਬਸੂਰਤ ਸ਼ਬਦੀ ਜਾਲ਼ ਬਾਰੇ ਕੀ ਕਿਹਾ ਜਾਵੇ, ਪਾਠਕ ਆਪ ਹੀ ਸਮਝਣ ਦਾ ਯਤਨ ਕਰਨ?

ਇਸ ਸਬੰਧੀ ਖਾਲਿਸਤਾਨੀ ਵਿਦਵਾਨਾਂ ਦੀ ਲੜੀ ਦੇ ਇੱਕ ਹੋਰ ਵਿਦਵਾਨ ਤੇ ਸਾਬਕਾ ਪੱਤਰਕਾਰ ਸੁਖਦੇਵ ਸਿੰਘ ਇਨ੍ਹਾਂ ਘਟਨਾਵਾਂ ਦੇ ਸੰਦਰਭ ਵਿੱਚ ਇਵੇਂ ਲਿਖ ਰਹੇ ਹਨ: 'ਇੱਕ ਧਿਰ (ਹਿੰਦੂਆਂ) ਦੀਆਂ ਹਰਕਤਾਂ ਦਾ ਸਾਰਾ ਰਿਕਾਰਡ ਮੌਜੂਦ ਹੈ। ਜਿਥੋਂ ਤੱਕ ਦੂਜੀ ਧਿਰ (ਸਿੱਖਾਂ) ਦਾ ਸਬੰਧ ਹੈ, ਪਟਿਆਲ਼ੇ ਦੀਆਂ ਘਟਨਾਵਾਂ ਮੋਟੇ ਤੌਰ ਤੇ ਸ਼ਾਂਤੀਪੂਰਨ ਮਾਹੌਲ ਵਿੱਚ ਬਗੈਰ ਕਿਸੇ ਵੱਡੇ ਨੁਕਸਾਨ ਦੇ ਗੁਜ਼ਰ ਜਾਣ ਦੇ ਬਾਵਜੂਦ, ਜੋ ਰਾਜ ਪ੍ਰਬੰਧ ਨੂੰ ਝਟਕੇ ਦੂਜੇ ਤੀਜੇ ਦਿਨ ਮਹਿਸੂਸ ਹੋਏ, ਉਨ੍ਹਾਂ ਦਾ ਕੇਂਦਰ ਬਿੰਦੂ ਚੰਡੀਗੜ੍ਹ ਨਹੀਂ, ਦਿੱਲੀ ਸੀ। ਤਾਰਾਂ ਉਥੋਂ ਖੜਕੀਆਂ ਨੇ। ਪਹਿਲਾਂ ਉਸ ਦਫਤਰ ਦਾ ਸਿੱਧਾ ਸੰਪਰਕ ਕਪਤਾਨਾਂ ਅਤੇ ਬਾਦਲਾਂ ਨਾਲ਼ ਹੋਇਆ ਕਰਦਾ ਸੀ, ਹੁਣ ਕੇਜਰੀ ਦੀ ਮਾਰਫਤ ਭਗਵੰਤ ਮਾਨ ਨਾਲ਼ ਹੁੰਦਾ ਹੈ। ਗੱਲ ਇੱਕੋ ਹੈ ਕਿ 'ਸਿੱਖਾਂ ਨੂੰ ਸਿਰ ਨਹੀਂ ਚੁੱਕਣ ਦੇਣਾ, ਭਾਵੇਂ ਗਾਂਧੀ ਦੇ ਮੁਤਵੰਨੇ ਪੁੱਤ ਬਣ ਜਾਣ' ਵਾਲ਼ੇ ਦਿੱਲੀ ਦੇ ਫਾਰਮੂਲੇ ਮੁਤਾਬਿਕ ਹੀ ਮੁਕੱਦਮੇ (ਪ੍ਰਵਾਨੇ, ਭਾਨੇ ਜਾਂ ਹੋਰ ਸਿੱਖ ਨੌਜਵਾਨਾਂ) ਹੋਏ ਹਨ। ਮੌਕੇ ਦੇ ਹਾਲਾਤ ਦਾ ਇਹ ਫਾਰਮੂਲਾ ਕੋਈ ਲਿਹਾਜ ਨਹੀਂ ਕਰਦਾ? ਸਿੱਖ ਜਿੰਨਾ ਮਰਜੀ ਪੁਰਅਮਨ ਰਹਿਣ, ਗੋਲ਼ੀਆਂ, ਇੱਟਾਂ ਵੱਟਿਆਂ ਦਾ ਸ਼ਿਕਾਰ ਬਣਨ, ਕਿਸੇ ਨੂੰ ਝਰੀਟ ਵੀ ਨਾ ਮਾਰਨ। ਮੌਕੇ ਤੇ ਹਾਜਰ ਪੁਲਿਸ ਭਾਵੇਂ ਸਚਾਈ ਦੀ ਗਵਾਹ ਹੋਵੇ।ਬੱਸ ਇਨ੍ਹਾਂ ਦਾ ਸੜਕਾਂ ਤੇ ਉਤਰਨਾ ਹੀ ਦੋਸ਼ ਹੈ। ਫਿਰ ਮੁਕੱਦਮੇ ਤੇ ਮੁਕੱਦਮਾ?' ਅਜਿਹੇ ਸੂਝਵਾਨ ਵਿਦਵਾਨਾਂ ਬਾਰੇ ਕੀ ਕਿਹਾ ਜਾਵੇ, ਜੋ ਸਚਾਈ ਦੇਖ ਕੇ ਵੀ ਅੱਖਾਂ ਮੀਟੀ, ਕਿਸੇ ਹੋਰ ਹੀ ਦੁਨੀਆਂ ਵਿੱਚ ਵਿਚਰ ਰਹੇ ਹਨ? ਫੈਸਲਾ ਪਾਠਕਾਂ ਤੇ ਹੀ ਛੱਡਦੇ ਹਾਂ ਕਿ ਉਨ੍ਹਾਂ ਨੂੰ ਇਸ ਲਿਖਤ ਵਿੱਚੋਂ ਕੀ ਸਮਝ ਆਇਆ?

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦੁਨੀਆਂ ਦੇ ਹਰ ਖਿੱਤੇ ਵਿੱਚ ਹਰ ਕੌਮ, ਜਾਤ, ਨਸਲ, ਧਰਮ, ਸਟੇਟ ਦੀਆਂ ਆਪਣੀਆਂ ਰਾਜਨੀਤਕ, ਸਮਾਜਿਕ, ਆਰਥਿਕ ਸਮੱਸਿਆਵਾਂ ਹਨ, ਬਿਨਾਂ ਸ਼ੱਕ ਪੰਜਾਬੀਆਂ ਦੀਆਂ ਵੀ ਸਮੱਸਿਆਵਾਂ ਹਨ। ਜਿਨ੍ਹਾਂ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ? ਪੰਜਾਬ ਦੇ ਪਾਣੀਆਂ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਬੇਰੁਜਗਾਰੀ, ਭ੍ਰਿਸ਼ਟਾਚਾਰ ਅਨੇਕਾਂ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਸਾਰੇ ਭਾਈਚਾਰੇ ਰਲ਼ ਕੇ ਹੀ ਹੱਲ ਕਰ ਸਕਦੇ ਹਨ। ਪਰ ਹਰ ਗੱਲ ਨੂੰ ਧਰਮ, ਜਾਤ ਤੇ ਫਿਰਕੇ ਨਾਲ਼ ਜੋੜ ਕੇ ਫਿਰਕੂ ਰੰਗਤ ਦੇਣਾ, ਕਿੱਥੋਂ ਦੀ ਸਿਆਣਪ ਹੈ? ਦੁਨੀਆਂ ਵਿੱਚ ਹਰ ਫਿਰਕੇ, ਕੌਮ, ਧਰਮ ਵਿੱਚ ਕੁਝ ਜਜਬਾਤੀ, ਸ਼ਰਾਰਤੀ, ਹਿੰਸਕ ਲੋਕ ਹੁੰਦੇ ਹਨ, ਅਜਿਹੇ ਲੋਕਾਂ ਦੀਆਂ ਕਾਰਵਾਈਆਂ ਨੂੰ ਨਿੱਜੀ ਜਾਣ ਕੇ ਕਨੂੰਨ ਨੂੰ ਕੰਮ ਕਰਨ ਦੇਣਾ ਚਾਹੀਦਾ ਹੈ ਤੇ ਕਨੂੰਨ ਦਾ ਸਹਿਯੋਗ ਵੀ ਕਰਨਾ ਚਾਹੀਦਾ ਹੈ? ਪਰ ਸਾਡੇ ਭਾਈਚਾਰੇ ਦੀ ਇਹ ਸਮੱਸਿਆ ਬਣ ਚੁੱਕੀ ਹੈ ਕਿ ਲੋਕਾਂ ਦੇ ਨਿੱਜੀ ਮਸਲਿਆਂ, ਝਗੜਿਆਂ ਨੂੰ ਕੌਮ, ਧਰਮ, ਜਾਤ ਨਾਲ਼ ਜੋੜ ਕੇ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕਰ ਲਈਆਂ ਜਾਂਦੀਆਂ ਹਨ। ਪਟਿਆਲ਼ੇ ਦੀਆਂ ਘਟਨਾਵਾਂ ਨੂੰ ਵੀ ਜੇ ਇਸੇ ਸੰਦਰਭ ਵਿੱਚ ਦੇਖਿਆ ਜਾਂਦਾ ਤਾਂ ਕੋਈ ਵੱਡੀ ਸਮੱਸਿਆ ਨਹੀਂ ਸੀ? ਜੇ ਅਮਰੀਕਾ ਬੈਠੇ ਪੰਨੂੰ ਨੇ ਕੋਈ ਗੈਰ ਕਨੂੰਨੀ ਕੰਮ ਕਰਨ ਦੀ ਕਾਲ ਦਿੱਤੀ ਸੀ ਤਾਂ ਜੇ ਕੋਈ ਉਸ ਮਗਰ ਲੱਗ ਕੇ ਅਜਿਹਾ ਕੰਮ ਕਰਦਾ ਤਾਂ ਪੁਲਿਸ ਜਾਂ ਕਨੂੰਨ ਆਪੇ ਕਾਰਵਾਈ ਕਰਦਾ? ਪਰ ਕਿਸੇ ਵਲੋਂ ਕੁਝ ਕੀਤੇ ਤੋਂ ਪਹਿਲਾਂ ਹੀ ਸ਼ਿਵ ਸੈਨਾ ਦੇ ਕੁਝ ਗਰੁੱਪਾਂ ਵਲੋਂ ਰੋਸ ਮਾਰਚ ਕਰਨ ਦਾ ਐਲਾਨ ਗੈਰ ਜਰੂਰੀ ਤੇ ਸ਼ਰਾਰਤ ਭਰਪੂਰ ਸੀ।ਪਰ ਉਸਦੇ ਜਵਾਬ ਵਿੱਚ ਕੁਝ ਸਿੱਖ ਜਥੇਬੰਦੀਆਂ ਤੇ ਪ੍ਰਵਾਨੇ ਵਲੋਂ ਇਸਨੂੰ ਚੈਲਿੰਜ ਕਰਨਾ, ਹੋਰ ਵੀ ਜ਼ਿਆਦਾ ਗੈਰ ਜਰੂਰੀ ਤੇ ਸ਼ਰਾਰਤਪੂਰਨ ਸੀ? ਜੇ ਭਾਰਤ ਦੀ ਸੁਪਰੀਮ ਕੋਰਟ ਵਲੋਂ ਇੱਕ ਰੂਲਿੰਗ ਵਿੱਚ ਕੁਝ ਸਾਲ ਪਹਿਲ਼ਾਂ ਲੋਕਤੰਤਰੀ ਢੰਗ ਨਾਲ਼ ਖਾਲਿਸਤਾਨ ਦੀ ਗੱਲ ਕਰਨ ਤੇ ਖਾਲਿਸਤਾਨ ਜਿੰਦਾਬਾਦ ਦੇ ਨਾਹਰੇ ਮਾਰਨ ਨੂੰ ਗੈਰ-ਕਨੂੰਨੀ ਨਹੀਂ ਮੰਨਿਆ ਤਾਂ ਇਸਦਾ ਮਤਲਬ ਇਹ ਕਿਵੇਂ ਹੋ ਗਿਆ ਕਿ ਖਾਲਿਸਤਾਨ ਦਾ ਕੋਈ ਵਿਰੋਧੀ 'ਖਾਲਿਸਤਾਨ ਮੁਰਦਾਬਾਦ' ਨਹੀਂ ਕਹਿ ਸਕਦਾ? ਕੀ ਵਿਚਾਰਾਂ ਦੀ ਅਜ਼ਾਦੀ ਜਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਸਿਰਫ ਇੱਕ ਭਾਈਚਾਰੇ ਨੂੰ ਹੀ ਲਗਦੀ ਹੈ? ਬੇਸ਼ਕ ਧਾਰਮਿਕ ਮਸਲਿਆਂ ਤੇ ਭਾਵਨਾਵਾਂ ਭੜਕਣ ਤੇ ਠੇਸ ਲੱਗਣ ਦਾ ਰੁਝਾਨ ਤਾਂ ਭਾਰਤ ਵਿੱਚ ਲੰਬੇ ਸਮੇਂ ਤੋਂ ਚੱਲਦਾ ਰਿਹਾ ਹੈ, ਇਹ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਰਾਜਨੀਤਕ ਮਸਲੇ ਤੇ ਵੀ ਕੁਝ ਲੋਕਾਂ ਦੀਆਂ ਭਾਵਨਾਵਾਂ ਭੜਕ ਸਕਦੀਆਂ ਹਨ? ਹੁਣ ਜਦੋਂ ਸਰਕਾਰ ਨੇ ਫਿਰਕੂ ਨਫਰਤ ਫੈਲਾਉਣ ਤੇ ਹਿੰਸਾ ਦੇ ਦੋਸ਼ ਵਿਚ ਦੋਨਾਂ ਧਿਰਾਂ ਦੇ ਕੁਝ ਲੋਕ ਚਾਰਜ ਕੀਤੇ ਹਨ ਤਾਂ ਇਸਨੂੰ ਧਾਰਮਿਕ ਰੰਗਤ ਦੇਣੀ ਕਿਤਨੀ ਕੁ ਜਾਇਜ ਹੋ ਸਕਦੀ ਹੈ? ਇਸ ਸਾਰੇ ਘਟਨਾਕਰਮ ਵਿੱਚ ਦੋਸ਼ ਸਿੰਗਲੇ ਜਾਂ ਪ੍ਰਵਾਨੇ ਦਾ ਕਿਤਨਾ ਹੈ, ਬਾਰੇ ਫੈਸਲਾ ਕਰਨ ਤੋਂ ਪਹਿਲਾਂ ਇਹ ਦੇਖਣ ਦੀ ਲੋੜ ਹੈ ਕਿ ਦੋਨਾਂ ਫਿਰਕਿਆਂ ਵਿਚਲੇ ਸਿੰਗਲੇ, ਪਵਨ ਗੁਪਤੇ, ਪੰਚ ਨਾਦ ਗਿਰੀ, ਗੱਗੀ ਪੰਡਤ, ਸੰਜੀਵ ਘਨੌਲ਼ੀ, ਸੁਧੀਰ ਸੂਰੀ ਜਾਂ ਅਜਮੇਰ ਸਿੰਘ, ਡਾ ਗੁਰਦਰਸ਼ਨ ਢਿਲੋਂ, ਸਾਬਕਾ ਪੱਤਰਕਾਰ ਸੁਖਦੇਵ ਸਿੰਘ, ਸਾਬਕਾ ਪੱਤਰਕਾਰ ਕਰਮਜੀਤ ਸਿੰਘ, ਭੁਪਿੰਦਰ ਸੱਜਣ, ਸਰਬਜੀਤ ਘੁਮਾਣ, ਬਾਬਾ ਬਖਸ਼ੀਸ਼, ਪਲਵਿੰਦਰ ਤਲਵਾੜਾ, ਅੰਮ੍ਰਿਤਪਾਲ ਸਿੰਘ, ਹਰਪ੍ਰੀਤ ਮੱਖੂ, ਸਰਬਜੋਤ ਮੱਕੜ ਵਰਗੇ ਲੋਕ, ਅਤੇ ਕੁਝ ਸੋਸ਼ਲ ਮੀਡੀਆ ਚੈਨਲ, ਜੋ ਫਿਰਕੂ ਜਹਿਰ ਸੋਸ਼ਲ ਮੀਡੀਆ ਰਾਹੀਂ ਲਗਾਤਾਰ ਫੈਲਾ ਰਹੇ ਹਨ, ਉਨ੍ਹਾਂ ਬਾਰੇ ਕੀ ਕੀਤਾ ਜਾਵੇ? ਸਾਡਾ ਇਨ੍ਹਾਂ ਵਿੱਚੋਂ ਕਿਸੇ ਨਾਲ਼ ਨਾ ਨਿੱਜੀ ਵਿਰੋਧ ਹੈ ਤੇ ਨਾ ਹੀ ਨਿੱਜੀ ਸਬੰਧ ਹੈ, ਪਰ ਜੋ ਲੋਕ ਪੰਜਾਬ ਸਮੇਤ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਤੇ ਭਾਰਤੀ ਭਾਈਚਾਰੇ ਵਿੱਚ ਅਮਨ ਸ਼ਾਂਤੀ ਤੇ ਤਰੱਕੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸੋਚਣਾ ਬਣਦਾ ਹੈ ਕਿ ਉਹ ਕੀ ਕਰਨਸ਼? ਬੇਸ਼ਕ ਅਸੀਂ ਵਿਦੇਸ਼ਾਂ ਵਿੱਚ ਬੈਠੇ ਹਾਂ, ਪਰ ਇੱਥੇ ਵੀ ਅਜਿਹੇ ਲੋਕਾਂ ਦੇ ਪੈਰੋਕਾਰ ਹਨ, ਜਿਨ੍ਹਾਂ ਵਿੱਚੋਂ ਕੁਝ ਜਜਬਾਤੀ ਹਨ ਅਤੇ ਬਹੁਤ ਸਾਰਿਆਂ ਦੇ ਕਈ ਤਰ੍ਹਾਂ ਦੇ ਹਿੱਤ ਇਨ੍ਹਾਂ ਨਾਲ਼ ਜੁੜੇ ਹੋਏ ਹਨ....?

0000000

# ਮਈ ਦਿਵਸ ਦੀ ਵਿਰਾਸਤ ਅਤੇ ਅੱਜ ਦੀਆਂ ਚੁਣੌਤੀਆਂ

(ਸਫ਼ਾ 1 ਦੀ ਬਾਕੀ)



ਲਿਆ। ਸਰਮਾਏਦਾਰੀ ਪ੍ਰਬੰਧ ਨੇ ਕਤਲੇਆਮ ਰਾਹੀਂ ਪੂਰੀ ਮਜ਼ਦੂਰ ਜਮਾਤ ਨੂੰ ਪਿਛਾਖੜੀ ਦਹਿਸ਼ਤ ਦਾ ਸੰਦੇਸ਼ ਦੇਣਾ ਚਾਹਿਆ ਸੀ, ਹੋਇਆ ਇਸ ਤੋਂ ਉਲਟ। ਕਮਿਊਨਿਸਟ ਇੰਟਰਨੈਸ਼ਨਲ ਪਹਿਲੀ ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਵਜੋਂ ਮਨਾਉਣ ਦੇ ਐਲਾਨ ਅਤੇ ਦੁਨੀਆ ਭਰ 'ਚ ਸਮਾਜਵਾਦੀ ਖ਼ਿਆਲਾਂ ਵਾਲਿਆਂ ਵੱਲੋਂ ਇਸ ਨੂੰ ਦਿੱਤੇ ਭਰਪੂਰ ਹੁੰਗਾਰੇ ਅਤੇ ਮਕਬੂਲੀਅਤ ਨਾਲ ਇਹ ਦਿਨ ਦੁਨੀਆ ਭਰ ਦੇ ਮਜ਼ਦੂਰਾਂ ਦੇ ਸੰਗਰਾਮੀ ਜਸ਼ਨ ਦਿਵਸ ਵਜੋਂ ਸਥਾਪਤ ਹੋ ਗਿਆ।

ਮਜ਼ਦੂਰ ਜਮਾਤ ਦੀ ਚੇਤਨਾ ਅੱਠ ਘੰਟੇ ਦੀ ਕੰਮ ਦਿਹਾੜੀ ਦੀ ਪ੍ਰਾਪਤੀ ਤੱਕ ਸੀਮਤ ਨਹੀਂ ਸੀ। ਇਸ ਨੇ ਵਿਗਿਆਨਕ ਸਮਾਜਵਾਦ ਦੀ ਚੇਤਨਾ ਨਾਲ ਲੈਸ ਹੋ ਕੇ ਹਰ ਤਰ੍ਹਾਂ ਦੀ ਲੁੱਟਖਸੁੱਟ ਅਤੇ ਨਾਬਰਾਬਰੀ ਤੋਂ ਮੁਕਤ ਸਮਾਜਵਾਦੀ ਪ੍ਰਬੰਧ ਸਥਾਪਤ ਕਰਨ ਲਈ ਜਮਾਤੀ ਲੜਾਈ ਦਾ ਰਾਹ ਅਖ਼ਤਿਆਰ ਕੀਤਾ। ਇਸ ਨੇ ਸੋਵੀਅਤ ਯੂਨੀਅਨ ਅੰਦਰ ਪਹਿਲਾ ਸਮਾਜਵਾਦੀ ਰਾਜ ਸਥਾਪਤ ਕਰਨ ਤੋਂ ਬਾਦ ਦੁਨੀਆ ਦੇ ਵੱਡੇ ਹਿੱਸੇ ਵਿਚ ਯੁਗ ਪਲਟਾਊ ਬਦਲਾਓ ਲਿਆ ਕੇ ਸਮਾਜਵਾਦੀ ਕੈਂਪ ਸਥਾਪਤ ਕੀਤਾ। ਸਮਾਜਵਾਦੀ ਪ੍ਰਬੰਧ ਦੇ ਇਸ ਤਜ਼ਰਬੇ ਦੀਆਂ ਅੰਦਰੂਨੀ ਕਮਜ਼ੋਰੀਆਂ ਅਤੇ ਸਾਮਰਾਜਵਾਦੀ ਸਰਮਾਏਦਾਰੀ ਦੀਆਂ ਬੇਹਿਸਾਬ ਸਾਜ਼ਿਸ਼ਾਂ ਤੇ ਚਾਲਾਂ ਕਾਰਨ ਬਾਦ ਵਿਚ ਮਨੁੱਖਤਾ ਦੇ ਸੁਨਹਿਰੇ ਭਵਿੱਖ ਦੇ ਪ੍ਰਤੀਕ ਇਸ ਪ੍ਰਬੰਧ ਨੂੰ ਪਛਾੜ ਦਾ ਸਾਹਮਣਾ ਕਰਨਾ ਪਿਆ। ਪਰ ਇਸ ਨੇ ਸਾਬਤ ਕਰ ਦਿੱਤਾ ਕਿ ਉਜ਼ਰਤੀ ਗ਼ੁਲਾਮੀ 'ਚ ਜਕੜੀ ਮਜ਼ਦੂਰ ਜਮਾਤ 'ਚ ਐਨੀ ਸਿਰਜਣਾਤਕ ਤਾਕਤ ਹੈ ਕਿ ਇਹ ਨਾ ਸਿਰਫ਼ ਸਰਮਾਏਦਾਰੀ ਪ੍ਰਬੰਧ ਦਾ ਖ਼ਾਤਮਾ ਕਰਕੇ ਸਮਾਜਵਾਦੀ ਪ੍ਰਬੰਧ ਦੇ ਸੁਪਨੇ ਨੂੰ ਸਾਕਾਰ ਕਰ ਸਕਦੀ ਹੈ ਸਗੋਂ ਇਸ ਬਿਹਤਰੀਨ ਪ੍ਰਬੰਧ ਨੂੰ ਕਾਮਯਾਬੀ ਨਾਲ ਚਲਾ ਕੇ ਮਨੁੱਖੀ ਸਮਾਜ ਨੂੰ ਤਰੱਕੀ ਦੇ ਨਵੇਂ ਪੱਧਰ 'ਤੇ ਪਹੁੰਚਾਉਣ ਦੀ ਕਾਬਲੀਅਤ ਵੀ ਰੱਖਦੀ ਹੈ।

ਸਮਾਜਵਾਦ ਨੂੰ ਲੱਗੀ ਵਕਤੀ ਪਛਾੜ ਦਾ ਲਾਹਾ ਲੈ ਕੇ ਸਾਮਰਾਜਵਾਦੀ ਸਰਮਾਏਦਾਰੀ ਨੇ 'ਇਤਿਹਾਸ ਦਾ ਅੰਤ', 'ਸਰਮਾਏਦਾਰੀ ਹੀ ਅੰਤਿਮ ਪ੍ਰਬੰਧ ਹੈ', 'ਇਸ ਦਾ ਕੋਈ ਬਦਲ ਨਹੀਂ ਹੈ' ਦਾ ਝੂਠਾ ਬਿਰਤਾਂਤ ਲੋਕ ਮਨਾਂ 'ਚ ਸਥਾਪਤ ਕਰਨ ਲਈ ਆਪਣਾ ਪੂਰਾ ਤੰਤਰ ਅਤੇ ਪੂਰੀ ਤਾਕਤ ਝੋਕ ਦਿੱਤੀ। ਇਸ ਦੇ ਨਾਲ ਹੀ, ਦੁਨੀਆ ਭਰ ਦੇ ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਵੱਲੋਂ ਸਦੀਆਂ ਲੰਮੇ ਸੰਘਰਸ਼ਾਂ ਰਾਹੀਂ ਹਾਸਲ ਕੀਤੀਆਂ ਸਹੂਲਤਾਂ ਅਤੇ ਹੱਕਾਂ ਨੂੰ ਸਿਲਸਿਲੇਵਾਰ ਤਰੀਕੇ ਨਾਲ ਖ਼ਤਮ ਕਰਨ ਲਈ ਨਵਉਦਾਰਵਾਦੀ ਆਰਥਕ ਮਾਡਲ ਕੁਲ ਦੁਨੀਆ ਉੱਪਰ ਥੋਪਣ ਦੀਆਂ ਕੋਸ਼ਿਸ਼ਾਂ ਨੂੰ ਜ਼ਰਬਾਂ ਦੇ ਦਿੱਤੀਆਂ। ਉਹ ਇਸ ਵਿਚ ਬਹੁਤ ਹੱਦ ਤੱਕ ਕਾਮਯਾਬ ਵੀ ਹੋਏ। ਚਾਹੇ ਅਮਰੀਕਾ, ਕੈਨੇਡਾ ਹੈ ਜਾਂ ਯੂਰਪ ਜਾਂ ਦੁਨੀਆ ਦੇ ਹੋਰ ਮੁਲਕ, ਹਰ ਥਾਂ ਹੀ ਕਥਿਤ ਵੈੱਲਫੇਅਰ ਸਟੇਟ ਦਾ ਖ਼ਾਤਮਾ, ਲੋਕਭਲਾਈ ਸਕੀਮਾਂ 'ਚ ਲਗਾਤਾਰ ਕਟੌਤੀ, ਕਿਰਤ ਕਾਨੂੰਨਾਂ 'ਚ ਮਜ਼ਦੂਰ ਵਿਰੋਧੀ ਰੱਦੋਬਦਲ, ਪੱਕੇ ਰੋਜ਼ਗਾਰ ਅਤੇ ਪੈਨਸ਼ਨਾਂ ਉੱਪਰ ਕੁਹਾੜਾ, ਸਿਹਤ, ਸਿੱਖਿਆ ਸਮੇਤ ਮਨੁੱਖ ਦੀ ਹਰ ਬੁਨਿਆਦੀ ਜ਼ਰੂਰਤ ਪੂਰਤੀ ਦਾ ਵਪਾਰੀਕਰਨ, ਸੰਖੇਪ 'ਚ ਇਸ ਬਹੁਪੱਖੀ ਹਮਲੇ ਦਾ ਤੇਜ਼ੀ ਨਾਲ ਵਧਾਰਾ-ਪਸਾਰਾ ਸਾਫ਼ ਦੇਖਿਆ ਜਾ ਸਕਦਾ ਹੈ।

ਸਰਮਾਏਦਾਰੀ ਜੋ ਮਨੁੱਖਤਾ ਅਤੇ ਕੁਦਰਤੀ ਚੌਗਿਰਦੇ ਦੀ ਬੇਹਿਸਾਬੀ ਤਬਾਹੀ ਦੀ ਕੀਮਤ 'ਤੇ ਸੁਪਰ ਮੁਨਾਫ਼ੇ ਕਮਾਉਣ ਲਈ ਹਾਬੜੀ ਹੋਈ ਘੋਰ ਦਰਿੰਦਾ ਤਾਕਤ ਹੈ, ਮਨੁੱਖੀ ਕਿਰਤ ਸ਼ਕਤੀ ਅਤੇ ਕੁਦਰਤੀ ਸਰੋਤਾਂ ਨੂੰ ਬੇਕਿਰਕੀ ਨਾਲ ਨਿਗਲ ਰਹੀ ਹੈ ਅਤੇ ਇਸ ਦੀ ਹਾਬੜ ਅਤੇ ਲਾਲਸਾ ਦੀ ਕੋਈ ਸੀਮਾ ਨਹੀਂ ਹੈ। ਇਸ ਦੀ ਦੁਨੀਆ ਉੱਪਰ ਕਬਜ਼ੇ, ਧਾੜਵੀ ਲੁੱਟਮਾਰ, ਕਾਰਪੋਰੇਟ ਗ਼ਲਬੇ ਅਤੇ ਮਨੁੱਖਤਾ ਨੂੰ ਤਬਾਹਕੁਨ ਜੰਗਾਂ ਵਿਚ ਝੋਕਣ ਅਤੇ ਘੋਰ ਪਿਛਾਖੜੀ ਤਾਕਤਾਂ ਨੂੰ ਪਾਲਣ ਦੀ ਨੀਤੀ ਦੁਨੀਆ ਨੂੰ ਵਾਰ-ਵਾਰ ਕਬਜ਼ੇ ਅਤੇ ਚੌਧਰ ਲਈ ਨਹੱਕੀਆਂ ਜੰਗਾਂ ਅਤੇ ਤਬਾਹੀ ਦੇ ਮੂੰਹ ਧੱਕ ਰਹੀ ਹੈ ਜਿਸ ਦੀ ਤਾਜ਼ਾ ਮਿਸਾਲ ਯੂਕਰੇਨ ਜੰਗ ਹੈ। ਦੁਨੀਆ ਭਰ 'ਚ ਸਰਮਾਏਦਾਰੀ ਹਰ ਤਰ੍ਹਾਂ ਦੀਆਂ ਪਿਛਾਖੜੀ ਤਾਕਤਾਂ ਨਾਲ ਸਹੂਲਤ ਅਨੁਸਾਰ ਗੱਠਜੋੜ ਕਰਨ, ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਅਤੇ ਉਨ੍ਹਾਂ ਨੂੰ ਸ਼ਹਿ ਤੇ ਸਰਪ੍ਰਸਤੀ ਦੇਣ ਵਾਲਾ ਅਤੇ ਹਰ ਤਰ੍ਹਾਂ ਦੇ ਸਮਾਜਿਕ ਪਾੜੇ ਨੂੰ ਵਧਾਉਣ ਵਾਲਾ ਨਸਲਵਾਦੀ ਪ੍ਰਬੰਧ ਹੈ ਜੋ ਘੋਰ ਸੰਕਟ ਦੀ ਸਥਿਤੀ 'ਚ ਫਾਸ਼ੀਵਾਦ, ਨੰਗੀ-ਚਿੱਟੀ ਦਹਿਸ਼ਤਵਾਦੀ ਤਾਨਾਸ਼ਾਹੀ ਦੇ ਰੂਪ 'ਚ ਸਾਹਮਣੇ ਆਉਂਦਾ ਹੈ। ਅੱਜ ਵੀ ਵੱਖ-ਵੱਖ ਮੁਲਕਾਂ 'ਚ ਐਸੀਆਂ ਨਸਲਵਾਦੀ, ਫਾਸ਼ੀਵਾਦੀ, ਮਜ਼੍ਹਬੀ ਕੱਟੜਵਾਦੀ ਤਾਕਤਾਂ ਨਾਲ ਇਸ ਦੇ ਗੱਠਜੋੜ ਅਤੇ ਸਰਪ੍ਰਸਤੀ ਤੋਂ ਇਸ ਦੀ ਖ਼ਸਲਤ ਸਾਫ਼ ਸਮਝੀ ਜਾ ਸਕਦੀ ਹੈ। ਭਾਰਤ ਵਿਚ ਸਾਮਰਾਜਵਾਦੀ ਸਰਮਾਏਦਾਰੀ ਅਤੇ ਦੇਸੀ ਕਾਰਪੋਰੇਟ ਸਰਮਾਏਦਾਰੀ ਦੀ ਸਭ ਤੋਂ ਭਰੋਸੇਯੋਗ ਤਾਕਤ ਅਤੇ ਗੂੜ੍ਹੀ ਜੋਟੀਦਾਰ ਆਰ.ਐੱਸ.ਐੱਸ.-ਭਾਜਪਾ ਹੈ ਜੋ ਦੇਸ਼ ਉੱਪਰ ਖੁੱਲ੍ਹੇਆਮ ਕਾਰਪੋਰੇਟ ਗ਼ਲਬਾ ਸਥਾਪਤ ਕਰਨ 'ਚ ਜੁੱਟੀ ਹੈ। ਦੋਨਾਂ ਘੋਰ ਪਿਛਾਖੜੀ ਧਿਰਾਂ ਦੇ ਦੁਵੱਲੇ ਹਿਤਾਂ ਦੀ ਸਾਂਝ ਪ੍ਰਤੱਖ ਹੈ। ਆਰਥਿਕਤਾ ਦੇ ਵੱਖ-ਵੱਖ ਖੇਤਰਾਂ 'ਚ ਭਗਵੇਂ ਹੁਕਮਰਾਨਾਂ ਵੱਲੋਂ ਜਿਸ ਤੇਜ਼ੀ ਨਾਲ ਕਦਮ ਚੁੱਕੇ ਜਾ ਰਹੇ ਹਨ ਉਹ ਮੁਲਕ ਦੇ ਹਰ ਖੇਤਰ ਉੱਪਰ ਕਾਰਪੋਰੇਟ ਸਰਮਾਏਦਾਰੀ ਦਾ ਮੁਕੰਮਲ ਕਬਜ਼ਾ ਕਰਾਉਣ ਲਈ ਹਨ। 44 ਕਿਰਤ ਕਾਨੂੰਨਾਂ ਦਾ ਖ਼ਾਤਮਾ ਕਰਨ ਅਤੇ ਇਨ੍ਹਾਂ ਦੀ ਥਾਂ ਚਾਰ ਲੇਬਰ ਕੋਡ ਬਣਾਉਣ ਦਾ ਇੱਕੋ-ਇਕ ਮਨੋਰਥ ਸਰਮਾਏਦਾਰੀ ਨੂੰ ਕਾਨੂੰਨੀ ਗਾਰੰਟੀਆਂ ਅਤੇ ਕਾਨੂੰਨੀ ਰੁਕਾਵਟਾਂ ਤੋਂ ਮੁਕਤ ਵੱਧ ਤੋਂ ਵੱਧ ਸਸਤੀ ਕਿਰਤ ਸ਼ਕਤੀ ਮੁਹੱਈਆ ਕਰਾਉਣਾ ਹੈ ਜੋ ਪੂਰੀ ਤਰ੍ਹਾਂ ਸਰਮਾਏਦਾਰੀ ਦੇ ਰਹਿਮ-ਕਰਮ ਉੱਪਰ ਨਿਰਭਰ ਹੋਵੇ। ਸੰਸਾਰ ਸਰਮਾਏਦਾਰੀ ਆਪਣੇ ਹਿਤ ਫਾਸ਼ੀਵਾਦ ਦੇ ਭਾਰਤੀ ਰੂਪ ਹਿੰਦੂਤਵ ਦੀ ਸਰਪ੍ਰਸਤੀ 'ਚ ਵਧੇਰੇ ਸੁਰੱਖਿਅਤ ਦੇਖਦੀ ਹੈ।



ਸੰਸਾਰ ਸਰਮਾਏਦਾਰੀ ਦੇ ਤਾਜ਼ਾ ਡੂੰਘੇ ਸੰਕਟ ਨੇ ਦਰਸਾ ਦਿੱਤਾ ਹੈ ਕਿ ਇਹ ਟਿਕਾਊ ਪ੍ਰਬੰਧ ਨਹੀਂ ਹੈ। ਇਸ ਦਾ ਬਦਲ ਵਿਗਿਆਨਕ ਸਮਾਜਵਾਦ ਹੈ ਜੋ ਮਨੁੱਖ ਦੇ ਸਰਵਪੱਖੀ ਵਿਕਾਸ ਦੇ ਭਰਪੂਰ ਮੌਕੇ ਦੇਣ ਵਾਲਾ, ਮਨੁੱਖੀ ਸ਼ਕਤੀ ਦੀ ਸੁਚੱਜੀ ਵਰਤੋਂ ਕਰਨ ਵਾਲਾ ਅਤੇ ਕੁਦਰਤ ਹਿਤੈਸ਼ੀ ਪ੍ਰਬੰਧ ਹੈ ਅਤੇ ਇਹ ਆਪਣੇ ਪਿਛਲੇ ਤਜ਼ਰਬਿਆਂ ਦੀ ਹਾਰ ਤੋਂ ਸਬਕ ਸਿੱਖ ਕੇ ਭਵਿੱਖ ਦਾ ਬਿਹਤਰ ਬਦਲ ਪੇਸ਼ ਕਰ ਸਕਦਾ ਹੈ। ਅੱਜ ਸੰਸਾਰ ਸਰਮਾਏਦਾਰੀ ਅਤੇ ਇਸ ਦੀਆਂ ਜੋਟੀਦਾਰ ਸਥਾਨਕ ਹੁਕਮਰਾਨਾਂ ਜਮਾਤਾਂ ਦੇ ਮਜ਼ਦੂਰ ਜਮਾਤ ਅਤੇ ਹੋਰ ਕਿਰਤੀਆਂ ਉੱਪਰ ਬੇਕਿਰਕ ਹਮਲਿਆਂ ਦੇ ਮੱਦੇਨਜ਼ਰ ਮਈ ਦਿਵਸ ਦੀ ਵਿਰਾਸਤ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਅਜੋਕੀਆਂ ਚੁਣੌਤੀਆਂ ਨੂੰ ਸਵੀਕਾਰਦੇ ਹੋਏ ਮਜ਼ਦੂਰ ਜਮਾਤ ਅਤੇ ਹੋਰ ਮਿਹਨਤਕਸ਼ ਲੋਕਾਂ ਦੇ ਹਿਤਾਂ ਲਈ ਲੜਾਈ 'ਚ ਜੁੱਟਣਾ ਹੀ ਮਈ ਦਿਵਸ ਦੇ ਸ਼ਹੀਦਾਂ ਨੂੰ ਸੱਚੇ ਮਾਇਨਿਆਂ 'ਚ ਚੇਤੇ ਕਰਨਾ ਹੈ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY

REALTY INC.,BROKERAGE

(Independently Owned and Operated)

HOMELIFE HIGHER STANDARDS

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton



# PROGRESSIVE CULTURAL ASSOCIATION CALGARY (REGD.)



## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ:)

ਪੇਸ਼ ਕਰਦਾ ਹੈ ਸਵ. ਸੋਹਨ ਮਾਨ ਯਾਦਗਾਰੀ 11ਵਾਂ ਸਲਾਨਾ ਅਗਾਂਹ-ਵਧੂ ਸੱਭਿਆਚਾਰਕ

# ਨਾਟਕ ਸਮਾਗਮ

Red Stone Theatre
5 Red Stone Heights NE Calgary AB T3N 0T6

ਅਦਾਰਾ ਸਿੱਖ ਵਿਰਸਾ ਦਾ ਨਾਟਕ ਸਮਾਗਮ 'ਚ ਯੋਗਦਾਨ ਲਈ ਵਿਸ਼ੇਸ਼ ਧੰਨਵਾਦ

Sunday June 19th, 2022
Time: 4pm-7pm

Master Bhajan Singh: 403-455-4220
Harcharan Parhar: 403-681-8689


ਸੋਹਨ ਮਾਨ

## Harcharan Parhar

REALTOR®

For all your Real Estate needs
Please Call for Buy or Sell
Residential, Commercial, Condos
& Rental Property.

Cell: 403.681.8689
Email: hp8689@gmail.com
www.harcharanparhar.com

2020 National Brokerage of The Year
ROYAL LEPAGE
Benchmark




HARPINDER SIDHU
(403) 404-3500

Punjab Insurance Inc.

## Super Visa Insurance

Your Expert Advisor for SUPER VISA INSURANCE

• Life Insurance • Mortgage Insurance • Critical Illness Insurance • Disability Insurance • RESP, RRSP

303, 7- Westwinds Cres. NE Calgary AB, Canada T3J5H2
Website : www.calgaryinsurancequotes.com

